

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

26

(20/12)

ਸ੍ਰੀ Shri [illegible] Singh [redacted]

827

[illegible]

Jamam Singh [illegible]

1173

AR. 32-44

[illegible]

[illegible]

Digitized by Panjab Digital Library | www.panjabdigilib.org

ਵਰਕੇ [illegible]

੧. ਕਵੀਆਂ ਦੇ ਨਾਮ ੪੩੬ ਦਾ [illegible]

[illegible]

[illegible]

Digitized by Panjab Digital Library | www.panjabdigilib.org

# ਪੰਜਾਬ ਦੇ ਹੀਰੇ

ਅਰਥਾਤ

## ਪੰਜਾਬੀ ਸ਼ਾਇਰਾਂ ਤੇ ਕਵੀਆਂ ਦਾ ਇਤਿਹਾਸ

ਸੋਧਕ ਤੇ ਪ੍ਰਕਾਸ਼ਕ—

**ਲਾਲਾ ਧਨੀ ਰਾਮ 'ਚਾਤ੍ਰਿਕ' ਅੰਮ੍ਰਿਤਸਰੀ**

ਗੁਰੂ ਰਾਮਦਾਸ ਪ੍ਰਿੰਟਿੰਗ ਪ੍ਰੈਸ, ਕਟੜਾ ਜਲ੍ਹਿਆਂ ਵਾਲਾ, ਅੰਮ੍ਰਿਤਸਰ ਵਿਚ ਸ੍ਰ: ਜਮੀਅਤ ਸਿੰਘ ਪ੍ਰਿੰਟਰ ਦੇ ਯਤਨ ਨਾਲ ਛਪੇ ਤੇ ਲਾਲਾ ਧਨੀ ਰਾਮ 'ਚਾਤ੍ਰਿਕ' ਹਾਲ ਬਾਜ਼ਾਰ, ਅੰਮ੍ਰਿਤਸਰ ਨੇ ਪ੍ਰਕਾਸ਼ਤ ਕੀਤੇ।

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

Purchased from Singh Brothers, Amritsar 14th Nov., 1952.

Harnam Singh Shan M.A. Panjab University P. Bureau Simla-3.

# ਤਤਕਰਾ

| | |
|---|---|
| ਮੁਖ ਬੰਧ | ੧ ਤੋਂ ੫੪ ਤਕ ਹੇਠਲੇ ਅੰਕ |
| ਬਾਬਾ ਫਰੀਦੁ ਦੀਨ ਸ਼ਕਰ ਗੰਜ | ੧ |
| ਸ੍ਰੀ ਗੁਰੂ ਨਾਨਕ ਦੇਵ ਜੀ | ੮ |
| ,, ਅੰਗਦ ਸਾਹਿਬ ਜੀ | ੧੨ |
| ,, ਅਮਰਦਾਸ ਜੀ | ੧੩ |
| ,, ਰਾਮਦਾਸ ਜੀ | ੧੪ |
| ,, ਅਰਜਨ ਦੇਵ ਜੀ | ੧੬ |
| ,, ਹਰਿਗੋਬਿੰਦ ਜੀ | ੧੯ |
| ,, ਤੇਗ ਬਹਾਦਰ ਜੀ | ੨੦ |
| ,, ਗੋਬਿੰਦ ਸਿੰਘ ਜੀ | ੨੧ |
| ਭਾਈ ਗੁਰਦਾਸ ਜੀ | ੨੩ |
| ਬਿਹਾਰੀ ਜੀ | ੨੬ |
| ਕਵੀ ਮੰਗਲ | ੨੭ |
| ਕਮਾਲ ਕਵੀ | ੨੮ |
| ਜਲ੍ਹਣ ਕਵੀ | ੨੮ |
| ਸ਼ਾਹ ਹੁਸੈਨ | ੨੯ |
| ਦਮੋਦਰ ਕਵੀ | ੩੫ |
| ਪੀਲੂ ਕਵੀ | ੩੮ |
| ਮੌਲਾਨਾ ਅਬਦੁੱਲਾ | ੪੨ |
| ਮੌਲਵੀ ਹਬੀਬੁਲਾ | ੪੫ |
| ਸੁਥਰਾ ਸ਼ਾਹ | ੪੬ |
| ਸੁਲਤਾਨ ਬਾਹੂ | ੪੭ |
| ਹਕੀਮ ਦਰਵੇਸ਼ | ੪੯ |
| ਮੌਲਵੀ ਅਬਦੁਲ ਕਰੀਮ | ੫੧ |
| ਸਾਈਂ ਬੁਲ੍ਹੇ ਸ਼ਾਹ | ੫੨ |
| ਹਾਫ਼ਜ਼ ਮੁਅਜ਼ੁਦੀਨ | ੫੮ |

Digitized by Panjab Digital Library | www.panjabdigilib.org

| | |
|---|---|
| ਹਾਫ਼ਜ਼ ਬਰਖ਼ੁਰਦਾਰ | ੫੯ |
| ਸੱਯਦ ਅਲੀ ਹੈਦਰ | ੬੩ |
| ਸ਼ਾਹ ਜ਼ਰੀਫ਼ | ੬੫ |
| ਰੁਕਨ ਦੀਨ | ੬੬ |
| ਮੌਲਵੀ ਕਮਾਲ ਦੀਨ | ੬੭ |
| ਮੀਆਂ ਚਿਰਾਗ | ੬੭ |
| ਸ਼ਾਹ ਸ਼ਰਫ | ੬੮ |
| ਸਦੀਕ ਲਾਲੀ | ੬੯ |
| ਹਾਜੀ ਨੂਰ ਮੁਹੰਮਦ | ੭੧ |
| ਕਾਦਰ ਯਾਰ | ੭੧ |
| ਖਾਜਾ ਫਰਦ ਫਕੀਰ | ੭੩ |
| ਸੱਯਦ ਵਾਰਸ ਸ਼ਾਹ | ੭੫ |
| ਹਾਫਜ਼ ਸ਼ਾਹ ਜਹਾਨ ਮੁਕਬਲ | ੯੪ |
| ਨਜਾਬਤ ਕਵੀ | ੯੬ |
| ਸੱਯਦ ਹਾਮਦ ਸ਼ਾਹ ਅਬਾਸੀ | ੯੭ |
| ਮੌਲਵੀ ਗੁਲਾਮ ਮੁਸਤਫ਼ਾ | ੧੦੩ |
| ਹਾਸ਼ਮ ਸ਼ਾਹ | ੧੦੪ |
| ਮੌ: ਗੁਲਾਮ ਮਹੀਉੱਦੀਨ ਕਸੂਰੀ | ੧੧੨ |
| ਸੁੰਦਰ ਦਾਸ ਆਰਾਮ | ੧੧੩ |
| ਮੌਲਵੀ ਅਹਿਮਦ ਯਾਰ | ੧੧੪ |
| ਸ਼ੇਖ ਅਮਾਮ ਦੀਨ | ੧੧੮ |
| ਮੀਆਂ ਅਮਾਮ ਬਖਸ਼ | ੧੧੯ |
| ਸ਼ਾਹ ਮੁਹੰਮਦ | ੧੨੧ |
| ਹਾਸ਼ਮ ਸ਼ਾਹ ਮੁਖਲਸ | ੧੨੩ |
| ਮੌਲਵੀ ਨੂਰ ਮੁਹੰਮਦ | ੧੨੪ |
| ਹਾਫਜ਼ ਬਾਰਕ ਅੱਲਾ | ੧੨੬ |
| ਅਗਰਾ ਦਾਸ | ੧੨੮ |
| ਮੌ: ਲੁਤਫ ਅਲੀ ਬਹਾਵਲ ਪੁਰੀ। | ੧੨੯ |
| ਮੀਆਂ ਕਰੀਮ ਬਖਸ਼ | ੧੩੦ |
| ਮੌਲਵੀ ਨੂਰ ਮੁਹੰਮਦ | ੧੩੧ |
| ਬੇਹਬਲ ਕਵੀ | ੧੩੨ |


Digitized by Panjab Digital Library | www.panjabdigilib.org

# ਮੁਖ ਬੰਧ

ਉਸ ਕਰਤਾਪੁਰਖ ਦੇ ਨਾਮ ਨਾਲ ਅਰੰਭ ਕਰਦਾ ਹਾਂ, ਜੋ ਜ਼ਬਾਨਾਂ ਨੂੰ ਸਾਜਣ ਵਾਲਾ ਅਤੇ ਆਦਮ ਨੂੰ ਵਾਕ ਸ਼ਕਤੀ ਤੇ ਉਸ ਨੂੰ ਸਮਝਣ ਦਾ ਗਿਆਨ ਦੇਣ ਵਾਲਾ ਹੈ, ਜਿਸ ਨੇ ਸੰਸਾਰ ਨੂੰ ਰੰਗਾ ਰੰਗ ਦੇ ਸੁਹਜ ਦੇ ਕੇ ਸੁਹਾਵਣਾ ਬਣਾਇਆ, ਜਿਵੇਂ ਇਕ ਮਾਲੀ ਆਪਣੇ ਬਾਗ਼ ਦੇ ਗੋਸ਼ੇ ਗੋਸ਼ੇ ਨੂੰ ਦਿਲਫਰੇਬ ਬਣਾਉਣ ਵਾਸਤੇ ਭਾਂਤ ਭਾਂਤ ਦੇ ਰੰਗ ਤੇ ਮਹਿਕਾਂ ਨਾਲ ਭਰਪੂਰ ਫੁੱਲ ਥਾਂ ਥਾਂ ਤੇ ਉਗਾਉਂਦਾ ਹੈ। ਉਹ ਸਿਰਜਣ ਹਾਰ, ਜਿਸ ਨੇ ਆਦਮੀ ਨੂੰ ਦਿਮਾਗ਼ ਦੀ ਸਹਾਇਤਾ ਨਾਲ ਬੋਲਣਾ, ਸੁਣਨਾ ਤੇ ਸਮਝਣਾ ਸਿਖਾਇਆ ਤੇ ਦੂਜੇ ਬੰਦਿਆਂ ਨਾਲ ਮਿਲ ਵਰਤ ਕੇ ਪ੍ਰੇਮ ਕਰਨ ਦੇ ਰਸਤੇ ਪਾਇਆ।

## ਜ਼ਬਾਨ ਦਾ ਆਰੰਭ

ਹਿੰਦੁਸਤਾਨ ਦੀ ਪਰਮ ਪੁਰਾਤਨ ਬੋਲੀ ਜੋ ਲਿਖਣ ਤੇ ਬੋਲਣ ਵਿਚ ਆਈ, ਵੇਦਾਂ ਦੀ ਭਾਸ਼ਾ ਹੈ, ਇਸ ਤੋਂ ਅਗੇ ਉਪਨਿਸ਼ਦਾਂ ਦੀ ਬੋਲੀ ਹੈ ਤੇ ਇਸ ਦੇ ਬਾਦ ਰਾਮਾਇਣ। ਬਾਲਮੀਕ ਦੀ ਸੰਸਕ੍ਰਿਤ ਸਮੇਂ ਦੇ ਹੇਰ ਫੇਰ ਅਤੇ ਘਟਨਾਵਾਂ ਦੀ ਅਦਲਾ ਬਦਲੀ ਦੇ ਨਾਲ ਨਾਲ ਬੋਲੀ ਵਿਚ ਭੀ ਵਟਾ ਸਟਾ ਹੁੰਦਾ ਰਿਹਾ। ਸਮਾਂ ਜਿਉਂ ਜਿਉਂ ਉੱਨਤੀ ਕਰਦਾ ਗਿਆ, ਜ਼ਬਾਨ ਵਧਦੀ ਤੇ ਸਾਫ ਹੁੰਦੀ ਗਈ। ਅਸ਼ੋਕ ਅਤੇ ਬੁਧ ਮਹਾਰਾਜ ਦੇ ਕਾਲ ਵਿਚ ਪਾਲੀ ਜ਼ਬਾਨ ਨੇ ਜ਼ੋਰ ਫੜਿਆ ਅਤੇ ਸੰਸਕ੍ਰਿਤ ਦੇ ਬਾਦ ਪ੍ਰਾਕ੍ਰਿਤ ਦਾ ਦੌਰ ਹੋਇਆ। ਪ੍ਰਾਕ੍ਰਿਤ ਸੰਸਕ੍ਰਿਤ ਦਾ ਹੀ ਇਕ ਰੂਪ ਸੀ। ਪੰਡਿਤ ਤੇ ਵਿਦਵਾਨ ਲੋਕ ਸੰਸਕ੍ਰਿਤ ਲਿਖਦੇ ਬੋਲਦੇ ਸਨ ਪਰ ਆਮ ਲੋਕ ਪ੍ਰਾਕ੍ਰਿਤ ਨੂੰ ਵਰਤਦੇ ਸਨ। ਇਨ੍ਹਾਂ ਦੋਹਾਂ ਦਾ ਫਰਕ ਤੇ ਵਰਤਾਉ ਕਵੀ ਕਾਲੀ ਦਾਸ ਦੇ ਸ਼ਕੁੰਤਲਾ ਆਦਿ ਡਰਾਮਿਆਂ ਵਿਚੋਂ ਪ੍ਰਤਖ ਮਿਲਦਾ ਹੈ। ਪ੍ਰਾਕ੍ਰਿਤ ਦਾ ਰਿਵਾਜ ਮਹਾਭਾਰਤ ਕਾਲ ਦੇ ਨਾਲ ਯਾ ਉਸ ਤੋਂ ਕੁਝ ਚਿਰ ਬਾਦ ਹੋਇਆ। ਇਸ ਨੂੰ ਭੀ ਸਮੇਂ ਦੇ ਲੰਮੇ ਗੇੜ ਨੇ ਕਾਇਮ ਨਾ ਰਹਿਣ ਦਿਤਾ। ਇਕ ਅਜੇਹਾ ਪਰਿਵਰਤਨ ਹੋਇਆ, ਕਿ ਸੰਸਕ੍ਰਿਤ-ਪ੍ਰਾਕ੍ਰਿਤ ਦੇ ਮੇਲ ਜੋਲ ਨੇ ਹਿੰਦੀ ਬੋਲੀ ਨੂੰ ਜਨਮ ਦਿਤਾ ਜੋ ਪੰਜਾਬ ਤੇ ਉਸ ਦੇ ਆਸ ਪਾਸ ਵਰਤੀ ਜਾਂਦੀ ਰਹੀ।

## ਪੰਜਾਬੀ ਦਾ ਆਰੰਭ

ਪੰਜਾਬ ਦਾ ਸੰਸਕ੍ਰਿਤੀ ਨਾਮ "ਪੰਚ ਨਾਦ" ਹੈ, ਇਸ ਦਾ ਨਾਮ ਸਪਤ ਸਿੰਧੂ ਭੀ ਪੈ ਗਿਆ, ਜਦੋਂ ਸ਼ਾਇਦ ਪੰਜਾਂ ਦਰਿਆਵਾਂ ਦੇ ਦੁਪਾਸੇ ਜਮਨਾ ਅਤੇ ਅਟਕ ਨੂੰ ਭੀ ਨਾਲ ਜੋੜ ਲਿਆ ਗਿਆ ਸੀ। ਇਸ ਦਾ ਨਾਮ "ਪੰਜਾਬ" ਉਸ ਵੇਲੇ ਪਿਆ, ਜਦ ਮੁਸਲਮਾਨਾਂ ਨੇ ਇਸ ਤੇ ਪੈਰ ਪਾਇਆ। ਪੰਚਨਦ ਤੋਂ ਉਨ੍ਹਾਂ ਨੇ ਪੰਜ-ਆਬ ਬਣਾ ਲਿਆ ਜੋ ਉਨ੍ਹਾਂ ਦੀ ਬੋਲੀ ਤੇ ਸੁਭਾਉ ਦੇ ਅਨੁਕੂਲ ਸੀ। ਮੁਸਲਮਾਨ ਹਿੰਦੁਸਤਾਨ



Digitized by Panjab Digital Library | www.panjabdigilib.org

ਵਿਚ ਪਹਿਲੀ ਵਾਰ ਅਰਬ ਦੇ ਦੂਜੇ ਖਲੀਫੇ ਹਜ਼ਰਤ ਉਮਰ ਫਾਰੂਕ ਦੇ ਸਮੇਂ ਹਿਜਰੀ ਪਹਿਲੀ ਸਦੀ ਵਿਚ ਆਏ । ਸੰਨ ੪੪ ਹਿਜਰੀ (ਸੰਨ ੬੬੪ ਈ:) ਵਿਚ ਮੁਸਲਮਾਨਾਂ ਦੇ ਇਕ ਲਸ਼ਕਰ ਨੇ ਜਦ ਕਾਬਲ ਉਤੇ ਹਮਲਾ ਕੀਤਾ, ਤਾਂ ਉਨ੍ਹਾਂ ਵਿਚੋਂ ਇਕ ਜਰਨੈਲ ਮਹਲਬ ਬਿਨ ਅਬੀ ਸਫਰਾ ਕੁਝ ਸਾਥੀਆਂ ਨਾਲ ਮੁਲਤਾਨ ਤਕ ਅਪੜਿਆ । ਉਥੋਂ ਪਰਤ ਕੇ ਕਾਬਲ ਤੋਂ ਮੁਲਤਾਨ ਦੇ ਅੱਖੀਂ ਡਿਠੇ ਹਾਲ ਲਿਖੇ, ਜਿਨ੍ਹਾਂ ਨੇ ਹੋਰ ਮੁਸਲਮਾਨਾਂ ਵਿਚ ਹਿੰਦੁਸਤਾਨ ਤੇ ਚੜ੍ਹਾਈ ਕਰਨ ਦੀ ਪ੍ਰੇਰਨਾ ਕੀਤੀ । ਮੁਸਲਮਾਨਾਂ ਦੀ ਤੀਸਰੀ ਚੜ੍ਹਾਈ ਸੰਨ ੯੨ ਹਿਜਰੀ (੭੧੧ ਈ:) ਵਿਚ ਮੁਹੰਮਦ ਬਿਨ ਕਾਸਮ ਦੇ ਸਿੰਧ ਉਪਰ ਹਮਲੇ ਤੋਂ ਸ਼ੁਰੂ ਹੁੰਦੀ ਹੈ । ਇਸ ਦੇ ਬਾਦ ਮੁਸਲਮਾਨ ਲਗਾਤਾਰ ਚੜ੍ਹਾਈਆਂ ਕਰਦੇ ਰਹੇ ਅਤੇ ਉਨ੍ਹਾਂ ਵਿਚੋਂ ਅਕਸਰ ਏਥੇ ਹੀ ਰਹਿ ਪੈਂਦੇ ਰਹੇ ।

ਮੁਸਲਮਾਨਾਂ ਦੀ ਆਉਂਦ ਤੋਂ ਪਹਿਲੇ ਪੰਜਾਬ ਸਗੋਂ ਹਿੰਦੁਸਤਾਨ ਭਰ ਦੀ ਜ਼ਬਾਨ ਹਿੰਦੀ ਸੀ । ਚੂੰਕਿ ਪੰਜਾਬ ਬਾਹਰੋਂ ਆਏ ਸਜਣਾਂ ਦੇ ਹਮਲਿਆਂ ਤੇ ਲੜਾਈਆਂ ਦਾ ਪਹਿਆ ਬਣਿਆ ਰਿਹਾ, ਜੋ ਭੀ ਆਇਆ, ਪਹਿਲੇ ਪੰਜਾਬ ਉਤੇ ਹੀ ਹੱਥ ਸਾਫ ਕਰਦਾ ਰਿਹਾ, ਇਸ ਲਈ ਪੰਜਾਬ ਦੀ ਸੂਰਤ ਹਿੰਦੁਸਤਾਨ ਦੇ ਬਾਕੀ ਹਿੱਸਿਆਂ ਨਾਲੋਂ ਵਖਰੀ ਹੁੰਦੀ ਗਈ । ਇਥੇ ਹਮਲਿਆਂ ਵਾਲੇ ਆਪਣਾ ਨਿਸ਼ਾਨ ਛਡਦੇ ਗਏ ਅਰ ਓਹ ਨਿਸ਼ਾਨ ਉਨ੍ਹਾਂ ਦੇ ਲਫਜ਼, ਬੋਲ ਚਾਲ ਤੇ ਰਸਮ-ਰਿਵਾਜ ਆਦਿਕ ਸਨ ।

ਆਰੀਆਂ ਦੇ ਬਾਦ ਪੰਜਾਬ ਵਿਚ ਆਉਣ ਵਾਲੇ ਮੁਸਲਮਾਨ ਹੀ ਸਨ ਅਰ ਇਨ੍ਹਾਂ ਦੇ ਆਉਣ ਦੀਆਂ ਅਡ ਅਡ ਸੂਰਤਾਂ ਸਨ । ਜਿਹੜੇ ਸਿੰਧ ਦੇ ਰਾਹੋਂ ਆਏ, ਉਨ੍ਹਾਂ ਦੀ ਬੋਲੀ ਅਰਬੀ ਸੀ, ਜੋ ਕਾਬਲ, ਪਿਸ਼ੌਰ, ਈਰਾਨ ਦੇ ਰਾਹੋਂ ਆਏ ਉਨ੍ਹਾਂ ਦੀ ਜ਼ਬਾਨ ਪਸ਼ਤੋ ਅਤੇ ਫਾਰਸੀ ਸੀ ਅਤੇ ਜੋ ਕਸ਼ਮੀਰ ਵਲੋਂ ਆਏ, ਉਨ੍ਹਾਂ ਦੀ ਕਸ਼ਮੀਰੀ ਬੋਲੀ ਸੀ । ਇਹ ਸਾਰੇ ਪੰਜਾਬ ਵਿਚ ਆ ਕੇ ਵਸਦੇ ਰਸਦੇ ਰਹੇ । ਇਹ ਵਸੋਂ ਚਾਹੇ ਆਰਜ਼ੀ ਹੋਵੇ ਚਾਹੇ ਟਿਕਾਊ ਪਰ ਹਰ ਹਾਲੇ ਮਤਲਬ ਸਾਧਣ ਵਾਸਤੇ ਇਥੋਂ ਦੇ ਵਾਸੀਆਂ ਨਾਲ ਗੱਲਾਂ ਬਾਤਾਂ ਦਾ ਵਟਾਂਦਰਾ ਕਰਨ ਦੀ ਲੋੜ ਭਾਸਦੀ ਰਹੀ । ਜ਼ਰੂਰਤ ਈਜਾਦ ਦੀ ਮਾਂ ਹੈ । ਉਨ੍ਹਾਂ ਨੇ ਇਹ ਘਾੜਤ ਘੜੀ ਕਿ ਇਕ ਪਦ ਇਥੋਂ ਦਾ ਤੇ ਇਕ ਉਹੋ ਅਰਥ ਦੇਣ ਵਾਲਾ ਉਨ੍ਹਾਂ ਦਾ ਆਪਣਾ ਮੇਲ ਕੇ ਜੁਟ ਕਰ ਲਿਆ ਜਾਂਦਾ ਸੀ, ਜਿਹਾ ਕਿ:–

ਗਲ ਕਥ–ਗੱਲ ਪੰਜਾਬੀ, ਕਥ ਕਸ਼ਮੀਰੀ,
ਕਾਲਾ ਸਿਆਹ–ਕਾਲਾ ਪੰਜਾਬੀ, ਸਿਆਹ ਫਾਰਸੀ,

ਇਸੇ ਤਰ੍ਹਾਂ ਚਿਟਾ ਸਪੈਦ, ਪੀਲਾ ਜ਼ਰਦ, ਵਿਆਹ ਸ਼ਾਦੀ, ਗਲ ਬਾਤ, ਪਿਆਰ ਮੁਹਬਤ, ਸਾਕ ਨਾਤਾ, ਆਦਿਕ ਅਨੇਕਾਂ ਜੁਟਵੇਂ ਪਦ ਵਰਤੀਣ ਲਗ ਪਏ । ਮੁਸਲਮਾਨਾਂ ਦੇ ਆਉਣ ਤੋਂ ਪਹਿਲਾਂ ਹਿੰਦੁਸਤਾਨ ਦੀ ਰਾਜਭਾਸ਼ਾ ਹਿੰਦੀ ਸੀ ਪਰ ਉਨ੍ਹਾਂ ਦੀ ਹਕੂਮਤ ਨੇ ਦਰਬਾਰੀ ਬੋਲੀ ਫਾਰਸੀ ਸ਼ੁਰੂ ਕਰ ਦਿਤੀ । ਮਤਲਬ ਪੂਰਾ ਕਰਨ ਲਈ ਓਹ ਹਿੰਦੀ ਜਾਂ ਪੰਜਾਬੀ ਨੂੰ ਵਰਤ ਤਾਂ ਲੈਂਦੇ ਸਨ ਪਰ ਲਿਖਣ ਪੜ੍ਹਨ ਵਾਸਤੇ ਉਨ੍ਹਾਂ ਨੇ ਪਹਿਲੇ ਪਹਿਲ ਫਾਰਸੀ ਨੂੰ ਹੀ ਦਫਤ੍ਰੀ ਜ਼ਬਾਨ ਬਣਾਇਆ ।



Digitized by Panjab Digital Library | www.panjabdigilib.org

## ਹਿੰਦੀ-ਪੰਜਾਬੀ

ਪੰਜਾਬ ਦੀ ਬੋਲੀ ਮੁਸਲਮਾਨਾਂ ਦੇਆ ਜਾਣ ਤੋਂ ਭੀ ਢੇਰ ਚਿਰ ਬਾਦ ਤਕ ਹਿੰਦੀ ਹੀ ਕਹੀ ਜਾਂਦੀ ਸੀ। ਪੰਜਾਬੀ ਦੇ ਮੁਮਲਮਾਨ ਕਵੀਆਂ ਨੇ ਇਸ ਨੂੰ ਹਿੰਦੀ ਹੀ ਲਿਖਿਆ ਹੈ, ਜਿਹਾ ਕਿ ਅਬਦੁਲ ਕਰੀਮ (੧੦੮੬ ਹਿ:) ਨਜਾਤੁਲ ਮੋਮਨੀਨ ਵਿਚ ਲਿਖਦਾ ਹੈ:

"ਫਰਜ਼ ਮਸਾਇਲ ਫ਼ਿਕਾ ਦੇ ਹਿੰਦੀ ਕਰ ਤਾਲੀਮ,
ਕਾਰਨ ਮਰਦਾਂ ਓਮੀਆਂ ਜੋੜੇ ਅਬਦੁਲ ਕਰੀਮ"

ਹਾਫਜ਼ ਮੁਅਜ਼ ਦੀਨ ਨਾਬੀਨਾ (੧੦੮੯ ਹਿ:) ਇਕ ਅਰਬੀ ਕਸੀਦੇ ਦੀ ਸ਼ਰਹ ਕਰਦਾ ਹੋਇਆ ਲਿਖਦਾ ਹੈ:

"ਇਸ ਅਰਬੀ ਥੀਂ ਹਿੰਦੀ ਕੀਜੇ, ਸੱਭਾ ਖਲਕ ਸੁਖਲੇ ਲੀਜੇ
ਖਾਨ ਸਾਦੁਲਾ ਨੇ ਫੁਰਮਾਇਆ, ਕਸੀਦਾ ਸ਼ਰਹ ਅਮਾਲੀ ਹੈ"

ਮੌਲਵੀ ਮੁਹੰਮਦ ਮੁਸਲਮ (੧੨੫੦ ਹਿ:) ਗੁਲਜ਼ਾਰ ਆਦਮ ਵਿਚ ਲਿਖਦੇ ਹਨ:

"ਇਕ ਦਿਨ ਦਿਲ ਵਿਚ ਗੁਜ਼ਰਿਆ ਮੇਰੇ ਏਹ ਖਿਆਲ,
ਹਿੰਦੀ ਵਿਚ ਪਗੰਬਰਾਂ ਦਾ ਕੁਝ ਆਖਾਂ ਹਾਲ"

ਇਮਾਮਦੀਨ (੧੨੯੫ ਹਿ:) "ਮੁਅਜਿਜ਼ਾ ਹਰਨੀ" ਵਿਚ ਲਿਖਦਾ ਹੈ:—

"ਮੁਅਜਿਜ਼ਾ ਪਾਕ ਰਸੂਲ ਦਾ ਹਿੰਦੀ ਆਖ ਸੁਣਾਇਆ।"

ਗਲ ਕੀ, ਇਸ ਗਲ ਦੇ ਕਿ ਮੁਸਲਮਾਨ ਕਵੀਆਂ ਨੇ ਪੰਜਾਬੀ ਨੂੰ ਹਿੰਦੀ ਦਾ ਨਾਮ ਹੀ ਦਿੱਤਾ ਹੈ, ਅਨੇਕਾਂ ਸਬੂਤ ਮਿਲ ਜਾਂਦੇ ਹਨ ਪਰ ਸ਼ਾਇਦ ਸਭ ਤੋਂ ਪਹਿਲਾ ਕਵੀ ਹਾਫਜ਼ ਬਰਖੁਰਦਾਰ (ਸੰਨ ੧੦੮੦ ਹਿ:) ਹੈ, ਜਿਸ ਨੇ ਇਸ ਨੂੰ ਹਿੰਦੀ ਦੀ ਥਾਂ ਪੰਜਾਬੀ ਆਖਿਆ ਹੈ। ਉਹ ਆਪਣੀ ਰਚਨਾ ਮਿਫਤਾਹੁਲ ਫਿਕਹ ਵਿਚ ਲਿਖਦਾ ਹੈ:—

"ਹਜ਼ਰਤ ਨੋਮਾਨ ਦਾ ਫਰਮਾਇਆ, ਇਸ ਵਿਚ ਏਹ ਮਸਾਇਲ
ਤੁਰਤ ਪੰਜਾਬੀ ਆਖ ਸੁਣਾਵੀਂ, ਜੇ ਕੋ ਹੋਵੇ ਮਾਇਲ"

## ਗੁਰਮੁਖੀ ਦਾ ਅਰੰਭ

ਮਹਮੂਦ ਗ਼ਜ਼ਨਵੀ ਦੇ ਹਮਲਿਆਂ ਤੋਂ ਜੇ ਪੰਜਾਬ ਵਿਚ ਇਸਲਾਮੀ ਹਕੂਮਤ ਦਾ ਅਰੰਭ ਮਿਥਿਆ ਜਾਵੇ, ਤਾਂ ਵੰਡ ਇਉਂ ਹੋਵੇਗੀ:—

ਮਹਮੂਦ ਗ਼ਜ਼ਨਵੀ ੧੦੦੧ ਤੋਂ ੧੦੨੫ ਈ: ਤਕ



Digitized by Panjab Digital Library | www.panjabdigilib.org

| | | | | | |
|---|---|---|---|---|---|
| ਸ਼ਹਾਬੁਦੀਨ ਗ਼ੌਰੀ | ੧੧੭੩ | ਤੋਂ | ੧੨੨੬ | ਈ: | ਤਕ |
| ਗੁਲਾਮ ਖਾਨਦਾਨ | ੧੨੨੭ | ਤੋਂ | ੧੨੯੦ | ,, | ,, |
| ਖਿਲਜੀ ਖਾਨਦਾਨ | ੧੨੯੧ | ਤੋਂ | ੧੩੨੦ | ,, | ,, |
| ਤੁਗ਼ਲਕ ਖਾਨਦਾਨ | ੧੩੨੧ | ਤੋਂ | ੧੪੧੩ | ,, | ,, |
| ਸਾਦਾਤ ਤੇ ਲੋਧੀ ਖਾਨਦਾਨ | ੧੪੧੩ | ਤੋਂ | ੧੫੨੬ | ,, | ,, |

ਇਸ ਦੇ ਬਾਦ ਮੁਗ਼ਲ ਖਾਨਦਾਨ ਦਾ ਅਰੰਭ ਹੁੰਦਾ ਹੈ ਅਤੇ ਇਬਰਾਹੀਮ ਲੋਧੀ ਤੇ ਬਾਬਰ ਦੇ ਅਹਿਦ ਵਿਚ ਗੁਰੂ ਨਾਨਕ ਜੀ ਹੋਏ ਤੇ ਉਨ੍ਹਾਂ ਦੇ ਪਹਿਲੇ ਗੱਦੀ ਨਸ਼ੀਨ ਗੁਰੂ ਅੰਗਦ ਦੇਵ ਜੀ ਨੇ ਗੁਰੂ ਨਾਨਕ ਦੇਵ ਜੀ ਦੀ ਬਾਣੀ ਨੂੰ ਕਲਮ ਬੰਦ ਕਰਨ ਅਤੇ ਉਸ ਨੂੰ ਪੱਕੀ ਸੂਰਤ ਦੇਣ ਲਈ ਹਿੰਦੀ ਫਾਰਸੀ ਤੋਂ ਵਖਰੀ ਇਕ ਪੈਂਤੀ ਬਣਾਈ ਜਿਸ ਦਾ ਨਾਮ ਉਨ੍ਹਾਂ ਨੇ "ਗੁਰਮੁਖੀ" ਅਰਥਾਤ ਗੁਰੂ ਦੇ ਮੁਖ ਤੋਂ ਉਚਰੀ ਹੋਈ, ਨਾਮ ਰਖਿਆ ਤੇ ਉਸੇ ਵਿਚ ਹੀ ਬਾਣੀ ਦੀ ਸੰਭਾਲ ਕਰਨ ਲਈ ਉਚੇਚੀ ਬਣਾਈ।

ਪਹਿਲਾਂ ਵੇਰਵਾ ਬਿਆਨ ਕਰਨ ਦਾ ਭਾਵ ਇਹ ਕਿ ਸੰਨ ੧੦੦੧ ਤੋਂ ੧੫੨੬ ਤਕ ਸਵਾ ਪੰਜ ਸੌ ਵਰਹਾ ਮੁਸਲਮਾਨ ਕਈ ਸੂਰਤਾਂ ਵਿਚ ਹਿੰਦੁਸਤਾਨ ਅਤੇ ਪੰਜਾਬ ਉਤੇ ਚੜ੍ਹਾਈਆਂ ਅਤੇ ਥੋੜੀ ਬਹੁਤੀ ਹਕੂਮਤ ਕਰਦੇ ਰਹੇ। ਮਨੂ ਮਹਾਰਾਜ ਦੀ ਵੰਡ ਅਨੁਸਾਰ ਹਿੰਦੂ ਚਾਰ-ਵਰਣਾਂ ਵਿਚ ਵੰਡੇ ਹੋਏ ਸਨ। ਬ੍ਰਾਹਮਣ ਵਿਦਜਾ ਪੜ੍ਹਾਉਣ ਵਾਸਤੇ, ਛਤ੍ਰੀ ਜੰਗ ਜੁਧ ਵਾਸਤੇ, ਵੈਸ਼ ਵਪਾਰ ਅਰ ਖੇਤੀ ਵਾਸਤੇ ਅਤੇ ਸ਼ੂਦ੍ਰ ਸੇਵਾ ਕਰਨ ਵਾਸਤੇ। ਇਸ ਸਵਾ ਪੰਜ ਸੌ ਸਾਲ ਦੇ ਅਰਸੇ ਵਿਚ ਸੁਦਾਗਰੀ, ਖੁਰਾਕੀ ਸਾਮਾਨ, ਕਪੜਾ ਲੱਤਾ ਤੇ ਜੀਵਨ ਦੀਆਂ ਹੋਰ ਲੋੜਾਂ ਵਾਸਤੇ, ਆਮ ਤੌਰ ਤੇ ਵੈਸ਼ ਹੀ ਲੈਣ ਦੇਣ ਕਰਦੇ ਸਨ। ਬਾਹਰ ਦੇਸਾਂ ਤੋਂ ਜਿਹੜੇ ਮੁਸਲਮਾਨ ਸੁਦਾਗਰੀ ਮਾਲ ਇਥੇ ਲਿਆਉਂਦੇ, ਉਨ੍ਹਾਂ ਵੈਸ਼ਾਂ ਨੂੰ ਦੇਂਦੇ ਤੇ ਉਨ੍ਹਾਂ ਪਾਸੋਂ ਇਥੋਂ ਦਾ ਸਾਮਾਨ ਵਿਹਾਝਦੇ ਸਨ। ਇਸ ਵੇਚ ਵੱਟ ਦੀ ਖਾਤਰ ਉਨ੍ਹਾਂ ਵੈਸ਼ਾਂ ਨੇ ਹਿੰਦੀ ਦੀ ਸ਼ਕਲ ਤੋੜ ਮਰੋੜ ਕੇ ਲੰਡੇ ਬਣਾ ਲਏ ਸਨ, ਜਿਸ ਤਰ੍ਹਾਂ ਕਸ਼ਮੀਰੀਆਂ ਨੇ ਆਪਣੇ ਵਾਸਤੇ ਸ਼ਾਰਦਾ ਅਖਰ ਬਣਾਏ ਹੋਏ ਸਨ, ਅਤੇ ਕਾਂਗੜੇ ਵਾਲਿਆਂ ਨੇ ਟਾਕਰੇ ਯਾ ਠਾਕਰੀ।

ਗੁਰੂ ਅੰਗਦ ਸਾਹਿਬ ਨੇ ਇਨ੍ਹਾਂ ਹੀ ਅਖਰਾਂ–ਠਾਕਰੀ, ਲੰਡੇ ਅਤੇ ਸ਼ਾਰਦਾ ਨੂੰ ਸਾਹਮਣੇ ਰਖ ਕੇ ਗੁਰਮੁਖੀ ਅਖਰ ਬਣਾਏ। ਮਾਨੋ ਆਪ ਨੇ ਅਖਰਾਂ ਦੀ ਅਵਾਜ਼ ਤਾਂ ਉਹੀ ਰਖੀ, ਜੋ ਲੰਡੇ ਆਦਿ ਵਾਲਿਆਂ ਨੇ ਰਖੀ ਹੋਈ ਸੀ, ਪਰ ਸ਼ਕਲਾਂ ਦਾ ਬਹੁਤ ਹਦ ਤਕ ਸੁਧਾਰ ਕਰ ਲਿਆ। ਦੋ ਤਿੰਨ ਅਖਰ ਹੋਰ ਵਧਾਉਣ ਦੇ ਨਾਲ ਲਗਾਂ ਮਾਤ੍ਰਾਂ ਦੇਵ ਨਾਗਰੀ ਦੀਆਂ ਲੈ ਲਈਆਂ। ਮਹਾ ਮਹੋਪਾਧਿਆ ਰਾਇ ਬਹਾਦੁਰ ਪੰਡਤ ਗੌਰੀ ਸ਼ੰਕਰ ਹੀਰਾ ਚੰਦ ਓਝਾ ਨੇ ਆਪਣੀ ਰਚਨਾ ਪ੍ਰਾਚੀਨ ਲਿਪੀ ਮਤੀ ਮਾਲਾ ਵਿਚ ਲਿਖਿਆ ਹੈ "ਗੁਰਮੁਖੀ ਅਖਰ ਲੰਡੇ ਅਤੇ ਸ਼ਾਰਦਾ ਅਖਰਾਂ ਦੇ ਮੇਲ ਨਾਲ ਬਣੇ ਹੋਏ ਹਨ" ਲੰਡੇ ਪੰਜਾਬ ਦੇ ਸਰਾਫ਼ੀ ਅਖਰ ਹਨ, ਜੋ ਵਪਾਰੀ ਲੋਕਾਂ ਨੇ ਕਾਰੋਬਾਰ ਚਲਾਉਣ ਵਾਸਤੇ ਘੜੇ ਸਨ। ਏਹ ਅਖਰ ਲਗ ਪਗ ਹਰੇਕ ਸੂਬੇ ਦੇ ਬਪਾਰੀਆਂ ਨੇ ਆਪਣੀ ਆਪਣੀ ਸਮਝ ਮੂਜਿਬ ਬਣਾਏ ਹੋਏ ਹਨ। ਬਾਣੀਏ, ਮਹਾਜਨੀ, ਮਾਰਵਾੜੀ ਅਤੇ ਸਿੰਧੀ ਅਖਰ ਦੇਖੇ ਜਾਂਦੇ ਹਨ, ਜੋ ਵਹੀ ਖਾਤਿਆਂ ਵਿਚ ਵਰਤੇ ਜਾਂਦੇ ਹਨ। ਹੋਰ



Digitized by Panjab Digital Library | www.panjabdigilib.org

ਵਖ ਵਖ ਪੇਸ਼ਾਵਰਾਂ ਨੇ ਭੀ ਆਪਣੇ ਆਪਣੇ ਨਿਸ਼ਾਨ ਤੇ ਇਸ਼ਾਰੇ ਭੀ ਘੜੇ ਹੋਏ ਹਨ; ਪਰ ਇਨ੍ਹਾਂ ਦਾ ਸੰਬੰਧ ਗੁਰਮੁਖੀ ਨਾਲ ਕੋਈ ਨਹੀਂ।

## ਪੰਜਾਬੀ ਅਤੇ ਮੁਸਲਮਾਨ

ਜੈਸਾ ਕਿ ਅਗੇ ਜ਼ਿਕਰ ਆ ਚੁਕਾ ਹੈ, ਪੰਜਾਬ ਵਿਚ ਆ ਕੇ ਮੁਸਲਮਾਨ ਵੱਸੇ ਰੱਸੇ, ਤਾਂ ਉਨ੍ਹਾਂ ਨੇ ਇਥੋਂ ਦੇ ਲੋਕਾਂ ਨਾਲ ਮੇਲ ਜੋਲ ਤੇ ਗਲ ਬਾਤ ਲਈ ਰਲੀ ਮਿਲੀ ਬੋਲੀ ਬਣਾ ਲਈ ਅਰ ਲਗ ਪਗ ੨੦੦ ਵਰ੍ਹੇ (ਸੰਨ ੧੨੦੦ ਈ:) ਵਿਚ ਪੰਜਾਬੀ ਨੂੰ ਚੰਗੀ ਤਰ੍ਹਾਂ ਸਿਖ ਲਿਆ ਅਤੇ ਇਥੋਂ ਦੇ ਲੋਕਾਂ ਵਿਚ ਇਸਲਾਮੀ ਪਰਚਾਰ ਲਈ ਪੰਜਾਬੀ ਜ਼ਬਾਨ ਨੂੰ ਆਪਣੇ ਖ਼ਿਆਲ ਜ਼ਾਹਿਰ ਕਰਨ ਦਾ ਵਸੀਲਾ ਬਣਾਇਆ। ਪੰਜਾਬੀ ਬੋਲ ਚਾਲ ਦੇ ਨਾਲ ਹੀ ਸ਼ਾਇਰੀ ਭੀ ਪੰਜਾਬੀ ਵਿਚ ਹੀ ਸ਼ੁਰੂ ਕਰ ਦਿਤੀ। ਪ੍ਰੋਫੈਸਰ ਮਹਮੂਦ ਸ਼ੀਰਾਨੀ ਸਾਹਿਬ ਆਪਣੀ ਰਚਨਾ "ਪੰਜਾਬ ਮੇਂ ਉਰਦੂ" ਵਿਚ ਲਿਖਦੇ ਹਨ, "ਖਾਜਾ ਮਸਊਦ ਸਯਦ ਦੇ ਬਾਦ ਪੰਜਾਬੀ ਦੇ ਪਹਿਲੇ ਸ਼ਾਇਰ ਫਰੀ-ਦੂੱਦੀਨ ਮਸਊਦ (ਬਾਵਾ ਫਰੀਦ) ਹਨ, ਜੋ ੬੬੪ ਹਿਜਰੀ ਵਿਚ ਕਾਲ ਹੋਏ।" ਬਾਵਾ ਫਰੀਦ ਹੀ ਪਹਿਲੇ ਸ਼ਖਸ ਹਨ, ਜਿਨ੍ਹਾਂ ਨੇ ਆਪਣੇ ਖ਼ਿਆਲ ਪੰਜਾਬੀ ਕਵਿਤਾ ਵਿਚ ਪ੍ਰਗਟ ਕੀਤੇ। ਮਾਨੋਂ ਪੰਜਾਬੀ ਸ਼ਾਇਰੀ ਦੀ ਨੀਂਹ ਆਪ ਦੇ ਹਥੋਂ ਰਖੀ ਗਈ। ਆਪ ਦੇ ਬਾਦ ਬਹੁਤੇਰੇ ਮੁਸਲਮਾਨਾਂ ਨੇ ਪੰਜਾਬੀ ਸ਼ਾਇਰੀ ਵਿਚ ਕਿਤਾਬਾਂ ਅਤੇ ਕਈ ਰਸਾਲੇ ਲਿਖੇ, ਜਿਨ੍ਹਾਂ ਵਿਚੋਂ ਬਹੁਤੇ ਮਜ਼ਹਬੀ ਪਰਚਾਰ ਦੇ ਆਧਾਰ ਉਤੇ ਸਨ ਅਰ ਓਹ ਸਾਰੇ ਦੇ ਸਾਰੇ ਫ਼ਾਰਸੀ ਯਾ ਅਰਬੀ ਅੱਖਰਾਂ ਵਿਚ ਸਨ। ਅਰਬੀ ਲਿਖਣ ਦਾ ਢੰਗ ਉਨ੍ਹਾਂ ਨੇ ਇਸ ਲਈ ਵਰਤਿਆ ਕਿ ਪਿੰਡਾਂ ਦੀਆਂ ਮੁਸਲਮਾਨ ਤ੍ਰੀਮਤਾਂ ਤੇ ਬੱਚੇ ਆਮ ਕਰ ਕੇ ਅਤੇ ਸ਼ਹਿਰਾਂ ਦੇ ਤ੍ਰੀਵੀਆਂ ਬੱਚੇ ਖਾਸ ਕਰ ਪਹਿਲੇ ਪਹਿਲ ਕੁਰਾਨ ਅਰੰਭਦੇ ਸਨ, ਜੋ ਅਰਬੀ ਅਖਰਾਂ ਵਿਚ ਹੈ। ਇਸ ਤੋਂ ਬਾਦ ਲੜਕੇ ਤਾਂ ਬਾਕੀ ਵਿਦ੍ਯਾ ਲਈ ਫਾਰਸੀ ਅਖਰ ਵਰਤ ਲੈਂਦੇ ਸਨ ਪਰ ਤੀਵੀਆਂ ਤੇ ਕੁੜੀਆਂ ਨੂੰ ਹੋਰ ਵਿਦ੍ਯਾ ਨਾ ਮਿਲ ਸਕਦੀ ਤਾਂ ਮੋਟੇ ਮੋਟੇ ਦੀਨੀ ਮਸਲੇ ਆਮ ਵਾਕਫੀਅਤ ਵਾਸਤੇ ਪੰਜਾਬੀ ਬੋਲੀ ਅਤੇ ਅਰਬੀ ਅਖਰਾਂ ਵਿਚ ਰਚ ਲਏ ਜਾਂਦੇ। ਇਸ ਮਤਲਬ ਦੇ ਛੋਟੇ ਛੋਟੇ ਰਸਾਲੇ ਜਿਹਾ ਕਿ ਪੱਕੀ ਰੋਟੀ, ਨੂਰ ਨਾਮਾ, ਨਜਾਤੁਲ ਮੋਮਨੀਨ, ਰੋਸ਼ਨ ਦਿਲ ਆਦਿਕ ਪੜ੍ਹੀਂਦੇ ਚਲੇ ਆਏ ਹਨ।

ਮੁਸਲਮਾਨ ਕਵੀਆਂ ਨੇ ਇਥੋਂ ਦੇ ਵਾਯੂ ਮੰਡਲ ਦੇ ਅਨਕੂਲ ਲੈਲਾਂ ਮਜਨੂੰ, ਸ਼ੀਰੀਂ ਫਰਿਹਾਦ, ਯੂਸਫ ਜ਼ੁਲੈਖਾਂ ਆਦਿਕ ਪ੍ਰਦੇਸੀ ਅਰ ਹੀਰ ਰਾਂਝਾ, ਸੋਹਣੀ ਮਹੀਂਵਾਲ, ਸਸੀ ਪੁੰਨੂੰ ਆਦਿਕ ਦੇਸੀ ਪ੍ਰੇਮ ਕਿਸੇ ਲਿਖਣ ਦੇ ਨਾਲ ਨਾਲ ਸੂਫੀਆਨਾ ਕਲਾਮ, ਗੁਲਿਸਤਾਂ, ਬੋਸਤਾਂ ਅਰ ਹੋਰ ਫਾਰਸੀ ਦਰਸੀ ਕਿਤਾਬਾਂ ਦੇ ਟੀਕੇ, ਕੁਰਾਨ ਤੇ ਹਦੀਸਾਂ ਆਦਿਕ ਦੇ ਤਰਜਮੇ ਆਦਿਕ ਪੰਜਾਬੀ ਬੋਲੀ ਵਿਚ ਇਸ ਬਹੁਤਾਤ ਨਾਲ ਪੇਸ਼ ਕੀਤੇ ਕਿ ਹਿੰਦੀ ਮਧਮ ਪੈ ਗਈ ਅਰ ਪੰਜਾਬੀ ਦਾ ਘਰ ਘਰ ਚਰਚਾ ਹੋਣ ਲਗਾ।



Digitized by Panjab Digital Library | www.panjabdigilib.org

## ਪੰਜਾਬੀ ਅਤੇ ਸਿਖ

ਬਾਬਾ ਫਰੀਦ ਦੇ ਲਗ ਪਗ ੩੦੦ ਸਾਲ ਬਾਦ ਗੁਰੂ ਨਾਨਕ ਜੀ ਤੋਂ ਸਿਖ ਪੰਥ ਦਾ ਆਰੰਭ ਹੋਇਆ। ਸਿਖਾਂ ਦੇ ਦੂਸਰੇ ਗੁਰੂ ਅੰਗਦ ਜੀ ਨੇ ਗੁਰਮੁਖੀ ਅੱਖਰ ਬਣਾਏ। ਇਸ ਦੇ ਬਾਦ ਹਰੇਕ ਗੁਰੂ ਸਾਹਿਬ ਨੇ ਜੋ ਕੁਝ ਲਿਖਿਆ, ਉਹ ਹਿੰਦੀ ਮਿਲੀ ਪੰਜਾਬੀ ਜ਼ਬਾਨ ਅਰ ਗੁਰਮੁਖੀ (ਕਦੇ ਕਦੇ ਹਿੰਦੀ) ਅਖਰਾਂ ਵਿਚ ਸੀ।

## ਪੰਜਾਬੀ ਅਤੇ ਹਿੰਦੂ

ਪੰਜਾਬ ਵਿਚ ਰਹਿਣ ਵਾਲੇ ਹਿੰਦੂਆਂ ਵਿਚੋਂ ਕਾਰੋਬਾਰੀ ਲੋਕ ਤਾਂ ਆਪਣੇ ਲੇਖੇ, ਪੱਤੇ ਵਾਸਤੇ ਲੰਡੇ ਬਣਾ ਚੁਕੇ ਸਨ। ਬਾਕੀਆਂ ਨੇ ਭਾਵੇਂ ਬੋਲ ਚਾਲ ਵਾਸਤੇ ਪੰਜਾਬੀ ਜ਼ਬਾਨ ਮੰਨੀ ਹੋਈ ਸੀ ਪਰ ਲਿਖਤ ਵਾਸਤੇ ਉਨ੍ਹਾਂ ਨੇ ਹਿੰਦੀ ਅਖਰਾਂ ਨੂੰ ਹੀ ਪ੍ਰੋੜ੍ਹਤਾ ਦਿਤੀ। ਸਿਖ ਮਤ ਦਾ ਪ੍ਰਚਾਰ ਜਦ ਜ਼ੋਰ ਸ਼ੋਰ ਨਾਲ ਹੋਇਆ ਅਤੇ ਖਾਸ ਕਰ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਦਾ ਪਰਚਾਰ ਘਰ ਘਰ ਹੋ ਰਿਹਾ ਸੀ, ਇਸ ਵੇਲੇ ਹਿੰਦੂ ਅਤੇ ਸਿਖ ਵਿਚ ਕੋਈ ਵਖਰੀ ਤਮੀਜ਼ ਨਹੀਂ ਸੀ। ਇਸ ਲਈ ਮੁਸਲਮਾਨਾਂ ਤੋਂ ਛੁਟ ਸਾਰੇ ਹੀ ਪੰਜਾਬ ਵਿਚ ਗੁਰਮੁਖੀ ਅੱਖਰਾਂ ਦਾ ਰਿਵਾਜ ਆਮ ਹੋ ਗਿਆ। ਹਰੇਕ ਹਿੰਦੂ ਅਤੇ ਸਿਖ ਸਾਂਝੇ ਵਿਸ਼ਵਾਸ ਨਾਲ ਗੁਰਬਾਣੀ ਪੜ੍ਹਦੇ ਸਨ ਅਰ ਗੁਰਮੁਖੀ ਅਖਰਾਂ ਦੇ ਬਹੁਤ ਪ੍ਰਚਲਤ ਹੋ ਜਾਣ ਨਾਲ ਪੁਰਾਤਨ ਹਿੰਦੂ ਗ੍ਰੰਥ; ਭਾਗਵਤ, ਸੂਰ ਸਾਗਰ, ਰਾਮਾਇਣ, ਭਗਵਤ ਗੀਤਾ ਆਦਿਕ ਭੀ ਲਿਖਾਰੀਆਂ ਪਾਸੋਂ ਗੁਰਮੁਖੀ ਅਖਰਾਂ ਵਿਚ ਮਾਕੂਲ ਮਜੂਰੀ ਦੇ ਕੇ ਲਿਖਵਾਏ ਜਾਂਦੇ ਸਨ।

## ਪੰਜਾਬੀ ਅਤੇ ਈਸਾਈ

ਹਿੰਦੁਸਤਾਨ ਵਿਚ ਅੰਗ੍ਰੇਜ਼ਾਂ ਦੀ ਆਉਂਦ ਉਨੀਸਵੀਂ ਸਦੀ ਦੇ ਅਰੰਭ ਤੋਂ ਸ਼ੁਰੂ ਹੁੰਦੀ ਹੈ ਅਤੇ ੧੮੫੭ ਦੇ ਗਦਰ ਦੇ ਬਾਦ ਉਨ੍ਹਾਂ ਦਾ ਪੂਰਾ ਕਬਜ਼ਾ ਹੁੰਦਾ ਅਤੇ ਸਿੱਕਾ ਚਲਦਾ ਹੈ। ਉਸ ਵੇਲੇ ਚੂੰਕਿ ਅੰਗ੍ਰੇਜ਼ਾਂ ਨੇ ਹਿੰਦੁਸਤਾਨ ਅਤੇ ਪੰਜਾਬ ਦਾ ਕੁਝ ਹਿੱਸਾ ਮੁਸਲਮਾਨਾਂ ਪਾਸੋਂ ਹੀ ਲਿਆ ਸੀ ਅਤੇ ਮੁਸਲਮਾਨਾਂ ਨੇ ਉਸ ਵੇਲੇ ਫਾਰਸੀ ਦੀ ਥਾਂ ਉਰਦੂ ਨੂੰ ਦੇ ਛਡੀ ਹੋਈ ਸੀ, ਇਸ ਲਈ ਅੰਗ੍ਰੇਜ਼ਾਂ ਨੇ ਭੀ ਉਰਦੂ ਨੂੰ ਹੀ ਦਫਤ੍ਰੀ ਜ਼ਬਾਨ ਬਣਾ ਲਿਆ। ਸੰਨ ੧੮੭੦ ਦੇ ਲਗ ਭਗ ਸਿਖਾਂ ਦੇ ਵਾਸਤੇ ਗੁਰਮੁਖੀ ਅਖਰ ਤੇ ਪੰਜਾਬੀ ਬੋਲੀ ਤਾਲੀਮੀ ਕੋਰਸਾਂ ਵਿਚ ਸ਼ਾਮਲ ਕੀਤੇ ਗਏ; ਪਰ ਉਸ ਵੇਲੇ ਸਿਖ ਲੜਕਿਆਂ ਦੀ ਥੋੜੀ ਜਿਹੀ ਗਿਣਤੀ ਹੋਣ ਕਰ ਕੇ ਬਹੁਤ ਘਟ ਕੰਮ ਆ ਰਹੇ ਸਨ।

ਅੰਗ੍ਰੇਜ਼ੀ ਅਮਲਦਾਰੀ ਦੇ ਨਾਲ ਨਾਲ ਹੀ ਈਸਾਈ ਪਾਦਰੀਆਂ ਨੇ ਆਪਣੇ ਮਿਸ਼ਨ ਦਾ ਪਰਚਾਰ ਕਰਨ ਵਾਸਤੇ ਪੰਜਾਬੀ ਵਿਚ ਅੰਜੀਲਾਂ ਦੇ ਤਰਜਮੇ ਕਰਾ ਕੇ ਗੁਰਮੁਖੀ ਅਖਰਾਂ ਵਿਚ ਛਪਾਏ। ਮਾਲਵੇ ਵਾਸਤੇ ਲੁਦਿਹਾਣੇ ਨੂੰ ਸੈਂਟਰ ਬਣਾਇਆ



Digitized by Panjab Digital Library | www.panjabdigilib.org

ਗਿਆ। ਵਾਇਲੀ ਸਾਹਿਬ ਦਾ ਮਸ਼ਹੂਰ ਛਾਪੇਖਾਨਾ ਮਿਸ਼ਨ ਪ੍ਰੈਸ ਹਾਲੇ ਪਥਰ ਦੇ ਛਾਪੇ ਵਿਚ ਗੁਰਮੁਖੀ ਅੰਜੀਲਾਂ ਛਾਪਿਆ ਕਰਦਾ ਸੀ। ਇਸ ਦੇ ਥੋੜਾ ਚਿਰ ਬਾਦ ਗੁਰਮੁਖੀ ਟਾਇਪ ਵਲਾਇਤੋਂ ਬਣ ਕੇ ਆ ਗਏ ਤੇ ਉਸ ਦੀ ਦੇਖਾ ਦੇਖੀ ਲਾਹੌਰ ਵਿਚ ਭੀ ਟਾਈਪ ਬਣ ਗਏ। ਦੂਜਾ ਅੱਡਾ ਤਰਨ ਤਾਰਨ ਵਿਚ ਪਾਦਰੀ ਈ. ਗਿਲਫਰਡ (E Golford) ਦੇ ਸਪੁਰਦ ਹੋਇਆ, ਜਿਨ੍ਹਾਂ ਨੇ ਬਹੁਤ ਸਾਰਾ ਈਸਾਈ ਲਿਟਰੇਚਰ ਠੇਠ ਪੰਜਾਬੀ ਬੋਲੀ ਵਿਚ ਛਪਵਾਇਆ।

## ਪੰਜਾਬੀ-ਵਿਦਿਆ ਦਾ ਵਸੀਲਾ

ਪੰਜਾਬੀ ਬੋਲੀ ਨੂੰ ਵਿਦਿਆ ਦਾ ਸਾਧਨ ਬਣਨ ਦਾ ਮਾਣ ਸਿਰਫ਼ ਔਰੰਗਜ਼ੇਬ ਆਲਮਗੀਰ ਦੇ ਅਹਿਦ ਵਿਚ ਹੀ ਪ੍ਰਾਪਤ ਹੋਇਆ। ਉਸ ਵੇਲੇ ਪੰਜਾਬੀ ਦੇ ਉਰਦੂ ਅੱਖਰਾਂ ਨੂੰ ਵਰਤਿਆ ਗਿਆ ਅਰ ਬਚਿਆਂ ਵਾਸਤੇ ਵਖ ਵਖ ਰਸਾਲੇ ਲਿਖਵਾਏ ਗਏ। ਦੁਹਰਮਲ ਰਾਇ ਸੁਨਾਮੀ ਨੇ ੧੧੦੫ ਹਿਜਰੀ ਵਿਚ ਏਜ਼ਦਬਾਰੀ, ਉਮੇਦ ਨੇ ੧੧੦੬ ਵਿਚ ਅੱਲਾਬਾਰੀ, ਖ਼ੁਦਾ ਬਖਸ਼ (੧੧੦੬) ਨੇ ਨਸਾਬ ਜ਼ਰੂਰੀ ਅਰ ਗਣੇਸ਼ ਦਾਸ ਨੇ ੧੨੨੦ ਵਿਚ ਸਨਅਤ ਬਾਰੀ ਰਸਾਲੇ ਲਿਖੇ। ਇਸ ਤੋਂ ਸਿਵਾਇ ਰਾਜ਼ਕ ਬਾਰੀ, ਵਾਹਦ ਬਾਰੀ, ਹਮਦ ਬਾਰੀ ਆਦਿਕ ਹਨ, ਜਿਨ੍ਹਾਂ ਦਾ ਜ਼ਿਕਰ ਸਯਦ ਵਾਰਸ ਸ਼ਾਹ ਨੇ ਭੀ ਆਪਣੇ ਕਿੱਸੇ ਹੀਰ ਰਾਂਝਾ ਵਿਚ ਕੀਤਾ ਹੈ।

ਪੰਜਾਬੀ ਬੋਲੀ ਨੂੰ ਪੜ੍ਹਾਈ ਦਾ ਸਾਧਨ ਬਣਾਉਣ ਦਾ ਮਨੋਰਥ ਇਹੋ ਮਲੂਮ ਹੁੰਦਾ ਹੈ ਕਿ ਹਕੂਮਤ ਪੰਜਾਬ ਵਿਚ ਫਾਰਸੀ ਉਰਦੂ ਅਤੇ ਇਸਲਾਮੀ ਲਿਟਰੇਟਰ ਦਾ ਪ੍ਰਚਾਰ ਕਰਨਾ ਚਾਹੁੰਦੀ ਸੀ। ਇਸ ਦੇ ਨਾਲ ਹੀ ਉਸ ਦੀ ਸਲਾਹ ਸੀ ਕਿ ਪੰਜਾਬੀ ਬੋਲੀ ਵਿਚ ਫਾਰਸੀ ਸ਼ਬਦਾਂ ਦੇ ਅਰਥ ਭੀ ਸਮਝਾਏ ਜਾਣ, ਜੈਸਾ ਕਿ—

ਬਿਆ ਬਿਰਾਦਰ—ਆਓ ਰੇ ਭਾਈ
ਬਿਨਸ਼ੀਂ ਮਾਦਰ—ਬੈਠ ਰੀ ਮਾਈ

ਤਾਕਿ ਓਹ ਫ਼ਾਰਸੀ ਦੀਆਂ ਵਡੀਆਂ ਵਡੀਆਂ ਕਿਤਾਬਾਂ ਭੀ ਸਿਖ ਜਾਣ। ਇਹ ਤ੍ਰੀਕਾ ਕਾਫ਼ੀ ਮੁਦਤ ਤਕ ਜਾਰੀ ਰਿਹਾ। ਪਰ ਪੰਜਾਬੀ ਬੋਲੀ ਫ਼ਾਰਸੀ ਲਿਖਣ ਢੰਗ ਵਿਚ ਪੜ੍ਹਾਈ ਦਾ ਵਸੀਲਾ ਬਣੀ ਰਹੀ। ਹਿੰਦੂ ਮੁਸਲਮਾਨ ਵਿਦਿਆਰਥੀ ਸਾਂਝੇ ਮਦ-ਰਸਿਆਂ ਵਿਚ ਪੜ੍ਹਦੇ ਰਹੇ ਪਰ ਉੱਚੀ ਵਿਦਿਆ ਅਤੇ ਦਫ਼ਤ੍ਰੀ ਕਾਰੋਬਾਰ ਦੇ ਕੰਮ ਫ਼ਾਰਸੀ ਹੀ ਆਉਂਦੀ ਸੀ।

## ਲਿਖਣ-ਢੰਗ ਦਾ ਪਹਿਲਾ ਝਗੜਾ

ਇਹ ਸਵਾਲ ਮਹਾਰਾਜਾ ਰਣਜੀਤ ਸਿੰਘ ਦੇ ਅਹਿਦ ਵਿਚ ਉਠਿਆ। ਮੁਸਲਮਾਨ ਚਾਹੁੰਦੇ ਸਨ ਕਿ ਪੰਜਾਬੀ ਨੂੰ ਉਰਦੂ ਫ਼ਾਰਸੀ ਅੱਖਰਾਂ ਨਾਲ ਲਿਖਿਆ ਜਾਵੇ ਪਰ ਸਿੱਖਾਂ ਦੀ ਮਰਜ਼ੀ ਸੀ ਕਿ ਇਹ ਕੰਮ ਗੁਰਮੁਖੀ ਅੱਖਰਾਂ ਤੋਂ ਲਿਆ ਜਾਵੇ। ਗੁਰਮੁਖੀ



Digitized by Panjab Digital Library | www.panjabdigilib.org

ਅਖਰ ਨਾ ਕੇਵਲ ਪੜ੍ਹਾਈ ਦਾ ਸਾਧਨ ਹੋਣ ਸਗੋਂ ਦਫਤ੍ਰੀ ਬੋਲੀ ਭੀ ਪੰਜਾਬੀ ਗੁਰਮੁਖੀ ਵਿਚ ਹੋ ਜਾਵੇ। ਸਿਖਾਂ ਨੂੰ ਭਰੋਸਾ ਸੀ ਕਿ ਮਹਾਰਾਜਾ ਸਿਖ ਹੈ ਇਸ ਲਈ ਸਾਡੀ ਸਲਾਹ ਨੂੰ ਮੰਨ ਲਏਗਾ। ਉਧਰ ਮੁਸਲਮਾਨਾਂ ਦਾ ਖਿਆਲ ਸੀ ਕਿ ਬਾਦਸ਼ਾਹ ਵਜ਼ੀਰਾਂ ਦੀ ਸਲਾਹ ਮੰਨਦੇ ਹਨ ਤੇ ਵਜ਼ੀਰ ਫਕੀਰ ਅਜ਼ੀਜ਼ੁਦੀਨ ਹੈ, ਜੋ ਜ਼ਰੂਰ ਸਾਡਾ ਹੀ ਪਖ ਕਰੇਗਾ ਪਰ ਅਖੀਰ ਵਿਚ ਇਹ ਝਗੜਾ ਪੰਜਾਬੀ ਬੋਲੀ ਵਾਸਤੇ ਭੈੜਾ ਸਾਬਤ ਹੋਇਆ ਤੇ ਮਹਾਰਾਜ ਨੂੰ ਉਹੋ ਫਾਰਸੀ ਬੋਲੀ ਤੇ ਲਿਖਣ-ਢੰਗ ਵਰਤਵਾਣਾ ਪਿਆ।

## ਬੋਲੀ ਵਿਚ ਵਖੇਵੇਂ

ਹਿੰਦੂ ਸ਼ੁਰੂ ਤੋਂ ਸੰਸਕ੍ਰਿਤ, ਪਾਕ੍ਰਿਤ ਅਰ ਬ੍ਰਿਜ ਭਾਸ਼ਾ ਲਿਖਦੇ-ਬੋਲਦੇ ਰਹੇ, ਇਸ ਲਈ ਉਨ੍ਹਾਂ ਨੇ ਹਿੰਦਵਾਣੀ ਪਦਾਂ ਨੂੰ ਬਹੁਤ ਵਰਤਣਾ ਹੀ ਸੀ। ਇਸ ਪਖ ਵਿਚ ਹਿੰਦੂ ਅਤੇ ਸਿਖ ਲਿਖਾਰੀਆਂ ਵਿਚ ਕੋਈ ਭਿੰਨ ਭੇਦ ਪੈਦਾ ਨਹੀਂ ਹੋਇਆ। ਮੁਸਲਮਾਨਾਂ ਦੀ ਘਰੋਗੀ ਬੋਲੀ ਅਰਬੀ ਫਾਰਸੀ ਸੀ ਇਸ ਲਈ ਉਨ੍ਹਾਂ ਨੇ ਜਦ ਪੰਜਾਬੀ ਨੂੰ ਅਪਣਾਇਆ ਤਾਂ ਉਸ ਵਿਚ ਅਰਬੀ ਫਾਰਸੀ ਦਾ ਰੰਗ ਚੋਖਾ ਚੜ੍ਹ ਚੁਕਾ ਸੀ। ਸਿਖਾਂ ਦੀ ਵਖਰੀ ਬੋਲੀ ਸਿਵਾਇ ਗੁਰਬਾਣੀ ਦੇ ਨਹੀਂ ਸੀ ਇਸ ਲਈ ਉਨ੍ਹਾਂ ਨੇ ਭੀ ਬ੍ਰਿਜ-ਭਾਸ਼ਾ ਨੂੰ ਉਸੇ ਬਹੁਤਾਤ ਨਾਲ ਵਰਤਿਆ, ਜਿਸ ਨਾਲ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਦਸਮ ਗ੍ਰੰਥ ਸਾਹਿਬ ਵਿਚ ਆਪ ਅਤੇ ਪਰ ਕਵੀਆਂ ਪਾਸੋਂ ਲਿਖਵਾਇਆ ਸੀ। ਕਵੀ ਸੰਤੋਖ ਸਿੰਘ, ਸੁਖਾ ਸਿੰਘ, ਆਦਿਕ ਨੇ ਭੀ ਕਿਤੇ ਕਿਤੇ ਬਹੁਤ ਔਖੀ ਬ੍ਰਿਜ ਭਾਸ਼ਾ ਵਰਤੀ। ਪਰੰਤੂ ਪੰਜਾਬੀ ਬੋਲੀ ਦੀ ਹਾਲਤ ਵਿਚ ਇਸਲਾਮੀ ਰਾਜ ਦਾ ਅਸਰ ਹਰੀ ਕੈਮ ਰਿਹਾ। ਗੁਰੂ ਨਾਨਕ ਸਾਹਿਬ ਦੀ ਆਪਣੀ ਬਾਣੀ ਵਿਚ ਭੀ ਫਾਰਸੀ ਅਰਬੀ ਦੇ ਪਦ ਆਮ ਮਿਲਦੇ ਹਨ। ਜੈਸਾ ਕਿ:—

ਯਕ ਅਰਜ ਗੁਫਤਮ ਪੇਸਿ ਤੋ ਦਰ ਗੋਸ ਕੁਨ ਕਰਤਾਰ॥ ਹਕਾ ਕਬੀਰ ਕਰੀਮ ਤੂ ਬੇ ਐਬ ਪਰਵਦਗਾਰ॥ ਗੱਲ ਕੀ, ਸੰਸਕ੍ਰਿਤ ਅਤੇ ਅਰਬੀ ਫ਼ਾਰਸੀ ਦਾ ਰੰਗ ਪੰਜਾਬੀ ਉਤੇ ਐਸਾ ਗੁਪਤ ਰੀਤੀ ਨਾਲ ਚੜ੍ਹਦਾ ਰਿਹਾ ਕਿ ਉਨ੍ਹਾਂ ਦਾ ਨਖੇੜਨਾ ਅਸੰਭਵ ਹੋ ਗਿਆ ਹੈ ਅਤੇ ਐਸਾ ਕਰਨ ਦਾ ਲਾਭ ਭੀ ਕੋਈ ਨਹੀਂ। ਪੰਜਾਬੀ ਦਾ ਹਾਜ਼ਮਾ ਐਡਾ ਤੇਜ਼ ਹੈ ਕਿ ਉਸ ਵਿਚ ਜੋ ਪਾ ਦਿਓ, ਬੇਮਲੂਮਾ ਪਚ ਜਾਂਦਾ ਹੈ ; ਜੈਸਾ ਕਿ ਅਜ ਕਲ੍ਹ—ਅੰਗ੍ਰੇਜ਼ੀ ਦੇ ਪਦ ਪੰਜਾਬੀ ਨੂੰ ਦਬਾਦਬ ਹਜ਼ਮ ਹੋ ਰਹੇ ਹਨ।

ਇਹ ਨਖੇੜ ਮੁਢੋਂ ਚਲਾ ਆਇਆ ਹੈ ਅਤੇ ਦੋਹਾਂ ਧਿਰਾਂ ਦਾ ਹਕ ਇਕੋ ਜਿਹਾ ਹੈ, ਇਸ ਲਈ ਇਹ ਕਹਿਣਾ ਹੀ ਠੀਕ ਹੈ ਕਿ ਜੋਹੜੇ ਉਰਦੂ ਲਿਖਣ-ਢੰਗ ਨੂੰ ਪਸੰਦ ਕਰਨ, ਸ਼ੌਕ ਨਾਲ ਵਰਤਣ ਅਤੇ ਜਿਨ੍ਹਾਂ ਨੂੰ ਗੁਰਮੁਖੀ ਅਖਰਾਂ ਵਿਚ ਪੰਜਾਬੀ ਲਿਖਣਾ ਜਚਦਾ ਹੈ, ਓਹ ਆਪਣੀ ਮਰਜ਼ੀ ਮੁਤਾਬਕ ਲਿਖਣ। ਇਹ ਫੈਸਲਾ ਸਮੇਂ ਦੇ ਹਥ ਵਿਚ ਰਹਿਣ ਦਿਤਾ ਜਾਵੇ ਕਿ ਕਦੋਂ ਜਾ ਕੇ ਕਿਸੇ ਇਕ ਤ੍ਰੀਕੇ ਦਾ ਜ਼ੋਰ ਵਧ ਜਾਵੇ। ਸਮਾਂ ਬੜਾ ਬਲਵਾਨ ਹੈ, ਪੰਝੀ ਪੰਜਾਹ ਵਰਿਹਾਂ ਵਿਚ ਇਸ ਦਾ ਨਿਰਣਾ ਸ਼ਾਇਦ ਆਪਣੇ ਆਪ ਹੀ ਹੋ ਜਾਵੇ।



Digitized by Panjab Digital Library | www.panjabdigilib.org

# ਪੰਜਾਬੀ ਸਰਪਰਸਤੀ

ਕੋਈ ਜ਼ਬਾਨ ਉਸ ਵੇਲੇ ਤਕ ਪੂਰੀ ਉੱਨਤ ਤੇ ਨਰੋਈ ਨਹੀਂ ਹੋ ਸਕਦੀ ਜਦ ਤਕ ਉਸ ਦੇ ਸਿਰ ਤੇ ਸਰਕਾਰ ਜਾਂ ਦੇਸੀ ਰਜਵਾੜਿਆਂ ਦਾ ਹਥ ਨਾ ਹੋਵੇ। ਪੰਜਾਬੀ ਬੋਲੀ ਇਕ ਐਸੇ ਖ਼ੁਦਰੌ ਫੁੱਲ ਵਰਗੀ ਹੈ, ਜੋ ਜੰਗਲ ਵਿਚ ਉਗਿਆ ਹੋਵੇ ਅਰ ਉਸ ਦੀ ਨਾ ਕਿਸੇ ਨੇ ਰਾਖੀ ਕੀਤੀ ਹੋਵੇ ਨਾ ਸਿੰਜਾਈ। ਹਿੰਦੁਸਤਾਨ ਦੇ ਸੂਬਿਆਂ ਵਿਚੋਂ ਪੰਜਾਬ ਇਕ ਹਰਿਆ ਭਰਿਆ ਸੂਬਾ ਹੈ। ਵਾਰਸਸ਼ਾਹ ਨੇ ਇਸ ਦੀਆਂ ਸਾਰੀਆਂ ਸਿਫਤਾਂ ਨੂੰ ਇਕੋ ਸ਼ਿਅਰ ਵਿਚ ਸੰਖੇਪ ਨਾਲ ਬਿਆਨ ਕੀਤਾ ਹੋਇਆ ਹੈ:—

ਫੁੱਲ, ਡਾਲ ਤੇ ਬਾਗ ਬਹਾਰ ਨਹਿਰਾਂ, ਛਾਵਾਂ ਠੰਢੀਆਂ ਨਾਲ ਸੁਹਾਇਆ ਨੀ
ਅਕਲਮੰਦ ਤੇ ਲੋਕ ਸਲੂਕ ਵਾਲੇ, ਰਾਠ ਜੱਗ ਦੇ ਵਿਚ ਸਦਾਇਆ ਨੀ।

ਪੰਜਾਬ, ਸਰਸਬਜ਼ੀ ਦੇ ਲਿਹਾਜ਼ ਨਾਲ, ਜ਼ਬਾਨ ਉਪਜਾਊ ਹੋਣ ਦੇ ਲਿਹਾਜ਼ ਨਾਲ ਅਤੇ ਆਪਣੀ ਪਿਆਰੀ ਤੇ ਮਿੱਠੀ ਜ਼ਬਾਨ ਦੇ ਲਿਹਾਜ਼ ਨਾਲ ਹਿੰਦੁਸਤਾਨ ਵਿਚ ਇਕ ਅਨੋਖਾ ਦਰਜਾ ਰਖਦਾ ਹੈ। ਪੰਜਾਬ ਦੀ ਉੱਨਤ ਹੋਈ ਬੋਲੀ ਤੋਂ ਭੀ ਵਧ ਕੇ ਉਨ੍ਹਾਂ ਲੋਕਾਂ ਦੀ ਜ਼ਬਾਨ ਵਿਚ ਮਿੱਠਤ, ਲਚਕ ਤੇ ਖਿਚ ਮੌਜੂਦ ਹੈ, ਜੋ ਖ਼ਾਲਸ ਪੇਂਡੂ ਤੇ ਜਾਂਗਲੂ ਆਖੇ ਜਾਂਦੇ ਹਨ ਅਤੇ ਜਿਨ੍ਹਾਂ ਤਕ ਨਵੀਂ ਰੌਸ਼ਨੀ ਦੀ ਵਬਾ ਭੀ ਨਹੀਂ ਅਪੜੀ। ਪੰਜਾਬੀ ਜ਼ਬਾਨ ਦੀ ਇਹ ਹਾਲਤ, ਇਹ ਮਿਠਾਸ ਤੇ ਇਹ ਕਸ਼ਸ਼, ਐਸੇ ਹਾਲਾਤ ਵਿਚ ਵੀ ਮੌਜੂਦ ਹੈ, ਜਦ ਕਿ ਇਸ ਨੂੰ ਕਿਸੇ ਦੀ ਸਰਪਰਸਤੀ ਨਹੀਂ ਜੁੜੀ। ਕੁਝ ਕੁਝ ਸਰਪਰਸਤੀ ਇਸ ਦੀ ਮੁਗਲਾਂ (ਸ਼ਾਹ ਜਹਾਨ, ਔਰੰਗਜ਼ੇਬ) ਦੇ ਵੇਲੇ ਕੀਤੀ ਗਈ ਸੀ। ਸ਼ਾਹ ਜਹਾਨ ਦੇ ਵਜ਼ੀਰ ਨਵਾਬ ਸਾਦੁਲਾ ਖਾਂ ਨੇ ਬਾਜ਼ੇ ਬਾਜ਼ੇ ਪੰਜਾਬੀ ਸ਼ਾਇਰਾਂ ਦਾ ਹੌਸਲਾ ਵਧਾਇਆ। ਹਾਫਜ਼ ਮੁਅਜ਼ੁਦੀਨ ਨਾਬੀਨੇ ਨੇ ਇਸ ਕਦਰਦਾਨੀ ਦਾ ਜ਼ਿਕਰ ਕੀਤਾ ਹੈ, ਕਿ ਨਵਾਬ ਨੇ ਕਸੀਦਾ ਅਮਾਲੀ ਨੂੰ ਅਰਬੀ ਤੋਂ ਪੰਜਾਬੀ ਵਿਚ ਤਰਜਮਾ ਕਰਨ ਦੀ ਫਰਮਾਇਸ਼ ਕੀਤੀ। ਔਰੰਗਜ਼ੇਬ ਦੇ ਅਹਿਦ ਵਿਚ ਨਵਾਬ ਖਾਂ ਦੀ ਫਰਮਾਇਸ਼ ਨਾਲ ਹਾਫਜ਼ ਬਰਖੁਰਦਾਰ ਨੇ ਯੂਸਫ ਜ਼ੁਲੈਖਾਂ ਦਾ ਕਿੱਸਾ ਲਿਖਿਆ ਤੇ ਇਨਾਮ ਪ੍ਰਾਪਤ ਕੀਤਾ। ਉਹ ਲਿਖਦਾ ਹੈ:—

"ਨਵਾਬ ਜਾਫਰ ਖਾਂ ਫੁਰਮਾਇਸ਼ ਕੀਤੀ ਤਾਂ ਇਹ ਕਿੱਸਾ ਬਣਿਆ,
ਜ਼ਾਹਰ ਬਾਤਨ ਰਾਜ਼ੀ ਹੋਇਆ, ਜਾਂ ਇਹ ਪੜ੍ਹਿਆ ਸੁਣਿਆ।
ਇੱਕ ਜ਼ਮੀਨ ਅਨਾਇਤ ਕੀਤੀ ਵਿਘੇ ਸੱਤ ਪਛਾਣੀਂ,
ਜੋੜਾ ਘੋੜਾ ਨਕਦ ਦਿਵਾਇਆ, ਸੌ ਰੁਪੱਯਾ ਜਾਣੀਂ।"

ਔਰੰਗਜ਼ੇਬ ਦੇ ਅਹਿਦ ਵਿੱਚ ਹਕੂਮਤ ਵਲੋਂ ਬਹੁਤ ਸਾਰੇ ਪੰਜਾਬੀ ਰਸਾਲੇ ਲਿਖਵਾਉਣ ਦਾ ਜ਼ਿਕਰ ਹੁਣੇ ਜਿਹੇ ਆ ਚੁਕਾ ਹੈ।



Digitized by Panjab Digital Library | www.panjabdigilib.org

ਇਸਲਾਮੀ ਰਾਜ ਦੇ ਬਾਦ ਸਿੱਖ ਰਾਜ ਆਇਆ ਤਾਂ ਸਿਰਫ਼ ਹਾਸ਼ਮ ਕਵੀ ਨੂੰ ਦਰਬਾਰੀ ਕਵੀ ਹੋਣ ਦਾ ਮਾਣ ਮਹਾਰਾਜਾ ਰਣਜੀਤ ਸਿੰਘ ਪਾਸੋਂ ਪ੍ਰਾਪਤ ਹੋਇਆ। ਅੰਗ੍ਰੇਜ਼ੀ ਅਮਲਦਾਰੀ ਵਿਚ ਸਿਖ ਰਿਆਸਤਾਂ ਵਿਚੋਂ ਸਭ ਤੋਂ ਪਹਿਲਾਂ ਫ਼ਰੀਦ ਕੋਟ ਦਰਬਾਰ ਵਲੋਂ ਬਹੁਤ ਸਾਰਾ ਧਨ ਲਾ ਕੇ ਗੁਰੂ ਗ੍ਰੰਥ ਸਾਹਬ ਦਾ ਟੀਕਾ ਪ੍ਰਕਾਸ਼ਤ ਕੀਤਾ ਗਿਆ ਪਰ ਇਸ ਦੀ ਪੰਜਾਬੀ ਸਾਧੂ ਭਾਸ਼ਾ ਵਰਗੀ ਹੈ। ਪਟਿਆਲਾ ਪਤੀ ਮਹਾਰਾਜਾ ਭੂਪਿੰਦਰ ਸਿੰਘ ਜੀ ਨੇ ਆਪਣੀ ਜਵਾਨੀ ਵੇਲੇ ਪੰਜਾਬੀ ਦੀ ਸਰਪ੍ਰਸਤੀ ਦਾ ਖ਼ਿਆਲ ਸੰਨ ੧੯੧੪ ਦੇ ਕਰੀਬ, ਆਪਣੇ ਹਰੇਕ ਮਹਿਕਮੇ ਵਿਚ ਉਰਦੂ ਗੁਰਮੁਖੀ ਦਾ ਨਾਲੋ ਨਾਲ ਵਰਤਣਾ ਸ਼ੁਰੂ ਕਰਵਾਇਆ ਪਰ ਅਦਾਲਤੀ ਜ਼ਬਾਨ ਆਮ ਕਰਕੇ ਉਰਦੂ ਹੀ ਹੈ। ਸਭ ਤੋਂ ਵਡਾ ਕਾਰਨਾਮਾ ਉਸ ਰਿਆਸਤ ਦਾ ਇਹ ਹੈ, ਕਿ ਭਾਈ ਕਾਹਨ ਸਿੰਘ ਜੀ ਨਾਭਾ ਦੀ ੧੫ ਵਰਿਹਾਂ ਦੀ ਕਠਿਨ ਮੇਹਨਤ ਨਾਲ ਤਿਆਰ ਕੀਤਾ ਮਹਾਨ ਕੋਸ਼ ੫੦ ਹਜ਼ਾਰ ਰੁਪਏ ਦੀ ਲਾਗਤ ਨਾਲ ਛਪਵਾ ਦਿਤਾ ਗਿਆ। ਇਹ ਮਹਾਨ ਕੋਸ਼ ਪੰਜਾਬੀ ਦਾ ਇਕ ਵਡਮੁੱਲਾ ਖਜ਼ਾਨਾ ਹੈ।

ਪੰਜਾਬ ਦੀਆਂ ਹੋਰ ਰਿਆਸਤਾਂ ਵਲੋਂ ਅਫ਼ਸੋਸ ਹੈ, ਪੰਜਾਬੀ ਬੋਲੀ ਨਾਲ ਕੋਈ ਪਿਆਰ ਪ੍ਰਗਟ ਨਹੀਂ ਹੋਇਆ। ਇਨ੍ਹਾਂ ਵਲੋਂ ਜਿੰਨੀ ਸਰਪ੍ਰਸਤੀ ਪਹਿਲਵਾਨਾਂ ਦੀ ਕੀਤੀ ਜਾਂਦੀ ਹੈ, ਜੇ ਇੰਨੀ ਜਾਂ ਇਸ ਤੋਂ ਅੱਧੀ ਨਿਗਾਹ ਭੀ ਪੰਜਾਬੀ ਬੋਲੀ ਉਤੇ ਪੈ ਜਾਂਦੀ ਤਾਂ ਇਸ ਨੂੰ ਇਕ ਯਤੀਮਾਂ ਵਾਲੀ ਜ਼ਿੰਦਗੀ ਨਾ ਗੁਜ਼ਾਰਨੀ ਪੈਂਦੀ। ਭਾਵੇਂ ਰਿਆਸਤਾਂ ਵਲੋਂ ਆਪਣੀ ਮਾਦਰੀ ਬੋਲੀ ਪੰਜਾਬੀ ਵਲੋਂ ਬੇਪਰਵਾਹੀ ਦਾ ਇਸ ਦੀ ਉੱਨਤੀ ਉਤੇ ਬੜਾ ਭੈੜਾ ਅਸਰ ਪੈਂਦਾ ਰਿਹਾ ਹੈ, ਪਰ ਇਕ ਗੱਲ ਸ਼ੁਕਰ ਦੀ ਹੈ ਕਿ ਉਸ ਦਾ ਆਪਣੇ ਪੈਰੀਂ ਉਠਣ ਦਾ ਹੌਸਲਾ ਤੇ ਸ੍ਵੈ ਸਤਕਾਰ ਦਾ ਜੌਹਰ ਕਾਇਮ ਰਿਹਾ।

ਜੇ ਥੋੜਾ ਜਿਹਾ ਮਾਣ ਭੀ ਰਜਵਾੜਿਆ ਜਾਂ ਹਕੂਮਤ ਵਲੋਂ ਮਿਲ ਜਾਂਦਾ, ਤਾਂ ਸ਼ਾਇਦ ਪੰਜਾਬੀ ਕਵੀ, ਕਵੀ ਦੀ ਥਾਂ ਭੱਟ ਬਣ ਜਾਂਦੇ ਅਤੇ ਪੰਜਾਬੀ ਬੋਲੀ ਵਿਚ ਜੋ ਸਾਹਿਤ ਬਣ ਚੁਕਾ ਹੈ, ਉਸ ਦੀ ਥਾਂ ਕਸੀਦੇ ਤੇ ਤਾਰੀਫ਼ਾਂ ਦੇ ਪੁਲ ਬਝ ਜਾਂਦੇ। ਸ਼ਾਇਰ ਕਦਰਦਾਨੀ ਤੇ ਇਨਾਮਾਂ ਦੇ ਲਾਲਚ ਵਿਚ ਆ ਕੇ ਕਵਿਤਾ ਦੇ ਅਸਲ ਮਕਸਦ ਤੋਂ ਪਰੇਡੇ ਨਿਕਲ ਜਾਂਦੇ, ਜੈਸਾ ਕਿ ਅੱਜ ਕਲ ਭੀ ਕਵੀ ਦਰਬਾਰਾਂ ਵਿਚ ਪੈਸਿਆਂ ਦੀ ਭਿੱਤੀ ਦਿਖਾ ਕੇ ਉਨ੍ਹਾਂ ਤੋਂ ਕਈ ਤਰ੍ਹਾਂ ਦੀ ਅਨੁਚਿਤ ਮਜੂਰੀ ਕਰਵਾਈ ਜਾਂਦੀ ਰਹੀ ਹੈ। ਇਸ ਵਿਚ ਕੋਈ ਇਤਰਾਜ਼ ਨਹੀਂ ਜੇ ਕਵੀ ਲੋਕ ਆਪਣੇ ਧਾਰਮਕ ਭਾਵਾਂ ਦੀ ਪ੍ਰੇਰਨਾਂ ਨਾਲ ਆਪਣੇ ਬਜ਼ੁਰਗਾਂ ਦੀ ਸ਼ਾਨ ਵਿਚ ਜੋ ਲਿਖਣਾ ਚਾਹੁਣ, ਲਿਖਣ, ਪਰ ਮਜੂਰੀ ਲੈ ਕੇ ਬਾਹਰ ਦੀ ਮੰਗ ਨਾਲ ਥਾਂ ਥਾਂ ਮੁਕਾਬਲੇ ਲਈ ਆਪਣੇ ਆਪ ਨੂੰ ਪੇਸ਼ ਕਰਨਾ ਸ਼ਾਇਰ ਦੇ ਕੁਦਰਤੀ ਜੌਹਰ ਨੂੰ ਬਰਬਾਦ ਕਰ ਦੇਂਦਾ ਹੈ। ਇਸ ਦਾ ਕੁਦਰਤੀ ਨਤੀਜਾ ਇਹ ਹੋਇਆ ਹੈ, ਕਿ—ਵਕਤੀ ਕਵਿਤਾਵਾਂ ਦੀ ਵਾਹਵਾ ਦੇ ਬਾਦ ਅਛੇ ਕਵੀਆਂ ਦੀ ਮੰਗ ਤੇ ਉਪਜ ਦਿਨੋ ਦਿਨ ਘਟਦੀ ਜਾ ਰਹੀ ਹੈ।

## ਪੰਜਾਬੀ ਦਾ ਜੀਵਨ ਕਾਲ

ਇਹ ਦਾਵਾ ਕਰਨਾ ਤਾਂ ਬੜਾ ਔਖਾ ਹੈ, ਕਿ ਪੰਜਾਬੀ ਬੋਲੀ ਜੈਸੀ ਕਿ ਅਜ



Digitized by Panjab Digital Library | www.panjabdigilib.org

ਕਲ ਬੋਲੀ ਜਾ ਰਹੀ ਹੈ, ਇਸੇ ਰੂਪ ਵਿਚ ਕਦ ਤੋਂ ਤੁਰੀ ਆ ਰਹੀ ਹੈ। ਹਾਂ ਅਖਰੀ ਲਿਬਾਸ ਬਾਬਤ ਕੁਝ ਕੁਝ ਅਨੁਮਾਨ ਲਾਇਆ ਜਾ ਸਕਦਾ ਹੈ। ਸੋ ਅੰਦਾਜ਼ਾ ਹੈ, ਕਿ ਅੱਜ ਤੋਂ ਘਟੋ ਘਟ ਇਕ ਹਜ਼ਾਰ ਵਰਹਾ ਪਿਛੇ ਹਿੰਦੀ ਅਖਰਾਂ ਵਿਚ ਪੰਜਾਬੀ ਲਿਖੀ ਜਾਂਦੀ ਹੋਵੇਗੀ। ਉਸ ਤੋਂ ਬਾਦ ਫਾਰਸੀ ਲਿਖਣ ਢੰਗ ਮਿਲਆ ਅਤੇ ਗੁਰੂ ਨਾਨਕ ਦੇਵ ਦੇ ਜ਼ਮਾਨੇ ਦੇ ਲਗ ਪਗ ਸ਼ਾਰਦਾ—ਲੰਡੇ ਦੇ ਮੇਲ ਨਾਲ ਬਣੀ ਗੁਰਮੁਖੀ ਦੇ ਅਖਰਾਂ ਦਾ ਲਿਬਾਸ ਇਸ ਨੂੰ ਮਿਲਿਆ। ਪੰਜਾਬੀ ਬੋਲੀ ਦੀ ਸ਼ਾਇਰੀ ਦਾ ਅਰੰਭ ਬਾਵਾ ਫਰੀਦ ਸ਼ਕਰ ਗੰਜ ਤੋਂ ਹੋਇਆ, ਜਿਨ੍ਹਾਂ ਦਾ ਦੇਹਾਂਤ ੬੬੪ ਹਿਜਰੀ ਜਾਂ ੧੨੬੬ ਈ: ਵਿਚ ਹੋਇਆ।

ਬਾਬਾ ਫਰੀਦ ਦਾ ਜ਼ਮਾਨਾ ਗੌਰੀ ਅਤੇ ਗੁਲਾਮ ਖਾਨਦਾਨ ਦਾ ਜ਼ਮਾਨਾ ਹੈ। ਇਸ ਤੋਂ ਬਾਦ ਸਿਖ ਗੁਰੂ ਸਾਹਿਬਾਂ ਦੀ ਬਾਣੀ ਦੀ ਰਚਨਾ ਹੋਈ, ਜੋ ਬਾਬਰ ਅਤੇ ਹਮਾਯੂੰ ਦੇ ਜ਼ਮਾਨੇ ਦੀ ਹੈ। ਇਸ ਤੋਂ ਬਾਦ ਗੁਰੂ ਗ੍ਰੰਥ ਸਾਹਿਬ ਦੀ ਸੰਕਲਨਾ ਸ੍ਰੀ ਗੁਰੂ ਅਰਜਨ ਦੇਵ ਦੇ ਫਰਮਾਨ ਨਾਲ ਭਾਈ ਗੁਰਦਾਸ ਜੀ ਦੀ ਕਲਮ ਨਾਲ ਲਿਖੀ ਗਈ। ਇਹ ਬੀੜ ਖਾਲਸ ਗੁਰਮੁਖੀ ਅਖਰਾਂ ਵਿਚ ਜਹਾਂਗੀਰ ਬਾਦਸ਼ਾਹ ਦੇ ਅਹਿਦ ਵਿਚ ਲਿਖੀ ਗਈ ਅਤੇ ਹੁਣ ਤਕ ਆਪਣੀ ਹੂਬਹੂ ਸੂਰਤ ਵਿਚ ਕਰਤਾਰ ਪੁਰ ਸਾਹਬ ਦੇ ਗੁਰਦੁਆਰੇ ਵਿਚ ਬਿਰਾਜਮਾਨ ਹੈ। ਇਸ ਬੀੜ ਵਿਚ ਬਹੁਤ ਚਿਰ ਬਾਦ ਨਾਵੀਂ ਪਾਤਸ਼ਾਹੀ ਦੇ ਸ਼ਬਦ ਅਤੇ ਸਲੋਕ ਆਦਿਕ ਚਾੜ੍ਹੇ ਗਏ ਸਨ। ਬੀੜ ਬਝਣ ਦਾ ਹੀ ਠੀਕ ਜ਼ਮਾਨਾ ਸੀ ਜਦ ਪੰਜਾਬ ਵਿਚ ਗੁਰਮੁਖੀ ਅਖਰਾਂ ਦਾ ਪ੍ਰਚਾਰ ਘਰ ਘਰ ਹੁੰਦਾ ਜਾ ਰਿਹਾ ਸੀ। ਬੀੜ ਬਝਣ ਤੋਂ ਕੁਝ ਚਿਰ ਪਹਿਲੇ ਗੁਰੂ ਅਮਰਦਾਸ ਦੀ ਸੰਤਾਨ ਬਾਬਾ ਮੋਹਨ ਪਾਸੋਂ ਗੁਰਬਾਣੀ ਦੀਆਂ ਪੋਥੀਆਂ ਗੁਰੂ ਅਰਜਨ ਦੇਵ ਨੂੰ ਮਿਲੀਆਂ ਸਨ ਅਤੇ ਉਹ ਭੀ ਗੁਰਮੁਖੀ ਅਖਰਾਂ ਵਿਚ ਹੀ ਸਨ; ਅਖਰਾਂ ਦੀਆਂ ਸੂਰਤਾਂ ਜ਼ਰਾ ਕੁ ਫਰਕ ਨਾਲ ਉਹੋ ਹਨ। ਏਹ ਪੋਥੀਆਂ ਭੀ ਗੋਇੰਦਵਾਲ ਵਿਚ ਉਸੇ ਤਰ੍ਹਾਂ ਅਮਨ ਅਮਾਨ ਪਈਆਂ ਹਨ। ਬਾਬਰ ਤੋਂ ਔਰੰਗਜ਼ੇਬ ਤਕ ਦੇ ਜ਼ਮਾਨੇ ਨੂੰ ਸਿਖ ਘਟਨਾਵਾਂ ਦਾ ਕਾਲ ਕਿਹਾ ਜਾ ਸਕਦਾ ਹੈ, ਜਿਸ ਵਿਚ ਗੁਰਮੁਖੀ ਅਖਰਾਂ ਨੂੰ ਚੋਖੀ ਮਦਦ ਮਿਲਦੀ ਰਹੀ ਪਰ ਇਹ ਗਲ ਯਾਦ ਰਖਣ ਵਾਲੀ ਹੈ, ਕਿ ਇਹ ਜਮਾਨਾ ਗੁਰਮੁਖੀ ਅਖਰਾਂ ਦੇ ਆਮ ਪਰ-ਚਾਰ ਦਾ ਨਹੀਂ ਕਿਹਾ ਜਾ ਸਕਦਾ, ਸਗੋਂ ਗੁਰਬਾਣੀ ਦੇ ਪਰਚਾਰ ਦਾ ਕਿਹਾ ਜਾ ਸਕਦਾ ਹੈ। ਗੁਰਮੁਖੀ ਅਖਰਾਂ ਨਾਲ ਲਿਖੇ ਹੋਏ ਪਤ੍ਰਿਆਂ ਨੂੰ ਦੇਵ ਬਾਣੀ ਦੀ ਤਰ੍ਹਾਂ ਪੂਜਿਆ ਤੇ ਸਤਕਾਰਿਆ ਜਾਂਦਾ ਸੀ। ਫਾਰਸੀ ਅਖਰਾਂ ਵਿਚ ਲਿਖਿਆ ਹੋਇਆ ਪੰਜਾਬੀ ਕਲਾਮ ਆਮ ਤੌਰ ਤੇ ਪੜ੍ਹਿਆ ਜਾਂਦਾ ਸੀ। ਭਾਈ ਗੁਰਦਾਸ ਦੀਆਂ ਵਾਰਾਂ ਭਾਵੇਂ ਖਾਲਸ ਪੰਜਾਬੀ ਬੋਲੀ ਅਤੇ ਗੁਰਮੁਖੀ ਅਖਰਾਂ ਦੀ ਲਿਖਤ ਮੌਜੂਦ ਸਨ ਪਰ ਪੰਜਾਬ ਦੀ ਆਮ ਜਨਤਾ (ਮੁਸਲਮਾਨ ਆਦਿਕ) ਨੂੰ ਇਸ ਕਲਾਮ ਨਾਲ ਕੋਈ ਵਿਸ਼ੇਸ਼ ਲਗਾਓ ਨਹੀਂ ਸੀ। ਇਨ੍ਹਾਂ ਵਾਰਾਂ ਵਿਚ ਹੀਰ ਰਾਂਝਾ, ਸੱਸੀ ਪੁੰਨੂੰ, ਸੋਹਣੀ ਮਹੀਂਵਾਲ ਆਦਿਕ ਪ੍ਰੇਮੀਆਂ ਦਾ ਜ਼ਿਕਰ ਆਇਆ ਹੈ, ਪਰ ਏਹ ਸਾਰੇ ਖ਼ਿਆਲ ਬਾਹਰੋਂ ਆਏ ਵਰਤੇ ਹੋਏ ਹਨ। ਉਪਰ ਦੱਸੇ ਗੁਰਬਾਣੀ ਕਾਲ ਨੂੰ ਇਸ ਵਾਸਤੇ ਵਿਲੱਖਣ ਰਖਦੇ ਹਾਂ, ਕਿ ਇਸ ਵਿਚ ਖ਼ਾਲਸ ਪਰਮੇਸ਼ਰ ਦੀ ਭਗਤੀ ਦਾ ਹੀ ਵਰਨਨ ਹੈ ਹੋਰ ਤਮਾਮ



Digitized by Panjab Digital Library | www.panjabdigilib.org

ਕਿਸਮ ਦੀ ਬਾਣੀ ਕੱਚੀ ਸਮਝੀ ਜਾਂਦੀ ਸੀ। ਬਾਬਾ ਫਰੀਦ ਦਾ ਕਲਾਮ ਭੀ ਜੋ ਗੁਰੂ ਗ੍ਰੰਥ ਸਾਹਿਬ ਵਿਚ ਚੜ੍ਹਿਆ ਹੋਇਆ ਹੈ, ਉਹ ਭੀ ਨਾਮ-ਰਸ ਨਾਲ ਭਿੰਨਾ ਹੋਇਆ ਹੋਣ ਕਰਕੇ ਗੁਰਬਾਣੀ ਹੀ ਸਮਝਿਆ ਜਾਂਦਾ ਹੈ।

ਬਾਬਾ ਫਰੀਦ ਦਾ ਕਲਾਮ ਤੇ ਖਾਲਸ ਸੂਫੀਆਨਾ ਸੀ, ਉਨ੍ਹਾਂ ਦੇ ਬਾਦ ਦਾਮੋਦਰ ਕਵੀ ਹੀ ਸਭ ਤੋਂ ਪਹਿਲਾ ਕਵੀ ਹੈ, ਜਿਸ ਨੇ ਅਕਬਰੀ ਅਹਿਦ ਵਿਚ ਹੀਰ ਰਾਂਝੇ ਦਾ ਕਿੱਸਾ ਲਿਖਿਆ ਅਤੇ ਉਸ ਦੇ ਅੰਤਰਗਤ ਪੰਜਾਬ ਦੇ ਉਸ ਵੇਲੇ ਦੇ ਕਲਚਰ ਦੀ ਹੂਬਹੂ ਤਸਵੀਰ ਖਿਚੀ ਹੈ। ਇਸ ਤੋਂ ਬਾਦ ਬੇਸ਼ੁਮਾਰ ਮੁਸਲਮਾਨ ਕਵੀਆਂ ਨੇ ਪੰਜਾਬੀ ਬੋਲੀ ਵਿਚ ਇਸਲਾਮੀ ਲਿਟਰੇਚਰ, ਕਿੱਸੇ ਕਹਾਣੀਆਂ ਸਗੋਂ ਇਲਮੀ ਜ਼ਖ਼ੀਰਾ ਭੀ ਤਿਆਰ ਕੀਤਾ। ਇਸ ਵਿਚ ਦਾਰੁਲਸ਼ਫ਼ਾ, ਪ੍ਰਾਨਸੁਖ, ਖੈਰਮਨੁਖ, ਹੀਰ ਰਾਂਝਾ, ਯੂਸਫ-ਜ਼ੁਲੈਖਾਂ, ਸਸੀ ਪੰਨੂੰ, ਸ਼ੀਰੀਂ ਫ਼ਰਿਹਾਦ, ਆਦਿਕ ਬੇਅੰਤ ਲਿਟਰੇਚਰ ਹੈ।

ਗੁਰੂ ਗੋਬਿੰਦ ਸਿੰਘ ਸਾਹਿਬ ੧੬੭੫ ਈ: ਵਿਚ ਗੱਦੀ ਤੇ ਬੈਠੇ ਤਾਂ ਉਨ੍ਹਾਂ ਨੇ ਸਿਖਾਂ ਵਿਚ ਆਰਫਾਨਾ ਤੇ ਭਗਤੀ ਭਾਵ ਦੀ ਥਾਂ ਸਿਪਾਹੀਆਨਾ ਰੰਗਤ ਭਰੀ। ਪੰਜਾਬੀ ਰਚਨਾ ਦਾ ਜ਼ਿਕਰ ਉਨ੍ਹਾਂ ਦੇ ਹਾਲਾਤ ਵਿਚ ਆਵੇਗਾ। ਉਨ੍ਹਾਂ ਪਾਸ ੫੨ ਕਵੀ ਸਨ ਪਰ ਪੰਜਾਬੀ ਦੇ ਦੋ ਕਵੀਆਂ ਮੰਗਲ ਅਤੇ ਬਿਹਾਰੀ ਦਾ ਨਾਮ ਟਿਮਟਿਮਾਉਂਦੇ ਚੰਗਿਆੜੇ ਵਾਂਗ ਦਿਸਦਾ ਹੈ; ਬਾਕੀ ੫੦ ਸਾਰੇ ਪੂਰਬੀ ਤੇ ਬ੍ਰਿਜ ਭਾਸ਼ਾ ਦੇ ਲਿਖਾਰੀ ਸਨ। ਇਸ ਤੋਂ ਸਾਬਤ ਹੁੰਦਾ ਹੈ ਕਿ ਗੁਰੂ ਗੋਬਿੰਦ ਸਿੰਘ ਨੂੰ ਪੰਜਾਬੀ ਬੋਲੀ ਨਾਲ ਕੋਈ ਬਹੁਤ ਗੂੜ੍ਹੀ ਖਿਚ ਨਹੀਂ ਸੀ। ਨਹੀਂ ਤਾਂ ਜ਼ਰੂਰ ਸੀ ਉਨ੍ਹਾਂ ਦੀ ਸਰਪ੍ਰਸਤੀ ਨਾਲ ਪੰਜਾਬ ਵਿਚ ਹੀ ਪੰਜਾਬੀ ਨੂੰ ਬਹੁਤ ਸਾਰੀ ਮਦਦ ਮਿਲ ਜਾਂਦੀ। ਗੁਰੂ ਗੋਬਿੰਦ ਸਿੰਘ ਸਾਹਿਬ ਦਾ ਫ਼ਾਰਸੀ ਨਾਲ ਭੀ ਪਿਆਰ ਪਾਇਆ ਜਾਂਦਾ ਹੈ, ਜੈਸਾ ਕਿ ਜ਼ਫਰਨਾਮਾ ਉਨ੍ਹਾਂ ਦੀ ਆਪਣੀ ਬਾਣੀ ਹੈ ਅਤੇ ਉਨ੍ਹਾਂ ਦੇ ਨਿਕਟ ਵਰਤੀ ਭਾਈ ਨੰਦ ਲਾਲ ਗੋਯਾ ਦਾ ਕਲਾਮ ਭੀ ਫ਼ਾਰਸੀ ਵਿਚ ਹੀ ਹੈ।

ਦਸਮ ਪਾਤਸ਼ਾਹ ਦੇ ਬਾਦ ਮਹਾਰਾਜਾ ਰਣਜੀਤ ਸਿੰਘ ਦਾ ਸਮਾਂ ਆਉਂਦਾ ਹੈ। ਵਾਰਸ ਸ਼ਾਹ ਨੇ ੧੧੮੦ ਹਿ: ਵਿਚ ਕਿਤਾਬ ਮੁਕਾਈ। ਉਸ ਵਿਚ ਉਸ ਨੇ ਨਾਦਰ ਸ਼ਾਹ, ਮੁਹੰਮਦ ਸ਼ਾਹ ਤੇ ਅਹਿਮਦ ਸ਼ਾਹ ਦਾ ਜ਼ਿਕਰ ਤਾਂ ਕੀਤਾ ਹੈ, ਪਰ ਮਹਾਰਾਜਾ ਰਣਜੀਤ ਸਿੰਘ ਦਾ ਨਾਮ ਕਿਤੇ ਨਹੀਂ ਲਿਆ। ਸ਼ਾਇਦ ਉਸ ਨੇ ਇਹ ਕਿਤਾਬ ਮਹਾਰਾਜ ਦੇ ਕਬਜ਼ੇ ਵਿਚ ਸ਼ੇਖੂਪੁਰਾ ਤੇ ਕਸੂਰ ਦੇ ਆਉਣ ਤੋਂ ਅਗੇਤ੍ਰੀ ਲਿਖੀ ਹੋਵੇ। ਮਹਾਰਾਜ ਦੇ ਅਹਿਦ ਵਿਚ ਹਾਸ਼ਮ, ਸੁਆਮੀਨਾਥ, ਸ਼ਾਹ ਮੁਹੰਮਦ, ਕਾਦਰਯਾਰ ਤੇ ਪਿਆਰੇ ਸਾਹਬ ਜ਼ਿਕਰ ਦੇ ਲਾਇਕ ਹਨ। ਇਨ੍ਹਾਂ ਵਿਚੋਂ ਹਾਸ਼ਮ ਨੂੰ ਸ਼ਾਇਦ ਸੂਫੀ ਯਾ ਸ਼ਾਇਰ ਹੋਣ ਦੇ ਖ਼ਿਆਲ ਨਾਲ ਦਰਬਾਰ ਵਿਚ ਰਸਾਈ ਮਿਲ ਗਈ ਸੀ। ਮਹਾਰਾਜ ਦੇ ਬਾਦ ਪੰਜਾਬ ਵਿਚ ਐਸ਼ ਇਸ਼ਰਤ ਅਤੇ ਲੁਟ ਮਾਰ ਦੇ ਦਿਨ ਆ ਗਏ ਅਤੇ ਇਸੇ ਦੌਰ ਵਿਚ ਪੰਜਾਬੀ ਕਵਿਤਾ ਵਿਚ ਖਿਉੜੀਆਂ ਦਾ ਅਰੰਭ ਹੋਇਆ, ਜਿਨ੍ਹਾਂ ਦਾ ਜ਼ਿਕਰ ਪੰਜਾਬੀ ਕਵਿਤਾ ਦੇ ਹਿਸੇ ਵਿਚ ਅਗੇ ਆਵੇਗਾ।

ਮਹਾਰਾਜਾ ਰਣਜੀਤ ਸਿੰਘ ਦੇ ਅਹਿਦ ਵਿਚ ਈਸਾਈਆਂ ਦਾ ਆਉਣ ਜਾਣ ਸ਼ੁਰੂ ਹੋ ਚੁਕਾ ਸੀ, ਉਨ੍ਹਾਂ ਨੇ ਪੰਜਾਬੀ ਲਿਟਰੇਚਰ ਨੂੰ ਰੋਮਨ ਅਖਰਾਂ ਵਿਚ ਲਿਆਉਣ



Digitized by Panjab Digital Library | www.panjabdigilib.org

ਅਰੰਭਿਆ। ਸਰ ਟੈਂਪਲ ਰਿਚਰਡ ਨੇ ਇਕ ਕਿਤਾਬ 'ਲੀਜੈਂਟਜ਼ ਆਫ਼ ਪੰਜਾਬ' ਲਿਖੀ। ਈਸਾਈਆਂ ਨੇ ਆਪਣੇ ਲਿਟਰੇਚਰ ਨੂੰ ਪੰਜਾਬ ਵਿਚ ਫੈਲਾਉਣ ਵਾਸਤੇ ਪੰਜਾਬੀ ਫਾਰਸੀ ਅਖਰਾਂ ਵਿਚ, ਜਾਂ ਗੁਰਮੁਖੀ ਜਾਂ ਰੋਮਨ ਅਖਰਾਂ ਵਿਚ ਲਿਖਿਆ। ਸਭ ਤੋਂ ਪਹਿਲਾਂ ਸੰਨ ੧੮੧੦-੧੫ ਈ: ਵਿਚ ਸ੍ਰੀ ਰਾਮਪੁਰ ਦੇ ਪਾਦਰੀਆਂ ਨੇ ਅੰਜੀਲ ਦਾ ਤਰਜਮਾ ਕੀਤਾ ਤੇ ਪੰਜਾਬੀ ਬੋਲੀ ਨੂੰ ਆਪਣੇ ਵਰਤਣ ਜੋਗ ਬਣਾਉਣ ਵਾਸਤੇ ਡਿਕਸ਼ਨਰੀਆਂ ਅਤੇ ਗ੍ਰਾਮਰਾਂ ਲਿਖੀਆਂ ਜੋ ਗੁਰਮੁਖੀ ਅੰਗ੍ਰੇਜ਼ੀ ਜਾਂ ਰੋਮਨ ਅੰਗ੍ਰੇਜ਼ੀ ਵਿਚ ਛਪੀਆਂ। ਲੁਦਿਹਾਣੇ ਦੇ ਮਿਸ਼ਨ ਪ੍ਰੈਸ ਅਤੇ ਤਰਨ ਤ੍ਰਾਰਨ ਵਾਲੇ ਪਾਦਰੀ ਗਿਲਫਰਡ ਸਾਹਬ ਦਾ ਜ਼ਿਕਰ ਅਸੀਂ ਅਗੇ ਕਰ ਆਏ ਹਾਂ। ਪਾਦਰੀ ਇਮਾਮਦੀਨ ਸ਼ਹਬਾਜ਼ ਵਗੈਰਾ ਨੇ ਕਈ ਟ੍ਰੈਕਟ ਆਦਿਕ ਲਿਖੇ। ਸਿਟਾ ਇਹ ਕਿ ਸਹੀ ਤੌਰ ਤੇ ਪੰਜਾਬੀ ਬੋਲੀ ਨੂੰ ਪੈਰ ਜਮਾਉਣ ਦਾ ਸਮਾਂ ਸਿਖ ਰਾਜ ਦੀ ਸਮਾਪਤੀ ਅਤੇ ਅੰਗ੍ਰੇਜ਼ੀ ਅਮਲਦਾਰੀ ਦੇ ਆਉਣ ਦੇ ਵੇਲੇ ਮਿਲਿਆ। ਸੰਨ ੧੮੫੦ ਈ: ਦੇ ਬਾਦ, ਜਦ ਪੰਜਾਬ ਵਿਚ ਛਾਪੇਖਾਨੇ ਖੁਲ੍ਹਣੇ ਸ਼ੁਰੂ ਹੋਏ, ਪੰਜਾਬੀ ਬੋਲੀ ਦੇ ਕਿੱਸੇ ਕਹਾਣੀਆਂ ਅਤੇ ਧਾਰਮਕ ਕਿਤਾਬਾਂ ਮੀਂਹ ਵਾਂਗ ਵਰ੍ਹਨੀਆਂ ਸ਼ੁਰੂ ਹੋ ਗਈਆਂ। ਸਿਖਾਂ ਤੇ ਹਿੰਦੂਆਂ ਨੇ ਗੁਰਮੁਖੀ ਅਖਰਾਂ ਵਿਚ ਅਤੇ ਮੁਸਲਮਾਨਾਂ ਨੇ ਉਰਦੂ ਅਖਰਾਂ ਵਿਚ ਪੰਜਾਬੀ ਦਾ ਲਿਟਰੇਚਰ ਵਧਾਉਣਾ ਸ਼ੁਰੂ ਕਰ ਦਿਤਾ। ਉਸ ਦੌਰ ਦੇ ਪ੍ਰਸਿੱਧ ਛਾਪਣ ਛਪਵਾਉਣ ਵਾਲੇ ਲੋਕਾਂ ਦੇ ਨਾਮ ਏਹ ਹਨ:-

ਲਾਹੌਰ-ਮੁਨਸ਼ੀ ਗੁਲਾਬ ਸਿੰਘ ਦਾ ਮੁਫੀਦ ਆਮ ਪ੍ਰੈਸ, ਮਲਕ ਹੀਰਾ, ਹਾਜੀ ਚਿਰਾਗ਼ ਦੀਨ ਸਿਰਾਜ ਦੀਨ, ਹਾਫਜ਼ ਮੁਹੰਮਦ ਦੀਨ ਮੁਸਤਫਾਈ ਪ੍ਰੈਸ, ਲਾਲਾ ਠਾਕਰ ਦਾਸ ਵਿਦਰਯਾ ਪ੍ਰੈਸ, ਲਾਲ ਰਾਮ ਚੰਦ ਮਾਨਕਟਾਹਲਾ ਐਂਗਲੋ ਸੰਸਕ੍ਰਿਤ ਪ੍ਰੈਸ, ਮੀਆ ਚਿਰਾਗ਼ ਦੀਨ ਕੈਕਸਟਨ ਪ੍ਰੈਸ, ਮਲਕ ਲਾਲ ਦੀਨ ਐਲਬੀਅਨ ਪ੍ਰੈਸ ਆਦਿਕ।

ਅੰਮ੍ਰਿਤਸਰ-ਭਾਈ ਵਜ਼ੀਰ ਸਿੰਘ ਵਜ਼ੀਰ ਹਿੰਦ ਪ੍ਰੈਸ, ਲਾਲਾ ਨਰਸਿੰਘ ਦਾਸ ਚਸ਼ਮਾ ਨੂਰ ਪ੍ਰੈਸ, ਕਿਸ਼ਨ ਸਿੰਘ ਆਰਫ, ਗੁਰਮੁਖ ਸਿੰਘ ਸਿਢਾਣਾ, ਭਾਈ ਚਤਰ ਸਿੰਘ ਜੀਵਣ ਸਿੰਘ, ਸ਼ੇਖ ਅਬਦੁਲ ਰਹਿਮਾਨ।

ਲਾਹੌਰ ਦਾ ਉਸ ਤੋਂ ਅਗਲਾ ਦੌਰ:-ਭਾਈ ਜੋਤ ਸਿੰਘ ਸੰਤ ਸਿੰਘ, ਲਾਲਾ ਰਾਮ ਦਿੱਤਾ ਮਲ ਐਂਡ ਸਨਜ਼, ਉਸਤਾਦ ਦਿਤੂ, ਸ਼ੇਖ ਫਜ਼ਲ ਦੀਨ ਚੰਨਣ ਦੀਨ, ਸ਼ੇਖ ਇਲਾਹੀ ਬਖਸ਼ ਜਲਾਲ ਦੀਨ, ਮਲਕ ਦੀਨ ਮੁਹੰਮਦ, ਸ਼ੇਖ ਗੁਲਾਮ ਅਲੀ, ਖਾਲਸਾ ਟ੍ਰੈਕਟ ਸੁਸਾਇਟੀ ਆਦਿਕ ਬਹੁਤ ਸਾਰੇ ਨਾਮ ਹਨ, ਜਿਨ੍ਹਾਂ ਨੇ ਪੰਜਾਬੀ ਲਿਟ-ਰੇਚਰ ਦੀ ਬੇ ਅੰਦਾਜ਼ ਸੇਵਾ ਕੀਤੀ। ਅਤੇ ਕਈਆਂ ਨੇ ਮਾਮੂਲੀ ਕਿਸਿਆਂ ਨੂੰ ਕਈ ਕਈ ਹਜ਼ਾਰ ਸਗੋਂ ਲਖ ਲਖ ਦੀ ਗਿਣਤੀ ਵਿਚ ਪ੍ਰਕਾਸ਼ਤ ਕੀਤਾ। ਭਾਵੇਂ ਉਨ੍ਹਾਂ ਵਲੋਂ ਇਹ ਸਾਰਾ ਕੁਝ ਵਿਉਪਾਰਕ ਖਿਆਲ ਨਾਲ ਹੀ ਹੋਇਆ ਸੀ, ਪਰ ਪੰਜਾਬੀ ਬੋਲੀ ਵਾਸਤੇ ਉਨ੍ਹਾਂ ਦੀ ਇਹ ਹਿੰਮਤ ਅਕਸੀਰ ਦਾ ਕੰਮ ਦੇ ਗਈ।

## ਮੁਸ਼ਾਇਰੇ

ਸੰਨ ੧੮੭੨-੭੩ ਵਿਚ ਡਾਇਰੈਕਟਰ ਮਹਿਕਮਾ ਤਾਲੀਮ ਪੰਜਾਬ ਦੀ ਪ੍ਰੇਰਨਾ ਨਾਲ ਲਾਹੌਰ ਵਿਚ ਫਾਰਸੀ ਤੇ ਉਰਦੂ ਦੇ ਮੁਸ਼ਾਇਰੇ ਸ਼ੁਰੂ ਹੋਏ ਅਰ ਇਸ ਦੇ ਨਾਲ ਹੀ



Digitized by Panjab Digital Library | www.panjabdigilib.org

ਪੰਜਾਬੀ ਨੂੰ ਭੀ ਸ਼ਾਮਲ ਕਰ ਲਿਆ ਗਿਆ। ਪੰਜਾਬੀ ਦੇ ਸ਼ਾਇਰ ਵੀ ਇਨ੍ਹਾਂ ਮੁਸ਼ਾਇਰਿਆਂ ਵਿਚ ਹਿੱਸਾ ਲੈਣ ਲਗ ਪਏ ਪਰ ਥੋੜ੍ਹੇ ਚਿਰ ਦੇ ਬਾਦ ਹੀ ਵਖੋ ਵਖ ਹੋ ਗਏ। ਇਨ੍ਹਾਂ ਮੁਸ਼ਾਇਰਿਆਂ ਤੋਂ ਪਹਿਲਾਂ ਪੰਜਾਬੀ ਸ਼ਾਇਰ ਆਮ ਤੌਰ ਤੇ ਬੈਂਤ ਬਾਜ਼ ਹੋਇਆ ਕਰਦੇ ਸਨ, ਜੋ ਸਾਧਾਰਣ ਇਸ਼ਕੀਆ ਬੈਂਤ ਲਿਖਦੇ ਸਨ ਤੇ ਬਹੁਤ ਕਰਕੇ ਮੇਲਿਆਂ ਦੇ ਮੌਕਿਆਂ ਤੇ ਸੁਰੀਲੀ ਆਵਾਜ਼ ਨਾਲ ਸੁਣਾਇਆ ਕਰਦੇ ਸਨ ਤੇ ਖਲਕਤ ਦੁਆਲੇ ਪਿੜ ਬੰਨ੍ਹ ਕੇ ਖਲੋ ਜਾਂਦੀ ਸੀ। ਉਨ੍ਹਾਂ ਦਿਨਾਂ ਵਿਚ ਚਿੰਤਪੁਰਨੀ (ਹੁਸ਼ਿਆਰ ਪੁਰ) ਕਾਸਤੀਵਾਲ (ਗੁਰਦਾਸ ਪੁਰ) ਅਚਲ (ਵਟਾਲਾ) ਮੁਕਤਸਰ (ਫੀਰੋਜ਼ ਪੁਰ) ਰੌਸ਼ਨੀ ਦਾ ਮੇਲਾ (ਲੁਦਿਹਾਣਾ) ਛਪਾਰ ਦਾ ਮੇਲਾ, ਚਵਿੰਡਾ ਦੇਵੀ ਅੰਮ੍ਰਿਤਸਰ, ਲਾਹੌਰ ਆਦਿਕ ਥਾਈਂ ਵਡੇ ਵਡੇ ਮੇਲਿਆਂ ਉਤੇ ਇਹੋ ਜਹੇ ਬੈਂਤ ਬਾਜ਼ ਸ਼ਾਇਰ ਦੂਰ ਦੂਰ ਤੋਂ ਅਪੜ ਜਾਇਆ ਕਰਦੇ ਸਨ ਅਰ ਆਪਣੀ ਰਸੀਲੀ ਆਵਾਜ਼ ਨਾਲ ਉਚੀ ਉਚੀ ਗਾ ਕੇ ਦਰਸ਼ਕਾਂ ਨੂੰ ਪ੍ਰਸੰਨ ਕੀਤਾ ਕਰਦੇ ਸਨ।

ਪਰ ਜਦੋਂ ਸ਼ਮਸੁਲ ਉਲਮਾ ਮੁਹੰਮਦ ਹੁਸੈਨ ਆਜ਼ਾਦ ਤੇ ਡਾਇਰੈਕਟਰ ਮਹਿਕਮਾ ਤਾਲੀਮ ਪੰਜਾਬ ਨੇ ਉਰਦੂ ਫਾਰਸੀ ਮੁਸ਼ਾਇਰਿਆਂ ਦਾ ਮੁਢ ਬੱਧਾ ਅਰ ਉਨ੍ਹਾਂ ਵਿਚ ਪੰਜਾਬੀ ਸ਼ਾਇਰਾਂ ਨੂੰ ਵੀ ਕਵਿਤਾ ਬਣਾ ਕੇ ਲਿਆਉਣ ਦਾ ਸੱਦਾ ਦਿਤਾ ਤਾਂ ਉਨ੍ਹਾਂ ਮੁਸ਼ਾਇਰਿਆਂ ਵਿਚ ਰਫੀਕ, ਆਗਾ ਅਲੀ ਖਾਂ, ਗਾਮੂੰ ਖਾਂ, ਅਰੂੜਾ ਰਾਇ, ਸਯਦ ਫਜ਼ਲ ਸ਼ਾਹ ਤੇ ਮੀਆਂ ਹਦਾਇਤਉਲਾ ਆਦਿਕ ਸਜਣ ਸ਼ਾਮਲ ਹੋਣ ਲਗ ਪਏ ਅਰ ਇਸਤੋਂ ਬਾਦ ਵਖਰੇ ਪੰਜਾਬੀ ਮੁਸ਼ਾਇਰੇ ਭੀ ਕਰਨ ਲਗ ਪਏ। ਏਹ ਮੁਸ਼ਾਇਰੇ ਆਮ ਤੌਰ ਪਰ ਨਵਾਬ ਗੁਲਾਬ ਮਹਬੂਬ ਸੁਬਹਾਨੀ ਦੇ ਮਕਾਨ ਭਾਟੀ ਦਰਵਾਜ਼ੇ, ਜਾਂ ਮੱਤੀ ਦੇ ਚੌਕ ਤੇ ਮੋਚੀ ਦਰਵਾਜ਼ੇ ਦੇ ਬਾਹਰ ਲਾਹੌਰ ਵਿਚ ਅਤੇ ਅੰਮ੍ਰਿਤਸਰ ਵਿਚ ਕੋਠੀ ਸੰਤ ਰਾਮ ਸਪੜਾ, ਤਲਾਬ ਦੁਰਗਿਆਣਾ, ਰਾਮ ਤਲਾਈ, ਕਿਲੇ ਦੀ ਪਰੇਡ ਫਤੇਸ਼ਾਹ ਦੇ ਮਿਜ਼ਾਰ ਕੋਲ, ਇਸੇ ਤਰ੍ਹਾਂ ਵਟਾਲੇ ਤੇ ਗੁਜਰਾਂਵਾਲੇ ਆਦਿਕ ਥਾਈਂ ਇਹ ਪਿੜ ਬਝਣ ਲਗ ਪਏ।

ਸੰਨ ੧੮੭੫ ਤੋਂ ੧੯੧੨ ਤਕ ਪੰਜਾਬੀ ਮੁਸ਼ਾਇਰਆਂ ਦਾ ਬੜਾ ਜ਼ੋਰ ਰਿਹਾ। ਪਹਿਲੇ ਬੈਂਤ ਬਾਜ਼ੀ ਤੋਂ ਸ਼ੁਰੂ ਹੋਈ ਫਿਰ ਹੌਲੀ ਹੌਲੀ ਗਜ਼ਲਾਂ, ਖਮਸੇ ਆਦਿਕ ਭੀ ਲਿਆਉਣ ਲਗੇ। ਇਸ ਸਾਰੀ ਮੁਦਤ ਵਿਚ ਸਿਖ ਕਵੀ ਕਰੀਬਨ ਅਲਗ ਥਲਗ ਰਹੇ; ਹਿੰਦੂ ਮੁਸਲਮਾਨ ਸਾਂਝੇ ਮੁਸ਼ਾਇਰੇ ਕਰਦੇ ਸਨ।

ਸੰਨ ੧੯੨੦ ਤੋਂ ਸਿੱਖਾਂ ਵਿਚ ਗੁਰਪੁਰਬਾਂ ਜਾਂ ਹੋਰ ਧਾਰਮਕ ਇਕੱਠਾਂ ਦੇ ਮੌਕਿਆਂ ਪਰ ਕਵੀ ਦਰਬਾਰ ਕਰਨ ਦੀ ਪ੍ਰਪਾਟੀ ਚਲ ਪਈ। ਇਹ ਰਿਵਾਜ ਸਿਖ ਐਜੂਕੇਸ਼ਨਲ ਕਾਨਫ੍ਰੰਸਾਂ ਪੁਰ ਸ਼ਾਇਦ ੧੯੧੭–੧੮ ਵਿਚ ਪਿਆ। ਉਸ ਦੇ ਬਾਦ ਹਿੰਦੂ ਅਤੇ ਮੁਸਲਮਾਨ ਕਵੀਆਂ ਨੇ ਭੀ ਬਰਾਬਰ ਦਾ ਹਿੱਸਾ ਲੈਣਾ ਸ਼ੁਰੂ ਕਰ ਦਿੱਤਾ। ਹਰੇਕ ਸ਼ਹਿਰ ਵਿਚ, ਸਿੰਘ ਸਭਾਵਾਂ ਦੇ ਸਾਲਾਨਾ ਜਲਸਿਆਂ ਉਤੇ ਉਚੇਚੇ ਕਵੀ ਦਰਬਾਰ ਰਚਾਏ ਜਾਂਦੇ ਅਤੇ ਕਵੀਆਂ ਨੂੰ ਕਾਫ਼ੀ ਉਪਹਾਰ ਪੇਸ਼ ਕੀਤੇ ਜਾਂਦੇ ਸਨ। ਇਹ ਰਿਵਾਜ ਭਾਵੇਂ ਅਗੇ ਨਾਲੋਂ ਬਹੁਤ ਮੱਠਾ ਪੈ ਰਿਹਾ ਹੈ, ਪਰ ਕਵੀ ਦਰਬਾਰ ਦੀ ਖਿਚ ਨਾਲ ਜਲਸਿਆਂ ਦੀ ਰੌਣਕ ਬਹੁਤ ਹੋ ਜਾਇਆ ਕਰਦੀ ਸੀ।



Digitized by Panjab Digital Library | www.panjabdigilib.org

# ਪੰਜਾਬੀ ਅਰੂਜ਼ (ਪਿੰਗਲ)

ਸੰਨ ੧੯੧੨–੧੩ ਦੇ ਕਰੀਬ ਜਦ ਪੰਜਾਬੀ ਬੋਲੀ ਨੂੰ ਪੂਰਬੀ ਜ਼ਬਾਨਾਂ ਵਿਚ ਸ਼ਾਮਲ ਕੀਤਾ ਗਿਆ, ਉਸ ਵੇਲੇ ਤਕ ਪੰਜਾਬੀ ਦੀਆਂ ਕੁਝ ਗ੍ਰਾਮਰਾਂ (ਵਿਆਕਰਣ) ਅਰ ਡਿਕਸ਼ਨਰੀਆਂ ਤਿਆਰ ਹੋ ਚੁਕੀਆਂ ਸਨ, ਜੋ ਗੁਰਮੁਖੀ, ਅੰਗ੍ਰੇਜ਼ੀ ਜਾਂ ਰੋਮਨ ਅਖਰਾਂ ਵਿਚ ਸਨ। ਉਸ ਦੌਰ ਦੇ ਪੰਜਾਬੀ ਨੇਤਾ ਲਾਲਾ ਬਿਹਾਰੀ ਲਾਲ ਪੁਰੀ, ਪਡਤ ਭਾਨੂ ਦੱਤ, ਭਾਈ ਗੁਰਮੁਖ ਸਿੰਘ, ਭਾਈ ਮੱਯਾ ਸਿੰਘ, ਭਾਈ ਦਿਤ ਸਿੰਘ ਗਿਆਨੀ, ਭਾਈ ਗੁਲਾਬ ਸਿੰਘ, ਯੋਗੀ ਸ਼ਿਵਨਾਥ, ਪਾਦਰੀ ਜਾਨ ਟੀਊਟਨ, ਅਤੇ ਪੰਡਤ ਹਜ਼ਾਰਾ ਸਿੰ ਜੀ ਗਿਆਨੀ ਅੰਮ੍ਰਿਤਸਰ ਵਾਲੇ ਸਨ। ਇਨ੍ਹਾਂ ਦੇ ਬਾਦ ਹੋਰ ਬਹੁਤ ਸਾਰੇ ਵਿਦਵਾਨਾਂ ਦਾ ਪ੍ਰਵੇਸ਼ ਹੋ ਗਿਆ,ਜਿਨ੍ਹਾਂ ਵਿਚੋਂ ਲਾਲਾ ਅਮਰ ਨਾਥ ਮੁਨਸਫ਼ ਦਾ ਨਾਮ ਖ਼ਾਸ ਜ਼ਿਕਰ ਦੇ ਲਾਇਕ ਹੈ। ਇਨ੍ਹਾਂ ਸਜਣਾਂ ਨੇ ਪੰਜਾਬੀ ਦਾ ਭੰਡਾਰ ਭਰਨ ਵਾਸਤੇ ਬੜੀ ਮਿਹਨਤ ਕੀਤੀ।

ਪੰਜਾਬੀ ਦੇ ਅਰੂਜ(ਪਿੰਗਲ)ਅਤੇ ਗ੍ਰਾਮਰਾਂ ਦੀ ਤਾਰੀਖ਼ ਖ਼ਾਸ ਜ਼ਿਕਰ ਦੇ ਲਾਇਕ ਹੈ। ਟੈਕਸਟ ਬੁਕ ਕਮੇਟੀ ਅਤੇ ਯੂਨੀਵਰਸਟੀ ਵਿਚ ਜਿਨ੍ਹਾਂ ਵਿਦਵਾਨਾਂ ਦਾ ਤੋਰਾ ਤੁਰਦਾ ਸੀ, ਉਹ ਬਹੁਤ ਕਰਕੇ ਸੰਸਕ੍ਰਿਤ ਵੇਤਾ ਪੰਡਿਤ ਸਨ। ਉਨ੍ਹਾਂ ਨੇ ਜੋ ਚੀਜ਼ ਭੀ ਪੰਜਾਬੀ ਦੇ ਵਾਸਤੇ ਤਿਆਰ ਕੀਤੀ, ਉਸ ਦੀ ਜਾਗ ਹਿੰਦੀ ਸੰਸਕ੍ਰਿਤ ਵਿਚੋਂ ਲਈ। ਲਾਲਾ ਬਿਹਾਰੀ ਲਾਲ ਪੁਰੀ ਨੇ ਜੋ ਸਭ ਤੋਂ ਪਹਿਲਾ ਪੰਜਾਬੀ ਵਿਆਕਰਣ ਛਪਾਇਆ, ਉਸ ਦੀ ਲਿਖਤ (ਪੱਥਰ ਦੇ ਛਾਪੇ ਦੀ) ਭੀ ਹਿੰਦੀ ਦੀ ਕਲਮ ਤੇ ਸਟਾਈਲ ਉਤੇ ਸੀ। ਇਸੇ ਦੇ ਇਕ ਹਿਸੇ ਵਿਚ ਪਿੰਗਲ ਭੀ ਹੈ ਸੀ ਪਰ ਸਾਰਾ ਕੁਝ ਹਿੰਦੀ ਪਿੰਗਲਾਂ ਤੋਂ ਖਿਚ ਕੇ ਆਂਦਾ ਹੋਇਆ ਸੀ। ਇਸ ਤੋਂ ਬਾਦ ਯੋਗੀ ਸ਼ਿਵਨਾਥ ਵਿਸਾਰਦ ਨੇ "ਪੰਜਾਬੀ ਛੰਦ ਰਤਨਾਵਲੀ" ਲਿਖੀ ਪਰ ਉਸ ਵਿਚ ਭੀ ਲਗ ਪਗ ਇਹੋ ਕੁਝ ਸੀ। ਗੱਲ ਕੀ ਉਨੀਸਵੀਂ ਸਦੀ ਦੇ ਖ਼ਾਤਮੇ ਤੋਂ ਪਹਿਲੇ ਪਹਿਲੇ ਪੰਜਾਬੀ, ਤਾਲੀਮੀ ਲਿਹਾਜ਼ ਨਾਲ, ਹਰ ਗੱਲ ਵਿਚ ਮੁਕੰਮਲ ਹੋ ਚੁਕੀ ਸੀ। ਫਰਕ ਸਿਰਫ ਇਹ ਸੀ ਕਿ ਕਾਲਬ ਪੰਜਾਬੀ ਦਾ ਸੀ ਤੇ ਜਾਨ ਹਿੰਦੀ ਸੰਸਕ੍ਰਿਤ ਦੀ ਸੀ। ਉਸ ਸਮੇਂ ਦੀ ਪੰਜਾਬੀ ਨੂੰ ਜੇ ਅਜ ਕਲ ਦੀ ਪੰਜਾਬੀ ਨਾਲ ਮੇਲ ਕੇ ਵੇਖੀਏ ਤਾਂ ਜ਼ਮੀਨ ਅਸਮਾਨ ਦਾ ਫਰਕ ਪੈ ਜਾਂਦਾ ਹੈ। ਜਦੋਂ ਪੰਜਾਬ ਵਿਚ ਸਿੰਘ ਸਭਾ ਲਹਿਰ ਦਾ ਜ਼ੋਰ ਹੋਇਆ ਸੀ ਤਦ ਭੀ ਪੰਜਾਬੀ ਬੋਲੀ ਵਿਚ ਕੋਈ ਬਹੁਤ ਸਾਰੀ ਬਦਲੀ ਨਹੀਂ ਹੋਈ, ਕਿਉਂਕਿ ਉਨ੍ਹਾਂ ਨੂੰ ਰੰਗ ਦੇਣ ਵਾਲਾ ਭੀ ਪੁਰਾਣਾ ਸਿਖ ਲਿਟਰੇਚਰ ਹੀ ਸੀ।

ਪੰਜਾਬ ਦਾ ਦੂਜਾ ਪਾਸਾ ਇਸ ਤੋਂ ਭੀ ਅਜੀਬ ਸੀ। ਸ਼ਾਇਰੀ ਦਾ ਬਹੁਤ ਸਾਰਾ ਹਿੱਸਾ ਜਿਸ ਦੇ ਲਿਖਣ ਵਾਲੇ ਮੁਸਲਮਾਨ ਕਵੀ ਸਨ,ਇਸਲਾਮੀ ਰਵਾਇਤਾਂ ਤੇ ਅਰਬੀ ਫਾਰਸੀ ਦੇ ਪਦਾਂ ਨਾਲ ਭਰਪੂਰ ਸੀ। ਜਿਹੜੇ ਹਿੰਦੂ ਕਵੀ ਭੀ ਆਏ ਉਨ੍ਹਾਂ ਨੇ ਭੀ ਅਧੋ ਸੁਧ ਫਾਰਸੀ ਹੀ ਵਰਤੀ। ਸਿਖਾਂ ਦਾ ਜ਼ਿਕਰ ਅਗੇ ਆ ਚੁਕਾ ਹੈ ਕਿ ਪੰਜਾਬੀ ਦੀ ਉਸਾਰੀ ਹਿੰਦੀ ਸੰਸਕ੍ਰਿਤ ਦੀਆਂ ਨੀਹਾਂ ਉਤੇ ਹੋਈ ਸੀ। ਖਾਲਸ ਪੰਜਾਬੀ ਦਾ ਦੌਰ



Digitized by Panjab Digital Library | www.panjabdigilib.org

ਅਸਲ ਅਰਥਾਂ ਵਿਚ ਸੰਨ ੧੯੨੦ ਤੋਂ ਬਾਦ ਸ਼ੁਰੂ ਹੋਇਆ ਹੈ। ਪਰ ਹਾਲ ਤਕ ਭ ਮਹਿਕਮਾ ਤਾਲੀਮ ਵਿਚ ਪੰਜਾਬੀ ਉਤੇ ਦਬਦਬਾ ਸਿਖਾਂ ਦਾ ਹੀ ਚਲਾ ਆਉਂਦਾ ਹੈ, ਹਾਲਾਂ ਕਿ ਸਮਝਿਆ ਇਹੋ ਜਾਂਦਾ ਹੈ ਕਿ ਪੰਜਾਬੀ ਹੁਣ ਹਿੰਦੂ ਮੁਸਲਮਾਨਾਂ ਤੇ ਸਿੱਖਾਂ ਦੀ ਸਾਂਝੀ ਚੀਜ਼ ਹੈ।

ਅਰੂਜ਼ ਬਾਬਤ ਮੁਸਲਮਾਨ ਕਵੀਆਂ ਜਾਂ ਹਿੰਦੂ ਸ਼ਾਇਰਾਂ ਨੇ ਜੋ ਢਬ ਬਣਾਇਆ ਸੀ,ਉਹ ਪੁਰਾਣੇ ਫ਼ਾਰਸੀ ਉਰਦੂ ਦੇ ਅਰੂਜ਼ਾਂ ਤੋਂ ਹੀ ਆਂਦਾ ਸੀ ਜਿਸ ਨੂੰ ਹਿੰਦੀ ਸੰਸਕ੍ਰਿਤ ਵਾਲੇ ਜਾਣਦੇ ਹੀ ਨਹੀਂ। ਇਸੇ ਤਰ੍ਹਾਂ ਪੰਜਾਬੀ ਦੇ ਮੁਸਲਮਾਨ ਕਵੀ ਮੌਜੂਦਾ ਪਿੰਗਲ ਨੂੰ ਸਮਝਣ ਤੋਂ ਅਸਮਰਥ ਜਿਹੇ ਹਨ। ਇਸ ਲਈ ਇਕ ਐਸੇ ਸਾਂਝੇ ਪਿੰਗਲ ਦੀ ਲੋੜ ਅਜੇ ਤਕ ਪੂਰੀ ਨਹੀਂ ਹੋ ਸਕੀ, ਜਿਸ ਨੂੰ ਦੁਹਾਂ ਖ਼ਿਆਲਾਂ ਦੇ ਕਵੀ ਲੋਕ ਅੱਛੀ ਤਰ੍ਹਾਂ ਸਮਝ ਸਕਣ।

ਇਹ ਸ਼ੁਕਰ ਦੀ ਗੱਲ ਹੈ ਕਿ ਪੰਜਾਬੀ ਦਾ ਹਾਜ਼ਮਾ ਇੰਨਾ ਤੇਜ਼ ਹੈ ਕਿ ਇਸ ਨੇ ਹਿੰਦੀ ਸੰਸਕ੍ਰਿਤ, ਪ੍ਰਾਕ੍ਰਿਤ, ਅਪਭ੍ਰੰਸ਼, ਅਰਬੀ ਫ਼ਾਰਸੀ ਜੋ ਭੀ ਇਸ ਨੂੰ ਲੱਭਾ, ਬਿਨਾਂ ਡਕਾਰ ਦੇ ਪਚਾਈ ਗਈ। ਸਗੋਂ ਹੁਣ ਤੇ ਅੰਗ੍ਰੇਜ਼ੀ ਬੋਲੀ ਨੂੰ ਬੜੀ ਤੇਜ਼ੀ ਨਾਲ ਹਜ਼ਮ ਕਰਨ ਲਗ ਪਈ ਹੈ। ਇਹੋ ਸਬੱਬ ਹੈ ਕਿ ਪੰਜਾਬੀ ਦਾ ਹਰ ਕਦਮ ਅਗੇ ਵਲ ਜਾ ਰਿਹਾ ਹੈ।

## ਗੀਤ, ਕਹਾਣੀਆਂ ਅਤੇ ਬੁਝਾਰਤਾਂ

ਗੀਤ ਪੰਜਾਬ ਦਾ ਬਹੁਤ ਪੁਰਾਣਾ ਸਾਹਿਤ ਹੈ, ਕਹਾਣੀਆਂ ਤੇ ਬੁਝਾਰਤਾਂ ਨਵੀਂ ਚੀਜ਼ ਹੈ। ਗੀਤ ਸਮੇਂ ਦੇ ਨਾਲ ਨਾਲ ਬਦਲਦੇ ਭੀ ਰਹਿੰਦੇ ਹਨ। ਗੀਤਾਂ ਨੂੰ ਸਭ ਤੋਂ ਪਹਿਲਾਂ ਡਾਕਟਰ ਟੀ. ਐਚ. ਥਾਰੋਂਟਨ ਚੀਫ਼ ਸੈਕ੍ਰੇਟ੍ਰੀ ਗਵਰਨਮੈਂਟ ਪੰਜਾਬ ਨੇ ਇਕਠੇ ਕਰ ਕੇ Hand book of Lahore ਦੇ ਨਾਮ ਤੋਂ ਪ੍ਰਕਾਸ਼ਤ ਕੀਤਾ। ਇਸ ਵਿਚ ਹੋਰ ਗੀਤਾਂ ਤੋਂ ਸਿਵਾਇ ਫਰੰਗੀ ਰਾਜ ਦਾ ਜ਼ਿਕਰ ਭੀ ਹੈ। ਫਰੰਗੀ ਦਾ ਬੰਗਲਾ ਭੀ ਕਿਤੇ ਕਿਤੇ ਆਇਆ ਹੈ।

ਰਾਜੇ ਦੇ ਰਾਜ ਵਿਚ ਟਿਬੇ ਹੋਏ
ਫਰੰਗੀਆਂ ਦੇ ਰਾਜ ਵਿਚ ਸੜਕ ਬਣੀ

ਗੀਤਾਂ ਵਿਚ ਰੇਲ ਦਾ ਜ਼ਿਕਰ ਭੀ ਚੋਖਾ ਹੈ।

ਰੇਲਾਂ ਵਾਲਿਆ ਰੇਲਾਂ ਵਿਚ ਦੋਗਚੇ।

ਇਸ ਦੇ ਬਾਦ ਗੀਤਾਂ ਦੀ ਦੂਸਰੀ ਚੋਣ ਪਿਛੇ ਜਿਹੇ ਪੰਡਤ ਰਾਮ ਸਰਨ ਐਡਵੋ-ਕੇਟ ਲਾਹੌਰ ਨੇ ਕੀਤੀ, ਜੋ "ਪੰਜਾਬ ਦੇ ਗੀਤ" ਨਾਮ ਹੇਠ ਛਪ ਚੁਕੀ ਹੈ। ਤੀਜੀ ਚੋਣ ਅਜ ਕਲ੍ਹ ਹੀ ਮਿਸਟਰ ਦੇਵਿੰਦਰ ਸਤਯਾਰਥੀ ਨੇ "ਗਿੱਧਾ" ਨਾਮ ਰਖ ਕੇ ਛਪਾਈ



Digitized by Panjab Digital Library | www.panjabdigilib.org

ਇਸ ਤੋਂ ਸਿਵਾਇ ਹੋਰ ਭੀ ਪੰਜਾਬੀ ਦੇ ਗੀਤ ਬਜ਼ਾਰੀ ਕੁਤਬ ਫ਼ਰੋਸ਼ਾਂ ਨੇ ਛਪਵਾਏ ਹੋਏ ਹਨ।

ਬਾਤਾਂ ਬਹੁਤ ਹਦ ਤਕ ਬੱਚਿਆਂ ਦੇ ਜੀ ਪਰਚਾਉਣ ਵਾਸਤੇ ਲਿਖੀਆਂ ਜਾ ਸਕਦੀਆਂ ਹਨ। ਸੋ ਪੰਜਾਬੀ ਵਿਚ ਇਕ ਮਾਹਵਾਰੀ ਪਰਚਾ 'ਬਾਲਕ' ਨਾਮ ਦਾ ਕਈ ਸਾਲ ਤੋਂ ਗਿਆਨੀ ਲਾਲ ਸਿੰਘ ਜੀ ਬੀ. ਏ. ਦੀ ਐਡੀਟਰੀ ਵਿਚ ਨਿਕਲਦਾ ਰਿਹਾ ਹੈ। ਇਸ ਵਿਚ ਬੱਚਿਆਂ ਦੇ ਮਨ ਪਰਚਾਵੇ ਦੀਆਂ ਬੇਅੰਤ ਕਹਾਣੀਆਂ ਨਿਕਲ ਚੁਕੀਆਂ ਹਨ। ਉਰਦੂ ਹਿੰਦੀ ਵਿਚ ਭੀ ਬੱਚਿਆਂ ਦੇ ਰਸਾਲੇ ਬਹੁਤ ਸਾਰੇ ਨਿਕਲ ਰਹੇ ਹਨ ਪਰ ਪੰਜਾਬੀ ਦਾ ਇਹ ਇਕੋ ਇਕ ਰਸਾਲਾ ਹੈ। ਇਸ ਵਿਚ ਨਾ ਕੇਵਲ ਕਹਾਣੀਆਂ ਹੀ ਹਨ ਸਗੋਂ ਬੁਝਾਰਤਾਂ ਭੀ ਹਨ। ਅਜ ਕਲ ਰੇਡੀਓ ਦਾ ਵਰਤਾਓ ਆਮ ਹੁੰਦਾ ਜਾਂਦਾ ਹੈ, ਇਸ ਲਈ ਬੱਚਿਆਂ ਦੇ ਪ੍ਰੋਗਰਾਮ ਵਿਚ ਭੀ ਆਮ ਕਹਾਣੀਆਂ ਤੇ ਬੁਝਾਰਤਾਂ ਸੁਣਾਈਆਂ ਜਾਂਦੀਆਂ ਹਨ।

ਕਵੀ ਕਿਸ਼ਨ ਸਿੰਘ ਆਰਫ ਨੇ ਆਪਣੀ ਜ਼ਿੰਦਗੀ ਵਿਚ ਪੰਜਾਬੀ ਬੁਝਾਰਤਾਂ ਬਹੁਤ ਲਿਖੀਆਂ ਸਨ, ਪਰ ਆਮ ਬੁਝਾਰਤਾਂ ਜੋ ਬੱਚੇ ਆਪੋ ਵਿਚ ਬੈਠ ਕੇ ਖਾਣ ਤੇ ਸੌਣ ਦੇ ਦਰਮਿਆਨੀ ਵਕਤ ਵਿਚ ਪਾਉਂਦੇ ਹਨ, ਇਨ੍ਹਾਂ ਤੋਂ ਵਖਰੀਆਂ ਹਨ। ਕਿਸ਼ਨ ਸਿੰਘ ਦੀਆਂ ਬੁਝਾਰਤਾਂ ਵਿਚ ਇਹ ਖ਼ੂਬੀ ਸੀ ਕਿ ਬੁਝਾਰਤ ਦੇ ਅੰਦਰ ਹੀ ਉਸ ਦਾ ਅਰਥ ਹੁੰਦਾ ਸੀ। ਜਿਹਾ ਕਿ

ਇਕ ਜੋ ਦੇਖਿਆ ਹਮ ਨੇ ਨਰ,
ਗਿਕੱਲਾ ਹੀ ਉਹ ਸਾਂਭੇ ਘਰ।
ਕਿਸ਼ਨ ਸਿੰਘ ਜਦ ਨਾਰ ਟਟੋਲੇ,
ਤਦ ਉਹ ਬੰਦਾ ਜੰਦਰਾ ਖੋਲੇ।

ਬੱਚਿਆਂ ਦੀਆਂ ਆਮ ਬੁਝਾਰਤਾਂ ਨੂੰ ਉਸਤਾਦ ਕਰੀਮ ਬਖ਼ਸ਼ ਲਾਹੌਰੀ ਨੇ ਲਿਖਿਆ ਤੇ ਐਮ. ਡੀ. ਮੋਹੀਆਲ ਨੇ ਉਰਦੂ ਅਖਰਾਂ ਵਿਚ ਛਪਵਾਇਆ ਹੋਇਆ ਹੈ, ਜਿਸ ਦਾ ਰਿਵਾਜ ਆਮ ਹੁੰਦਾ ਜਾਂਦਾ ਹੈ। ਇਨ੍ਹਾਂ ਨਾਲ ਬੱਚਿਆਂ ਦੀ ਸੋਚਣ ਦੀ ਤਾਕਤ ਵਧਦੀ ਹੈ। ਨਮੂਨੇ ਵਜੋਂ ਕੁਝ ਬੁਝਾਰਤਾਂ ਹੇਠ ਦੇਂਦੇ ਹਾਂ।

(੧) ਨਿਕੀ ਜਿਹੀ ਕੁੜੀ, ਲੈ ਪਰਾਂਦਾ ਤੁਰੀ—ਸੂਈ।
(੨) ਨੀਲੀ ਟਾਕੀ ਚੌਲ ਬੱਧੇ, ਦਿਨੇ ਗੁਆਚੇ ਰਾਤੀਂ ਲੱਭੇ—ਤਾਰੇ।
(੩) ਇਕ ਜਨੌਰ ਐਸਾ ਉਦ੍ਹੀ ਚੁੰਜ ਉਤੇ ਪੈਸਾ—ਪੋਸਤ ਦਾ ਡੋਡਾ।

ਬੁਝਾਰਤਾਂ ਦੇ ਹੋਰ ਭੀ ਛੋਟੇ ਛੋਟੇ ਰਸਾਲੇ ਮਿਲਦੇ ਹਨ।

## ਅਖਾਣ

ਕਹਾਵਤਾਂ ਤੇ ਬੁਝਾਰਤਾਂ ਤੋਂ ਬਿਨਾਂ ਅਖਾਣ ਤੇ ਮੁਹਾਵਰੇ ਭੀ ਘਰ ਘਰ ਵਰਤੇ



Digitized by Panjab Digital Library | www.panjabdigilib.org

ਜਾਂਦੇ ਹਨ; ਇਹ ਪੰਜਾਬੀ ਲਿਟਰੇਚਰ ਦਾ ਇਕ ਬੜਾ ਕੰਮ ਆਉਣ ਵਾਲਾ ਹਿੱਸਾ ਹੈ। ਇਹ ਮੁਹਾਵਰੇ ਤੇ ਅਖਾਣ ਹੋਰ ਬੋਲੀਆਂ ਵਿਚ ਭੀ ਹਨ, ਪਰ ਪੰਜਾਬੀ ਵਿਚ ਇਹ ਬਹੁਤ ਪਾਏ ਜਾਂਦੇ ਹਨ। ਡਾਕਟਰ ਦੇਵੀ ਦਾਸ ਹਿੰਦੀ ਦਾ ਲਿਖਿਆ "ਅਖਾਣਾਂ ਦੀ ਖਾਣ" ਤੇ ਪ੍ਰੋਫੈਸਰ ਸਾਹਿਬ ਸਿੰਘ ਦਾ "ਪੰਜਾਬੀ ਸੁਹਜ ਪ੍ਰਕਾਸ਼" ਛਪੇ ਹੋਏ ਹਨ, ਇਨ੍ਹਾਂ ਤੋਂ ਬਗੈਰ ਭੀ ਮਿਲਦੇ ਹਨ। ਲਾਲਾ ਅਮਰ ਨਾਥ ਮੁਨਸਫ ਨੇ ਭੀ ਆਪਣੇ ਜ਼ਮਾਨੇ ਵਿਚ ਇਹ ਚੋਖੇ ਅਖਾਣ ਕਠੇ ਕੀਤੇ ਸਨ, ਪਰ ਜਿਸ ਜ਼ਿਲੇ ਵਿਚ ਜਾਓ ਓਥੋਂ ਦੇ ਆਪਣੇ ਆਪਣੇ ਜੋੜੇ ਹੋਏ ਅਖਾਣ ਨਵੇਂ ਤੋਂ ਨਵੇਂ ਲਭਦੇ ਹਨ ਤੇ ਗੀਤਾਂ ਵਾਂਗ ਇਹ ਵਧਦੇ ਫੁਲਦੇ ਭੀ ਰਹਿੰਦੇ ਹਨ।

## ਅਖ਼ਬਾਰਾਂ ਅਤੇ ਰਸਾਲੇ

ਪੰਜਾਬੀ ਬੋਲੀ ਦਾ ਸਭ ਤੋਂ ਪੁਰਾਤਨ ਅਖਬਾਰ 'ਹਿੰਦੂ ਪ੍ਰਕਾਸ਼' ਅੰਮ੍ਰਿਤਸਰ ਸੀ ਜੋ ਗੁਰਮੁਖੀ ਅਖਰਾਂ ਵਿਚ ਸੰਨ ੧੮੭੩ ਵਿਚ ਜਾਰੀ ਹੋਇਆ। ਇਸ ਦੇ ਬਾਦ ਲਾਹੌਰ ਵਿਚੋਂ 'ਖ਼ਾਲਸਾ' ਅਖ਼ਬਾਰ ਗਿਆਨੀ ਦਿਤ ਸਿੰਘ ਦੀ ਐਡੀਟਰੀ ਵਿਚ ਜਾਰੀ ਹੋਇਆ ਅਤੇ 'ਖ਼ਾਲਸਾ ਗਜ਼ਟ' ਭਾਈ ਬਸੰਤ ਸਿੰਘ ਦੀ ਐਡੀਟਰੀ ਹੇਠ ਜਾਰੀ ਹੋਇਆ। ਫੇਰ ਅੰਮ੍ਰਿਤਸਰ ਵਿਚੋਂ 'ਸਿੰਘ ਸਭਾ ਗਜ਼ਟ' ਭਾਈ ਲਾਹੌਰਾ ਸਿੰਘ ਦੀ ਐਡੀਟਰੀ ਵਿਚ ਤੇ 'ਖ਼ਾਲਸਾ ਸਮਾਚਾਰ' ਭਾਈ ਵੀਰ ਸਿੰਘ ਸਾਹਿਬ ਦਾ ਜਾਰੀ ਹੋਇਆ।

ਪੰਜਾਬੀ ਦਾ ਉਰਦੂ ਅਖਰਾਂ ਵਿਚ ਸਭ ਤੋਂ ਪਹਿਲਾ ਅਖ਼ਬਾਰ 'ਅੰਮ੍ਰਿਤ ਪਤ੍ਰਿਕਾ' ੧੮੯੬ ਵਿਚ ਲਾਲਾ ਅਮਰ ਨਾਥ ਮੁਨਸਿਫ ਨੇ ਜਾਰੀ ਕੀਤਾ। ਇਸ ਦਾ ਐਡੀਟਰ ਮਿਸਟਰ ਭੋਲਾ ਨਾਥ ਬੈਰਿਸਟਰ ਸੀ। ਏਸੇ ਸਾਲ ਵਿਚ ਏਸੇ ਨਮੂਨੇ ਦਾ ਅਖ਼ਬਾਰ "ਬਜ਼ਮੇ ਸੁਆਰਾ" ਲਾਲਾ ਬਾਂਕੇ ਦਿਆਲ ਨੇ ਗੁਜਰਾਂਵਾਲੇ ਤੋਂ ਜਾਰੀ ਕੀਤਾ। ਇਸ ਵਿਚ ਸਿਰਫ ਪੰਜਾਬੀ ਸ਼ਾਇਰਾਂ ਦਾ ਕਲਾਮ ਨਜ਼ਮਾਂ ਤੇ ਗ਼ਜ਼ਲਾਂ ਵਿਚ ਹੀ ਛਪਦਾ ਸੀ। ਕੁਝ ਚਿਰ ਰਹਿ ਕੇ ਇਹ ਬੰਦ ਹੋਇਆ ਤਾਂ ੧੯੦੮ ਵਿਚ ਇਸੇ ਲਾਲਾ ਬਾਂਕੇ ਦਿਆਲ "ਦਿਆਲ" ਨੇ 'ਰਘਬੀਰ ਪਤ੍ਰਿਕਾ' ਅਖਬਾਰ ਜਾਰੀ ਕੀਤਾ ਤੇ ਇਸ ਵਾਰ ਇਹ ਵਾਧਾ ਭੀ ਕੀਤਾ ਕਿ ਛੰਦਾਬੰਦੀ ਸ਼ਾਇਰੀ ਤੋਂ ਸਿਵਾਇ ਪੰਜਾਬੀ ਬੋਲੀ ਅਤੇ ਉਰਦੂ ਅਖਰਾਂ ਵਿਚ ਆਰਟੀਕਲ ਅਤੇ ਖਬਰਾਂ ਭੀ ਛਪਦੀਆਂ ਰਹੀਆਂ।

ਇਸ ਤੋਂ ਬਾਦ ਗੁਰਮੁਖੀ ਅਖਰਾਂ ਵਿਚ ਤਾਂ ਬੇਅੰਤ ਅਖਬਾਰਾਂ ਅਤੇ ਰਸਾਲੇ ਸਿੰਘ ਸਭਾ ਲਹਿਰ ਤੇ ਅਕਾਲੀ ਲਹਿਰ ਦੇ ਨਾਲ ਨਾਲ ਨਿਕਲਦੇ ਆਏ। ਇਸ ਦੀ ਮੁਕੰਮਲ ਰੀਕਾਰਡ ਸਰਦਾਰ ਗੁਰਬਖਸ਼ ਸਿੰਘ 'ਸ਼ਮਸ਼ੇਰ' ਝੁਬਾਲੀਏ ਨੇ ਬੜੀ ਮੇਹਨਤ ਨਾਲ ਕੱਠੀ ਕੀਤੀ ਤੇ ਕਈ ਰਸਾਲਿਆਂ ਵਿਚ ਛਪਵਾਈ ਹੈ। ਮੈਗਜ਼ੀਨਾਂ ਵਿਚੋਂ ਸਭ ਤੋਂ ਪੁਰਾਤਨ ਰਸਾਲਾ 'ਖਾਲਸਾ ਯੰਗ ਮੈਨ ਮੈਗਜ਼ੀਨ' ਸੰਨ ੧੯੦੫ ਵਿਚ ਅਮ੍ਰਿਤਸਰ ਦੇ ਕੁਝ ਸਿਖ ਨੌਜਵਾਨਾਂ ਨੇ ਜਾਰੀ ਕੀਤਾ ਜੋ ਪੰਜ ਛੇ ਸਾਲ ਬਾਦ ਨੌਜਵਾਨਾਂ ਦੇ ਖਿਲਰ ਪੁਲਰ ਜਾਣ ਨਾਲ ਬੰਦ ਹੋ ਗਿਆ। ਉਸ ਤੋਂ ਦੂਜਾ ਚੰਗਾ ਰਸਾਲਾ 'ਫੁਲਵਾੜੀ' ਗਿਆਨੀ ਹੀਰਾ ਸਿੰਘ ਜੀ 'ਦਰਦ' ਨੇ ਜਾਰੀ ਕੀਤਾ। ਤੇ ਫੇਰ "ਪ੍ਰੀਤਮ" ਨਾਰੰਗ



Digitized by Panjab Digital Library | www.panjabdigilib.org

ਬੁੱਦਰਸ ਨੇ ਜਾਰੀ ਕੀਤਾ। ਇਹ ਦੋਨੋਂ ਪਹਿਲੇ ਅੰਮ੍ਰਿਤਸਰ ਵਿਚ ਉਪਜੇ ਪਰ ਬਾਦ ਵਿਚ ਲਾਹੌਰ ਚਲੇ ਗਏ। ਉਰਦੂ ਅਖਰਾਂ ਵਿਚ ਪੰਜਾਬੀ ਰਸਾਲਾ "ਪੰਜਾਬੀ ਦਰਬਾਰ" ਸੰਨ ੧੯੨੯ ਵਿਚ ਮਿਸਟਰ ਜੋਸ਼ੂਆ ਫਜ਼ਲਦੀਨ ਨੇ ਜਾਰੀ ਕੀਤਾ। ਇਸ ਦੇ ਬਾਦ ਰਸਾਲਾ ਸਾਰੰਗ ਕਰਨਲ ਭੋਲਾ ਨਾਥ ਦੀ ਚੀਫ ਐਡੀਟਰੀ ਵਿਚ ਜਾਰੀ ਹੋਯਾ। ਇਨ੍ਹਾਂ ਦੋਹਾਂ ਨੇ ਜੀਉਂਦਿਆਂ ਰਹਿਣ ਦਾ ਜਤਨ ਕਾਫ਼ੀ ਨੁਕਸਾਨ ਉਠਾ ਕੇ ਭੀ ਜਾਰੀ ਰਖਿਆ ਪਰ ਸਮੇਂ ਦੀ ਅਨਗਹਿਲੀ ਨੇ ਬੰਦ ਹੋਣ ਲਈ ਮਜਬੂਰ ਕਰ ਹੀ ਦਿੱਤਾ। ਹਿੰਦੀ ਅਖਰਾਂ ਤੇ ਪੰਜਾਬੀ ਬੋਲੀ ਵਿਚ ਭੀ ਇਕ ਰਸਾਲਾ 'ਬਸੰਤ' ਨਾਮੀ ਲਾਲਾ ਲਖਮੀ ਚੰਦ ਨੇ ਲਾਲਾ ਗੁਰਾਂ ਦਿਤਾ ਮਲ ਖੰਨਾ ਦੀ ਐਡੀਟਰੀ ਹੇਠ ਕਢਿਆ ਪਰ ਸਮੇਂ ਨੇ ਉਸ ਨੂੰ ਭੀ ਚੰਦ ਮਹੀਨੇ ਬਾਦ ਬੰਦ ਹੋਣ ਲਈ ਲਾਚਾਰ ਕਰ ਦਿਤਾ। ਕਲਕੱਤੇ ਵਿਚੋਂ ਇਕ ਖਾਲਸ ਸਾਹਿਤੱਕ ਪੰਜਾਬੀ ਰਸਾਲਾ "ਕਵੀ" ਨਾਮ ਦਾ ਕਵੀ ਕੁਟੀਆ ਕਲਕੱਤਾ ਦੇ ਉਦਮ ਨਾਲ ਸਰਦਾਰ ਮੁਨਸ਼ਾ ਸਿੰਘ ਜੀ 'ਦੁਖੀ' ਦੀ ਐਡੀਟਰੀ ਹੇਠ ਬੜੀ ਆਬੋਤਾਬ ਨਾਲ ਨਿਕਲਦਾ ਰਿਹਾ ਪਰ ਤਿੰਨ ਚਾਰ ਸਾਲ ਬਾਦ ਪ੍ਰਬੰਧਕਾਂ ਦੇ ਖਿਲਰ ਪੁਲਰ ਜਾਣ ਨਾਲ ਬੰਦ ਹੋ ਗਿਆ। ਇਸ ਵੇਲੇ ਭੀ ਕਲਕੱਤੇ ਵਿਚੋਂ 'ਦੇਸ਼ ਦਰਪਣ' ਨਾਮ ਦਾ ਅਖਬਾਰ ਉਸੇ ਪ੍ਰੈਸ ਵਿਚੋਂ ਸ: ਨਰਿੰਜਣ ਸਿੰਘ 'ਤਾਲਬ' ਦੀ ਐਡੀਟਰੀ ਹੇਠ ਨਿਕਲ ਰਿਹਾ ਹੈ। ਅੰਮ੍ਰਿਤਸਰ ਵਿਚੋਂ ੧੯੨੬ ਵਿਚ ਸ: ਐਸ. ਐਸ. ਚਰਨ ਸਿੰਘ ਜੀ ਸ਼ਹੀਦ ਦਾ ਅਖਬਾਰ 'ਮੌਜੀ' ਬੜੀ ਸ਼ਾਨ ਨਾਲ ਨਿਕਲਦਾ ਰਿਹਾ, ਉਸ ਦੇ ਬਾਦ ਇਕ ਰਸਾਲਾ 'ਹੰਸ' ਭੀ ਉਨ੍ਹਾਂ ਨੇ ਕਢਿਆ ਪਰ ਸਤ ਮਹੀਨੇ ਬਾਦ ਬੰਦ ਹੋ ਗਿਆ। ਮੌਜੀ ਹੁਣ ਲਾਹੌਰ ਵਿਚੋਂ ਨਿਕਲ ਰਿਹਾ ਹੈ। ਇਸ ਤੋਂ ਸਿਵਾਇ ਅਨਗਿਣਤ ਰਸਾਲੇ ਤੇ ਅਖਬਾਰ ਨਿਕਲਦੇ ਰਹੇ ਹਨ, ਜਿਨ੍ਹਾਂ ਦਾ ਪੂਰਾ ਵੇਰਵਾ ਦਿਤਿਆਂ ਮਜ਼ਮੂਨ ਬਹੁਤ ਵਧ ਜਾਏਗਾ।

## ਪੰਜਾਬੀ ਵਿਚ ਨਵੇਂ ਸ਼ਬਦਾਂ ਦਾ ਵਾਧਾ

ਜੀਊਂਦੀਆਂ ਜਾਗਦੀਆਂ ਕੌਮਾਂ ਵਾਂਗ ਹੀ ਜੀਊਂਦੀਆਂ ਬੋਲੀਆਂ ਇਕੋ ਟਿਕਾਣੇ ਤੇ ਖਲੋ ਨਹੀਂ ਰਹਿੰਦੀਆਂ। ਪੰਜਾਬੀ ਨੇ ਆਪਣੇ ਅੰਦਰ ਕਈ ਨਵੇਂ ਸ਼ਬਦ ਅਰਬੀ ਫ਼ਾਰਸੀ ਆਦਿਕ ਦੇ ਪਚਾਏ। ਇਸੇ ਤਰ੍ਹਾਂ ਸਿਖ ਰਾਜ ਦੇ ਜ਼ਮਾਨੇ ਵਿਚ ਭੀ ਨਵੇਂ ਸ਼ਬਦ ਬਣੇ। ਗੁਰੂ ਗੋਬਿੰਦ ਸਿੰਘ ਅਤੇ ਮਹਾਰਾਜਾ ਰਣਜੀਤ ਸਿੰਘ ਦੇ ਵਿਚਕਾਰਲਾ ਬਾਰਾਂ ਮਿਸਲਾਂ ਦਾ ਉਹ ਸਮਾਂ ਸੀ, ਜਦ ਸਿਖਾਂ ਨੂੰ ਜੰਗਾਂ ਜੁਧਾਂ ਵਿਚ ਹੀ ਰੁੱਝਾ ਰਹਿਣਾ ਪੈਂਦਾ ਸੀ। ਲੋੜ ਈਜਾਦ ਦੀ ਮਾਂ ਹੈ, ਇਸ ਨੂੰ ਪੂਰਾ ਕਰਨ ਲਈ ਉਨ੍ਹਾਂ ਨੇ ਕੁਝ ਅਨੋਖੇ ਸ਼ਬਦ ਟਕਸਾਲ ਲਏ ਜੋ ਆਪੋ ਵਿਚ ਪ੍ਰਾਈਵੇਟ ਕੋਡ ਵਾਂਗ ਵਰਤੇ ਜਾਂਦੇ ਸਨ। ਇਨ੍ਹਾਂ ਸ਼ਬਦਾਂ ਦੀ ਚੋਖੀ ਸਾਰੀ ਚੋਣ ਸੰਤ ਜਵਾਲਾ ਸਿੰਘ ਨੇ ਕੀਤੀ ਤੇ "ਖ਼ਾਲਸਈ ਬੋਲੇ" ਨਾਮ ਹੇਠ ਛਪੇ ਹੋਏ ਹਨ। ਇਹ ਅਕਾਲੀਆਂ ਦੇ ਆਪਣੇ ਬੋਲੇ ਹਨ, ਜੋ ਕਦੇ ਕਦੇ ਅਜ ਕਲ ਭੀ ਵਰਤੀਂਦੇ ਨੇ। ਨਮੂਨੇ ਵਜੋਂ ਕੁਝ ਕੁ ਹੇਠ ਦੇਂਦੇ ਹਾਂ–



Digitized by Panjab Digital Library | www.panjabdigilib.org

| | |
|---|---|
| ਬਦਾਮ—ਛੋਲੇ | ਸਲੋਤਰ—ਸੋਟਾ |
| ਸੁਖਨਿਧਾਨ—ਭੰਗ | ਜੋੜ ਮੇਲਣੀ—ਸੂਈ |
| ਸੁਚਾਲਾ—ਲੰਗੜਾ | ਠੀਕਰੀਆਂ—ਰੁਪਏ |
| ਲਖਬਾਂਹਾ—ਲੁੰਜਾ | ਧਰਮਰਾਜ ਦਾ ਪੁਤ੍ਰ—ਬੁਖਾਰ |
| ਕਲਗਾ—ਗੰਜਾ | ਪੰਜਾਹ ਹਜ਼ਾਰ ਪ੍ਰਸ਼ਾਦਾ—ਅਧੀ ਰੋਟੀ |
| ਗੁਬਿੰਦੀਆਂ—ਗਾਜਰਾਂ | ਫਿਰਨੀ ਦੀ ਸਵਾਰੀ—ਚੱਕੀ ਪੀਹਣਾ |
| ਸਮੁੰਦਰ—ਦੁਧ | ਬਾਜ਼ ਦਾ ਸ਼ਿਕਾਰ—ਘਾਹ ਖੋਦਣਾ |
| ਸਵਾ ਲਖ—ਇਕ | ਮਾਮਲਾ ਲੈਣਾ—ਭੀਖ ਮੰਗਣੀ |
| ਸਫਾਜੰਗ—ਟਕੂਆ | ਸੁਜਾਖੀ—ਛਾਨਣੀ |
| ਪੰਜਵਾਂ—ਘਿਉ | ਸਿਰ ਖਿੰਡੀ—ਸ਼ਕਰ, ਖੰਡ |

ਏਹ ਸ਼ਬਦ ਦਲੇਰੀ ਦੇ ਉਪਜਾਊ ਇਸ ਵਾਸਤੇ ਰਚੇ ਗਏ ਸਨ, ਕਿ ਆਪਣੀ ਧਨ ਪਦਾਰਥ ਦੀ ਟੋਟ ਵਿਚ ਭੀ ਹੌਸਲਾ ਬਣਿਆ ਰਹੇ।

## ਪੰਜਾਬੀ ਸਭਾ

ਹਿੰਦੂ ਮੁਸਲਮਾਨਾਂ ਤੇ ਸਿਖਾਂ ਦੀਆਂ ਆਪੋ ਆਪਣੀਆਂ ਜਥੇ-ਬੰਦੀਆਂ ਤਾਂ ਮੌਜੂਦ ਸਨ, ਪਰ ਸਭ ਦੀ ਸਾਂਝੀ ਪੰਜਾਬੀ ਸਭਾ ਦਾ ਖਿਆਲ ਅੰਦਰ ਅੰਦਰ ਪਕਦਾ ਰਿਹਾ। ਸਭ ਤੋਂ ਪਹਿਲੇ ੧੯੨੬ ਦੀਆਂ ਗਰਮੀਆਂ ਵਿਚ ਗਿਆਨੀ ਹੀਰਾ ਸਿੰਘ ਜੀ 'ਦਰਦ' ਐਡੀਟਰ ਫੁਲਵਾੜੀ ਦੇ ਮਕਾਨ ਪਰ ਇਕ ਇਕੱਠ ਬੁਲਾਇਆ ਗਿਆ, ਜਿਸ ਵਿਚ ਬਹੁਤ ਸਾਰੇ ਹਿੰਦੂ ਮੁਸਲਮਾਨ ਤੇ ਸਿਖ ਸਜਣਾਂ ਨੇ ਇਕ ਮਰਕਜ਼ੀ ਸਭਾ ਅੰਮ੍ਰਿਤਸਰ ਵਿਚ ਕਾਇਮ ਕਰਨ ਦੀ ਤਜਵੀਜ਼ ਪਰਵਾਨ ਕੀਤੀ। ਕਵੀਆਂ ਤੋਂ ਸਿਵਾਇ ਪ੍ਰੋਫ਼ੈਸਰ ਤੇਜਾ ਸਿੰਘ ਆਦਿਕ ਪਤਵੰਤੇ ਸਜਣ ਭੀ ਸ਼ਾਮਲ ਸਨ। ਉਸ ਵੇਲੇ "ਪੰਜਾਬੀ ਸਭਾ ਪੰਜਾਬ" ਦੇ ਨਾਮ ਨਾਲ ਕਾਇਮ ਹੋਈ। ਪ੍ਰਧਾਨ ਲਾਲਾ ਧਨੀ ਰਾਮ 'ਚਾਤ੍ਰਿਕ' ਅਤੇ ਸਕੱਤ੍ਰ ਗਿਆਨੀ ਹੀਰਾ ਸਿੰ ਜੀ 'ਦਰਦ' ਬਣੇ। ਮੁਨਸ਼ੀ ਮੌਲਾ ਬਖ਼ਸ਼ 'ਕੁਸ਼ਤਾ', ਮੁਨਸ਼ੀ ਮੁਹੰਮਦ ਹੁਸੈਨ 'ਖ਼ੁਸ਼ਨੂਦ', ਡਾਕਟਰ ਦੇਵੀ ਦਾਸ 'ਹਿੰਦੀ' ਤੇ ਹੋਰ ਕਈ ਇਕ ਪ੍ਰਸਿੱਧ ਸਜਣਾਂ ਨੇ ਸਭਾ ਦਾ ਵਕਾਰ ਉੱਚਾ ਕਰਨ ਲਈ ਮੋਢਾ ਪੇਸ਼ ਕੀਤਾ। ੧੯੨੬ ਵਿਚ ਪੁਰਾਣੇ ਅਖਾੜਿਆਂ ਤੋਂ ਜ਼ਰਾ ਸੁਧਰੀ ਹੋਈ ਸੂਰਤ ਵਿਚ ਕਈ ਇਕ ਛੋਟੇ ਛੋਟੇ ਮੁਸ਼ਾਇਰੇ ਇਸ ਸਭਾ ਵਲੋਂ ਅੰਮ੍ਰਿਤਸਰ ਵਿਚ ਕਰਵਾਏ ਗਏ।

੧੯੨੭ ਅਕਤੂਬਰ ਮਹੀਨੇ ਵਿਚ ਇਸੇ ਸਭਾ ਦੇ ਉੱਦਮ ਨਾਲ ਪਹਿਲੀ ਪੰਜਾਬੀ ਕਾਨਫ਼ਰੰਸ ਰਚਾਈ ਗਈ। ਇਹ ਕਾਨਫ਼ਰੰਸ ਪੰਜਾਬੀ ਦੀ ਤਾਰੀਖ਼ ਵਿਚ ਪਹਿਲਾ ਮੌਕਾ ਸੀ; ਹੇਠ ਲਿਖੇ ਅਹੁਦੇਦਾਰ ਚੁਣੇ ਗਏ:—

ਪ੍ਰਧਾਨ—ਆਨਰੇਬਲ ਕੇ. ਬੀ. ਸਰ ਸ਼ਹਾਬੁਦੀਨ ਚੌਧਰੀ।



Digitized by Panjab Digital Library | www.panjabdigilib.org

ਚੇਅਰ ਮੈਨ:–ਮਿਸਟ੍ਰ ਕੁੰਦਨ ਲਾਲ ਭਾਟੀਆ, ਪ੍ਰਿਨਸੀਪਲ ਹਿੰਦੂ ਸਭਾ ਕਾਲਜ।
ਜਨਰਲ ਸੈਕਰਟ੍ਰੀ–ਲਾਲਾ ਧਨੀ ਰਾਮ 'ਚਾਤ੍ਰਿਕ'।
ਸੈਕਰਟ੍ਰੀ–ਗਿਆਨੀ ਹੀਰਾ ਸਿੰਘ 'ਦਰਦ'।

ਇਸ ਕਾਨਫ਼ਰੰਸ ਉਤੇ ਕਰੀਬ ਚੌਦਾਂ ਪੰਦਰਾਂ ਸੌ ਰੁਪਯਾ ਖ਼ਰਚ ਆਇਆ ਅਤੇ ਬੜੀ ਸ਼ਾਨ ਸ਼ੌਕਤ ਨਾਲ ਜਲਸਾ ਹੋਇਆ। ਦੋ ਦਿਨ ਉਪਰੋ ਥੱਲੀ ਇਕ ਡ੍ਰਾਮਾ ਸੁਭੱਦ੍ਰਾ ਨਾਟਕ ਪੰਜਾਬੀ ਬੋਲੀ ਦਾ ਪ੍ਰੋਫ਼ੈਸਰ ਈਸ਼ਰ ਚੰਦ੍ਰ ਨੰਦਾ ਨੇ ਦਿਖਾਇਆ। ਬੜੇ ਪਤਵੰਤੇ ਲੋਕਾਂ ਨੇ ਦਿਲਚਸਪੀ ਵਿਖਾਈ। ਇਕ ਦਿਨ ਖ਼ਾਸ ਸ਼ੋ ਇਸਤ੍ਰੀਆਂ ਵਾਸਤੇ ਹੋਇਆ।

ਇਸ ਕਾਨਫ਼ਰੰਸ ਦੀ ਕਾਮਯਾਬੀ ਨੇ ਪੰਜਾਬੀ ਸਾਹਿਤਕ ਸੰਸਾਰ ਵਿਚ ਇਕ ਜੀਵਨ ਉਤਸਾਹ ਪੈਦਾ ਕਰ ਦਿਤਾ। ੧੯੨੮ ਵਿਚ ਸਰਦਾਰ ਐਸ. ਐਸ. ਚਰਨ ਸਿੰਘ ਜੀ ਨੇ ਸ਼ਿਮਲੇ ਜਾ ਕੇ ਸਰ ਜੋਗਿੰਦ੍ਰ ਸਿੰਘ ਅਤੇ ਰਾਜਾ ਸਰ ਦਲਜੀਤ ਸਿੰਘ ਆਦਿਕ ਸਜਣਾਂ ਦੀ ਸਹਾਇਤਾ ਨਾਲ ਇਕ ਮਹਾਨ ਪੰਜਾਬੀ ਦਰਬਾਰ ਡੇਵੀਕੋ ਹਾਲ ਬਾਲਰੂਮ ਵਿਚ ਰਚਾ ਦਿਤਾ। ੨੩ ਸਿਤੰਬਰ ੧੯੨੮ ਨੂੰ ਇਹ ਦਰਬਾਰ ਐਸੀ ਲਾਸਾਨੀ ਸ਼ਾਨ ਨਾਲ ਹੋਇਆ, ਕਿ ਪੰਜਾਬੀ ਵਿਚ ਜਾਨ ਪੈ ਗਈ। ਲਾਲਾ ਧਨੀ ਰਾਮ ਤੇ ਪ੍ਰੋਫ਼ੈਸਰ ਆਈ. ਸੀ. ਨੰਦਾ ਨੂੰ ਉਚੇਚਾ ਕਸ਼ਮੀਰੋਂ ਸੱਦਿਆ ਗਿਆ। ਪੰਜਾਬ ਦੇ ਚੋਟੀ ਦੇ ਕਵੀ ਦੂਰੋਂ ਦੂਰੋਂ ਆਏ, ਬੜੀ ਇੱਜ਼ਤ ਨਾਲ ਰਾਇਲ ਹੋਟਲ ਵਿਚ ਉਤਾਰੇ ਗਏ। ਇਸ ਵਾਰ ਭੀ ਦੋ ਹਜ਼ਾਰ ਦੇ ਕਰੀਬ ਖ਼ਰਚ ਉਠਿਆ।

ਸੰਨ ੧੯੨੯ ਵਿਚ ਗਿਆਨੀ ਹੀਰਾ ਸਿੰਘ ਜੀ 'ਦਰਦ' ਨੂੰ 'ਫੁਲਵਾੜੀ' ਦਾ ਦਫ਼ਤਰ ਲਾਹੌਰ ਲੈ ਜਾਣਾ ਪਿਆ, ਪਰ ਪੰਜਾਬੀ ਸਭਾ ਵਲੋਂ ਤਕੜੇ ਤਕੜੇ ਕਵੀ ਦਰਬਾਰ ਇਸ ਸਾਲ ਭੀ ਹੋਏ। ੧੯੩੦ ਵਿਚ ਕਵੀ ਦਰਬਾਰਾਂ ਦੀ ਪਰਪਾਟੀ ਪੁਰਾਣੀ ਜਿਹੀ ਜਾਪਣ ਲਗ ਪਈ।

੧੯੩੧ ਵਿਚ ਮੁੜ ਕੇ ਸੈਂਟ੍ਰਲ ਪੰਜਾਬੀ ਸਭਾ ਕਾਇਮ ਹੋਈ, ਹੇਠ ਲਿਖੇ ਅਹੁਦੇਦਾਰ ਚੁਣੇ ਗਏ–

ਪ੍ਰੈਜ਼ੀਡੈਂਟ–ਸਰਦਾਰ ਐਸ. ਐਸ. ਚਰਨ ਸਿੰਘ ਜੀ ਸ਼ਹੀਦ।
ਵਾਈਸ ਪ੍ਰੈਜ਼ੀਡੈਂਟ–ਮੁਨਸ਼ੀ ਮੌਲਾ ਬਖਸ਼ ਕੁਸ਼ਤਾ ਤੇ ਪ੍ਰੋ: ਆਈ. ਸੀ. ਨੰਦਾ।
ਚੀਫ਼ ਸੈਕ੍ਰੇਟਰੀ–ਲਾਲਾ ਧਨੀ ਰਾਮ 'ਚਾਤ੍ਰਿਕ'।
ਸੈਕ੍ਰਟਰੀ–ਪ੍ਰੋਫ਼ੈਸਰ ਵਿਦਿਆ ਸਾਗਰ, ਮਿਸਟਰ ਜੋਸ਼ੂਆ ਫਜ਼ਲ ਦੀਨ, ਸਰਦਾਰ ਚੰਨਣ ਸਿੰਘ ਜੇਠੂਵਾਲੀਆ।

ਇਸ ਸਭਾ ਨੇ ਅਗੇ ਨਾਲੋਂ ਤੇਜ਼ ਸਰਗਰਮੀ ਸ਼ੁਰੂ ਕੀਤੀ ਅਤੇ ਸੰਨ ੧੯੩੨ ਵਿਚ ਅਗਸਤ ਦੇ ਅਖੀਰਲੇ ਹਫਤੇ, ੧੯੨੮ ਵਾਲੇ ਦਰਬਾਰ ਨਾਲੋਂ ਭੀ ਵਧ ਕੇ ਆਲ ਇੰਡੀਆ ਪੰਜਾਬੀ ਦਰਬਾਰ ਸ਼ਿਮਲੇ ਵਿਚ ਹੀ ਬੜੀ ਸ਼ਾਨ ਸ਼ੌਕਤ ਨਾਲ ਕੀਤਾ, ਦੂਰ ਦੂਰ ਦੇ ਕਵੀ ਆਏ। ਇਸ ਉਤੇ ਭੀ ਹਜ਼ਾਰ ਰੁਪਏ ਦੇ ਕਰੀਬ ਖਰਚ ਆਇਆ।



Digitized by Panjab Digital Library | www.panjabdigilib.org

ਇਸ ਸਾਰੇ ਉਦਮ ਦਾ ਜ਼ਿਕਰ ਸੰਟ੍ਰਲ ਪੰਜਾਬੀ ਸਭਾ ਵਲੋਂ ਪ੍ਰਕਾਸ਼ਤ ਹੋਏ "ਪੰਜਾਬ ਦਾ ਚਲਦਾ ਦੌਰ" ਨਾਮੀ ਰਪੋਰਟ ਵਿਚ ਬੜੇ ਖੁਲ੍ਹੇ ਵੇਰਵੇ ਨਾਲ ਛਪਿਆ ਹੋਇਆ ਮੌਜੂਦ ਹੈ।

ਇਹ ਪੰਜਾਬੀ ਦੀ ਤਾਰੀਖ਼ ੧੯੨੬ ਤੋਂ ੧੯੩੨ ਤਕ ਦੀ ਬੜੀ ਕੰਮ ਆਉਣ ਵਾਲੀ ਚੀਜ਼ ਹੈ। ਬੜੇ ਸ਼ੋਕ ਦੀ ਗਲ ਹੈ ਕਿ ੨੪ ਅਗਸਤ ਸੰਨ ੧੯੩੫ ਨੂੰ ਸਰਦਾਰ ਐਸ. ਐਸ. ਚਰਨ ਸਿੰਘ ਜੀ ਸ਼ਹੀਦ ਦੀ ਅਚਾਨਕ ਮੌਤ ਨੇ ਪੰਜਾਬੀ ਦੀ ਚਲਦੀ ਗੱਡੀ ਨੂੰ ਅਟਕਾ ਦਿੱਤਾ ਤੇ ਅਜੇ ਤਕ ਭੀ ਉਹ ਚਾਲ ਪੈਦਾ ਨਹੀਂ ਹੋ ਸਕੀ। ਸੰਨ ੧੯੩੭ ਵਿਚ ਲਾਹੌਰ ਨਿਵਾਸੀ ਕੁਝ ਕਵੀਆਂ ਨੇ ਪੰਜਾਬੀ ਲਿਟਰੇਰੀ ਲੀਗ ਕਾਇਮ ਕੀਤੀ ਅਤੇ ੧੯੩੮ ਵਿਚ ਫੇਰ ਇਕ ਹੰਭਲੇ ਨਾਲ ਪੰਜਾਬੀ ਸਭਾ ਪੰਜਾਬ ਦੀ ਥਾਪਨਾ ਹੋਈ ਜਿਸ ਦੇ ਪ੍ਰਧਾਨ ਲਾਲਾ ਧਨੀ ਰਾਮ 'ਚਾਤ੍ਰਿਕ', ਉਪ-ਪ੍ਰਧਾਨ ਮੁਨਸ਼ੀ ਮੌਲਾ ਬਖ਼ਸ਼ ਕੁਸ਼ਤਾ, ਤੇ ਪੰਡਤ ਰਾਮ ਸਰਨ ਐਡਵੋਕੇਟ ਅਤੇ ਜਨਰਲ ਸੈਕ੍ਰਟਰੀ ਸਰਦਾਰ ਰਘੁਬੀਰ ਸਿੰਘ ਜੀ 'ਬੀਰ' ਬੀ. ਏ. ਮੁਕੱਰਰ ਹੋਏ।

ਅੰਮ੍ਰਿਤਸਰ ਲਾਹੌਰ ਤੋਂ ਸਿਵਾਏ ਪੰਜਾਬੀ ਦੇ ਹੋਰ ਬਹੁਤ ਸਾਰੇ ਸ਼ਹਿਰਾਂ ਵਿਚ ਭੀ ਆਪੋ ਆਪਣੀਆਂ ਪੰਜਾਬੀ ਸਭਾਵਾਂ ਕਾਇਮ ਹੋਈਆਂ ਹੋਈਆਂ ਹਨ। ਰਾਵਲਪਿੰਡੀ, ਲਾਇਲਪੁਰ, ਸਰਗੋਧਾ, ਜਾਲੰਧਰ, ਨੌਸ਼ਹਿਰਾ ਆਦਿਕ ਨਾਮ ਖ਼ਾਸ ਤੌਰ ਤੇ ਲਏ ਜਾਂਦੇ ਹਨ। ਇਨ੍ਹਾਂ ਸਾਰੀਆਂ ਸਭਾਵਾਂ ਨੇ ਆਪਣੇ ਵਿਤ ਅਨੁਸਾਰ ਡਾਢੇ ਪ੍ਰੇਮ ਨਾਲ ਪੰਜਾਬੀ ਦਾ ਭੰਡਾਰਾ ਭਰਿਆ। ਧਾਰਮਕ,ਲਿਟ੍ਰੇਰੀ ਅਤੇ ਪੋਲੀਟੀਕਲ ਕੰਮਾਂ ਵਿਚ ਬਿਨਾਂ ਤਮੀਜ਼ ਹਿੰਦੂ ਮੁਸਲਿਮ ਦੇ, ਪੂਰੀ ਦਿਲਚਸਪੀ ਲੈਂਦੇ ਰਹੇ। ਇਨ੍ਹਾਂ ਦਿਲਚਸਪੀਆਂ ਵਿਚ ਹਿੱਸਾ ਲੈਣ ਵਾਲੇ ਕਵੀਆਂ ਦੇ ਨਾਮ ਯਾਦ ਨਾ ਰਖਣੇ ਠੀਕ ਨਹੀਂ ਹੋਵੇਗਾ ਇਸ ਲਈ ਅਸੀਂ ਉਨ੍ਹਾਂ ਦਾ ਜ਼ਿਕਰ ਦੋ ਹਿੱਸਿਆਂ ਵਿਚ ਵੰਡਦੇ ਹਾਂ।

## (੧) ਪਹਿਲਾ ਦੌਰ ੧੯੨੬ ਤੋਂ

ਲਾਲਾ ਧਨੀ ਰਾਮ ਚਾਤ੍ਰਿਕ।
ਗਿਆਨੀ ਹੀਰਾ ਸਿੰਘ ਜੀ 'ਦਰਦ'।
ਮੁਨਸ਼ੀ ਮੌਲਾ ਬਖਸ਼ ਕੁਸ਼ਤਾ।
ਮੁਨਸ਼ੀ ਮੁਹੰਮਦ ਇਸਮਾਈਲ ਮੁਸ਼ਤਾਕ (ਕਾਲ ਹੋ ਗਏ)
ਹਾਜੀ ਮੁਹੰਮਦ ਹੁਸੈਨ ਖੁਸ਼ਨੂਦ (ਕਾਲ ਹੋ ਗਏ)
ਸਰਦਾਰ ਐਸ. ਐਸ. ਚਰਨ ਸਿੰਘ ਸ਼ਹੀਦ (ਕਾਲ ਹੋ ਗਏ)
ਉਸਤਾਦ ਗੁਲਾਮ ਮੁਹੰਮਦ ਗਾਮ (ਕਾਲ ਹੋ ਗਏ)
ਡਾਕਟਰ ਦੇਵੀ ਦਾਸ 'ਹਿੰਦੀ'।
ਗਿਆਨੀ ਗੁਰਮੁਖ ਸਿੰਘ 'ਮੁਸਾਫਰ'।
ਉਸਤਾਦ ਮੁਹੰਮਦ ਰਮਜ਼ਾਨ 'ਹਮਦਮ'।
ਮੀਆਂ ਫੀਰੋਜ਼ ਦੀਨ 'ਸ਼ਰਫ'।



Digitized by Panjab Digital Library | www.panjabdigilib.org

ਲਾਲਾ ਕਿਰਪਾ ਸਾਗਰ ਲਾਹੌਰ (ਕਾਲ ਹੋ ਗਏ)
ਸਰਦਾਰ ਮੋਹਨ ਸਿੰਘ ਐਮ. ਏ.
ਲਾਲਾ ਵਿਦਜਾ ਸਾਗਰ ਐਮ. ਏ.
ਸਰਦਾਰ ਵਿਧਾਤਾ ਸਿੰਘ ਤੀਰ
ਲਾਲਾ ਗਿਆਨ ਚੰਦ ਧਵਨ
ਪੰਡਤ ਮੁਨੀ ਲਾਲ ਪ੍ਰੇਮ (ਗੁਜ਼ਰ ਗਏ)
ਪੰਡਤ ਚੱਕ੍ਰਧਾਰੀ ਬੇਜ਼ਰ
ਲਾਲਾ ਸ਼ਾਮ ਦਾਸ ਆਜਿਜ਼
ਗਿਆਨੀ ਨਿਹਾਲ ਸਿੰਘ ਰਸ
ਉਸਤਾਦ ਕਰਮ ਸਾਹਿਬ
ਸਰਦਾਰ ਮੁਨਸ਼ਾ ਸਿੰਘ ਦੁਖੀ
ਸਰਦਾ ਸੌਦਾਗਰ ਸਿੰਘ ਭਿਖਾਰੀ

## ਦੂਸਰਾ ਦੌਰ

ਲਾਲਾ ਸੁੰਦਰ ਦਾਸ ਆਸੀ ਲਾਇਲਪੁਰ
ਪੰਡਤ ਜਸਵੰਤ ਰਾਇ, ਰਾਇ, ਮੀਆਂ ਮੀਰ
ਸਰਦਾਰ ਅਵਤਾਰ ਸਿੰਘ ਆਜ਼ਾਦ
ਸਰਦਾਰ ਦਰਸ਼ਨ ਸਿੰਘ ਦਰਸ਼ਨ
ਪੰਡਤ ਕੰਸ ਰਾਜ ਗੌਹਰ ਅੰਮ੍ਰਿਤਸਰ।
ਗਿਆਨੀ ਹਰਿੰਦਰ ਸਿੰਘ ਰੂਪ ,,
ਗਿਆਨੀ ਗੁਰਬਚਨ ਸਿੰਘ ਰੋਜ਼ ,,
ਗਿਆਨੀ ਬਲਦੇਵ ਚੰਦ ਬੇਕਲ ,,
ਗਿਆਨੀ ਹਾਕਮ ਸਿੰਘ ਰਤਨਜੋਤ ,,
ਮੁਨਸ਼ੀ ਮੁਹੰਮਦ ਇਸਮਾਈਲ ਈਸਾ ,,
ਹਕੀਮ ਅਬਦੁਲ ਕਰੀਮ ਸਮਰ ਲਾਹੌਰ

ਪੰਜਾਬੀ ਦੀ ਮੌਜੂਦਾ ਲਹਿਰ ਜਿਸ ਵਿਚ ਕਿੱਸੇ ਕਹਾਣੀਆਂ ਤੇ ਬੈਂਤ ਬਾਜ਼ੀ ਦੇ ਜ਼ਮਾਨੇ ਨੂੰ ਬਹੁਤ ਪਿਛੇ ਛਡ ਕੇ ਧਾਰਮਕ ਜਾਂ ਜਜ਼ਬਾਤੀ ਸ਼ਾਇਰੀ ਬਣਦੀ ਆਈ ਹੈ, ਅਸਲ ਵਿਚ ਸਿੰਘ ਸਭਾ ਲਹਿਰ ਦੇ ਅਨੁਯਾਈ ਭਾਈ ਵੀਰ ਸਿੰਘ ਸਾਹਿਬ ਦੀ ਛੋਹੀ ਹੋਈ ਹੈ, ਜਿਨ੍ਹਾਂ ਨੇ ਸੰਨ ੧੮੯੩ ਈਸਵੀ ਵਿਚ ਖ਼ਾਲਸਾ ਟ੍ਰੈਕਟ ਸੁਸਾਇਟੀ ਨੀ ਨੀਂਹ ਬਧੀ। ਅਜ ਦੀ ਪੰਜਾਬੀ ਬੋਲੀ ਭੀ ਉਨ੍ਹਾਂ ਹੀ ਲੀਹਾਂ ਦੇ ਆਸਰੇ ਤੁਰਦੀ ਤੁਰਦੀ ਐਥੋਂ ਤਕ ਅਪੜ ਗਈ ਹੈ। ਇਸ ਵਿਚ ਵਾਰਤਕ ਤੇ ਛੰਦਾ ਬੰਦੀ ਦੋਹਾਂ ਤਰ੍ਹਾਂ ਦਾ ਸਾਹਿਤ ਹੈ। ਭਾਈ ਸਾਹਿਬ ਨੇ ਇਖ਼ਲਾਕ ਅਰ ਫਲਸਫੇ ਦਾ ਵਾਧਾ ਕਰ ਕੇ ਪੰਜਾਬੀ ਦੇ ਨਜ਼ਮ ਤੇ ਨਸਰ ਵਿਚ ਉਹ ਖ਼ੂਬੀ ਪੈਦਾ ਕੀਤੀ ਕਿ ਅਜ ਅਸੀਂ ਫਖ਼ਰ ਨਾਲ ਉਨ੍ਹਾਂ ਦੀਆਂ ਕੋਮਲ



Digitized by Panjab Digital Library | www.panjabdigilib.org

ਭਾਵਾਂ ਨਾਲ ਭਰਪੂਰ ਰਚਨਾਵਾਂ ਨੂੰ ਦੂਸਰੇ ਸਾਹਿਤਕ ਸੰਸਾਰ ਅੱਗੇ ਰਖ ਸਕਦੇ ਹਾਂ ਆਪ ਦੇ ਖਿਆਲ ਦੀਆਂ ਉੱਚ ਉਡਾਰੀਆਂ ਨੂੰ ਦੇਸ਼ ਦੇ ਬੜੇ ਬੜੇ ਵਿਦਵਾਨਾਂ ਨੇ ਮੰਨ ਲਿਆ ਹੈ।

ਪੰਜਾਬੀ ਬੋਲੀ ਜੇ ਬੇਪਰਵਾਹੀ, ਗ਼ਫਲਤ ਤੇ ਮਤ ਭੇਦ ਦਾ ਸ਼ਿਕਾਰ ਨਾ ਹੋ ਗਈ ਹੁੰਦੀ, ਤਾਂ ਇਸ ਵੇਲੇ ਤਕ ਇਸ ਨੇ ਹਿੰਦੁਸਤਾਨ ਦੀਆਂ ਨਾਮਵਰ ਪ੍ਰਾਂਤਿਕ ਬੋਲੀਆਂ ਦੇ ਅਗੇ ਅਗੇ ਤੁਰਦੀ ਦਿਸਣਾ ਸੀ। ਇਸ ਦੇ ਖਮੀਰ ਵਿਚ ਵਧਣ ਮੌਲਣ ਦੀ ਬਹੁਤ ਬੜੀ ਸ਼ਕਤੀ ਮੌਜੂਦ ਹੁੰਦਿਆਂ ਭੀ ਆਪਣੇ ਚਿਰਾਗਾਂ ਦੇ ਹਥੋਂ ਰੁਲ ਰਹੀ ਹੈ। ਨਾ ਇਸ ਦੀ ਪੁਸ਼ਤ ਉਤੇ ਕੋਈ ਰਜਵਾੜਾ ਹੈ ਤੇ ਨਾ ਹਿੰਦੂ ਮੁਸਲਮਾਨਾਂ ਦਾ ਸਾਂਝਾ ਜ਼ੋਰ ਕੰਮ ਦੇ ਰਿਹਾ ਹੈ। ਬਹੁਤ ਸਾਰੀ ਤਾਕਤ ਪੰਜਾਬ ਦੀ ਇਸੇ ਇਕ ਝਗੜੇ ਨੂੰ ਨਜਿਠਦਿਆਂ ਹੀ ਨਸ਼ਟ ਹੋ ਗਈ ਕਿ ਇਸ ਨੂੰ ਲਿਖਣ ਲਈ ਅਖਰ ਕਿਹੜੇ ਵਰਤੇ ਜਾਣ, ਉਰਦੂ ਜਾਂ ਗੁਰਮੁਖੀ। ਇਹ ਸ਼ਿਕਵਾ ਅਸੀਂ ਪਿਛੇ ਭੀ ਕਰ ਚੁਕੇ ਹਾਂ।

ਦੂਸਰਾ ਅਫਸੋਸ ਪੰਜਾਬੀ ਦੀ ਕਿਸਮਤ ਉਤੇ ਸਾਨੂੰ ਇਸ ਗਲ ਦਾ ਹੈ ਕਿ ਪੰਜਾਬੀ ਦੇ ਵਿਦਵਾਨ ਸਕਾਲਰਾਂ ਨੇ ਪਹਿਲੇ ਤਾਂ ਚੋਖਾ ਚਿਰ ਪੰਜਾਬੀ ਨੂੰ ਪਲੇਟ ਫਾਰਮ ਨਾਲ ਛੋਹਣ ਨਹੀਂ ਦਿਤਾ ਤੇ ਜਦ ਉਨ੍ਹਾਂ ਨੂੰ ਹੋਸ਼ ਆਈ ਤਾਂ ਸ਼ਰਮਾਣ ਲਗ ਪਏ। ਅਕਾਲੀ ਲਹਿਰ ਨੇ ਭਾਵੇਂ ਇਹ ਝਾਕਾ ਕਾਫੀ ਹਦ ਤਕ ਖੋਲ੍ਹ ਦਿਤਾ ਹੈ ਪਰ ਪਲੇਟ ਫਾਰਮ ਉਤੇ ਹਿੰਦੀ ਤੇ ਉਰਦੂ ਦਾ ਕਬਜ਼ਾ ਹੋ ਰਿਹਾ ਹੈ। ਪੰਜਾਬੀ ਨਾਲ ਹਕੀਕੀ ਪਿਆਰ ਬਹੁਤ ਹੀ ਘਟ ਹੈ।

ਕੁਝ ਵਿਦਵਾਨ ਸਕਾਲਰ, ਪ੍ਰੋਫੈਸਰ ਤੇ ਕਲਮ ਦੇ ਧਨੀ ਸਾਡੇ ਪਾਸ ਹੁੰਦਿਆਂ ਹੋਇਆਂ ਭੀ ਸਾਡੇ ਕੰਨ ਸੁਣਦੇ ਹਨ ਕਿ ਕਮ ਫੁਰਸਤੀ ਦੇ ਕਾਰਨ ਉਹ ਕੁਝ ਭੀ ਕਰਨੋਂ ਲਾਚਾਰ ਹਨ। ਪਰ ਉਨ੍ਹਾਂ ਦੀ ਇਸ ਲਾਚਾਰੀ ਨੂੰ ਸੁਣ ਕੇ ਭੀ ਸਾਨੂੰ ਮਾਯੂਸੀ ਨਹੀਂ ਹੋ ਰਹੀ। ਪੰਜਾਬੀ ਦਾ ਇਹ ਸੰਕਟ ਕੁਝ ਦਿਨਾਂ ਦਾ ਮਹਿਮਾਨ ਹੈ। ਇਸ ਦੇ ਵਧਣ ਫੁਲਣ ਦੀ ਸ਼ਕਤੀ ਨੇ ਬਿਨਾਂ ਸਿੰਜਾਈ ਦੇ ਭੀ ਕਾਮਯਾਬ ਹੋ ਜਾਣਾ ਹੈ। ਗਲਤੀ ਦਾ ਖਾਸਾ ਹੈ ਕਿ ਉਹ ਰਹਿੰਦੀ ਨਹੀਂ ਇਸੇ ਤਰ੍ਹਾਂ ਸਾਨੂੰ ਆਸ ਹੈ ਕਿ ਜਿਨ੍ਹਾਂ ਸਕਾਲਰਾਂ ਨੇ ਕਈ ਤਾਰੀਖੀ ਉਕਾਈਆਂ ਭੀ ਖਾਧੀਆਂ ਹਨ, ਓਹ ਦੂਰ ਹੋ ਜਾਣਗੀਆਂ।

ਇਸ ਮੌਕੇ ਉਤੇ ਨਾ ਮੁਨਾਸਬ ਨਾ ਹੋਵੇਗਾ ਜੇ ਥੋੜਾ ਜਿਹਾ ਜ਼ਿਕਰ ਉਨ੍ਹਾਂ ਗਲਤ ਫਹਿਮੀਆਂ ਦਾ ਭੀ ਕਰ ਦਿੱਤਾ ਜਾਵੇ, ਜੋ ਸਾਡੇ ਕੁਝ ਵਿਦਵਾਨ ਸਕਾਲਰਾਂ ਨੂੰ ਪੈ ਚੁਕੀਆਂ ਹਨ। ਜਿਹਾ ਕਿ–

(੧) ਖਾਨ ਸਾਹਿਬ ਕਾਜ਼ੀ ਫਜ਼ਲ ਹਕ ਸਾਹਿਬ ਹਾਮਦ ਅਬਾਸੀ ਬਾਬਤ ਲਿਖਦੇ ਹਨ ਕਿ ਜੰਗ ਹਾਮਦ ਆਮ ਤੌਰ ਤੇ ਅਖ਼ਬਾਰ ਹਾਮਦ ਦੇ ਨਾਮ ਤੋਂ ਮਸ਼ਹੂਰ ਹੈ ਹਾਲਾਂ ਕਿ ਜੰਗ ਇਕ ਹੋਰ ਕਿਤਾਬ ਹੈ ਅਤੇ ਅਖ਼ਬਾਰ ਹਾਮਦ ੩੫੦ ਸਫੇ ਦੀ ਵਡੀ ਸਾਰੀ ਕਿਤਾਬ ਹੋਰ ਹੈ।

ਆਪ ਨੇ ਹਾਫਜ਼ ਬਰਖੁਰਦਾਰ ਦੇ ਇਸ ਸ਼ੇਅਰ ਤੋਂ ਉਸ ਨੂੰ ਜੱਟ ਹੋਣਾ ਦੱਸਿਆ ਹੈ:–



Digitized by Panjab Digital Library | www.panjabdigilib.org

ਜਟ ਵੈਰੀ ਹੋਇਆ ਜਟ ਦਾ, ਪਰ ਹਾਫ਼ਜ਼ ਕਹੇ ਸੌ ਵਾਰ
ਜੋ ਦੁਸ਼ਮਨ ਹੁੰਦੇ ਆਸ਼ਕਾਂ, ਲਾਨ੍ਹਤ ਤਿਨ੍ਹਾਂ ਹਜ਼ਾਰ।

ਹਾਲਾਂ ਕਿ ਇਸ ਸ਼ੇਅਰ ਤੋਂ ਪੀਲੋ ਦਾ ਜਟ ਹੋਣਾ ਸਾਬਤ ਹੈ, ਨਾ ਕਿ ਬਰਖੁਰਦਾਰ ਦਾ।

(੨) ਡਾਕਟਰ ਬਨਾਰਸੀ ਦਾਸ ਜੀ ਐਮ. ਏ. ਪੀਐਚ. ਡੀ. (ਜੋ ਸ਼ਾਇਦ ਪੰਜਾਬ ਯੂਨੀਵਰਸਿਟੀ ਵਲੋਂ ਪੰਜਾਬੀ ਡਿਕਸ਼ਨਰੀ ਮੁਕੰਮਲ ਕਰਨ ਲਈ ਲਗੇ ਹੋਏ ਹਨ) ਨੇ ਪੰਜਾਬੀ ਲਿਟਰੇਚਰ ਦੇ ਸਿਰਲੇਖ ਹੇਠ ਦੋ ਮਜ਼ਮੂਨ ਲਿਖੇ ਹਨ; ਪਰ ਉਨ੍ਹਾਂ ਵਿਚ ਅਕਸਰ ਉਕਾਈਆਂ ਖਾਧੀਆਂ ਹਨ। ਜਿਹਾ ਕਿ ਉਹ ਲਿਖਦੇ ਹਨ ਕਿ ਮੌਲਵੀ ਗੁਲਾਮ ਰਸੂਲ ਦੀਆਂ ਰੋਟੀਆਂ ਮਸ਼ਹੂਰ ਹਨ, ਹਾਲਾਂ ਕਿ ਅਸਲੀਅਤ ਇਹ ਹੈ ਕਿ ਪੱਕੀ ਰੋਟੀ ਕਿਸੇ ਨਾਮਾਲੂਮ ਸ਼ਖਸ ਦੀ ਹੈ, ਮੌਲਵੀ ਗੁਲਾਮ ਰਸੂਲ ਦੀ ਪੱਕੀ ਰੋਟੀ ਕਲਾਂ ਹੈ, ਮਿਠੀ ਰੋਟੀ ਕਾਦਰ ਬਖਸ਼ ਅਹਿਮਦਾਬਾਦੀ ਦੀ ਅਤੇ ਮਿੱਸੀ ਰੋਟੀ ਬਸ਼ੀਰ ਹੁਸੈਨ ਹਜ਼ਾਰੀ ਦੀ ਹੈ।

ਆਪ ਈਸਾਈ ਲਿਟਰੇਚਰ ਦਾ ਜ਼ਿਕਰ ਕਰਦੇ ਹੋਏ ਲਿਖਦੇ ਹਨ ਕਿ ਨਸਰ ਕਿਤਾਬਾਂ ਉਨ੍ਹਾਂ (ਈਸਾਈਆਂ) ਦੇ ਕਹਿਣੇ ਪਰ ਹੀ ਲਿਖੀਆਂ ਗਈਆਂ, ਹਾਲਾਂ ਕਿ ਪੰਜਾਬੀ ਨਸਰ ਵਿਚ ਬਾਬਾ ਨਾਨਕ ਦੀ ਜਨਮ ਸਾਖੀ ਮੁਦਤ ਦੀ ਲਿਖੀ ਹੋਈ ਹੈ ਅਤੇ ਮੁਸਲਮਾਨਾਂ ਵਿਚ ਰੌਸ਼ਨ ਦਿਲ, ਪੱਕੀ ਰੋਟੀ ਆਦਿਕ ਬਹੁਤ ਸਾਰੀਆਂ ਕਿਤਾਬਾਂ ਕਾਫੀ ਪੁਰਾਣੀਆਂ ਮੌਜੂਦ ਸਨ।

(੩) ਡਾਕਟਰ ਮੋਹਨ ਸਿੰਘ ਜੀ ਐਮ. ਏ. ਪੀਐਚ. ਡੀ., ਡੀ. ਲਿਟ. ਨੇ ਅੰਗ੍ਰੇਜ਼ੀ ਵਿਚ ਹਿਸਟਰੀ ਆਫ ਪੰਜਾਬੀ ਲਿਟਰੇਚਰ ਲਿਖੀ ਹੈ। ਪੰਜਾਬੀ ਆਪ ਦੀ ਬਹੁਤ ਅਹਿਸਾਨ ਮੰਦ ਹੈ, ਪਰ ਬਕੌਲ ਪ੍ਰੋਫੈਸਰ ਤੇਜਾ ਸਿੰਘ ਐਮ. ਏ. ਖਾਲਸਾ ਕਾਲਜ, ਆਪ ਦਾ ਇਹ ਸਾਰਾ ਬਿਆਨ ਘਬਰਾਹਟ ਅਤੇ ਕਾਹਲੀ ਵਿਚ ਲਿਖਿਆ ਹੋਇਆ ਜਾਪਦਾ ਹੈ। ਜੈਸਾ ਕਿ ਉਨ੍ਹਾਂ ਨੇ ਕਬੀਰ, ਮੀਰਾਂ ਬਾਈ, ਨਾਮ ਦੇਵ, ਚਾਂਦ ਰਾਏ ਆਦਿਕਾਂ ਨੂੰ ਪੰਜਾਬੀ ਕਵੀ ਲਿਖਿਆ ਹੈ ਹਾਲਾਂ ਕਿ ਉਹ ਹਿੰਦੀ ਦੇ ਕਵੀ ਸਨ।

ਉਨ੍ਹਾਂ ਨੇ ਹੀ ਮਹਾਂ ਭਾਰਤ ਜਸਵੰਤ ਸਿੰਘ, ਸਿੰਘਾਸਨ ਬਤੀਸੀ ਪਰਮਾਨੰਦ, ਸਿੰਘਾਸਨ ਬਤੀਸੀ ਜਮੀਅਤ ਰਾਇ, ਬੈਤਾਲ ਪਚੀਸੀ ਪ੍ਰਹਿਲਾਦ ਅਤੇ ਹਨੂਮਾਨ ਨਾਟਕ ਹਿਰਦੇ ਰਾਮ ਭੱਲਾ ਨੂੰ ਪੰਜਾਬੀ ਰਚਨਾਵਾਂ ਮੰਨਿਆ ਹੈ ਹਾਲਾਂ ਕਿ ਸਭ ਹਿੰਦੀ ਦੇ ਪੁਸਤਕ ਹਨ।

ਆਪ ਨੇ ਸੋਲ੍ਹਵੀਂ ਸਦੀ ਦੀ ਪੰਜਾਬੀ ਸ਼ਾਇਰੀ ਦੀਆਂ ਕਿਸਮਾਂ ਦਾ ਜ਼ਿਕਰ ਕਰਦਿਆਂ ਨਸੀਹਤਨਾਮਾ, ਗੀਤ, ਬਾਲਨਾਮਾ, ਮਸਨਵੀ, ਆਰਤੀ, ਮੰਤਰ ਵਗੈਰਾ ਨੂੰ ਭੀ ਸ਼ਾਮਲ ਕਰ ਲਿਆ ਹੈ ਹਾਲਾਂ ਕਿ ਇਹ ਪੰਜਾਬੀ ਦੀਆਂ ਕਿਸਮਾਂ ਨਹੀਂ ਹਨ।

ਆਪ ਨੇ ਹੀ ਵਾਰਸ ਸ਼ਾਹ ਦੇ ਜ਼ਿਕਰ ਵਿਚ ਲਿਖਿਆ ਹੈ ਕਿ ਉਸ ਨੇ ਹੀਰ ਤੋਂ ਸਿਵਾ ਸਸੀ ਭੀ ਲਿਖੀ ਸੀ ਅਤੇ ਸਸੀ ਵਿਚੋਂ ਤਿੰਨ ਦੋਹੜੇ ਭੀ ਆਪ ਨੇ ਪੰਜਾਬੀ ਦਰਬਾਰ ਵਿਚ ਕਢਵਾਏ ਸਨ। ਸਚਾਈ ਇਹ ਹੈ ਕਿ ਵਾਰਸ ਸ਼ਾਹ ਨੇ ਕੋਈ ਸਸੀ ਨਹੀਂ ਲਿਖੀ। ਗੁਜਰਾਂ ਵਾਲੇ ਦੇ ਇਕ ਹੋਰ ਕਵੀ ਵਾਰਸ ਸ਼ਾਹ ਨੇ ਸਿਰਫ ਦੋਹੜੇ ਲਿਖੇ ਹਨ, ਸਸੀ ਉਸ ਨੇ ਭੀ ਨਹੀਂ ਲਿਖੀ ਅਤੇ ਜੋ ਦੋਹੜੇ ਆਪ ਨੇ ਸਸੀ ਦਾ ਨਾਮ ਦੇ ਕੇ ਪੇਸ਼



Digitized by Panjab Digital Library | www.panjabdigilib.org

ਕੀਤੇ ਹਨ, ਉਨ੍ਹਾਂ ਵਿਚ ਸੱਸੀ ਪੁੰਨੂੰ ਦਾ ਨਾਮ ਤਕ ਨਹੀਂ, ਰਾਂਝਣ ਤੇ ਹੀਰ ਦਾ ਜ਼ਿਕਰ ਹੈ ਅਰ ਇਹ ਦੋਹੜੇ ਗੁਜਰਾਂਵਾਲੀਏ ਵਾਰਸ ਦੇ ਹਨ ਨਾ ਕਿ ਵਾਰਸ ਸ਼ਾਹ ਦੇ।

ਪ੍ਰੋਫ਼ੈਸਰ ਤੇਜਾ ਸਿੰਘ ਜੀ ਨੇ ਆਪ ਪਰ ਇਹ ਭੀ ਤਰਕ ਉਠਾਇਆ ਹੈ, ਕਿ ਪਤਾ ਨਹੀਂ ਆਪ ਨੇ ਪੰਜਾਬੀ ਅਤੇ ਗ਼ੈਰ ਪੰਜਾਬੀ ਦਾ ਨਿਰਨਾ ਕਿਸ ਅਸੂਲ ਨਾਲ ਕੀਤਾ ਹੈ? ਹਰ ਉਹ ਚੀਜ਼ ਜੋ ਪੰਜਾਂ ਦਰਿਆਵਾਂ ਦੇ ਵਿਚਕਾਰ ਲਿਖੀ ਗਈ ਹੋਵੇ ਜਾਂ ਸਿਰਫ਼ ਗੁਰਮੁਖੀ ਅੱਖਰਾਂ ਵਿਚ ਲਿਖੀ ਗਈ ਹੋਵੇ?

(੪) ਬਾਵਾ ਬੁਧ ਸਿੰਘ ਜੀ ਨੇ ਗਿਣਤੀ ਦੇ ਹੀ ਮੁਸਲਮਾਨ ਕਵੀਆਂ ਦਾ ਜ਼ਿਕਰ ਕੀਤਾ ਹੈ, ਹਾਲਾਂਕਿ ਓਹ ਬੇਸ਼ੁਮਾਰ ਹਨ। ਇਸ ਕਿਤਾਬ ਵਿਚ ਸਾਰੇ ਮੁਸਲਮਾਨ ਕਵੀਆਂ ਦਾ ਜ਼ਿਕਰ ਆਇਆਂ ਪਤਾ ਲਗੇਗਾ, ਕਿ ਬਾਵਾ ਜੀ ਨੇ ਅਸਲ ਅੱਖਰਾਂ ਵਿਚ ਅਜੇ ਇਸ ਕੰਮ ਨੂੰ ਹਥ ਹੀ ਲਾਇਆ ਸੀ।

(੫) ਬਹੁਤ ਸਾਰੇ ਕੁਤਬ ਫ਼ਰੋਸ਼ ਭਰਾਵਾਂ ਨੇ ਵਪਾਰ ਵਧਾਉਣ ਵਾਸਤੇ ਸ਼ਾਇਰਾਂ ਦੀ ਰੂਹ ਨਾਲ ਸਖ਼ਤ ਬੇ-ਇਨਸਾਫ਼ੀ ਕੀਤੀ।

ਕਈ ਸ਼ਾਇਰ ਦੋਸਤਾਂ ਪਾਸੋਂ ਨਕਲੀ ਨਾਵਾਂ ਹੇਠ ਕਿੱਸੇ ਬਣਵਾ ਕੇ ਅਰ ਕਈ ਵਾਧੂ ਬੈਂਤ ਮਿਲਵਾ ਕੇ ਅਨਰਥ ਮਾਰਦੇ ਰਹੇ। ਵਾਰਸ ਸ਼ਾਹ ਦੇ ਹਾਲਾਤ ਵਿਚ ਪਾਠਕਾਂ ਨੂੰ ਪਤਾ ਲਗ ਜਾਵੇਗਾ ਕਿ ਉਸ ਦੀ ਰਚਨਾ ਹੀਰ ਰਾਂਝੇ ਦੇ ਕਿੱਸੇ ਵਿਚ ਕਿਸ ਬੇ-ਦਰਦੀ ਨਾਲ ਨਫ਼ਾ ਕਮਾਉਣ ਦੀ ਖ਼ਾਤਰ ਵਾਧੂ ਬੈਂਤ ਘੁਸੇੜੇ ਗਏ। ਇਸੇ ਤਰ੍ਹਾਂ ਸੋਹਣੀ ਮਹੀਂਵਾਲ, ਸੱਸੀ ਪੁਨੂੰ ਤੇ ਹੋਰ ਬਹੁਤ ਸਾਰੇ ਕਿੱਸਿਆਂ ਵਿਚ ਪਬਲਕ ਨਾਲ ਚਾਲਾਕੀ ਕੀਤੀ ਗਈ। ਮਿਸਾਲ ਦੇ ਤੌਰ ਤੇ ਦੋ ਤਿੰਨ ਗੱਲਾਂ ਦਾ ਜ਼ਿਕਰ ਕਰ ਰਹੇ ਹਾਂ।

(ੳ) ਇਸ ਵੇਲੇ ਬਹਿਬਲ ਦੀ ਸਸੀ ਪੁੰਨੂੰ ਜੋ ਐਸ. ਸੰਤ ਸਿੰਘ ਦਾ ਪ੍ਰਕਾਸ਼ਤ ਕੀਤਾ ਮੌਜੂਦ ਹੈ। ਇਸ ਕਿਤਾਬ ਦੇ ਟਾਈਟਲ ਪਰ ਸਸੀ ਪੁੰਨੂੰ ਅਹਿਮਦ ਯਾਰ ਮੋਟੇ ਅੱਖਰਾਂ ਵਿਚ ਛਾਪਿਆ ਹੋਇਆ ਹੈ। ਇਸ ਤੋਂ ਸਿਵਾਇ ਹਰ ਸਫ਼ੇ ਉਤੇ ਅਹਿਮਦ ਯਾਰ ਦਾ ਨਾਮ ਮੌਜੂਦ ਹੈ, ਪਰ ਮਜ਼ੇ ਦੀ ਗਲ ਇਹ ਹੈ ਕਿ ਕਿਤਾਬ ਵਿਚ ਸ਼ੁਰੂ ਤੋਂ ਲੈ ਕੇ ਅਖੀਰ ਤਕ ਕਿਤੇ ਅਹਿਮਦ ਯਾਰ ਦਾ ਨਾਮ ਤਕ ਨਹੀਂ ਸਗੋਂ ਬਹਿਬਲ ਦਾ ਨਾਮ ਸਾਫ਼ ਮੌਜੂਦ ਹੈ। ਅਰਥਾਤ ਸਸੀ ਬਹਿਬਲ ਦੀ ਹੈ ਪਰ ਵਿਕ ਰਹੀ ਹੈ ਅਹਿਮਦ ਯਾਰ ਦੇ ਨਾਂ ਤੇ।

(ਅ) ਸਯਦ ਫਜ਼ਲ ਸ਼ਾਹ ਦੀ ਸੋਹਣੀ ਇੰਨੀ ਮਕਬੂਲ ਹੋਈ ਕਿ ਲਖਾਂ ਦੀ ਤਾਦਾਦ ਵਿਚ ਵਿਕਦੀ ਰਹੀ। ਕਿਸੇ ਸਿਆਣੇ ਕੁਤਬ ਫ਼ਰੋਸ਼ ਨੇ ਇਕ ਫਜ਼ਲ ਦੀਨ ਖ਼ੋਜੇ ਪਾਸੋਂ ਵਾਹੀਯਾਤ ਜਿਹੇ ਬੈਂਤ ਜੁੜਵਾ ਕੇ ਸੋਹਣੀ ਫਜ਼ਲ ਨਾਮ ਨਾਲ ਛਪਵਾ ਸੁਟਿਆ। ਗਾਹਕ ਧੋਖੇ ਨਾਲ ਕੁਝ ਚਿਰ ਉਹੋ ਚੀਜ਼ ਸਮਝ ਕੇ ਲੈ ਜਾਂਦੇ ਰਹੇ, ਪਰ ਥੋੜੇ ਚਿਰ ਬਾਦ ਹੀ ਇਹ ਪਾਜ ਉਘੜ ਗਿਆ, ਅਸਲ ਚੀਜ਼ ਦਾ ਮੁਕਾਬਲਾ ਨਕਲ ਪਾਸੋਂ ਨਾ ਹੋ ਸਕਿਆ। ਇਸੇ ਤਰ੍ਹਾਂ ਦਾ ਇਕ ਹੋਰ ਮਜ਼ੇਦਾਰ ਵਾਕਿਆ ਸੁਣਨ ਵਾਲਾ ਹੈ:—

ਲਾਲਾ ਧਨੀ ਰਾਮ 'ਚਾਤ੍ਰਿਕ' ਨੇ ੧੯੦੬—੭ ਵਿਚ ਨਲ ਦਮਯੰਤੀ ਦਾ ਕਿੱਸਾ



Digitized by Panjab Digital Library | www.panjabdigilib.org

ਤਿਆਰ ਕੀਤਾ। ਉਹ ਚਲ ਨਿਕਲਿਆ, ਪਰ ਇਕ ਚਾਲਾਕ ਦੁਕਾਨਦਾਰ ਨੇ ਕਿਸੇ ਫਰਜ਼ੀ ਸ਼ਾਇਰ ਪਾਸੋਂ ਉਟ ਪਟਾਂਗ ਕਿੱਸਾ ਜੁੜਵਾ ਕੇ ਨਾਮ ਚਾਤ੍ਰਿਕ ਦੀ ਥਾਂ ਮਾਤ੍ਰਕ ਛਪਵਾ ਲਿਆ ਤੇ ਸਸਤੇ ਭਾਉ ਤੇ ਵੇਚਣਾ ਸ਼ੁਰੂ ਕਰ ਦਿੱਤਾ। ਜਦ ਲੋਕ ਚਾਤ੍ਰਿਕ ਦਾ ਮੰਗਣ ਤਾਂ ਕਹਿ ਦਿਤਾ ਜਾਂਦਾ ਕਿ ਚਾਤ੍ਰਿਕ ਮਰ ਗਿਆ ਹੈ ਇਹ ਉਸ ਦੇ ਭਰਾ ਮਾਤ੍ਰਕ ਦਾ ਹੈ। ਕੁਝ ਚਿਰ ਲੋਕ ਇਸ ਚਾਲ ਵਿਚ ਆਏ ਰਹੇ, ਪਰ ਬਾਦ ਵਿਚ ਉਹੋ ਅਸਲੀ ਕਿਤਾਬ ਵਿਕਣ ਲਗ ਪਈ ਤੇ ਨਕਲ ਨਕਲ ਹੀ ਰਹਿ ਗਈ।

ਇਸ ਕਿਸਮ ਦੀਆਂ ਹੋਰ ਭੀ ਸੈਂਕੜੇ ਤਰ੍ਹਾਂ ਦੀਆਂ ਤਜਾਰਤੀ ਜਾਅਲਸਾਜ਼ੀਆਂ ਕਿਤਾਬੀ ਦੁਨੀਆਂ ਵਿਚ ਹੁੰਦੀਆਂ ਰਹੀਆਂ; ਅਦਾਲਤਾਂ ਵਿਚ ਮੁਕੱਦਮੇ ਭੀ ਚਲਦੇ ਰਹੇ। ਕਵੀ ਕਾਲੀਦਾਸ ਗੁਜਰਾਂਵਾਲੀਏ ਨੂੰ ਚਾਲਾਕ ਲੋਕਾਂ ਨੇ ਬੜਾ ਹੈਰਾਨ ਕੀਤਾ, ਪਰ ਆਖ਼ਰ ਸੱਚ ਦੀ ਫਤਹ ਹੋਈ।

ਝੂਠ ਮੂਠ ਰਵਾਇਤਾਂ ਦੇ ਸਿਲਸਿਲੇ ਵਿਚ ਇਕ ਗੱਲ ਯਾਦ ਆ ਗਈ ਹੈ ਕਿ ਪੰਜਾਬ ਯੂਨੀਵਰਸਿਟੀ ਵਲੋਂ ਜੋ ਪੰਜਾਬੀ ਕੋਰਸ ਮੈਟ੍ਰਿਕ ਲਈ ਛਪਿਆ ਹੋਇਆ ਹੈ, ਉਸ ਵਿਚ ਸ਼ਾਹ ਮੁਹੰਮਦ ਨੂੰ ਵਟਾਲੇ ਦਾ ਵਸਨੀਕ ਦਸਿਆ ਗਿਆ ਹੈ, ਹਾਲਾਂ ਕਿ ਉਹ ਵਡਾਲਾ ਜ਼ਿਲਾ ਅੰਮ੍ਰਿਤਸਰ ਦਾ ਰਹਿਣ ਵਾਲਾ ਸੀ।

## ਪੰਜਾਬੀ ਬੋਲੀ ਦੀ ਤਾਰੀਖ਼

ਪੰਜਾਬੀ ਬੋਲੀ ਬਾਬਤ ਸਭ ਤੋਂ ਪਹਿਲਾ ਜ਼ਿਕਰ ਸੰਨ ੧੯੧੩ ਵਿਚ ਮੇਰੇ ਵਲੋਂ "ਚਸ਼ਮਾ ਹਯਾਤ" ਦੇ ਨਾਮ ਹੇਠ ਨਿਕਲਿਆ। ਇਸ ਤੋਂ ਬਾਦ ਬਾਵਾ ਬੁਧ ਸਿੰਘ ਰੀਟਾਇਰਡ ਐਗਜ਼ੈਕਟਿਵ ਇੰਜਨੀਅਰ ਵਲੋਂ ਪੰਜ ਕਿਤਾਬਾਂ, ਪ੍ਰੇਮ ਕਹਾਣੀ, ਮਰਦੁਮ ਬੁਧ, ਹੰਸ ਚੋਗ, ਕੋਇਲ ਕੂ ਅਤੇ ਬੰਬੀਹਾ ਬੋਲ ਨਾਮ ਦੀਆਂ ਛਪੀਆਂ। ਉਨ੍ਹਾਂ ਨੇ ਪੰਜਾਬੀ ਸਾਹਿਤ ਵਿਚ ਇਕ ਆਦਰ ਜੋਗ ਪੈਰ ਵਧਾਇਆ, ਪਰ ਚੂੰਕਿ ਉਨ੍ਹਾਂ ਦਾ ਇਹ ਜਤਨ ਮੇਰੇ ਵਾਂਗ ਹੀ ਅਧੂਰਾ ਸੀ, ਇਸ ਲਈ ਸਾਹਿੱਤਕ ਵਾਕਫੀਅਤ ਦੇ ਪ੍ਰੇਮੀਆਂ ਦੀ ਮਨੋਕਾਮਨਾ ਅਛੀ ਤਰ੍ਹਾਂ ਪੂਰੀ ਨਾ ਹੋਈ। ਇਸ ਦੇ ਬਾਦ ਡਾਕਟਰ ਮੋਹਣ ਸਿੰਘ ਜੀ ਦੀਵਾਨਾ ਨੇ ਅੰਗ੍ਰੇਜ਼ੀ ਵਿਚ ਹਿਸਟਰੀ ਆਫ ਪੰਜਾਬੀ ਲਿਟਰੇਚਰ ਛਪਵਾਈ ਜਿਸ ਪਰ ਉਨ੍ਹਾਂ ਨੂੰ ਪੰਜਾਬ ਯੂਨੀਵਰਸਿਟੀ ਵਲੋਂ "ਡੀ. ਲਿਟ" ਦੀ ਡਿਗਰੀ ਪੇਸ਼ ਕੀਤੀ ਗਈ। ਇਸੇ ਜ਼ਮਾਨੇ ਵਿਚ ਖਾਂ ਸਾਹਬ ਕਾਜ਼ੀ ਫ਼ਜ਼ਲਿ ਹਕ ਐਮ. ਏ. ਨੇ ਕੁਝ ਕਵੀਆਂ ਦੇ ਹਾਲ ਪੰਜਾਬੀ ਦਰਬਾਰ ਵਿਚ ਕਢਵਾਏ। ਸੰਨ ੧੯੩੮ ਵਿਚ ਸਰਦਾਰ ਗੋਪਾਲ ਸਿੰਘ ਦਰਦੀ ਐਮ. ਏ. ਨੇ ਇਕ ਪੁਸਤਕ ਰੋਮਾਂਟਿਕ ਪੰਜਾਬੀ ਕਵੀ ਲਿਖੀ ਹੈ, ਇਹ ਗੁਰਮੁਖੀ ਅਖਰਾਂ ਵਿਚ ਛਪੀ ਹੋਈ ਹੈ।

## ਮਰਕਜ਼ (ਕੇਂਦ੍ਰ) ਅਤੇ ਅਖਰਾਂ ਦਾ ਝਗੜਾ

ਹੁਣ ਅਸੀਂ ਉਨ੍ਹਾਂ ਗੱਲਾਂ ਵਲ ਆਉਂਦੇ ਹਾਂ, ਜਿਨ੍ਹਾਂ ਉਤੇ ਇਹ ਸੋਚਣਾ ਹੈ ਕਿ



Digitized by Panjab Digital Library | www.panjabdigilib.org

ਪੰਜਾਬੀ ਦੀ ਕੇਂਦ੍ਰੀ ਬੋਲੀ ਕਿਹੜੀ ਸਮਝੀ ਜਾਵੇ ਅਤੇ ਕਿਨ੍ਹਾਂ ਅਖਰਾਂ ਵਿਚ ਲਿਖੀ ਜਾਵੇ ? ਪੰਜਾਬ ਪੰਜਾਂ ਦਰਿਆਵਾਂ–ਸਤਲੁਜ, ਬਿਆਸ, ਰਾਵੀ, ਝਨਾਂ ਤੇ ਜੇਹਲਮ, ਪੰਜਾਂ ਬਾਰਾਂ–ਅਰਥਾਤ ਸਾਂਦਲ ਬਾਰ (ਸ਼ੇਖ਼ੂਪੁਰਾ-ਲਾਇਲਪੁਰ), ਨੀਲੀ ਬਾਰ (ਪਾਕਪਟਨ ਆਦਿਕ), ਗੰਜ਼ੀਬਾਰ (ਮਿੰਟਗੁਮਰੀ ਆਦਿਕ), ਕਰਾਨਾ ਬਾਰ (ਝੰਗ ਆਦਿਕ) ਅਤੇ ਥਲ ਬਾਰ (ਸਿੰਧ ਆਦਿਕ) ਅਤੇ ਬਹੁਤ ਕਰ ਕੇ ਪੰਜਾਂ ਬੋਲੀਆਂ ਮਾਝੀ (ਲਾਹੌਰ ਅੰਮ੍ਰਿਤਸਰ), ਪੋਠੋਹਾਰੀ (ਗੁਜਰਾਤ ਜੇਹਲਮ ਆਦਿਕ), ਮਲਵਈ (ਪਟਿਆਲਾ ਫ਼ੀਰੋਜ਼ਪੁਰ ਆਦਿਕ) ਦੁਆਬੀ (ਜਾਲੰਧਰ ਹੁਸ਼ਿਆਰਪੁਰ ਆਦਿਕ) ਅਤੇ ਮੁਲਤਾਨੀ (ਮੁਲਤਾਨ ਬਹਾਵਲ ਪੁਰ ਮੁਜ਼ਫਰ ਗੜ੍ਹ ਆਦਿਕ) ਦਾ ਮਿਲਗੋਭਾ ਹੈ। ਜਿਸ ਤਰ੍ਹਾਂ ਦਰਿਆਵਾਂ ਵਿਚ ਰਾਵੀ ਵਿਚਕਾਰ ਹੈ, ਇਸੇ ਤਰ੍ਹਾਂ ਬਾਰਾਂ ਵਿਚੋਂ ਸਾਂਦਲ ਬਾਰ ਅਰ ਬੋਲੀਆਂ ਵਿਚੋਂ ਮਾਝੀ ਬੋਲੀ ਦਰਮਿਆਨ ਵਿਚ ਹੈ। ਅਰ ਇਹ ਇਕ ਕੁਦਰਤੀ ਜਿਹੀ ਵੰਡ ਹੈ ਜੋ ਜ਼ਬਾਨ ਦੀ ਮਰਕਜ਼ੀਅਤ ਦਾ ਫੈਸਲਾ ਕਰਦੀ ਹੈ। ਬੋਲੀ ਹਮੇਸ਼ਾ ਕੇਂਦਰ ਦੀ ਪਰਵਾਨ ਹੁੰਦੀ ਹੈ ਅਰ ਇਸ ਲਿਹਾਜ਼ ਨਾਲ ਲਾਹੌਰ ਅੰਮ੍ਰਿਤਸਰ ਹੀ ਕੇਂਦ੍ਰੀ ਟਿਕਾਣੇ ਹਨ। ਇਹ ਸ਼ਹਿਰ ਨਾ ਕੇਵਲ ਕੇਂਦ੍ਰ ਵਿਚ ਹਨ ਸਗੋਂ ਇਕ ਰਾਜਸੀ ਸਦਰ ਮੁਕਾਮ ਤੇ ਦੂਜਾ ਤਜਾਰਤੀ ਸਦਰ ਮੁਕਾਮ ਹੈ ਅਤੇ ਇਕ ਦੂਸਰੇ ਦੇ ਲਾਗੇ ਲਾਗੇ ਹਨ। ਲਾਹੌਰ ਸਾਰੇ ਪੰਜਾਬ ਦੀ ਰਾਜਧਾਨੀ ਦਾ ਮੁਕਾਮ ਹੈ। ਇਥੇ ਲਾਟ ਸਾਹਿਬ, ਹਾਈ ਕੋਰਟ ਅਤੇ ਬੇਸ਼ੁਮਾਰ ਕਾਲਜ ਤੇ ਵਿਦਿਆਲੇ ਹਨ। ਇਸੇ ਤਰ੍ਹਾਂ ਅੰਮ੍ਰਿਤਸਰ ਅਨਾਜ ਤੇ ਕਪੜੇ ਦੀ ਇਕ ਭਾਰੀ ਮੰਡੀ ਤੋਂ ਸਿਵਾਇ ਦੂਰ ਦੂਰ ਤੋਂ ਆਉਣ ਵਾਲੇ ਯਾਤਰੂਆਂ ਦਾ ਇਕ ਪ੍ਰਸਿਧ ਦਰਬਾਰ ਸਾਹਬ ਹੈ। ਜਿਨ੍ਹਾਂ ਟਿਕਾਣਿਆਂ ਉੱਤੇ ਪੰਜਾਬ ਦੇ ਹਰ ਹਿੱਸੇ ਤੋਂ ਲੋਕਾਂ ਨੂੰ ਆ ਕੇ ਇਕੱਠੇ ਹੋਣ ਦਾ ਮੌਕਾ ਮਿਲਦਾ ਹੈ, ਉਨ੍ਹਾਂ ਨੂੰ ਆਪੋ ਵਿਚ ਮਿਲ ਕੇ ਖ਼ਿਆਲਾਂ ਤੇ ਲਫ਼ਜ਼ਾਂ ਦਾ ਵਟਾਂਦਰਾ ਕਰਨ ਦਾ ਭਾਰਾ ਵਾਹ ਪੈਂਦਾ ਹੈ। ਲਾਹੌਰ ਵਿਚ ਹਾਈ ਕੋਰਟ ਦੇ ਸਬੱਬ ਦੂਰ ਦੂਰ ਤੋਂ ਅਪੀਲਾਂ ਵਾਲਿਆਂ ਨੂੰ, ਵਡੇ ਵਡੇ ਡਿਗਰੀ ਕਾਲਜ ਹੋਣ ਕਰਕੇ ਤੇ ਕੇਂਦਰੀ ਯੂਨੀਵਰਸਿਟੀ ਕਰਕੇ ਹਰ ਜ਼ਿਲੇ ਵਿਚੋਂ ਸਰਕਾਰੀ ਅਫਸਰਾਂ ਦੇ ਬੱਚਿਆਂ ਨੂੰ, ਅਤੇ ਪੰਜਾਬ ਦੀ ਕਾਨੂਨੀ ਕੌਂਸਲ ਕਰਕੇ ਅਸੰਬਲੀ ਦੇ ਸਾਰੇ ਮੈਂਬਰਾਂ ਨੂੰ ਇਸ ਭਾਰੇ ਸ਼ਹਿਰ ਵਿਚ ਇਕੱਠਿਆਂ ਹੋਣਾ ਪੈਂਦਾ ਹੈ। ਦਫ਼ਤ੍ਰਾਂ ਵਿਚ ਬਾਹਰੋਂ ਆਈ ਬਾਬੂ ਕਲਾਸ ਵੀ ਇਥੇ ਹੀ ਆ ਵਸੀ ਹੈ, ਇਸ ਲਈ ਲਾਹੌਰ ਨੂੰ ਹੀ ਮਰਕਜ਼ ਦਾ ਦਰਜਾ ਆਪਣੇ ਆਪ ਮਿਲ ਗਿਆ ਹੈ। ਅੰਮ੍ਰਿਤਸਰ ਵਿਚ ਭੀ ਦੂਰ ਦੂਰ ਤੋਂ ਵਪਾਰੀ ਲੋਕ ਮਾਲ ਖਰੀਦਣ ਵਾਸਤੇ ਆਉਂਦੇ ਹਨ, ਉਨ੍ਹਾਂ ਨੂੰ ਇਥੋਂ ਦੇ ਵਸਨੀਕਾਂ ਪਾਸੋਂ ਕੁਝ ਸਮਝਣਾ ਪੈਂਦਾ ਹੈ ਕੁਝ ਸਮਝਾਣਾ ਪੈਂਦਾ ਹੈ, ਅੰਮ੍ਰਿਤਸਰ ਦੇ ਸੌਦਾਗਰਾਂ ਨੂੰ ਦੂਜੇ ਸ਼ਹਿਰਾਂ ਵਿਚ ਜਾ ਕੇ ਮਾਲ ਵੇਚਣ ਤੇ ਰੁਪਯਾ ਉਗਰਾਹੁਣ ਵਿਚ ਕਈ ਕਈ ਦਿਨ ਰਹਿਣਾ ਪੈਂਦਾ ਹੈ, ਇਸੇ ਤਰ੍ਹਾਂ ਉਨ੍ਹਾਂ ਸ਼ਹਿਰਾਂ ਤੋਂ ਮਾਲਦਾਰ ਲੋਕਾਂ ਨੂੰ ਅੰਮ੍ਰਿਤਸਰ ਵਿਚ ਆ ਕੇ ਆੜ੍ਹਤਾਂ ਜਮਾਉਣੀਆਂ ਪੈਂਦੀਆਂ ਹਨ। ਇਨ੍ਹਾਂ ਸਾਰੀਆਂ ਸਹੂਲਤਾਂ ਨੇ ਲਾਹੌਰ ਅੰਮ੍ਰਿਤਸਰ ਨੂੰ ਇਕ ਪੱਕਾ ਅੱਡਾ ਬਣਾ ਦਿਤਾ ਹੈ ਅਤੇ ਇਨ੍ਹਾਂ ਥਾਵਾਂ ਦੀਆਂ ਬੋਲੀਆਂ ਨੂੰ ਯੂਨੀਵਰਸ (ਸਰਬ ਪ੍ਰਵਾਨਗੀ) ਦਾ ਦਰਜਾ ਦੇ ਦਿਤਾ ਹੈ। ਹੁਣ ਇਸ ਗਲ



Digitized by Panjab Digital Library | www.panjabdigilib.org

ਵਿਚ ਕਿਸੇ ਸ਼ਕ ਸ਼ੁਬਹੇ ਦੀ ਗੁੰਜਾਇਸ਼ ਨਹੀਂ ਛਡੀ, ਕਿ ਲਾਹੌਰ ਅੰਮ੍ਰਿਤਸਰ ਦੀ ਬੋਲੀ ਹੀ ਪੰਜਾਬ ਦੀ ਕੇਂਦ੍ਰੀ ਜ਼ਬਾਨ ਹੈ। ਇਨ੍ਹਾਂ ਦੁਹਾਂ ਸ਼ਹਿਰਾਂ ਵਿਚ ਤਾਲੀਮੀ, ਭਾਈਚਾਰਕ ਤੇ ਧਾਰਮਕ ਪਰਚਾਰ ਲਈ ਬੜੇ ਬੜੇ ਛਾਪੇ ਖਾਨਿਆਂ ਅਤੇ ਪੁਸਤਕ ਭੰਡਾਰਾਂ ਦੀ ਹੋਂਦ ਨੇ ਪੰਜਾਬੀ ਬੋਲੀ ਨੂੰ ਕਿਤਾਬਾਂ ਦੇ ਰਾਹੀਂ ਪੰਜਾਬ ਦੇ ਚੱਪੇ ਚੱਪੇ ਵਿਚ ਇਕ ਰੂਪ ਕਰ ਦਿਤਾ ਹੈ। ਲਾਹੌਰ ਅਮ੍ਰਿਤਸਰ ਦੇ ਨਾਲ ਲਗਦੇ ਗੁਰਦਾਸ ਪੁਰ, ਗੁਜਰਾਂਵਾਲਾ, ਫੀਰੋਜ਼ਪੁਰ, ਲਾਇਲ ਪੁਰ, ਜਾਲੰਧਰ, ਲੁਦਿਹਾਣੇ ਦੀਆਂ ਬੋਲੀਆਂ ਵਿਚ ਤਾਂ ਕੋਈ ਭਿੰਨ-ਭੇਤ ਬਾਕੀ ਨਹੀਂ ਰਿਹਾ, ਪਰ ਜ਼ਰਾ ਹੋਰ ਪਰੇ ਹੋ ਕੇ ਭੀ ਲਾਹੌਰ ਅਮ੍ਰਿਤਸਰ ਦੀ ਬੋਲੀ ਨੂੰ ਕੋਈ ਓਪਰੀ ਨਹੀਂ ਸਮਝਦਾ। ਇਹ ਇਕ ਸਾਂਝੀ ਕੁਠਿਆਲੀ ਹੈ ਜਿਸ ਵਿਚ ਤਰ੍ਹਾਂ ਤਰ੍ਹਾਂ ਦੀਆਂ ਬੋਲੀਆਂ ਮੇਲ ਜੋਲ ਕੇ ਢਾਲੀਆਂ ਜਾਂਦੀਆਂ ਹਨ। ਸੋ ਬੋਲੀ ਦਾ ਸਵਾਲ ਹੁਣ ਕਿਸੇ ਹੋਰ ਹਲ ਦਾ ਮੁਹਤਾਜ ਨਹੀਂ ਰਿਹਾ, ਹਾਂ ਅਖਰਾਂ ਦਾ ਝਗੜਾ ਹੈ, ਸੋ ਉਸਦਾ ਫ਼ੈਸਲਾ ਸਮੇਂ ਦੇ ਹਥ ਵਿਚ ਹੈ ਜਾਂ ਕੁਦਰਤ ਦੇ ਹਥ ਵਿਚ। ਜੇ ਹਿੰਦੀ ਉਰਦੂ ਅਖਰਾਂ ਦਾ ਨਬੇੜਾ ਹੋ ਗਿਆ ਤਾਂ ਸ਼ਾਇਦ ਗੁਰਮੁਖੀ ਫ਼ਾਰਸੀ ਅਖਰਾਂ ਦਾ ਨਬੇੜਾ ਭੀ ਹੋ ਜਾਏ ਅਤੇ ਕੀ ਅਜਬ ਹੈ ਜੇ ਅੰਗ੍ਰੇਜ਼ੀ ਦਾ ਵਰਤਾਉ ਵਧ ਜਾਣ ਨਾਲ ਪੰਜਾਬੀ ਨੂੰ ਭੀ ਰੋਮਨ ਅਖਰ ਵਰਤਣੇ ਪੈ ਜਾਣ।

ਇਸ ਵਿਚ ਕੋਈ ਸ਼ਕ ਨਹੀਂ ਕਿ ਮੁਸਲਮਾਨ ਕਰੀਬਨ ਸਾਰੇ ਦੇ ਸਾਰੇ ਸ਼ੁਰੂ ਤੋਂ ਫਾਰਸੀ ਅਖਰਾਂ ਨਾਲ ਉਰਦੂ ਵਿਚ ਹੀ ਲਿਖਦੇ ਪੜ੍ਹਦੇ ਆਏ ਹਨ। ਪੰਜਾਬ ਦੇ ਈਸਾਈ ਤੇ ਹਿੰਦੂ ਅਧਿਆਂ ਤੋਂ ਵਧੀਕ ਉਰਦੂ ਅਖਰਾਂ ਨੂੰ ਲਿਖਦੇ ਪੜ੍ਹਦੇ ਹਨ ਅਤੇ ਉਰਦੂ ਇਸ ਵੇਲੇ ਪੰਜਾਬ ਤੇ ਹਿੰਦੁਸਤਾਨ ਤੋਂ ਸਿਵਾਇ ਦੁਨੀਆ ਦੇ ਹਰ ਹਿਸੇ ਵਿਚ ਥੋੜੀ ਬਹੁਤ ਸਮਝੀ ਜਾ ਰਹੀ ਹੈ। ਇਸਦੇ ਲਿਖਣ ਢੰਗ ਦਾ ਇਕ ਲਾਭ ਇਹ ਭੀ ਹੈ ਕਿ ਪੰਜਾਬ ਤੋਂ ਬਾਹਰ ਦੂਜੇ ਸੂਬਿਆਂ ਅਤੇ ਦੇਸਾਂ ਦੇ ਲਿਟਰੇਚਰ ਤੋਂ ਭੀ ਲਾਭ ਲਿਆ ਜਾ ਸਕਦਾ ਹੈ। ਹਿੰਦੁਸਤਾਨ ਦੇ ੩੮ ਕਰੋੜ ਵਸਨੀਕਾਂ ਵਿਚੋਂ ਕਰੀਬ ੨੫ ਕਰੋੜ ਆਦਮੀ ਵਿਚ ਉਰਦੂ ਵਰਤਿਆ ਜਾਂਦਾ ਹੈ; ਪਰ ਇਸ ਵਿਚ ਇਕ ਨੁਕਸ ਹੈ ਕਿ ਪੰਜਾਬੀ ਬੋਲੀ ਦੀਆਂ ਅਵਾਜ਼ਾਂ ਨੂੰ ਸਹੀ ਤੌਰ ਤੇ ਅਦਾ ਨਹੀਂ ਕੀਤਾ ਜਾ ਸਕਦਾ ਅਰ ਜੇ ਉਨ੍ਹਾਂ ਅਵਾਜ਼ਾਂ ਨੂੰ ਅਦਾ ਕਰਨ ਦਾ ਜਤਨ ਕੀਤਾ ਜਾਏ ਤਾਂ ਪੂਰੀ ਕਾਮਯਾਬੀ ਨਹੀਂ ਹੁੰਦੀ। ਲਿਖਣ ਸ਼ੈਲੀ ਦਾ ਦੂਜਾ ਢੰਗ ਗੁਰਮੁਖੀ ਅਖਰ ਹਨ। ਇਸ ਵਿਚ ਕੋਈ ਸ਼ਕ ਨਹੀਂ ਕਿ ਗੁਰਮੁਖੀ ਅਖਰਾਂ ਦਾ ਵਰਤਾਓ ਪੰਜਾਬੀ ਬੋਲੀ ਵਾਸਤੇ ਬੜਾ ਸੁਖਾਲਾ ਤੇ ਆਮ ਫਹਿਮ ਹੈ ਇਸ ਵਿਚ ਪਦਜੋੜ ਚੰਗੀ ਤਰ੍ਹਾਂ ਬਣਾਏ ਜਾ ਸਕਦੇ ਹਨ ਤੇ ਅਵਾਜ਼ਾਂ ਪੰਜਾਬੀ ਦੇ ਲਹਿਜੇ ਮੁਤਾਬਕ ਨਕਲ ਕੀਤੀਆਂ ਜਾ ਸਕਦੀਆਂ ਹਨ; ਪਰ ਦੋ ਨੁਕਸ ਇਸ ਵਿਚ ਭੀ ਹਨ: ਇਕ ਇਹ ਕਿ ਗੁਰਮੁਖੀ ਅਖਰ ਸਿਰਫ ਪੰਜਾਬ ਵਿਚ ਹੀ ਲਿਖੇ ਪੜ੍ਹੇ ਜਾਂਦੇ ਹਨ, ਦੂਜੇ ਸੂਬਿਆਂ ਵਾਸਤੇ ਐਸੇ ਹੀ ਓਪਰੇ ਹਨ, ਜੈਸੇ ਪੰਜਾਬੀਆਂ ਵਾਸਤੇ ਗੁਜਰਾਤੀ ਜਾਂ ਬੰਗਾਲੀ, ਅਥਵਾ ਉਰਦੂ ਵਾਲਿਆਂ ਵਾਸਤੇ ਸਿੰਧੀ। ਦੂਸਰੇ ਖ਼ੁਦ ਪੰਜਾਬ ਦੀ ਅਕਸਰੀਅਤ ਨਾਲ ਮੁਕਾਬਲਾ ਹੈ। ਜੇ ਇਹ ਮੰਨ ਭੀ ਲਿਆ ਜਾਵੇ ਕਿ ਇਹ ਬੜੀ ਸੁਖਾਲੀ ਹੈ ਅਤੇ ਕੋਸ਼ਸ਼ ਕਰਨ ਨਾਲ ਪੰਜਾਬ ਵਾਲਿਆਂ ਨੂੰ ਇਕ ਦਿਨ ਵਿਚ ਆ ਸਕਦੀ ਹੈ, ਪਰ ਵਡੇ ਭਾਰੇ ਮਤਭੇਦ ਦੀ ਤਹਿ ਹੇਠ ਮਜ਼੍ਹਬਾਂ ਦਾ ਨਖੇੜ ਹੈ। ਮੁਸਲਮਾਨੀ



Digitized by Panjab Digital Library | www.panjabdigilib.org

ਲਿਖਣ ਦਾ ਢੰਗ ਸਜੇ ਤੋਂ ਖਬੇ ਹਥ ਦਾ ਹੈ ਤੇ ਹਿੰਦੂਆਂ ਸਿਖਾਂ ਦਾ ਖਬਿਓਂ ਸਜੇ ਵਲ ਦਾ। ਮੁਸਲਮਾਨ ਜੋ ਬਹੁਗਿਣਤੀ ਵਿਚ ਹਨ ਅਤੇ ਸਦੀਆਂ ਤੋਂ ਆਪਣੇ ਢੰਗ ਨਾਲ ਲਿਖਦੇ ਪੜ੍ਹਦੇ ਆਏ ਹਨ, ਗੁਰਮੁਖੀ ਅਖਰਾਂ ਵਲ ਧਿਆਨ ਦੇਣ ਨੂੰ ਭੀ ਵਾਧੂ ਜਿਹਾ ਭਾਰ ਸਮਝਦੇ ਹਨ। ਈਸਾਈ ਤੇ ਅੰਗ੍ਰੇਜ਼ ਹਿੰਦੁਸਤਾਨੀ ਬੋਲੀ ਨੂੰ ਬੜੇ ਆਰਾਮ ਨਾਲ ਰੋਮਨ ਅਖਰਾਂ ਵਿਚ ਪੜ੍ਹ ਲੈਂਦੇ ਹਨ; ਪਰ ਮੁਸਲਮਾਨ ਗੁਰਮੁਖੀ ਵਰਗੇ ਸੁਖਾਲੇ ਅਖਰ ਭੀ ਪਰਵਾਨ ਕਰਨ ਨੂੰ ਤਿਆਰ ਨਹੀਂ। ਇਸ ਤੋਂ ਪਤਾ ਲਗਦਾ ਹੈ ਕਿ ਮਜ਼੍ਹਬੀ ਮਤ ਭੇਦ ਹੀ ਸਾਨੂੰ ਇਕ ਥਾਂ ਤੇ ਬੈਠਣ ਨਹੀਂ ਦੇਂਦਾ। ਇਸੇ ਕਰਕੇ ਇਹ ਕਹਿਣਾ ਪੈਂਦਾ ਹੈ ਕਿ ਇਸ ਝਗੜੇ ਦਾ ਨਬੇੜਾ ਸਮੇਂ ਦੇ ਹਥ ਵਿਚ ਹੈ। ਜਦੋਂ ਸਾਡੇ ਧਾਰਮਕ ਮਤ ਭੇਦ ਹਟ ਜਾਣਗੇ ਤਾਂ ਅਖਰਾਂ ਦਾ ਸਵਾਲ ਚੰਦ ਦਿਨਾਂ ਵਿਚ ਹਟ ਜਾਏਗਾ। ਵੈਸੇ ਇਹ ਕੋਈ ਐਡਾ ਔਖਾ ਸਵਾਲ ਨਹੀਂ। ਵਾਜਬ ਹੈ ਕਿ ਇਸ ਮਤ ਭੇਦ ਨੂੰ ਮਿਟਾਣ ਵਾਸਤੇ ਕੁਝ ਬੇ-ਤਅਸਬ ਵਿਦਵਾਨਾਂ ਦੀ ਕਾਨਫਰੰਸ ਕੀਤੀ ਜਾਏ, ਜਿਸ ਦੇ ਹਥ ਵਿਚ ਪੰਜਾਬੀ ਦੇ ਅਖਰਾਂ ਦਾ ਫੈਸਲਾ ਅਤੇ ਨਵੀਂ ਗ੍ਰਾਮਰ ਤੇ ਪਿੰਗਲ ਬਣਾਉਣ ਦਾ ਅਖਤਿਆਰ ਹੋਵੇ ਅਤੇ ਉਹ ਪੰਜਾਬੀ ਨੂੰ ਗਲਤੀਆਂ ਤੋਂ ਭੀ ਸਾਫ ਕਰੇ।

## ਪੰਜਾਬੀ ਸ਼ਾਇਰੀ (ਕਵਿਤਾ)

ਪਿਛੇ ਦਸਿਆ ਜਾ ਚੁਕਾ ਹੈ ਕਿ ਪੰਜਾਬੀ ਬੋਲੀ ਵੇਦਕ ਜ਼ਮਾਨੇ ਤੋਂ ਤੁਰਕੇ ਕਈ ਤਰ੍ਹਾਂ ਦੇ ਚੋਲੇ ਬਦਲਦੀ ਹੁਣ ਵਾਲੇ ਰੂਪ ਵਿਚ ਆਈ ਹੈ। ਇਕ ਵਕਤ ਐਸਾ ਸੀ ਕਿ ਰਿਸ਼ੀ ਲੋਕ ਪੰਜਾਬ ਦੇ ਉਤ੍ਰ-ਪਛਮ ਵਿਚ ਬੈਠ ਕੇ ਵੇਦਕ ਰਚਨਾਵਾਂ ਪੜ੍ਹਦੇ ਤੇ ਹਵਨ ਯਗ ਕਰਦੇ ਸਨ। ਉਸੇ ਇਲਾਕੇ ਵਿਚ ਟੈਕਸਲਾ ਵਿਸ਼੍ਵ ਵਿਦਯਾਲਯ ਦੀ ਨੀਂਹ ਰਖੀ ਗਈ। ਟੈਕਸਲਾ ਦੀ ਖੁਦਾਈ ਵਿਚ ਜੋ ਨਵੀਆਂ ਗਲਾਂ ਲੱਭੀਆਂ ਹਨ ਉਨ੍ਹਾਂ ਤੋਂ ਪਤਾ ਲਗਦਾ ਹੈ, ਕਿ ਬੁਧ ਮਤ ਦਾ ਸਭ ਤੋਂ ਵਡਾ ਗੜ੍ਹ ਪੰਜਾਬ ਵਿਚ ਸੀ। ਬ੍ਰਾਹਮਣੀ ਮਤ ਨੇ ਕੁਝ ਸਦੀਆਂ ਸੁਤੇ ਰਹਿ ਕੇ ਫੇਰ ਆਪਣਾ ਗ਼ਲਬਾ ਪੈਦਾ ਕੀਤਾ। ਪੰਜਾਬ ਤੋਂ ਅਗੇ ਨਿਕਲ ਕੇ ਗੰਗਾ ਦੇ ਤੱਟ ਤਕ ਅਪੜ ਗਏ। ਇਹ ਐਸੀ ਸੁਹਾਵਣੀ ਤੇ ਪੈਦਾਵਾਰ ਦੇਣ ਵਾਲੀ ਨਦੀ ਸੀ ਕਿ ਵੇਦਕ ਪ੍ਰਚਾਰ ਦਾ ਪ੍ਰਵਾਹ ਇਸੇ ਦੇ ਕੰਢੇ ਕੰਢੇ ਤੁਰਿਆ ਗਿਆ। ਹਰਿਦ੍ਵਾਰ, ਗੜ੍ਹ ਮੁਕਤੇਸ੍ਵਰ, ਕਾਨਪੁਰ, ਪ੍ਰਯਾਗ ਰਾਜ (ਅਲਾਹਾਬਾਦ), ਕਾਂਸ਼ੀ (ਬਨਾਰਸ), ਪਟਨਾ (ਪਾਟਲੀਪੁਤ੍ਰ), ਇਧਰੋਂ ਜਮਨਾ ਦੇ ਕਿਨਾਰੇ ਦਿੱਲੀ, ਮਥੁਰਾ, ਆਗਰਾ ਆਦਿਕ ਤੇ ਉਧਰੋਂ ਅਯੋਧਯਾ ਆਦਿਕ ਥਾਵਾਂ ਨੂੰ ਬੜੇ ਬੜੇ ਧਾਰਮਕ ਤੇ ਵਿਦਅਕ ਕੇਂਦ੍ਰ ਕਾਇਮ ਕੀਤਾ ਗਿਆ। ਇਨ੍ਹਾਂ ਕੇਂਦ੍ਰੀ ਸਥਾਨਾਂ ਵਿਚੋਂ ਮਥੁਰਾ ਦਾ ਜ਼ਿਕਰ ਖਾਸ ਕਰਕੇ ਜ਼ਰੂਰੀ ਜਾਪਦਾ ਹੈ ਕਿਉਂਕਿ ਇਸੇ ਦੇ ਪਾਸ ਬ੍ਰਿਜ ਮੰਡਲ ੮੪ ਪਿੰਡਾਂ ਦੇ ਘੇਰੇ ਵਿਚ ਵਾਕਿਆ ਹੈ ਅਤੇ ਸ੍ਰੀ ਕ੍ਰਿਸ਼ਨ ਦਾ ਜਨਮ, ਕੁਮਾਰ ਅਵਸਥਾ ਅਤੇ ਜਵਾਨ ਹੋਣ ਦਾ ਵੇਲਾ ਇਥੇ ਹੀ ਜਮਨਾ ਦੇ ਕਿਨਾਰੇ ਆਇਆ ਸੀ। ਕ੍ਰਿਸ਼ਨ ਭਗਤੀ ਦਾ ਜ਼ੋਰ ਇੰਨਾ ਵਧਿਆ ਕਿ ਕਵਿਤਾ ਦਾ ਵਹਾਉ ਪੰਜਾਬੀ ਵਲੋਂ ਬ੍ਰਿਜ ਭਾਸ਼ਾ ਵਲ



Digitized by Panjab Digital Library | www.panjabdigilib.org

ਪਹੁੰਚ ਗਿਆ। ਬ੍ਰਿਜ ਭਾਸ਼ਾ ਨੇ ਕਵਿਤਾ ਵਿਚ ਉਹ ਉਹ ਫੁੱਲ ਖਿੜਾਏ, ਕਿ ਉਸ ਦਾ ਅਸਰ ਹੌਲੀ ਹੌਲੀ ਪੰਜਾਬ ਵਿਚ ਭੀ ਅੱਪੜ ਗਿਆ। ਸੂਰਦਾਸ ਤੇ ਮੀਰਾਂ ਬਾਈ ਦੇ ਭਜਨ ਪੰਜਾਬੀ ਦੇ ਹੱਡਾਂ ਵਿਚ ਰਚ ਗਏ। ਸਮੇਂ ਦੇ ਹੇਰ ਫੇਰ ਨੇ ਪੰਜਾਬੀ ਨੂੰ ਹਿੰਦੀ ਮਿਸ੍ਰਤ ਬਣਾ ਦਿਤਾ। ਸਿੱਖ ਗੁਰੂ ਸਾਹਿਬਾਨ ਦੀ ਬਾਣੀ ਅਤੇ ਭਗਤਾਂ ਦੀ ਬਾਣੀ ਤੋਂ ਇਹ ਰੰਗ ਗੁੱਝਾ ਨਹੀਂ ਰਹਿੰਦਾ। ਅਗੇ ਆ ਕੇ ਪੰਜਾਬੀ ਦੀ ਸਾਹਿੱਤ ਧਾਰਾ ਦੇ ਦੋ ਵਹਿਣ ਹੋ ਗਏ, ਇਕ ਬ੍ਰਿਜਭਾਸ਼ਾ ਮਿਸ੍ਰਤ ਤੇ ਦੂਜੀ ਅਰਬੀ ਫ਼ਾਰਸੀ ਮਿਸ੍ਰਤ। ਇਨ੍ਹਾਂ ਦੁਹਾਂ ਵਹਾਵਾਂ ਦਾ ਰੁਖ਼ ਵਖ ਵਖ ਪਾਸੇ ਨੂੰ ਜਾਂਦਾ ਹੈ।

## ਮਿਸ੍ਰਤ ਪੰਜਾਬੀ ਸ਼ਾਇਰੀ

ਜਿਹੜੇ ਲੋਕ ਸੰਸਕ੍ਰਿਤ ਵੇਤਾ ਸਨ ਉਨ੍ਹਾਂ ਨੇ ਇਸ ਦੇ ਵਿਆਕਰਣ ਤੇ ਪਿੰਗਲ ਹਿੰਦੀ ਸੰਸਕ੍ਰਿਤ ਤੋਂ ਹੀ ਲੈ ਕੇ ਬਣਾਏ। ਉਸੇ ਅਨੁਸਾਰ ਰਸ, ਅਲੰਕਾਰ, ਨਾਇਕਾ ਭੇਦ ਆਦਿਕ ਤੋਂ ਕੰਮ ਲਿਆ। ਛੰਦ ਰਚਨਾ ਵਿਚ ਗਣ ਵਰਣ ਤੇ ਮਾਤ੍ਰਾ ਦੀ ਵੰਡ ਕੀਤੀ। ਇਨ੍ਹਾਂ ਰਸਾਂ, ਅਲੰਕਾਰਾਂ ਤੇ ਵਰਣਾਂ ਮਾਤ੍ਰਾਂ ਦੇ ਗਿਆਨ ਤੋਂ ਬਗ਼ੈਰ ਪੰਜਾਬੀ ਨੂੰ ਹਿੰਦੀ ਅਸੂਲਾਂ ਉਤੇ ਲਿਖਣਾ ਇਕ ਮਖ਼ੌਲ ਜਿਹਾ ਬਣ ਜਾਂਦਾ ਹੈ।

(੨) ਮੁਸਲਮਾਨ ਸ਼ਾਇਰਾਂ ਨੇ ਪੰਜਾਬੀ ਬੋਲੀ ਵਿਚ ਬੇ ਅੰਦਾਜ਼ਾ ਲਿਟਰੇਚਰ ਪੈਦਾ ਕੀਤਾ, ਪਰ ਉਨ੍ਹਾਂ ਦੇ ਖ਼ਿਆਲ ਦਾ ਵਹਾਉ ਅਰਬੀ ਫ਼ਾਰਸੀ ਦੇ ਅਰੂਜ਼ੀ ਇਲਮ ਵਲ ਸੀ। ਉਨ੍ਹਾਂ ਨੇ ਹਿੰਦੀ ਤ੍ਰੀਕੇ ਨੂੰ ਮੁਤਾਲਿਆ ਕੀਤੇ ਬਗ਼ੈਰ ਹੀ ਆਪਣੀ ਲਾਈਨ ਬਹਿਰਾਂ ਦੇ ਸਿਰ ਤੇ ਚਲਾ ਦਿੱਤੀ। ਜੇ ਇਸ ਵੇਲੇ ਦੋਹਾਂ ਰਾਹਾਂ ਦੇ ਵਿਦਵਾਨ ਕਵੀਆਂ ਨੂੰ ਆਪੋ ਵਿਚ ਬੈਠ ਕੇ ਸਮਝਣ ਸਮਝਾਣ ਲਈ ਕਿਹਾ ਜਾਵੇ, ਤਦ ਨਾ ਤਾਂ ਛੇਤੀ ਨਾਲ ਸਮਝ ਪਏਗੀ ਅਤੇ ਨਾ ਹੀ ਕੋਈ ਇਕ ਦੂਸਰੇ ਦੇ ਤ੍ਰੀਕੇ ਨੂੰ ਆਪਣੇ ਸੰਘ ਵਿਚ ਉਤਾਰਨ ਲਈ ਤਿਆਰ ਹੋਵੇਗਾ। ਜਿਸ ਤਰ੍ਹਾਂ ਉਰਦੂ ਹਿੰਦੀ ਵਿਚ ਪੂਰਬ ਪੱਛਮ ਦਾ ਪਾੜਾ ਹੈ, ਉਸੇ ਤਰ੍ਹਾਂ ਗੁਰਮੁਖੀ ਤੇ ਉਰਦੂ ਅੱਖਰਾਂ ਤੇ ਉਨ੍ਹਾਂ ਦੇ ਪਿੰਗਲ ਵਿਆਕਰਨਾਂ ਵਿਚ ਜ਼ਮੀਨ ਅਸਮਾਨ ਦਾ ਫ਼ਰਕ ਮੁਦਤ ਤੋਂ ਚਲਾ ਆ ਰਿਹਾ ਹੈ। ਇਨ੍ਹਾਂ ਦੁਹਾਂ ਫ਼ਰਕਾਂ ਨੂੰ ਮਿਟਾਉਣਾ ਆਸਾਨ ਕੰਮ ਨਹੀਂ। ਦੋਹਾਂ ਖ਼ਿਆਲਾਂ ਦੇ ਵਿਦਵਾਨਾਂ ਨੂੰ ਚੋਖਾ ਚਿਰ ਸਾਂਝੀ ਕਾਨਫ਼ਰੰਸ ਕਰਨ ਦੀ ਬੜੀ ਭਾਰੀ ਲੋੜ ਹੈ।

## ਨਵੀਨ ਸ਼ਾਇਰੀ

ਪਿੰਗਲ ਤੇ ਅਰੂਜ ਭਾਵੇਂ ਤੁਰੇ ਰਹਿਣ ਯਾ ਖਲੋ ਜਾਣ, ਆਪੋ ਵਿਚ ਸਮਝੌਤਾ ਕਰਨ ਯਾ ਨਾ ਕਰਨ, ਪਰ ਜ਼ਮਾਨੇ ਨੇ ਕਦੇ ਨਹੀਂ ਖਲੋਣਾ। ਅਸੀਂ ਹਾਲੇ ਇਨ੍ਹਾਂ ਮੁਸ਼ਕਲਾਂ ਨੂੰ ਹਲ ਕਰਨ ਦੇ ਰਸਤੇ ਹੀ ਸੋਚ ਰਹੇ ਸਾਂ, ਕਿ ਜ਼ਮਾਨੇ ਨੇ ਇਕ ਨਵਾਂ ਰੰਗ ਪੈਦਾ ਕਰ ਦਿਤਾ ਹੈ। ਉਹ ਰੰਗ ਨਾ ਆਪਣੇ ਗਲ ਪਿੰਗਲ ਦੀਆਂ ਪਾਬੰਦੀਆਂ ਪਾਉਣ ਨੂੰ ਤਿਆਰ ਜਾਪਦਾ ਹੈ, ਤੇ ਨਾ ਅਰੂਜ਼ ਦੇ ਬੰਧਨਾਂ ਨੂੰ ਮੰਨਦਾ ਹੈ। ਉਨ੍ਹਾਂ ਨੇ



Digitized by Panjab Digital Library | www.panjabdigilib.org

ਨਸਰ ਅਤੇ ਨਜ਼ਮ ਦੁਹਾਂ ਦੇ ਵਿਚਕਾਰ ਇਕ ਬੇ ਵਜ਼ਨ ਤੇ ਬੇਕਾਫ਼ੀਆ ਸ਼ਾਇਰੀ ਲਿਖਣੀ ਅਰੰਭ ਦਿਤੀ ਹੈ। ਇਸ ਨਵੀਂ ਸ਼ਾਇਰੀ ਦਾ ਬੀਜ ਅੰਗ੍ਰੇਜ਼ੀ ਦੀ ਬਲੈਂਕ ਵਰਸ ਤੋਂ ਉਧਾਰਾ ਲੀਤਾ ਗਿਆ ਹੈ। ਇਸ ਦਾ ਪਹਿਲਾ ਮੋਢੀ ਪ੍ਰੋਫ਼ੈਸਰ ਪੂਰਨ ਸਿੰਘ ਤੇ ਉਸ ਦੇ ਪੈਰੋਕਾਰ ਡਾਕਟਰ ਦੀਵਾਨ ਸਿੰਘ, ਪ੍ਰੋਫ਼ੈਸਰ ਮੋਹਣ ਸਿੰਘ, ਡਾਕਟਰ ਮੋਹਨ ਸਿੰਘ 'ਦੀਵਾਨਾ', ਅਤੇ ਪ੍ਰੋਫ਼ੈਸਰ ਗੋਪਾਲ ਸਿੰਘ 'ਦਰਦੀ' ਜੈਸੇ ਸਕਾਲਰ ਹਨ। ਇਸ ਸ਼ਾਇਰੀ ਨੂੰ ਭੀ ਹੁਣ ਕਾਫ਼ੀ ਪਸੰਦ ਕੀਤਾ ਜਾ ਰਿਹਾ ਹੈ; ਕਿਉਂਕਿ ਇਨ੍ਹਾਂ ਵਿਚ ਜਜ਼ਬਾਤੀ ਤਸਵੀਰ ਛੇਤੀ ਤਿਆਰ ਹੋ ਸਕਦੀ ਹੈ ਤੇ ਕਾਫ਼ੀਆਂ ਰਦੀਫ਼ਾਂ ਦੀ ਢੂੰਡ ਭਾਲ ਲਈ ਕੀਮਤੀ ਵਕਤ ਦੀ ਬਰਬਾਦੀ ਸਮਝਿਆ ਜਾਂਦਾ ਹੈ। ਹੋ ਸਕਦਾ ਹੈ ਕਿ ਇਸ ਨਵੀਂ ਬੂਟੀ ਦੀਆਂ ਜੜ੍ਹਾਂ ਭੀ ਸੁੱਕੀ ਧਰਤੀ ਉਤੇ ਹੀ ਖਿਲਰ ਜਾਣ ਤੇ ਦੁਨੀਆਂ ਨੂੰ ਪੱਛਮ ਤੋਂ ਆਏ ਖ਼ਿਆਲਾਂ ਦਾ ਸੁਆਦ ਪੰਜਾਬੀ ਬੋਲੀ ਵਿਚ ਮਿਲ ਜਾਵੇ, ਜਿਸ ਤਰ੍ਹਾਂ ਕਿ ਗੁਰਮੁਖੀ ਉਰਦੂ ਅੱਖਰਾਂ ਦੇ ਥਾਂ ਤੇ ਰੋਮਨ ਅੱਖਰਾਂ ਦਾ ਖ਼ਿਆਲ ਜੜ੍ਹ ਪਕੜ ਰਿਹਾ ਹੈ।

ਇਨ੍ਹਾਂ ਨਵੇਂ ਖ਼ਿਆਲਾਂ ਦੀ ਕਵਿਤਾ ਨੂੰ ਜੋ ਮਕਬੂਲੀਅਤ ਮਿਲ ਰਹੀ ਹੈ, ਉਸ ਦੇ ਦੋ ਕਾਰਣ ਹਨ। ਇਕ ਇਹ ਕਿ ਪਹਿਲੀ ਹਿੰਦੀ ਕਵਿਤਾ ਵਿਚ ਇਸਤ੍ਰੀ ਵਲੋਂ ਮਰਦ ਵਲ ਪ੍ਰੇਮ ਦਰਸਾਇਆ ਜਾਂਦਾ ਸੀ ਅਤੇ ਫ਼ਾਰਸੀ ਉਰਦੂ ਯਾ ਉਰਦੂ ਫ਼ਾਰਸੀ ਨੁਮਾ ਪੰਜਾਬੀ ਵਿਚ ਮਰਦ ਵਲੋਂ ਮਰਦ ਵਲ ਪ੍ਰੇਮ ਦੀ ਖਿਚ ਪੈਂਦੀ ਸੀ ਪਰ ਮਗ਼ਰਬੀ ਸ਼ਾਇਰੀ ਵਿਚ ਮਰਦ ਵਲੋਂ ਔਰਤ ਨਾਲ ਪ੍ਰੇਮ ਜ਼ਾਹਰ ਕੀਤਾ ਜਾਂਦਾ ਹੈ, ਅਤੇ ਇਹ ਪ੍ਰੇਮ ਕੁਦਰਤ ਦੀ ਰੁਚੀ ਦੇ ਐਨ ਮੁਤਾਬਕ ਭੀ ਹੈ। ਦੂਸਰਾ ਕਾਰਣ ਹਿੰਦੁ-ਸਤਾਨ ਵਿਚ ਅੰਗ੍ਰੇਜ਼ੀ ਵਿਦਯਾ ਦਾ ਰੁਜਹਾਨ ਆਲਮਗੀਰ ਹੁੰਦਾ ਜਾਂਦਾ ਹੈ। ਅੰਗ੍ਰੇਜ਼ੀ ਦੇ ਵਿਦਵਾਨ ਸਾਡੇ ਢਿੱਲੜ ਕਵੀਆਂ ਵਾਂਗ ਇਕੋ ਟਿਕਾਣੇ ਤੇ ਬੈਠੇ ਨਹੀਂ ਰਹਿੰਦੇ ਸਗੋਂ ਇੰਗਲੈਂਡ, ਫ਼ਰਾਂਸ, ਜਰਮਨੀ, ਅਮ੍ਰੀਕਾ ਦੇ ਮੈਗਜ਼ੀਨਾਂ ਤੇ ਕਿਤਾਬਾਂ ਵਿਚੋਂ ਨਵੇਂ ਤੋਂ ਨਵੇਂ ਖ਼ਿਆਲਾਂ ਦੀ ਪ੍ਰੇਰਣਾ ਲੈ ਲੈ ਕੇ ਪੜ੍ਹੇ ਲਿਖੇ ਵਿਦਵਾਨਾਂ ਦੇ ਸਾਹਮਣੇ ਆਪਣੀ ਦੇਸੀ ਬੋਲੀ ਵਿਚ ਪੇਸ਼ ਕਰਨ ਲਗ ਪਏ ਹਨ। ਇਨ੍ਹਾਂ ਨਵੇਂ ਖ਼ਿਆਲਾਂ ਦੇ ਅੰਦਰ ਕੇਵਲ ਇਸ਼ਕੀਆ ਜਜ਼ਬਾ ਹੀ ਨਹੀਂ ਹੁੰਦਾ, ਸਗੋਂ ਮਨੁਖ ਤੀਵੀਂ ਦਾ ਕੁਦਰਤੀ ਪਿਆਰ, ਕੁਦਰਤ ਦੇ ਨਜ਼ਾਰੇ, ਦਰਯਾਵਾਂ, ਪਰਬਤਾਂ, ਸੀਨਰੀਆਂ ਆਦਿਕ ਦੇ, ਸਮਾਜ ਵਿਚ ਪਿਆਰ ਤੇ ਉਚਿਆਂ ਹੋਣ ਦੇ ਜਜ਼ਬੇ ਅਤੇ ਮਨੁੱਖਤਾ ਦਾ ਹੋਰਨਾਂ ਦੇ ਕੰਮ ਆਉਣ ਦਾ ਸ਼ੌਕ ਅੰਗਿਆ ਜਾਂਦਾ ਹੈ। ਇਹੋ ਸਬਬ ਹੈ, ਕਿ ਕਾਫ਼ੀਏ ਰਦੀਫ਼ ਦੀ ਬੰਦਸ਼ ਦੀਆਂ ਉਲਝਣਾਂ ਵਿਚ ਪੈਣ ਨਾਲੋਂ ਖ਼ਿਆਲ ਦੀ ਅਸਲੀ ਜਿੰਦ ਵਲ ਬਹੁਤਾ ਧਿਆਨ ਦਿਤਾ ਜਾਂਦਾ ਹੈ ਅਤੇ ਇਹੋ ਕਾਰਣ ਇਸ ਨਵੀਂ ਸ਼ਾਇਰੀ ਦੇ ਪਰਵਾਨ ਹੁੰਦੀ ਜਾਣ ਦਾ ਹੈ।

## ਪੰਜਾਬੀ ਕਵਿਤਾ ਦੇ ਵਖ ਵਖ ਰੰਗ ਰੂਪ

ਜਿਸ ਵੇਲੇ ਕਿਸੇ ਕੌਮ ਜਾਂ ਦੇਸ ਦੇ ਅੰਦਰ ਕਵਿਤਾ ਜਨਮ ਲੈਂਦੀ ਹੈ, ਤਾਂ



Digitized by Panjab Digital Library | www.panjabdigilib.org

ਤੁਕਾਂਤਕ ਰੂਪ ਵਿਚ ਹੁੰਦੀ ਹੈ, ਤੁਕਾਂਤ ਹਮੇਸ਼ਾ ਬਾਕਾਇਦਾ ਪਿੰਗਲ ਦੇ ਅਸੂਲਾਂ ਮੂਜਬ ਨਹੀਂ ਹੁੰਦਾ ਸਗੋਂ ਅਰੰਭ ਵਿਚ ਅਨਘੜ੍ਹੀ ਜਿਹੀ ਸ਼ਕਲ ਵਿਚ ਹੁੰਦਾ ਹੈ। ਜਿਸ ਵੇਲੇ ਪ੍ਰਾਣੀ ਆਪਣੇ ਰੰਗ ਵਿਚ ਆਉਂਦਾ ਹੈ ਤਾਂ ਨਚਣ ਯਾ ਗਾਉਣ ਲਗ ਜਾਂਦਾ ਹੈ। ਇਸ ਹਰਕਤ ਵਿਚ ਰਾਗ ਅਤੇ ਮਾੜੀ ਮੋਟੀ ਕਵਿਤਾ ਸੰਮਿਲਤ ਹੁੰਦੇ ਹਨ। ਇਹ ਜਜ਼ਬਾ ਮਰਦ ਨਾਲੋਂ ਤੀਵੀਂ ਵਿਚ ਬਹੁਤਾ ਹੁੰਦਾ ਹੈ। ਮਾਲੂਮ ਹੁੰਦਾ ਹੈ ਕਿ ਸੁਸਾਇਟੀ ਨੇ ਜਦੋਂ ਭੀ ਵਿਕਾਸ਼ ਅਰੰਭ ਕੀਤਾ, ਤੀਵੀਂ ਉਸ ਦੇ ਅਗੇ ਅਗੇ ਚਲਦੀ ਰਹੀ ਹੈ। ਵਿਆਹ ਸ਼ਾਦੀ ਦੇ ਮੌਕੇ ਉਤੇ ਵਰਤੇ ਜਾਣ ਵਾਲੇ ਗੀਤ ਜੋ ਦੇਖੇ ਜਾਂਦੇ ਹਨ, ਇਹ ਤੀਵੀਆਂ ਦੇ ਹੀ ਰਚੇ ਹੋਏ ਜਾਪਦੇ ਹਨ ਅਤੇ ਇਨ੍ਹਾਂ ਦੀ ਉਮਰ ਭੀ ਢੇਰ ਲੰਮੀ ਜਾਪਦੀ ਹੈ ।

ਜਿਨਸੀ ਵੰਡ ਦੇ ਲਿਹਾਜ਼ ਨਾਲ ਤੀਵੀਆਂ ਦੀ ਰਚੀ ਕਵਿਤਾ ਦੇ ਇਹ ਰੂਪ ਹਨ :–

ਘੋੜੀਆਂ–ਮੁੰਡਿਆਂ ਦੇ ਵਿਆਹ ਪਰ ਸ਼ੁਭ ਇਛਾਵਾਂ।
ਸੁਹਾਗ–ਕੁੜੀਆਂ ਦੇ ਵਿਆਹ ਪਰ ਸ਼ੁਭ ਇਛਾਵਾਂ।
ਕਾਮਨ–ਘਰ ਆਏ ਲਾੜੇ ਨੂੰ ਹਾਸੇ ਤੇ ਮਖ਼ੌਲ।
ਸਿੱਠਣੀਆਂ–ਲਾੜੇ ਤੇ ਜਾਂਞੀਆਂ ਨਾਲ ਹਾਸ ਰਸ।
ਗਾਉਣ–ਵਿਆਹਾਂ ਵਿਚ ਘੋੜੀਆਂ ਸੁਹਾਗ ਗਾ ਕੇ ਫੇਰ ਤੀਵੀਂ ਮਰਦ ਦੇ ਪਰਸਪਰ ਪਿਆਰ ਦੇ ਗੀਤ ਗਾਏ ਜਾਂਦੇ ਹਨ।
ਢੋਲੇ, ਮਾਹੀਏ, ਜਿੰਦੂਏ, ਰੇਲਾਂ ਆਦਿਕ ਟੱਪੇ–ਗਾਉਣਾਂ ਦੇ ਅਖ਼ੀਰ ਇਹ ਮਨ ਪਰਚਾਵੇ ਦੇ ਗੀਤ ਢੋਲਕੀ ਨਾਲ ਗੀਟਾ ਮਾਰ ਕੇ ਗਾਂਵੇ ਜਾਂਦੇ ਹਨ।

ਵਿਆਹ ਸ਼ਾਦੀ ਕਦੇ ਕਦੇ ਹੁੰਦੇ ਹਨ ਪਰ ਰੋਜ਼ਾਨਾ ਜੀਵਨ ਦੇ ਗੀਤ ਭੀ ਗਾਂਵੇ ਜਾਂਦੇ ਹਨ। ਜਵਾਨ ਕੁੜੀਆਂ ਵਹੁਟੀਆਂ ਘਰਾਂ ਤੋਂ ਬਾਹਰ ਨਿਕਲ ਕੇ ਨਵੇਕਲੀ ਜਹੀ ਥਾਂ ਉਤੇ ਖਲੋ ਕੇ ਗਿਧਾ ਤੇ ਕਿਲਕਲੀ ਪਾਉਂਦੀਆਂ ਹਨ। ਪਰਦੇਸ ਗਏ ਪੀਆ, ਸਹੁਰੇ ਬੈਠੀਆਂ ਦੇ ਵੀਰਾਂ ਭਰਾਵਾਂ ਦੀ ਯਾਦ, ਮਾਂ ਦੇ ਕਰਾਏ ਲਾਡ ਚਾਉ, ਸੱਸਾਂ ਦੀ ਸਖ਼ਤੀ ਦੇ ਗਿਲੇ ਚੇਤੇ ਆ ਕੇ ਕਈਆਂ ਨੂੰ ਰੁਆਉਂਦੇ ਕਈਆਂ ਨੂੰ ਹਸਾਉਂਦੇ ਹਨ। ਛੁਟੇਰੀ ਉਮਰ ਦੀਆਂ ਕੁੜੀਆਂ ਘਰ ਬੈਠ ਕੇ ਬਾਲ ਪਾਉਂਦੀਆਂ ਹਨ। ਵਿਛੜ ਗਿਆਂ ਦੇ ਵੈਣ ਤੇ ਅਲਾਹੁਣੀਆਂ ਭੀ ਜ਼ਿੰਦਗੀ ਦਾ ਇਕ ਹਿੱਸਾ ਹੈ। ਸਿਆਪਿਆਂ ਵਿਚ ਬੜੇ ਦਿਲ ਚੀਰਵੇਂ ਟੱਪੇ ਤ੍ਰੀਮਤਾਂ ਦੇ ਹੀ ਘੜੇ ਹੋਏ ਹੁੰਦੇ ਹਨ।

ਮਰਦਾਂ ਦੀ ਜਿਨਸ ਵਿਚ ਜੋ ਕਵਿਤਾ ਹੁੰਦੀ ਹੈ, ਉਹ ਤੀਵੀਆਂ ਦੀ ਕਵਿਤਾ ਨਾਲੋਂ ਭਾਰੀ ਹੁੰਦੀ ਹੈ। ਢੋਲਕੀ ਦੀ ਥਾਂ ਵਡਾ ਢੋਲ ਮਲ ਲੈਂਦਾ ਹੈ। ਇਨ੍ਹਾਂ ਦੀ ਕਵਿਤਾ ਬਾਘੀ, ਧਮਾਲ, ਧਮਾਕੜਾ, ਭੰਗੜਾ, ਲੁੱਡੀ, ਜੱਲੀ ਆਦਿਕ ਦਿਲ ਪਰਚਾਵੇ ਦੇ ਸਾਮਾਨ ਹਨ। ਇਸ ਤੋਂ ਅਗੇ ਵੰਝਲੀ, ਅਲਗੋਜ਼ਾ, ਤੂੰਬਾ ਕਾਂਟੋ, ਸੁਰਾਂ, ਸੱਦਾਂ, ਢੋਲੇ, ਬੋਕ, ਦੋਹੜੇ ਤੇ ਹੋਰ ਕਈ ਨਵੇਂ ਤੋਂ ਨਵੇਂ ਗੀਤ ਜੋੜ ਲਏ ਜਾਂਦੇ ਹਨ। ਜਿਨ੍ਹਾਂ ਦਾ



Digitized by Panjab Digital Library | www.panjabdigilib.org

ਪੂਰਾ ਵੇਰਵਾ ਪੰਜਾਬੀ ਦੇ ਘਰੋਗੇ ਗੀਤ ਜੋੜਿਆਂ ਹੀ ਮਲੂਮ ਹੋ ਸਕਦਾ ਹੈ।

ਘਰੇਲੂ ਜ਼ਿੰਦਗੀ ਤੋਂ ਜ਼ਰਾ ਬਾਹਰ ਨਿਕਲ ਕੇ ਪਬਲਿਕ ਜੀਵਨ ਸ਼ੁਰੂ ਹੁੰਦਾ ਹੈ। ਕਵੀ ਲੋਕ ਆਪਣੇ ਖ਼ਿਆਲ ਦੀ ਦੁਨੀਆ ਨਵੀਂ ਤੋਂ ਨਵੀਂ ਵਸਾਈ ਚਲੇ ਆ ਰਹੇ ਹਨ ਤੇ ਚਲੇ ਜਾਣ ਗੇ। ਕਿੱਸਿਆਂ ਕਹਾਣੀਆਂ ਦੀ ਦੁਨੀਆਂ ਵਿਚ ਕਈ ਤਰ੍ਹਾਂ ਦੇ ਛੰਦ ਰਚੇ ਜਾ ਚੁਕੇ ਹਨ ਤੇ ਅਗੋਂ ਭੀ ਜੁੜਦੇ ਰਹਿਣਗੇ। ਕੁਝ ਛੰਦਾਂ ਦੇ ਨਾਂ ਜੋ ਪੰਜਾਬੀ ਵਿਚ ਆਮ ਵਰਤੇ ਜਾ ਚੁਕੇ ਹਨ ਉਨ੍ਹਾਂ ਦਾ ਕੁਝ ਵੇਰਵਾ ਇਹ ਹੈ :—

ਸਿੱਠ—ਕਿਸੇ ਰਸਮ ਦਾ ਹਨੇਰਾ ਪੱਖ ਦਿਖਾਉਣ ਵਾਸਤੇ, ਜਿਵੇਂ ਸ਼ਰਾਬ, ਭੰਗ, ਤਮਾਕੂ ਜਾਂ ਭੈੜੇ ਪਹਿਰਾਵੇ ਦਾ ਮਖੌਲ ਉਡਾਇਆ ਜਾਂਦਾ ਹੈ।

ਕਾਫੀਆਂ—ਇਨ੍ਹਾਂ ਵਿਚ ਸੂਫੀ ਲੋਕ ਸਾਈਂ ਨੂੰ ਯਾਦ ਕਰਦੇ ਜਾਂ ਦੁਨੀਆਂ ਨੂੰ ਚੰਗੇ ਕੰਮਾਂ ਵਲ ਜੋੜਨ ਵਾਸਤੇ ਪ੍ਰੇਰਦੇ ਹਨ।

ਬਾਰਾਂ ਮਾਹ—ਆਮ ਤੌਰ ਤੇ ਪਰਦੇਸੀ ਪੀਆ ਦੀ ਉਡੀਕ ਵਿਚ ਵਿਜੋਗਣਾਂ ਦੇ ਨਾਮ ਤੇ ਜੋੜੇ ਜਾਂਦੇ ਹਨ ਪਰ ਹੋਰ ਪਾਸੇ ਭੀ ਲਗ ਜਾਂਦੇ ਹਨ।

ਸੀਹਰਫੀਆਂ—ਪੈਂਤੀ ਅਖਰੀਆਂ, ਸਤਵਾਰੇ, ਅਠਵਾਰੇ, ਸਲੋਕ ਰੇਖਤੇ, ਦੋਹੜੇ, ਚਰਖੇ, ਆਦਿਕ ਕਈ ਚੀਜ਼ਾਂ ਸੂਫੀਆਨਾ ਖ਼ਿਆਲ ਦੀਆਂ ਹਨ ਪਰ ਹੋਰ ਹੋਰ ਪਾਸੀਂ ਭੀ ਲਗ ਜਾਂਦੀਆਂ ਹਨ।

ਵਾਰਾਂ—ਇਨ੍ਹਾਂ ਵਿਚ ਬਹਾਦਰਾਂ ਦੇ ਕਾਰਨਾਮੇ ਦੱਸੇ ਜਾਂਦੇ ਹਨ। ਮਿਰਜ਼ੇ ਦੀਆਂ ਸੁਰਾਂ ਭੀ ਵਾਰਾਂ ਦੇ ਘੇਰੇ ਵਿਚ ਆ ਜਾਂਦੀਆਂ ਹਨ। ਢਾਡੀ ਲੋਕ ਹੇਕਾਂ ਲਾ ਕੇ ਸੁਣਾਉਂਦੇ ਹਨ।

ਜੰਗ ਨਾਮੇ—ਹਜ਼ਰਤ ਇਮਾਮ ਹੁਸੈਨ ਦੀ ਸ਼ਹਾਦਤ, ਗੁਰੂ ਗੋਬਿੰਦ ਸਿੰਘ ਦੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਤੇ ਹੋਰ ਕਈ ਜੰਗਾਂ ਜੁੱਧਾਂ ਦੇ ਜ਼ਿਕਰ ਬੜੇ ਦਰਦਨਾਕ ਲਹਿਜੇ ਵਿਚ ਸੁਣੇ ਸੁਣਾਏ ਜਾਂਦੇ ਹਨ।

ਕਿੱਸੇ—ਆਸ਼ਕਾਂ ਮਸ਼ੂਕਾਂ (ਜਿਹਾ ਕਿ ਹੀਰ ਰਾਂਝਾ,ਸੋਹਣੀ ਮਹੀਂਵਾਲ,ਆਦਿਕ) ਧਰਮ ਦੇ ਪ੍ਰਵਾਨਿਆਂ(ਜਿਹਾ ਕਿ ਪੂਰਨ ਭਗਤ,ਹਕੀਕਤ ਰਾਏ ਆਦਿਕ) ਧਾਰਮਕ ਜੋਧਿਆਂ (ਜਿਹਾ ਕਿ ਬਾਬਾ ਬੰਦਾ ਬਹਾਦਰ) ਤੇ ਆਮ ਘਟਨਾਵਾਂ (ਜਿਹਾ ਕਿ ਸ਼ਾਹ ਬਹਿਰਾਮ,ਕਾਮ ਰੂਪ, ਰੂਪ ਬਸੰਤ, ਆਦਿਕ) ਇਨ੍ਹਾਂ ਕਿੱਸਿਆਂ ਵਿਚ ਲਿਖੇ ਜਾਂਦੇ ਹਨ। ਇਨ੍ਹਾਂ ਦੀ ਸੂਰਤ ਤਵਾਰੀਖੀ ਜਿਹੀ ਹੁੰਦੀ ਹੈ ਪਰ ਸਿਰ ਪੈਰ ਕੋਈ ਨਹੀਂ ਹੁੰਦਾ।

ਚਿੱਠੇ—ਮਾਲਵੇ ਵਿਚ ਕਿੱਸੇ ਨੂੰ ਹੀ ਚਿੱਠਾ ਕਿਹਾ ਜਾਂਦਾ ਹੈ।

ਗੁਲਜ਼ਾਰਾਂ—ਮੁਸਲਮਾਨੀ ਪੈਗ਼ੰਬਰਾਂ ਦੇ ਹਾਲਾਤ ਜੰਗ ਨਾਮਿਆਂ ਦੀ ਧਾਰਨ ਉਤੇ ਹੀ ਹੁੰਦੇ ਹਨ।

ਇਹ ਰਚਨਾਵਾਂ ਆਮ ਤੌਰ ਤੇ ਇਕੋ ਬਹਿਰ ਵਿਚ ਹੁੰਦੀਆਂ ਹਨ, ਪਰ ਕਿਤੇ ਕਿਤੇ ਕਈ ਨਮੂਨਿਆਂ ਦੇ ਛੰਦ ਵਰਤ ਲਏ ਜਾਂਦੇ ਹਨ ਜਿਹਾ ਕਿ ਬੈਂਤ, ਕਬਿਤ, ਡਿਉਢ, ਦੋਹਰਾ, ਚੁਪਾਈ, ਸਵੱਯਾ, ਦਵੱਯਾ, ਕੁੰਡਲੀਆ, ਕੋਰੜਾ, ਪੰਜ ਮੁਖੀਆ,



Digitized by Panjab Digital Library | www.panjabdigilib.org

ਪੌੜੀ, ਆਦਿਕ ਅਣਗਿਣਤ ਧਾਰਨਾਂ ਦੇ ਛੰਦ ਕਵੀ ਲੋਕਾਂ ਨੇ ਬਣਾਏ ਹਨ, ਜਿਨ੍ਹਾਂ ਦਾ ਸਿਲਸਿਲਾ ਨਾ ਮੁੱਕਾ ਹੈ, ਨਾ ਮੁੱਕ ਸਕੇਗਾ। ਇਹੋ ਸਬੱਬ ਹੈ ਕਿ ਪੰਜਾਬੀ ਇਕ ਜੀਉਂਦੀ ਬੋਲੀ ਹੈ, ਮੁਰਦਾ ਹੁੰਦੀ ਤਾਂ ਇਕੋ ਟਿਕਾਣੇ ਤੇ ਖਲੋਤੀ ਰਹਿੰਦੀ।

ਗੱਲ ਕੀ, ਪੰਜਾਬੀ ਸ਼ਾਇਰੀ ਖੁੱਲ੍ਹੇ ਡੁਲ੍ਹੇ ਸੁਭਾਉ ਵਾਲੇ ਸੀਨਿਆਂ ਵਿਚੋਂ ਵਲਵਲੇ ਦੇ ਰੂਪ ਵਿਚ ਉਪਜੀ, ਖੁਲ੍ਹੇ ਡੁਲ੍ਹੇ ਲਫ਼ਜ਼ਾਂ ਵਿਚ ਰਚੀ ਗਈ। ਇਕ ਜੰਗਲੀ ਫੁਲ ਵਾਂਗ ਉਗੀ ਤੇ ਖਿੜੀ ਅਰ ਕੌੜੀ ਵੇਲ ਵਾਂਗ ਉੱਚੀ ਚੜ੍ਹਦੀ ਗਈ। ਕਿਸੇ ਰਾਜ ਦਰਬਾਰ ਵਲੋਂ ਜਾਂ ਕਿਸੇ ਸੰਸਥਾ ਵਲੋਂ ਇਸ ਨੂੰ ਮਾਣ ਵਡਿਆਈ ਮਿਲ ਜਾਂਦਾ ਤਾਂ ਸ਼ਾਇਦ ਇਸ ਦਾ ਸੁਭਾਉ ਗ਼ੈਰ ਕੁਦਰਤੀ ਹੋ ਜਾਂਦਾ ਜੈਸਾ ਕਿ ਹਿੰਦੀ ਦਰਬਾਰੀ ਕਵੀਆਂ ਤੇ ਉਰਦੂ ਦਰਬਾਰੀ ਸ਼ਾਇਰਾਂ ਦੀ ਹਾਲਤ ਤੋਂ ਪਤਾ ਲਗਦਾ ਹੈ। ਕਿਸੇ ਨੇ ਰਬ ਦੇ ਆਸਰੇ ਇਸ ਦਾ ਭੰਡਾਰਾ ਭਰਿਆ, ਕਿਸੇ ਨੇ ਮਜ਼ਬ ਦੀ ਸੇਵਾ ਦੇ ਖਿਆਲ ਨਾਲ। ਪਬਲਿਕ ਵਾਹਵਾ ਦੀ ਭੁੱਖ ਸਭ ਨੂੰ ਹੁੰਦੀ ਹੈ, ਪਰ ਕਈਆਂ ਨੇ ਇਸ ਦੀ ਭੀ ਪਰਵਾਹ ਨਹੀਂ ਕੀਤੀ। ਹਾਸ਼ਮ ਨੂੰ ਮਹਾਰਜਾ ਰਣਜੀਤ ਸਿੰਘ ਨੇ ਬੜਾ ਮਾਨ ਦਿਤਾ, ਪਰ ਖੁਸ਼ਾਮਦੀ ਕਵੀ ਉਹ ਭੀ ਨਹੀਂ ਬਣਿਆ, ਜਜ਼ਬਾਤੀ ਸ਼ਾਇਰੀ ਤੋਂ ਬਾਹਰ ਨਹੀਂ ਗਿਆ। ਸਯਦ ਫਜ਼ਲ ਸ਼ਾਹ ਨੇ ਸ਼ੁਹਰਤ ਪਾਈ; ਸ਼ਾਇਰੀ ਦੇ ਬੜੇ ਸੁਹਣੇ ਇਸਤਆਰੇ ਵਰਤੇ, ਰੰਗੀਨੀ ਦਿਖਾਈ, ਪਰ ਕਵਿਤਾ ਦੇ ਮੇਰਾਜ ਤੋਂ ਨੀਵਾਂ ਉਤਰ ਕੇ ਕਿਸੇ ਦਾ ਬੰਦੀ ਜਨ ਨਹੀਂ ਬਣਿਆ। ਵਾਰਸਸ਼ਾਹ ਸ਼ਾਇਰਾਂ ਦਾ ਬਾਦਸ਼ਾਹ ਸਾਬਤ ਹੋਇਆ ਅਰ ਹੁਣ ਭੀ ਬਾਦਸ਼ਾਹ ਹੈ, ਪਰ ਸ਼ਾਇਰੀ ਦੇ ਆਦਰਸ਼ ਨੂੰ ਉਸ ਨੇ ਭੀ ਨਹੀਂ ਛੱਡਿਆ।

ਪੰਜਾਬੀ ਸ਼ਾਇਰੀ ਬਚਿਆਂ ਵਿਚ, ਤੀਵੀਆਂ ਵਿਚ, ਵਾਗੀਆਂ ਤੇ ਹਲਵਾਹਾਂ ਵਿਚ, ਜਵਾਨਾਂ ਤੇ ਬੁੱਢਿਆਂ ਵਿਚ ਇਕੋ ਜਹੀ ਹੀ ਰਹੀ ਹੈ। ਹਰ ਰੰਗ ਦੀ ਸ਼ਾਇਰੀ ਸਾਨੂੰ ਮਿਲ ਸਕਦੀ ਹੈ। ਇਸ਼ਕੀਆ, ਸੂਫੀਆਨਾ, ਧਾਰਮਿਕ, ਬੀਰ ਰਸ ਭਰੀ, ਘਟਨਾਵਾਂ ਵਾਲੀ, ਨਾਟਕੀ ਤੇ ਨਾਵਲੀ ਜਿਸ ਰੰਗ ਦੀ ਲਭੀਏ, ਲਭ ਸਕਦੀ ਹੈ। ਬਹੁਤ ਸਾਰੀ ਤਫਸੀਲ ਵਿਚ ਜਾਣਾ ਤੇ ਬੜਾ ਔਖਾ ਹੈ, ਪਰ ਸੰਛੇਪ ਮਾਤ੍ਰ ਥੋੜੇ ਥੋੜੇ ਨਮੂਨੇ ਹਰ ਕਿਸਮ ਦੀ ਸ਼ਾਇਰੀ ਦੇ ਪੇਸ਼ ਕੀਤੇ ਜਾ ਸਕਦੇ ਹਨ।

ਸੁਰਾਂ—ਕਿਸਾਨ ਲੋਕ ਮਿਰਜ਼ੇ-ਸਾਹਿਬਾਂ ਦੀਆਂ ਸੁਰਾਂ ਗਾਉਂਦੇ ਹਨ ਏਹ ਭੀ ਕਿਤਾਬੀ ਸੂਰਤ ਵਿਚ ਛਪੇ ਹੋਏ ਹਨ, ਇਨ੍ਹਾਂ ਵਿਚੋਂ ਨਮੂਨੇ ਦੀ ਇਕ ਸੁਰ ਹੈ:—

ਚੜ੍ਹਦੇ ਮਿਰਜ਼ੇ ਖਾਨ ਨੂੰ, ਵੰਝਲ ਦੇਂਦਾ ਮੱਤ
ਭੱਠ ਰੰਨਾਂ ਦੀ ਦੋਸਤੀ, ਖੁਰੀਂ ਜਿਨ੍ਹਾਂ ਦੀ ਮੱਤ
ਹਸ ਕੇ ਲਾਉਣ ਯਾਰੀਆਂ, ਰੋ ਕੇ ਦੇਂਦੀਆਂ ਦੱਸ
ਲੱਖੀਂ ਹਥ ਨ ਆਉਂਦੀ, ਦਾਨਸ਼ਵੰਦਾਂ ਦੀ ਪੱਤ
ਮੈਂ ਸਮਝਾਵਾਂ ਤੁਧ ਨੂੰ, ਆ ਜਾ ਇਸ਼ਕੋਂ ਬੱਸ।

ਟੱਪੇ—ਨਿਕੇ ਨਿਕੇ ਫਿਕਰਿਆਂ ਨੂੰ ਦਿਲ ਖਿਚਵੇਂ ਲਫਜ਼ਾਂ ਵਿੱਚ ਗੁੰਦਿਆ ਜਾਵੇ ਤਾਂ ਉਸ ਨੂੰ ਟੱਪਾ ਕਹਿੰਦੇ ਹਨ। ਪੰਜਾਬ ਵਿਚ ਇਨ੍ਹਾਂ ਟੱਪਿਆਂ ਦਾ ਰਿਵਾਜ



Digitized by Panjab Digital Library | www.panjabdigilib.org

ਘਰ ਘਾਹ ਤੇ ਪਿੰਡ ਪਿੰਡ ਵਿਚ ਹੈ; ਨਮੂਨਾ—

ਖੰਭ ਕਾਲੇ ਕਾਵਾਂ ਦੇ,
ਧੀਆਂ ਪਰਦੇਸ ਗਈਆਂ ਧੰਨ ਜਿਗਰੇ ਮਾਵਾਂ ਦੇ।

ਬੋਲੀਆਂ—ਏਹ ਭੀ ਟੱਪੇ ਦਾ ਹੀ ਦੂਸਰਾ ਨਾਮ ਹੈ। ਨਮੂਨਾ—

ਬਾਗੇ ਵਿਚ ਆ ਮਾਹੀਆ,
ਨਾਲੇ ਸਾਡੀ ਗਲ ਸੁਣ ਜਾ, ਨਾਲੇ ਘੜਾ ਵੇ ਚੁਕਾ ਮਾਹੀਆ।
ਦੋ ਪੱਤਰ ਅਨਾਰਾਂ ਦੇ,
ਸਾਡੀ ਗਲੀ ਆ ਮਾਹੀਆ, ਵੇਖ ਹਾਲ ਬਿਮਾਰਾਂ ਦੇ।

ਬੋਲੀਆਂ ਦੇ ਹੋਰ ਬਹੁਤ ਸਾਰੇ ਰੂਪਾਂਤਰ ਬਨਤੋ, ਲੱਛੀ, ਜਮਾਲੋ, ਹਰਨਾਮ ਸਿੰਘਾ ਆਦਿਕ ਹਨ ਜੋ ਆਪਣੇ ਆਪਣੇ ਸਮੇਂ ਵਿਚ ਪੈਦਾ ਹੋ ਕੇ ਨਵੇਂ ਤੋਂ ਨਵੇਂ ਰੰਗ ਫੜਦੀਆਂ ਜਾਂਦੀਆਂ ਹਨ।

ਢੋਲੇ—ਇਹ ਢੋਲਕੀ ਉਤੇ ਵੱਜਦਾ ਹੈ। ਇਕ ਨਮੂਨਾ ਇਹ ਹੈ:—

ਬਾਜ਼ਾਰ ਵਿਕੇਂਦੀ ਖੰਡ ਵੇ, ਤੂੰ ਮਿਸਰੀ ਤੇ ਮੈਂ ਗੁਲਕੰਦ ਵੇ।
ਦੋਵੇਂ ਚੀਜ਼ਾਂ ਮਿੱਠੀਆਂ ਵੇ ਢੋਲਾ।

ਇਕ ਹੋਰ ਢੋਲਾ ਹੈ ਬਲੋਚਾਂ ਦੀ ਤਰਜ਼ ਦਾ। ਮਾਨੋ ਊਠ ਤੇ ਚੜ੍ਹਿਆ ਮੀਲਾਂ ਬਧੀ ਗਾਈ ਜਾਂਦਾ ਹੈ। ਬਾਰ ਵਿਚ ਮੀਰਦਾਦ ਦੇ ਢੋਲੇ ਬੜੇ ਮਸ਼ਹੂਰ ਹਨ। ਢੋਲੇ ਹੋਰ ਭੀ ਕਈ ਹਨ।

ਜਿੰਦੂਆ—ਇਹ ਭੀ ਜ਼ਨਾਨੇ ਗੀਤ ਢੋਲਕੀ ਉਤੇ ਚਲਦੇ ਹਨ। ਧਾਰਨਾ ਇਹ ਹੈ:—

ਜਿੰਦੂਆ ਜੇ ਚਲਿਓਂ ਸਲਕੋਟ,
ਉਡ ਗਈਆਂ ਚਿੜੀਆਂ ਰਹਿ ਗਏ ਬੋਟ
ਕਿ ਇਕ ਪਲ ਬਹੀ ਜਾਣਾ

ਰੇਲ—ਇਹ ਗੀਤ ਜਿੰਦੂਏ ਤੋਂ ਵਖਰੀ ਧਾਰਨਾ ਦਾ ਹੈ:—

ਰੇਲਾਂ ਵਾਲਿਆ ਰੇਲਾਂ ਵਿਚ ਕਾਨੀ ਆ,
ਫਿਟ ਤੇਰੇ ਸ਼ਮਲੇ ਨੂੰ ਘਰ ਭੁਖੀ ਜਨਾਨੀ ਆ।

ਖੀਉੜੇ—ਵਿਆਹਾਂ ਸ਼ਾਦੀਆਂ ਵਿਚ ਦੋ ਜਣੇ ਵਖਰੇ ਵਖਰੇ ਮਕਾਨਾਂ ਤੇ ਬੈਠ ਕੇ ਸਵਾਲ ਜਵਾਬ ਕਰਦੇ ਹਨ। ਇਸ ਦਾ ਰਿਵਾਜ ੧੯੯੨ ਈ: ਤੋਂ ਸ਼ੁਰੂ ਹੋ ਕੇ ੧੯੧੪ ਵਿਚ ਬੜਾ ਪਰਚਲਤ ਰਿਹਾ। ਲਾਹੌਰ ਦੀ ਕਰਮਾਂ ਚੂਹੜੀ ਤੇ ਖੰਡੀ ਚੰਗੜੀ ਅਤੇ ਅੰਮ੍ਰਿਤਸਰ ਦਾ ਵੀਰੂ ਧੋਬੀ ਤੇ ਉਸ ਦਾ ਸ਼ਾਗਿਰਦ ਹੁਸੈਨ ਬਖਸ਼ ਬੜੇ ਪ੍ਰਸਿੱਧ ਬੁਲਾਰੇ ਸਨ। ਰਾਤ ਨੂੰ ੧੧--੧੨ ਬਜੇ



Digitized by Panjab Digital Library | www.panjabdigilib.org

ਸ਼ੁਰੂ ਕਰਕੇ ਦਿਨ ਚੜ੍ਹਾ ਦਿਆ ਕਰਦੇ ਸਨ। ਲੋਕ ਏਹ ਖੀਉੜੀਆਂ ਸੁਣਨ ਵਾਸਤੇ ਗਲੀਆਂ ਦੇ ਥੜਿਆਂ ਉਤੇ ਬੈਠੇ ਰਹਿੰਦੇ ਸਨ। ਅਜੇ ਭੀ ਖੀਉੜੀਆਂ ਸੁਣਨ ਦਾ ਸ਼ੌਕ ਮੌਜੂਦ ਹੈ, ਪਰ ਅਗੇ ਨਾਲੋਂ ਬਹੁਤ ਘਟ। ਨਮੂਨੇ—

ਪੁੱਛ ਨਾ ਪੈਂਦੇ ਮਾਮਲੇ—ਵੇ ਮੈਂ ਵਾਰੀਆਂ
ਨੇਹੁੰ ਨਾ ਲਗੇਦੇ ਜ਼ੋਰ ,,
ਆਸ਼ਕ ਤੇ ਵਰਿਆਮ ਨੂੰ ,,
ਪਈ ਉਡੀਕੇ ਗੋਰ ,,
ਆਸ਼ਕ ਗਲ ਜੰਜੀਰੀਆਂ ,,
ਜਿਉਂ ਲਾਟੂ ਗਲ ਡੋਰ ,,
ਗੋਰੀ ਝੂਰੇ ਕੁਖ ਨੂੰ ,,
ਜਿਉਂ ਪੈਰਾਂ ਨੂੰ ਮੋਰ ,,
ਬਾਝ ਪਰੇਮੇ ਆਦਮੀ ,,
ਜੰਗਲੀਂ ਚੁਗਦੇ ਢੋਰ ,,
ਉਡ ਖਾਂ ਸ਼ਾਮੀ ਤੋਤਿਆ ,,
ਮੈਨੂੰ ਰਾਣੀ ਲਿਆਦੇ ਹੋਰ ,,
ਮਖੀ ਮੱਛੀ ਇਸਤਰੀ ,,
ਤਿੰਨੇ ਜਾਤ ਕੁਜਾਤ ,,
ਜਾਂ ਵੇਖਣ ਸਰ ਸੋਹਣਾ ,,
ਤਹਾਂ ਕਟੀਵਣ ਰਾਤ ,,

## ਡੋਹੇ

ਵਿਆਹਾਂ ਸ਼ਾਦੀਆਂ ਵਿਚ, ਕੁੜੀ ਦੇ ਪੇਕੇ ਘਰ ਕੁੜਮਾਂ ਦੇ ਘਰੋਂ ਮਿਲਨੀ ਵਾਸਤੇ ਔਰਤਾਂ ਆਉਂਦੀਆਂ ਹਨ ਤਾਂ ਏਹ ਡੋਹੇ ਆਹਮੋ ਸਾਹਮਣੇ ਬੋਲੇ ਜਾਂਦੇ ਹਨ। ਡੋਹਾ ਅਸਲ ਵਿਚ ਦੋਹਰਾ ਹੀ ਹੁੰਦਾ ਹੈ, ਪਰ ਹੇਕ ਲੰਬੀ ਕਰਨ ਵਾਸਤੇ ਵਿਚ ਕੁਝ ਵਾਧੂ ਪਦ ਜੋੜ ਲਏ ਜਾਂਦੇ ਹਨ। ਡੋਹਿਆਂ ਵਿਚ ਸਿਠਣੀਆਂ ਵਰਗੇ ਮਖੌਲ ਭੀ ਹੁੰਦੇ ਹਨ, ਪਰ ਮੁੰਡੇ ਵਾਲੀਆਂ ਬੜੇ ਮਿਠੇ ਡੋਹੇ ਬੋਲਦੀਆਂ ਹਨ, ਨਜ਼ਰਾਨੇ ਮਿਲ ਜਾਂਦੇ ਹਨ। ਨਮੂਨਾ—

ਕੁੜਮੋਂ ਸਾਡੇ ਰਾਜਿਓ......ਕਿਆ ਜੀਓ, ਤੁਸੀਂ ਦਾਤਾਂ ਦੇ ਭੰਡਾਰ
ਧੀ ਤੁਹਾਡੀ ਰੁਕਮਣੀ, ਸਾਡੇ ਬੂਹੇ ਦਾ, ਵੇ ਜੀਵਣ ਜੋਗਿਓ, ਸ਼ਿੰਗਾਰ

## ਕਾਮਨ

ਕਾਮਨ ਦਾ ਅਰਥ ਹੈ ਜਾਦੂ ਟੂਣਾ। ਲਾੜਾ ਸਹੁਰੇ ਘਰ ਆਵੇ ਤਾਂ ਕਾਮਨਾਂ ਦੇ



Digitized by Panjab Digital Library | www.panjabdigilib.org

ਜ਼ੋਰ ਨਾਲ ਬੌਂਦਲ ਜਾਏ। ਇਹ ਭੀ ਸਿਠਣੀਆਂ ਵਾਂਗ ਹੀ ਹੁੰਦੇ ਹਨ—

ਕਾਮਨ ਪੌਨੀਆਂ ਉੜੇ ਮੂੜੇ
ਸਾਲੀਆਂ ਮੰਗਦੀਆਂ ਚਾਂਦੀ ਦੇ ਚੂੜੇ
ਘੜਾ ਵੇ ਅਮੀਰਾ, ਸਿਰ ਜਰੀਏ ਦਾ ਚੀਰਾ
ਮੈਂ ਔਂਦੇ ਦੇ ਸਗਨ ਮਨਾਨੀਆਂ।

## ਝੋਕ

ਇਹ ਗੀਤ ਪੰਜਾਬ ਦੇ ਬੜੇ ਪਿਆਰੇ ਹਨ, ਧਾਰਨਾਂ ਬੜੀ ਮਿਠੀ ਹੈ। ਨਮੂਨਾ—

ਵਗਦੀ ਏ ਰਾਵੀ ਵਿਚ ਸੁਟਦੀਆਂ ਗਨੇਰੀਆਂ
ਆਪ ਤੁਰ ਚਲਿਓਂ ਸਾਨੂੰ ਦੇਵੇਂ ਦਲੇਰੀਆਂ

ਝੋਕ ਮੌਲਾ ਵਾਲੀ ਹੋਈ ਮਨਜ਼ੂਰ ਵੇ
ਅਖੀਆਂ ਤੋਂ ਨੇੜੇ ਸਾਡੇ ਕਦਮਾਂ ਥੀਂ ਦੂਰ ਵੇ

ਝੋਕ ਇਮਾਮ ਹੁਸੈਨ ਤੇ ਝੋਕ ਰਾਂਝੇ ਵਾਲੀ ਆਦਿਕ ਕਈ ਮਸ਼ਹੂਰ ਹਨ।

## ਕਾਫੀਆਂ

ਸੂਫੀਆਂ ਸਾਈਂ ਲੋਕਾਂ ਦਾ ਕਲਾਮ, ਜਿਸ ਵਿਚ ਬਹੁਤੇ ਰਬ ਵਾਲੇ ਪਾਸੇ ਲਾਉਣ ਵਾਲੇ ਬਚਨ ਹੁੰਦੇ ਹਨ, ਕਵਾਲੀ ਲੋਕਾਂ ਪਾਸੋਂ ਸੁਣਿਆ ਜਾਂਦਾ ਹੈ। ਜਾਲੰਧਰ ਦੇ ਜ਼ਿਲੇ ਨਕੋਦਰ ਵਿਚ ਕਵਾਲੀਆਂ ਦਾ ਇਕ ਖਾਸ ਪ੍ਰਸਿਧ ਖਾਨਦਾਨ ਹੈ। ਏਹ ਲੋਕ ਮੇਲਿਆਂ ਅਤੇ ਉਰਸਾਂ ਉਤੇ ਜਾਂਦੇ ਹਨ। ਸਾਂਈ ਬੁਲ੍ਹੇ ਸ਼ਾਹ, ਸ਼ਾਹ ਹੁਸੈਨ, ਅਲੀ ਹੈਦਰ ਆਦਿਕਾਂ ਦਾ ਮਾਰਫਤੀ ਕਲਾਮ ਸੁਣਾਉਂਦੇ ਹਨ। ਅਕਸਰ ਪ੍ਰੇਮੀਆਂ ਨੂੰ ਹਾਲ ਪੈ ਜਾਂਦੇ ਹਨ। ਮਸਤਾਨੇ ਹੋ ਕੇ ਖੇਡਣ ਲਗ ਜਾਂਦੇ ਹਨ। ਜਵਾਨ ਜਵਾਨ ਇਨ੍ਹਾਂ ਨੂੰ ਲਕ ਤੋਂ ਫੜੀ ਰਖਦੇ ਹਨ; ਸੰਭਾਲਣੇ ਮੁਸ਼ਕਲ ਹੋ ਜਾਂਦੇ ਹਨ। ਬਹੁਤਾ ਜ਼ੋਰ ਕਰਨ ਵਾਲਿਆਂ ਦੇ ਪੈਰਾਂ ਨੂੰ ਰਸੇ ਬੰਨ੍ਹ ਕੇ ਦਰਖਤ ਨਾਲ ਪੁਠੇ ਲਟਕਾਇਆ ਜਾਂਦਾ ਹੈ। ਕਾਫੀ ਥਕ ਜਾਣ ਦੇ ਬਾਅਦ ਇਨ੍ਹਾਂ ਨੂੰ ਥਲੇ ਉਤਾਰ ਕੇ ਘੁਟ ਨਪ ਕੇ ਹੋਸ਼ ਵਿਚ ਲਿਆਇਆ ਜਾਂਦਾ ਹੈ। ਪੀਰਾਂ ਫਕੀਰਾਂ ਦੇ ਮਿਜ਼ਾਰਾਂ ਤੇ ਇਹ ਹਾਲਤ ਆਮ ਦੇਖੀ ਜਾਂਦੀ ਹੈ।

ਸੂਫੀਆਂ ਦੀ ਪ੍ਰਪਾਟੀ ਉਤੇ ਹਿੰਦੂ ਸਾਧੂਆਂ ਨੇ ਭੀ ਕਾਫੀਆਂ ਦੀ ਰਚਨਾ ਕੀਤੀ ਹੈ। ਇਨ੍ਹਾਂ ਵਿਚ ਸਾਧੂ ਈਸ਼ਰ ਦਾਸ ਉਦਾਸੀ ਦੀਆਂ ਕਾਫੀਆਂ ਬੜੀ ਮਸ਼ਹੂਰੀ ਪਾ ਚੁਕੀਆਂ ਹਨ, ਲਖਾਂ ਦੀ ਗਿਣਤੀ ਵਿਚ ਵਿਕਦੀਆਂ ਰਹੀਆਂ ਹਨ। ਏਹ ਕਾਫੀਆਂ ਭੀ ਸੂਫੀਆਂ ਦੇ ਕਲਾਮ ਵਾਂਗ ਖਾਲਸ ਪੰਜਾਬੀ ਬੋਲੀ ਵਿਚ ਹਨ।



Digitized by Panjab Digital Library | www.panjabdigilib.org

## ਸਲੋਕ

ਸਲੋਕ ਦੀ ਉਤਪੱਤੀ (Origin) ਤਾਂ ਸੰਸਕ੍ਰਿਤ ਦੇ ੩੨ ਅਖਰਾਂ ਦੇ ਨਿਯਮ ਬੱਧ ਛੰਦ श्लोक ਤੋਂ ਹੈ, ਜਿਸ ਦਾ ਤੁਕਾਂਤ ਨਹੀਂ ਹੁੰਦਾ, ਪਰ ਪੰਜਾਬ ਵਿਚ ਏਹ ਸਲੋਕ ਬਹੁਤ ਕਰ ਕੇ ਦੋਹਰੇ (੧੩+ ੧੧ ਮਾਤ੍ਰਾਂ) ਦੇ ਰੂਪ ਵਿਚ ਪਾਏ ਜਾਂਦੇ ਹਨ। ਗੁਰੂ ਗ੍ਰੰਥ ਸਾਹਿਬ ਵਿਚ ਇਸ ਧਾਰਨਾ ਦੇ ਸਲੋਕ ਆਮ ਮਿਲਦੇ ਹਨ। ਸਲੋਕ ਕਬੀਰ, ਸਲੋਕ ਫਰੀਦ, ਸਲੋਕ ਨਾਵਾਂ ਮਹਲ, ਸਲੋਕ ਵਾਰਾਂ ਤੋਂ ਵਧੀਕ ਅਤੇ ਹੋਰ ਸਲੋਕ ਭੀ ਥਾਂ ਪਰ ਥਾਂ ਮਿਲਦੇ ਹਨ। ਇਸ ਤੋਂ ਬਾਹਰ ਵਜੀਦ ਸਾਹਿਬ ਦੇ ਸਲੋਕ ਦੋਹਰੇ ਤੋਂ ਵਖਰੀ ਧਾਰਨਾ ਦੇ ਹਨ। ਨਮੂਨੇ ਸਲੋਕਾਂ ਦੇ ਏਹ ਹਨ:—

ਕਬੀਰ—ਕਬੀਰ ਮਾਨਸ ਜਨਮ ਦੁਲੰਭ ਹੈ, ਹੋਤ ਨ ਬਾਰਹਿ ਬਾਰ।
ਜਿਉ ਬਨ ਫਲ ਪਾਕਹਿ ਭੁਇ ਗਿਰਹਿ, ਬਹੁਰਿ ਨ ਲਾਗਹਿ ਡਾਰ।

ਫਰੀਦ—ਫਰੀਦਾ ਜੇ ਜਾਣਾ ਤਿਲ ਥੋੜੜੇ ਸੰਭਲ ਬੁਕ ਭਰੀ।
ਜੇ ਜਾਣਾ ਸਹੁ ਨਢੜਾ, ਤਾ ਥੋੜਾ ਮਾਣ ਕਰੀ।

ਨਾਵੇਂ ਮਹਲ—ਰਾਮ ਗਇਓ ਰਾਵਣ ਗਇਓ ਜਾਕੋ ਬਹੁ ਪਰਵਾਰ।
ਕਹੁ ਨਾਨਕ ਥਿਰ ਕਛ ਨਹੀ, ਸੁਪਨੇ ਜਿਉ ਸੰਸਾਰ।

ਵਜੀਦ—ਇਕਨਾਂ ਦੇ ਘਰ ਪੁੱਤ, ਪੁੱਤਾਂ ਘਰ ਪੋਤਰੇ।
ਇਕਨਾਂ ਦੇ ਘਰ ਧੀਆਂ, ਧੀਆਂ ਦੇ ਘਰ ਦੁਹਤਰੇ।
ਇਕਨਾਂ ਦੇ ਘਰ ਇਕ, ਤੇ ਉਹ ਭੀ ਜਾਂਦਾ ਮਰ,
ਵਜੀਦਾ ਕੌਣ ਸਾਹਿਬ ਨੂੰ ਆਖੇ, ਇੰਜ ਨਹੀਂ ਇੰਜ ਕਰ।

## ਕਬਿਤ

ਆਮ ਪੰਜਾਬੀ ਦੇ ਕਬਿਤ ੩੧ ਜਾਂ ੩੨ ਅਖਰਾਂ ਦੀ ਤੁਕ ਤੇ ੪ ਤੁਕਾਂ ਦਾ ਛੰਦ ਹੁੰਦਾ ਹੈ। ਹੀਰ ਭਗਵਾਨ ਸਿੰਘ ਤੇ ਹੋਰ ਅਨੇਕਾਂ ਕਿੱਸੇ ਇਸ ਧਾਰਨਾ ਦੇ ਆਮ ਮਿਲਦੇ ਹਨ, ਪਰ ਕੁਝ ਮੁਸਲਮਾਨ ਕਵੀਆਂ ਨੇ ਭੀ ਖਾਸ ਅੰਦਾਜ਼ ਦੇ ਕਬਿਤ ਆਖੇ ਹਨ। ਇਨ੍ਹਾਂ ਵਿਚ ਤਿੰਨ ਹਿਸੇ ਇਕੋ ਤੁਕਾਂਤ ਦੇ ਰਖ ਕੇ ਚੌਥੇ ਵਿਚ ਨਤੀਜਾ ਦਸਿਆ ਹੈ। ਕਬਿਤ ਤਾਂ ਕਈਆਂ ਦੇ ਹਨ, ਪਰ ਅਮੀਰ ਅਲੀ ਸ਼ਾਇਰ ਦੇ ਦੋ ਬੰਦ ਦਸਦੇ ਹਾਂ:—

ਵੈਰ ਪਿਆ ਨਾਈ ਬੁਰਾ, ਭੈਣ ਘਰ ਭਾਈ ਬੁਰਾ,
ਸਹੁਰਿਆਂ ਜਵਾਈ ਬੁਰਾ, ਲਾਨ੍ਹਤਾਂ ਸਹਾਰਦਾ।
ਕੰਜਰੀ ਦਾ ਹਿੱਤ ਬੁਰਾ, ਭੋਲੀਚੁੱਕ ਮਿੱਤ ਬੁਰਾ,
ਕੁੜਮ ਆਇਆ ਨਿਤ ਬੁਰਾ, ਝੂਠ ਨਹੀਂ ਮਾਰਦਾ।



Digitized by Panjab Digital Library | www.panjabdigilib.org

ਇਕ ਹੋਰ ਸ਼ਾਇਰ ਦਾਨਸ਼ਮੰਦ ਅਮ੍ਰਿਤਸਰੀ ਲਿਖਦਾ ਹੈ:—ਇਹ ਖਿਆਲ ਬੈਂਤ ਦੀ ਧਾਰਨਾ ਵਿਚ ਹੈ।

ਇੰਜਨ ਰੇਲ ਬਾਝੋਂ, ਦੀਵਾ ਤੇਲ ਬਾਝੋਂ, ਜੰਞ ਮੇਲ ਬਾਝੋਂ ਨਮੂਦਾਰ ਨਾਹੀਂ,
ਦਾਨਸ਼ ਅਕਲ ਬਾਝੋਂ,ਸੋਹਣਾ ਸ਼ਕਲ ਬਾਝੋਂ,ਭੰਡ ਨਕਲ ਬਾਝੋਂ ਰੋਜ਼ਗਾਰ ਨਾਹੀਂ

ਇਹੋ ਜਹੇ ਵਾਕ ਆਮ ਲੋਕਾਂ ਦੀ ਜ਼ਬਾਨ ਤੇ ਅਸਾਨੀ ਨਾਲ ਚੜ੍ਹ ਜਾਂਦੇ ਹਨ ਤੇ ਕੁਝ ਦੇਰ ਬਾਦ ਅਖਾਣ ਬਣ ਜਾਂਦੇ ਹਨ; ਜਿਸ ਤਰ੍ਹਾਂ—

ਵਾਰਸਸ਼ਾਹ ਨਾ ਆਦਤਾਂ ਜਾਂਦੀਆਂ ਨੀ ਭਾਵੇਂ ਕਟੀਏ ਪੋਰੀਆਂ ਪੋਰੀਆਂ ਨੀ।

## ਅਖਾਣ

ਸਿਆਣੇ ਲੋਕਾਂ ਨੇ ਸਰਬ ਪਰਵਾਨ ਵਾਕ ਬਣਾਏ ਹੁੰਦੇ ਹਨ। ਪੰਜਾਬ ਦੇ ਹਰ ਜ਼ਿਲੇ ਵਿਚੋਂ ਵਖੋ ਵਖ ਅਖਾਣ ਮਿਲਦੇ ਹਨ। ਇਨ੍ਹਾਂ ਨੂੰ ਜੋੜਨ ਦਾ ਉਦਮ ਬਹੁਤ ਸਾਰੇ ਪੰਜਾਬੀ ਪ੍ਰੇਮੀਆਂ ਨੇ ਕੀਤਾ ਹੈ। ਲਾਲਾ ਅਮਰ ਨਾਥ ਤੇ ਡਾਕਟਰ ਦੇਵੀ ਦਾਸ ਹਿੰਦੀ ਦਾ ਨਾਮ ਖਾਸ ਤੌਰ ਤੇ ਪੇਸ਼ ਕੀਤਾ ਜਾ ਸਕਦਾ ਹੈ। ਇਨ੍ਹਾਂ ਅਖਾਣਾਂ ( Proverbs ) ਤੋਂ ਸਿਵਾਇ ਕੁਝ ਐਸੇ ਵਾਕ ਭੀ ਹਨ ਜਿਨ੍ਹਾਂ ਵਿਚ ਸਿਖ੍ਯਾ ਦਾ ਅੰਸ਼ ਭੀ ਚੋਖਾ ਹੁੰਦਾ ਹੈ; ਜਿਹਾ ਕਿ—

ਚੇਤ ਵਸਾਖ ਭਵੇਂ, ਜੇਠ ਹਾੜ ਸਵੇਂ, ਸੌਣ ਭਾਦੋਂ ਨ੍ਹਾਵੇ, ਅਸੂ ਕਤੇਂ ਥੋੜਾ ਖਾਵੇ,
ਮਘਰ ਪੋਹ ਉੱਨ ਹੰਢਾਵੇ, ਮਾਘ ਫਗਣ ਤੇਲ ਮਲਾਵੇ,ਕੋਲ ਹਕੀਮ ਦੇ ਕਦੇ ਨਾ ਜਾਵੇ।

## ਦੋ ਅਰਥੇ ਸਵਾਲ

ਚਤੁਰ ਕਵੀਆਂ ਨੇ ਮਿਹਨਤ ਕਰ ਕੇ ਕੁਝ ਐਸੇ ਜੋੜ ਬਣਾਏ ਹਨ, ਜਿਨ੍ਹਾਂ ਵਿਚ ਦੋ ਸਵਾਲਾਂ ਦਾ ਜਵਾਬ ਇਕੋ ਸ਼ਬਦ ਨਾਲ ਮਿਲ ਜਾਵੇ। ਉਨ੍ਹਾਂ ਦੇ ਕੁਝ ਨਮੂਨੇ ਏਹ ਹਨ:—

ਕੱਟਾ ਕਿਉਂ ਅੜਾਇਆ? ਖੰਡਾ ਕਿਉਂ ਨਾ ਵਾਹਿਆ? ਧਾਰ ਬਿਨਾਂ

ਕੋਠੇ ਚੜ੍ਹੀ ਕਿਉਂ? ਖੂਹੇ ਖੜੀ ਕਿਉਂ? ਲੱਜ ਬਿਨਾਂ।

ਮਾਸ ਕਿਉਂ ਨਾ ਖਾਇਆ? ਰਾਗ ਕਿਉਂ ਨਾ ਗਾਇਆ? ਗਲੇ ਬਾਝੋਂ।

## ਜ਼ਨਾਨੇ ਗਾਉਣ

ਪੰਜਾਬ ਦੀਆਂ ਜ਼ਨਾਨੀਆਂ ਦਾ ਸਭ ਤੋਂ ਵਡਾ ਪ੍ਰੋਗਰਾਮ ਮੁੰਡਿਆਂ ਕੁੜੀਆਂ ਦੇ ਵਿਆਹ ਮੰਗੇਵੇ ਹੁੰਦਾ ਹੈ। ਘਰ ਘਰ ਇਸੇ ਗਲ ਦਾ ਚਰਚਾ ਕੁਦਰਤੀ ਹੈ। ਜਦ ਕੋਈ



Digitized by Panjab Digital Library | www.panjabdigilib.org

ਢੰਗ ਸੁਆਰਥ ਹੋਇਆ, ਗਾਉਣਾ ਬਿਠਾ ਦਿਤਾ। ਖਾਓ ਪੀਏ ਦੇ ਬਾਦ, ਪਹਿਲਾਂ ਨਿਕੀਆਂ ਨਿਕੀਆਂ ਕੁੜੀਆਂ ਢੋਲਕੀ ਤੇ ਬਹਿ ਕੇ ਹਥ ਪਕਾਂਦੀਆਂ ਹਨ, ਪਿਛੋਂ ਵਡੀਆਂ ਆ ਜਾਂਦੀਆਂ ਹਨ। ਬੁਢੀ ਉਮਰ ਦੀਆਂ ਪਹਿਲਾਂ ਸਤ ਸੁਹਾਗ ਜਾਂ ਸਤ ਘੋੜੀਆਂ ਗਾਉਂ ਕੇ ਹੋਰ ਪੁਰਾਣੇ ਗੀਤ ਜਾਂ ਬਿਸ਼ਨਪਦੇ ਲਾ ਦੇਂਦੀਆਂ ਹਨ। ਜਵਾਨਾਂ ਨੂੰ ਪੁਰਾਣੇ ਗੀਤ ਵਿਸਰ ਜਾਂਦੇ ਹਨ, ਓਹ ਨਵੇਂ ਨਵੇਂ ਪ੍ਰੇਮ ਦੇ ਗੀਤ ਢੋਲਕੀ ਨਾਲ ਜਾਂ ਜ਼ਬਾਨੀ ਛੋਹ ਦੇਂਦੀਆਂ। ਨਵੀਆਂ ਵਹੁਟੀਆਂ ਆਪਣੇ ਪੇਕਿਆਂ ਤੋਂ ਆਂਦੇ ਗੀਤ ਸੁਣਾ ਕੇ ਨਣਾਨਾਂ ਪਾਸੋਂ ਦਾਦ ਲੈਂਦੀਆਂ ਹਨ। ਇਸ ਤਰ੍ਹਾਂ ਪੰਜਾਬ ਦੇ ਪਿੰਡ ਪਿੰਡ ਵਿਚ ਗੀਤਾਂ ਦੀ ਜੂਨ ਪਲਟਦੀ ਜਾਂਦੀ ਹੈ। ਏਹ ਸਾਰੇ ਗੀਤ ਇਕੱਠੇ ਕਰਨੇ ਕੋਈ ਆਸਾਨ ਕੰਮ ਨਹੀਂ। ਸੈਂਕੜੇ ਨਹੀਂ ਹਜ਼ਾਰਾਂ ਦੀ ਗਿਣਤੀ ਵਿਚ ਹਨ, ਪਰ ਘੋੜੀਆਂ ਤੇ ਸੁਹਾਗ ਜਿਉਂ ਦੇ ਤਿਉਂ ਹਨ। ਜੰਞ ਦੇ ਢੁਕਾਉ ਵੇਲੇ ਜੋ ਸਿਠਣੀਆਂ ਦਿਤੀਆਂ ਜਾਂਦੀਆਂ ਹਨ, ਓਹ ਭੀ ਨਵੀਆਂ ਤੋਂ ਨਵੀਆਂ ਹਨ। ਇਹ ਹਾਸ ਰਸ ਦਾ ਸਰ ਚਸ਼ਮਾ ਹਨ। ਜੋ ਕੁੜਮ ਪੈਸੇ ਦੇਣ ਲਗਾ ਦੇਰ ਲਾਵੇ ਤਾਂ "ਹਾਇ ਵੇ ਮੇਰਿਆ ਪੈਸਿਆ ਵੇ ਦੁਖੀਂ ਜੋੜਿਆ ਸੈ" ਜੇ ਜੰਞ ਘੋੜੀਆਂ ਤੇ ਆਵੇ ਤਾਂ "ਗਲੀਆਂ ਹੂੰਝ ਗੁਆਈਆਂ ਵੇ ਗੁੜਬਹਿਲਾਂ ਮੂਲ ਨ ਆਈਆਂ ਵੇ।" ਗੱਲ ਕੀ ਇਹ ਸਮਾ ਭੀ ਦੇਖਣ ਵਾਲਾ ਹੁੰਦਾ ਹੈ। ਸਾਲੀਆਂ ਦਾ ਆਪਣੇ ਜੀਜੇ ਨਾਲ ਮਖੌਲ, ਕੁੜੀਆਂ ਦੀ ਜਾਂਞੀਆਂ ਨਾਲ ਛੇੜ "ਥੋੜ੍ਹਾ ਥੋੜ੍ਹਾ ਖਾਇਓ ਜਾਂਞੀਓ ਦੰਮ ਲਗੇ ਸ਼ਾਹੂਕਾਰਾਂ ਦੇ" ਹਾਸੇ ਤੇ ਹਾਸਾ ਪੈਂਦਾ ਹੈ। ਸੋਗੀ ਜੀਵਨ ਭੀ ਕਿਸ ਕੰਮ ਦਾ ? ਮੁਟਿਆਰਾਂ ਰਲ ਕੇ ਸਾਂਝੀ ਅਵਾਜ਼ ਨਾਲ ਉਹ ਕੁਝ ਕਹਿ ਜਾਂਦੀਆਂ ਹਨ, ਜਿਹੜੀ ਇਕਲੀ ਦੇ ਮੂੰਹੋਂ ਜ਼ੇਬ ਹੀ ਨਾ ਦੇਵੇ। ਕੁੜੀ ਦੀ ਮਾਂ ਜਾਣ ਜਾਣ ਕੇ ਕੁੜੀਆਂ ਨੂੰ ਹੁਝਾਂ ਦੇਂਦੀ ਹੈ, ਨੀ ਤੁਸੀਂ ਹੋਰ ਸਿਠਣੀਆਂ ਦਿਓ। ਵਿਆਹ ਦੀਆਂ ਗਾਲਾਂ ਨੂੰ ਜਾਂਞੀ ਤੇ ਲਾੜ੍ਹਾ ਘਿਓ ਦੀਆਂ ਨਾਲਾਂ ਸਮਝ ਕੇ ਪੀ ਜਾਂਦੇ ਹਨ। ਸ਼ਹਿਰਾਂ ਵਿਚ ਬੇਸ਼ਕ ਭਜਨ ਤੇ ਸ਼ਬਦ ਚੱਲ ਪਏ ਹਨ, ਪਰ ਮਜਾਰਟੀ ਪਿੰਡਾਂ ਵਿਚ ਹੈ, ਜਿਥੇ ਵਿਆਹਾਂ ਦਾ ਠਟ ਜ਼ਿੰਦਾ ਦਿਲੀ ਬਗੈਰ ਬਝ ਹੀ ਨਹੀਂ ਸਕਦਾ। ਸਗਨਾਂ ਦੇ ਢੰਗਾਂ ਵਿਚ ਗਿਅਨ ਗੋਸ਼ਟੀਆਂ ਦਾ ਕੀ ਕੰਮ ?

## ਆਮ ਗੀਤ

ਜ਼ਨਾਨੇ ਗੀਤ ਸਿਰਫ ਵਿਆਹਾਂ ਵਾਸਤੇ ਹਸਾਉਣ ਵਾਲੇ ਹੀ ਨਹੀਂ ਹੁੰਦੇ, ਦਰਦ ਤੇ ਸੋਜ਼ ਨਾਲ ਭਰੇ ਹੋਏ ਭੀ ਹੁੰਦੇ ਹਨ। ਪ੍ਰੀਤਮ ਤੋਂ ਵਿਛੁੜੀਆਂ ਹੋਈਆਂ ਪ੍ਰੇਮਣਾਂ ਬਿਰਹੋਂ ਦਾ ਭਾਂਬੜ ਬਾਲ ਕੇ ਨਾਲ ਦੀਆਂ ਨੂੰ ਭੀ ਰੁਆ ਦੇਂਦੀਆਂ ਹਨ। ਕ੍ਰਿਸ਼ਨ ਮਥਰਾ ਵਿਚ ਹਕੂਮਤ ਸੰਭਾਲੀ ਬੈਠਾ ਏ, ਗੋਕਲ ਦੀਆਂ ਗੋਪੀਆਂ ਦੇ ਨਾਮ ਉਤੇ ਐਸੇ ਐਸੇ ਇਸਤਆਰਿਆਂ ਵਿਚ ਮੇਹਣੇ ਤੇ ਨਹੋਰੇ ਦੇਂਦੀਆਂ ਹਨ ਕਿ ਕਵੀਆਂ ਦੇ ਕੰਨ ਕੁਤਰਦੀਆਂ ਹਨ। ਮਰਦ ਫੌਜ ਵਿਚ ਭਰਤੀ ਹੋ ਗਿਆ ਹੈ, ਫਰੰਗੀ ਕੰਮ ਲੈਂਦਾ ਹੈ, ਤੀਵੀਂ ਉਸ ਨੂੰ ਕੋਸਣ ਲਗ ਜਾਂਦੀ ਹੈ:—ਦੇਖੋ।



Digitized by Panjab Digital Library | www.panjabdigilib.org

"ਸਾਡਾ ਸਬਰ ਫਰੰਗੀਏ ਨੂੰ ਮਾਰੇ,
"ਨਾ ਦੇਂਦਾ ਛੁਟੀਆਂ ਤੇ ਨਾ ਤਲਬਾਂ ਤਾਰੇ।
ਦੁਸ਼ਮਣਾ! ਤੂੰ ਵਹੁਟੀਆਂ ਵਾਲਿਆਂ ਨੂੰ ਕਿਉਂ ਰਖ ਛਡਿਆ?
"ਵੇ ਨੌਕਰ ਰਖ ਛਡ ਛੜੇ ਤੇ ਕੁਆਰੇ"

ਕਦੇ ਕਦੇ ਆਪਣੇ ਪ੍ਰੀਤਮ ਦੀ ਬੇਰੁਖੀ ਦਾ ਗਿਲਾ ਭੀ ਹੋ ਜਾਂਦਾ ਹੈ–

ਜੁਤੀ ਨਾਰੋਵਾਲ ਦੀ, ਸਤਾਰਿਆਂ ਜੜਤ ਜੜੀ,
ਹਾਇ ਰਬਾ ਸਾਡੇ ਆਇਆਂ ਦਾ ਕਦਰ ਨਹੀਂ

ਸਵਾਲ ਜਵਾਬ ਭੀ ਜੋੜ ਲਏ ਜਾਂਦੇ ਹਨ। ਇਕ ਨਕਸ਼ਾ ਇਉਂ ਹੈ:–

ਮਰਦ ਪੁਛਦਾ ਹੈ:–

ਐਸ ਵੇਲੇ ਪਾਣੀ ਦੀ ਕੀ ਲੋੜ ਏ? ਮੇਰੀਏ ਨਾਜ਼ਕੇ ਨਾਰੇ!

ਅਗੋਂ ਉਤ੍ਰ ਮਿਲਦਾ ਹੈ:–

ਘੁਟ ਪਾਣੀ ਨਹੀਂ ਘੜੇ ਦੇ ਵਿਚ, ਮੇਰਿਆ ਵਹਿਮੀਆਂ ਢੋਲਾ!

ਸਬਬ ਨਾਲ ਘੜਾ ਟੁਟ ਕੇ ਪਾਣੀ ਡੁਲ੍ਹ ਜਾਂਦਾ ਹੈ ਤਾਂ

ਮਰਦ ਪੁਛਦਾ ਹੈ:–

ਕਿਸੇ ਰੋੜਾ ਮਾਰ ਕੇ ਭੰਨ ਦਿਤਾ ਝਜਰੀ ਨੂੰ, ਮੇਰੀਏ ਨਾਜ਼ਕੇ ਨਾਰੇ'

ਉਤ੍ਰ ਦੇਂਦੀ ਹੈ:–

ਪੈਰ ਤਿਲਕਿਆ ਤੇ ਭਜ ਗਈ ਝਜਰੀ, ਮੇਰਿਆ ਵਹਿਮੀਆਂ ਢੋਲਾ!

ਇਸੇ ਤਰ੍ਹਾਂ ਦੇ ਬੇਸ਼ੁਮਾਰ ਗੀਤ ਹਨ ਜਿਨ੍ਹਾਂ ਵਿਚ ਦਰਦ, ਵਿਛੋੜਾ, ਸਸਾਂ ਦੇ ਜ਼ੁਲਮ, ਨਣਾਨਾਂ ਦੀਆਂ ਚੁਗਲੀਆਂ ਆਦਿਕ ਹਰ ਤਰ੍ਹਾਂ ਦੇ ਜਜ਼ਬਾਤ ਬਿਲਕੁਲ ਸਾਧਾਰਣ ਬੋਲੀ ਵਿਚ ਮਿਲਦੇ ਹਨ। ਪੰਜਾਬੀ ਦੀ ਸ਼ਾਨ ਇਸ ਵਿਚ ਹੈ, ਕਿ ਹਰ ਖਿਆਲ ਦੇ ਗੀਤ ਨਵੇਂ ਤੋਂ ਨਵੇਂ ਤਿਆਰ ਹੁੰਦੇ ਹਨ। ਇਨ੍ਹਾਂ ਗੀਤਾਂ ਵਿਚ ਕ੍ਰਿਸ਼ਨ ਗੋਪੀਆਂ ਤੇ ਹੀਰ ਰਾਂਝੇ ਦੇ ਟੱਪੇ ਬਾਹੁਲਾਤ ਨਾਲ ਮਿਲਦੇ ਹਨ।

## ਮਜ਼ਹਬੀ ਗੀਤ

ਘਰੋਗੇ ਗੀਤਾਂ ਦੀ ਰੀਸ ਉਤੇ ਕਈ ਮੁਸਲਮਾਨ ਸ਼ਾਇਰਾਂ ਨੇ ਹਜ਼ਰਤ ਮੁਹੰਮਦ ਸਾਹਬ ਦੀਆਂ ਨਾਅਤਾਂ ਪੰਜਾਬੀ ਬੋਲੀ ਵਿਚ ਲਿਖੀਆਂ ਹਨ। ਏਹ ਦਰਵੇਸ਼ ਲੋਕ ਗਲੀ ਗਲੀ ਗਾਉਂਦੇ ਫਿਰਦੇ ਹਨ। ਗਾਕਬ ਕਸੂਰੀ ਤੇ ਉਨ੍ਹਾਂ ਦੇ ਬਾਅਦ ਮੁਸ਼ਤਾਕ ਅਮ੍ਰਿਤਸਰੀ ਦੇ ਗੀਤ ਇੰਨੇ ਮਕਬੂਲ ਹੋ ਚੁਕੇ ਹਨ ਕਿ ਹੁਣ ਭੁਲ ਹੀ ਨਹੀਂ ਸਕਦੇ। ਪੰਜਾਬੀ



Digitized by Panjab Digital Library | www.panjabdigilib.org

ਸ਼ਾਇਰੀ ਦੀ ਜ਼ੀਨਤ ਇਹ ਗੀਤ ਬਿਅੰਤ ਧਾਰਨਾਂ ਵਿਚ ਬਣੇ ਹੋਏ ਤੇ ਛਪੇ ਹੋਏ ਮਿਲਦੇ ਹਨ।

## ਬੁਝਾਰਤਾਂ

ਇਨ੍ਹਾਂ ਦਾ ਸਿਲਸਿਲਾ ਬੇਓੜਕਾ ਹੈ। ਰਾਤ ਨੂੰ ਬਚੇ ਕੱਠੇ ਹੋ ਕੇ ਨੀਂਦ ਦੀ ਉਡੀਕ ਇਨ੍ਹਾਂ ਬੁਝਾਰਤਾਂ ਨਾਲ ਹੀ ਕਰਦੇ ਹਨ। ਇਕ ਬੁਝਾਰਤ ਪਾਉਂਦਾ ਹੈ, ਦੂਜਾ ਦਸ ਨਹੀਂ ਸਕਦਾ। ਕਹਿੰਦਾ ਹੈ,ਇਹ ਹਾਰ ਮੈਨੂੰ ਆਈ,ਤੂੰ ਦਸ ਦੇ। ਉਹ ਦਸਦਾ ਹੈ। ਇਹ ਹੋਰ ਇਕ ਔਖੀ ਜਹੀ ਬੁਝਾਰਤ ਪਾਕੇ ਆਪਣੀ ਹਾਰ ਦਾ ਬਦਲਾ ਚੁਕਾ ਲੈਂਦਾ ਹੈ। ਇਹੋ ਜਿਹੇ ਚੁਹਲ ਸ਼ਾਇਰ ਭੀ ਕਰ ਲੈਂਦੇ ਹਨ।.ਇਕ ਵਾਰ ਦਾ ਵਾਕਿਆ ਹੈ ਕਿ ਪਿਆਰੇ ਸਾਹਬ ਲਾਹੌਰੀ ਸ਼ਾਦੀ ਸਾਹਬ ਨਾਲ ਸਵਾਲਾਂ ਜਵਾਬਾਂ ਵਿਚ ਭਿੜ ਰਹੇ ਸਨ ਤਾਂ ਇਹ ਬੁਝਾਰਤ ਹੀ ਪਾ ਦਿਤੀ:-

ਅਲਫ਼ ਅਸਾਂ ਦਿਤਾ ਤੇਰੇ ਹਥ ਪੈਸਾ, ਇਹਦੀਆਂ ਲਿਆ ਦੇ ਚੀਜ਼ਾਂ ਤੂੰ ਚਾਰ ਮੀਆਂ।
ਕਾਨ ਫੂਲ ਤੇ ਕਕੜੀ, ਪਾਨ ਬੀੜਾ, ਨਾਲੇ ਲਿਆਵੀਂ ਖਾਂ ਫੁੱਲਾਂ ਦੇ ਹਾਰ ਮੀਆਂ।
ਪੈਸਾ ਮੋੜ ਲਿਆਵੀਂ ਨਾਲੇ ਦੁਧ ਲਿਆਵੀਂ, ਅਤੇ ਕਰੀਂ ਨਾ ਮੂਲ ਉਧਾਰ ਮੀਆਂ।
ਪਿਆਰੇ ਯਾਰ ਨੂੰਦੇਵੀਂ ਜਵਾਬ ਇਸਦਾ,ਨਹੀਂ ਤਾਂ ਨਿਕਲ ਜਾਈਂ ਪਿੜੋਂ ਬਾਹਰ ਮੀਆਂ।

ਪਿਆਰੇ ਸਾਹਬ ਤਾਂ ਇਹ ਸਵਾਲ ਘਰੋਂ ਸੋਚ ਕੇ ਹੀ ਆਏ ਹੋਣਗੇ ਪਰ ਸ਼ਾਦੀ ਨੂੰ ਇਹ ਸੁਪਨਾ ਭੀ ਨਹੀਂ ਸੀ। ਜੇ ਜਵਾਬ ਨ ਦਏ ਤਾਂ ਭਰੇ ਅਖਾੜੇ ਵਿਚ ਸ਼ਰਮਸਾਰੀ ਹੋਵੇ। ਸ਼ਾਦੀ ਨੇ ਉਸੇ ਵੇਲੇ ਇਕ ਤਿਆਰ ਬਰ ਤਿਆਰ ਜਵਾਬ ਦੇਕੇ ਗੱਲ ਜਿਤ ਲਈ।

ਦਾਲ ਦੁਸ਼ਮਨਾਂ ਨੇ ਦਿਤਾ ਹਥ ਪੈਸਾ, ਜਾ ਕੇ ਲਭ ਲੀਤੀ ਚੀਜ਼ ਵਖਰੀ ਮੈਂ।
ਇਕ ਅਜਬ ਅਜਾਇਬ ਥੀਂ ਅਕ ਡਿੱਠਾ, ਉਹਦੀ ਤੋੜ ਲੀਤੀ ਸੁੱਕੀ ਲਕੜੀ ਮੈਂ।
ਪਹਿਲੇ ਫੁੱਲ ਤੋੜੇ ਫੇਰ ਦੁਧ ਚੋਇਆ, ਨਾਲੇ ਤੋੜ ਲੀਤੀ ਉਸਦੀ ਕਕੜੀ ਮੈਂ।
ਸ਼ਾਦੀ ਯਾਰ ਤੈਨੂੰ ਜਵਾਬ ਦਿਤਾ, ਗਲ ਖੋਲ੍ਹ ਦਿਤੀ ਵਖੋ ਵਖਰੀ ਮੈਂ।

ਅਖਾੜਿਆਂ ਵਿਚ ਇਸ ਤਰ੍ਹਾਂ ਦੇ ਫਿਲਬਦੀਆ ਜਵਾਬ ਆਮ ਦਿਤੇ ਜਾਂਦੇ ਸਨ। ਇਕ ਵਾਰ ਗਾਮੂ ਖਾਂ ਨੇ ਸਵਾਲ ਕੀਤਾ—

ਕਿਹੜਾ ਹੈ ਬੂਟਾ ਐਸਾ ਚਮਨ ਅੰਦਰ,
ਲਗੀ ਵਾ ਤੇ ਫੇਰ ਉਹ ਡੋਲਿਆ ਨਹੀਂ ?

ਬਾਬਾ ਤਾਜ ਨੇ ਜਵਾਬ ਦਿੱਤਾ—

ਹੋ ਹਲਦੀ ਦੀ ਕਿਆਰੀ ਵਿਚ ਹੈ ਮਹੁਰਾ,
ਵਗੇ ਲਖ ਝਖੜ ਬੂਟਾ ਡੋਲਦਾ ਨਹੀਂ।

ਇਸੇ ਤਰ੍ਹਾਂ ਟੀ. ਸੀ. ਗੁਜਰਾਤੀ ਨੇ ਇਕ ਬੁਝਾਰਤ ਬੈਂਤਾਂ ਵਿਚ ਲਿਖੀ ਹੈ:-



Digitized by Panjab Digital Library | www.panjabdigilib.org

ਕਾਫ ਕੱਟ ਸਿਰ ਲਿਆਓ ਜੇ ਵਿਚ ਕਦਮਾਂ,
ਨਜ਼ਰੇ ਖਲਕ ਅੰਦਰ ਜ਼ਹਿਰੀ ਮਾਰ ਬਣ ਜਾਂ।
ਜੇ ਕਰ ਕਦਮ ਕਟ ਕੇ ਰਖੋ ਸੀਸ ਉਤੇ,
ਗੁੱਸੇ ਨਾਲ ਬਿਲਕੁਲ ਆਤਸ਼ ਹਾਰ ਬਣ ਜਾਂ।
ਕਦਮ ਕੱਟ ਸੀਨਾ ਰਖੋ ਸਿਰ ਉੱਤੇ,
ਦਸਤੇ ਯਾਰ ਦਾ ਇਕ ਸ਼ਿੰਗਾਰ ਬਣ ਜਾਂ।
ਸਿੱਧਾ ਕਦ ਮੇਰਾ ਹਰਫ ਤਿੰਨ ਟੀ. ਸੀ.,
ਉਲਟੋ ਅੰਗ ਜੇਕਰ ਸ਼ੀਰੀਂਦਾਰ ਬਣ ਜਾਂ।

ਇਸ ਦਾ ਅਰਥ ਗੰਨਾ ਹੈ, ਪਰ ਉਰਦੂ ਹਰਫਾਂ ਵਿਚ ਸਾਰਾ ਸੁਆਦ ਦੇਂਦਾ ਹੈ। ਇਹੋ ਜਹੀਆਂ ਗਲਾਂ ਨੂੰ ਭਾਵੇਂ ਵਕਤ ਗੁਜ਼ਾਰਨ ਦੇ ਸ਼ੁਗਲ ਹੀ ਸਮਝਿਆ ਜਾਂਦਾ ਹੈ। ਪਰ ਦਿਮਾਗ ਦੀ ਚੁਸਤੀ, ਜਵਾਬ ਤਿਆਰ ਕਰਨ ਦੀ ਫੁਰਤੀ ਅਤੇ ਸੋਚਨ ਦੀ ਸ਼ਕਤੀ ਨੂੰ ਵਧਾਉਣ ਦਾ ਭੀ ਵਸੀਲਾ ਹੈ।

ਪੰਜਾਬੀ ਬੋਲੀ ਦਾ ਭੰਡਾਰ ਐਨਾ ਭਰਪੂਰ ਹੈ, ਕਿ ਉਸ ਦੀ ਹਰ ਇਕ ਤਫਸੀਲ ਦਾ ਖੋਲ੍ਹ ਕੇ ਬਿਆਨ ਕਰਨਾ ਇਸ ਨਿੱਕੇ ਜਿਹੇ ਦੀਬਾਚੇ ਵਿਚ ਅਸੰਭਵ ਹੈ। ਜਿਸ ਪਾਸੇ ਧਿਆਨ ਮਾਰੀਏ, ਹੋਰ ਹੀ ਹੋਰ ਰੰਗ ਨਜ਼ਰ ਆ ਜਾਂਦਾ ਹੈ। ਮਰਾਸੀ ਲੋਕ ਸਿਠਾਂ ਜੋੜਦੇ ਹਨ, ਗੁਡੇ ਬੰਨ੍ਹਦੇ ਹਨ। ਫਕੀਰ ਲੋਕ ਪ੍ਰਭਾਤੀਆਂ ਗਾਉਂਦੇ ਹਨ, ਸਾਈਂ ਦਾ ਨਾਮ ਯਾਦ ਕਰਾ ਕੇ ਸੁਤਿਆਂ ਨੂੰ ਜਗਾਉਂਦੇ ਹਨ। ਕੁੜੀਆਂ ਪੋਹ ਦੇ ਦਿਨਾਂ ਵਿਚ ਮਾਹੋ ਮਾਹੀ ਮੰਗਦੀਆਂ ਹਨ, ਹਟੀਆਂ ਤੋਂ ਉਗਰਾਹੀ ਕਰਦੀਆਂ, ਘਰਾਂ ਤੋਂ ਗੋਹੇ ਲੈਂਦੀਆਂ, ਕੱਠੀਆਂ ਹੋ ਕੇ ਲੋਹੜੀ ਬਾਲਦੀਆਂ ਹਨ। ਮੁੰਡਿਆਂ ਵਾਲੀਆਂ ਲੋਹੜੀ ਵੰਡਦੀਆਂ ਹਨ, ਕਮੀਣ ਲੋਕ ਹੂੰਡੂ ਬਣਾ ਕੇ ਫੁਲੇ, ਗੁੜ ਦੀ ਰੋੜੀ ਤੇ ਰੋਕ ਰੁਪਈਆ ਮੰਗਦੇ ਹਨ। ਸ਼ਹਿਰਾਂ ਵਿਚ ਮੁੰਡੇ ਦੁੱਲਾ ਭੱਟੀ ਵਾਲਾ ਗਾ ਕੇ ਮੰਗਦੇ ਹਨ। ਕੁੜੀਆਂ ਰਾਹ ਰੋਕ ਕੇ ਮਾਹੋ ਮਾਹੀ ਮੰਗਦੀਆਂ ਹਨ, ਪਰ ਹਰ ਗਲ ਵਿਚ ਪੰਜਾਬੀ ਦਾ ਗੀਤ ਹੁੰਦਾ ਹੈ। ਨਵੇ ਰਾਤ ਨੂੰ ਭਠੀਆਂ ਤੇ ਆ ਬੈਠਦੇ ਹਨ, ਬਾਤਾਂ ਕਹਾਣੀਆਂ ਤੇ ਬੁਝਾਰਤਾਂ ਪਾਉਂਦੇ ਹਨ। ਮਾਵਾਂ ਬਚਿਆਂ ਨੂੰ ਪੰਘੂੜੇ ਤੇ ਪਾ ਕੇ ਲੋਰੀ ਦੇਂਦੀਆਂ ਹਨ ਤਾਂ ਗੀਤਾਂ ਵਿਚ, ਕੁੜੀਆਂ ਦੇ ਥਾਲ ਖਿਦੋ ਨਾਲ ਪਾਏ ਜਾਂਦੇ ਹਨ, ਓਹ ਭੀ ਗੀਤਾਂ ਵਿਚ, ਕਿਕਲੀ ਭੀ ਗੀਤਾਂ ਵਿਚ, ਭਰਾਈ ਢੁੰਮਣੀਆਂ ਪਾਂਦੇ ਹਨ, ਗਭਰੂ ਧਮਾਲਾਂ, ਲੁਡੀ, ਬਾਘੀ ਆਦਿਕ ਕਈ ਤਰ੍ਹਾਂ ਦੇ ਨਾਚ ਨਚਦੇ ਹਨ। ਇਹ ਗੀਤ ਲਗ ਭਗ ਸਾਰੇ ਕਾਫੀਆ ਬੰਦ ਹੁੰਦੇ ਹਨ। ਗੱਲ ਕੀ ਜਿਸ ਤਰ੍ਹਾਂ ਰੰਗਾ ਰੰਗ ਦਾ ਪੰਜਾਬ ਹੈ ਵੈਸੀ ਹੀ ਰੰਗਾ ਰੰਗ ਦੀ ਇਸ ਦੀ ਕਲਚਰ ਹੈ। ਸਾਰਾ ਲਿਟਰੇਚਰ ਕੱਠਾ ਕਰਨਾ ਆਸਾਨ ਕੰਮ ਨਹੀਂ।

## ਅਲੰਕਾਰੀ ਤੇ ਚਮਤਕਾਰੀ ਸ਼ਾਇਰੀ

ਪੰਜਾਬੀ ਕਵੀਆਂ ਨੇ ਨਾ ਕੇਵਲ ਵਾਕਿਆਤ ਹੀ ਬਿਆਨ ਕੀਤੇ ਹਨ, ਸਗੋਂ



Digitized by Panjab Digital Library | www.panjabdigilib.org

ਥਾਂ ਥਾਂ ਤੇ ਤਸ਼ਬੀਹਾਂ ਇਸਤਆਰੇ, ਰੂਪਕ ਅਲੰਕਾਰ ਭੀ ਐਸੇ ਅਛੇ ਵਰਤੇ ਹਨ, ਜਿਨ੍ਹਾਂ ਤੋਂ ਉਨ੍ਹਾਂ ਦੀ ਸੋਚ ਉਡਾਰੀ ਅਤੇ ਚਮਤਕਾਰੀ ਬੁੱਧੀ ਦੇ ਸਬੂਤ ਮਿਲਦੇ ਹਨ। ਸਾਰੇ ਕਵੀਆਂ ਦੀ ਰਚਨਾ ਨੂੰ ਫੋਲ ਕੇ ਉਨ੍ਹਾਂ ਵਿਚੋਂ ਖੂਬਸੂਰਤੀਆਂ ਛਾਂਟਣੀਆਂ ਤਾਂ ਵਰਿਹਾਂ ਦਾ ਕੰਮ ਹੈ, ਪਰ ਇਥੇ ਅਸੀਂ ਕੋਈ ਕੋਈ ਚੋਣਵਾਂ ਟੋਟਕਾ ਪੇਸ਼ ਕਰਦੇ ਹਾਂ, ਤਾਕਿ ਪਬਲਿਕ ਨੂੰ ਪੰਜਾਬੀ ਸ਼ਾਇਰੀ ਦੇ ਸੁਣੱਪ ਨਾਲ ਜਾਣ ਪਛਾਣ ਹੋ ਜਾਏ।

ਵਾਰਸ ਸ਼ਾਹ ਇਕ ਥਾਂ ਲਿਖਦਾ ਹੈ:—

ਰਾਂਝਾ ਸੁਟ ਖੂੰਡੀ ਅਤੇ ਲਾਹ ਭੂਰਾ, ਛਡ ਚਲਿਆ ਸਭ ਮੰਗਵਾੜ ਮੀਆਂ।
ਜਿਹਾ ਚੋਰ ਨੂੰ ਖੁਰੇ ਦਾ ਖੜਕ ਪਹੁੰਚੇ, ਛਡ ਤੁਰਦਾ ਏ ਸੰਨ੍ਹ ਦਾ ਪਾੜ ਮੀਆਂ।

ਇਕ ਹੋਰ ਥਾਂ ਕੈਦੋਂ ਦੇ ਦਾਉ ਘਾਤਾਂ ਦਾ ਜ਼ਿਕਰ ਹੈ:—

"ਵਾਰਸ ਸ਼ਾਹ ਜਿਉਂ ਮੋਰਚੇ ਬੈਠ ਬਿੱਲੀ, ਸਾਹ ਘੁੱਟ ਜਾਂਦੀ ਨਹੀਂ ਕੁਸਕਦੀ ਏ।"

ਲਾਲਾ ਸ਼ਾਮਦਾਸ ਆਜਿਜ਼ ਇਕ ਯਤੀਮ ਦੀ ਕਵਿਤਾ ਵਿਚ ਲਿਖਦੇ ਹਨ:—

"ਸੁੱਕ ਸੁੱਕ ਕੇ ਕਾਂਗੜ ਹੋਇਆ ਜਿਵੇਂ ਪਿਆ ਪਰਛਾਵਾਂ ਏ।
ਰੱਤੀ ਰੱਤ ਮਾਸ ਨ ਮਾਸਾ ਮੜ੍ਹੀਆਂ ਦਾ ਸਿਰਨਾਵਾਂ ਏ"।

ਇਸ ਵਿਚ ਰੂਪਕ ਤੇ ਅਨੁਪ੍ਰਾਸ ਦੋਵੇਂ ਝਲਕਦੇ ਹਨ।

ਸ਼ੇਫਤਾ ਅਮ੍ਰਿਤਸਰੀ ਦਾ ਇਕ ਸ਼ੇਅਰ ਹੈ:—

"ਚੜ੍ਹ ਕੇ ਛਾਤੀ ਤੇ ਜ਼ਾਲਮਾਂ ਭੁੜਕ ਨਾਹੀਂ,
ਕੱਚੇ ਕਾਨਿਆਂ ਦੀ ਨਰਮ ਛੱਤ ਹੈ ਇਹ"

ਛਾਤੀ ਦੀਆਂ ਹੱਡੀਆਂ ਨੂੰ ਕਾਨਿਆਂ ਦੀ ਛੱਤ ਦਾ ਰੂਪਕ ਬੜਾ ਹੀ ਸੋਹਣਾ ਦਿਤਾ ਹੈ।
ਇਸੇ ਤਰ੍ਹਾਂ ਸ਼ਾਇਰੀ ਦੇ ਬੇਅੰਤ ਸੁਣੱਪ ਥਾਂ ਥਾਂ ਮਿਲਦੇ ਹਨ।

"ਤੈਨੂੰ ਤਾੜਦੀ ਤਾੜਦੀ ਤਾੜ ਡਿੱਗੀ, ਤਾੜੇ ਲਗ ਗਏ ਮੇਰੇ ਨੈਣ ਪੂੰਨ੍ਹੰ।"
ਫਜ਼ਲ ਸ਼ਾਹ

"ਜੋਗੀ ਬਣ ਰਾਵਲ, ਪਿੰਡੀਂ ਆ ਸਾਡੇ, ਕਾਹਨੂੰ ਅਟਕ ਰਹਿਓਂ ਕੋਹਿਸਤਾਨ ਮਜਨੂੰ"
"ਮੇਰੇ ਦਿਲੀ ਹਿਸਾਰ ਨੂੰ ਤੋੜ ਨਾਹੀਂ" ਫਜ਼ਲ ਸ਼ਾਹ
"ਮੇਰੀ ਕੁਝ ਖਤਾ ਕਸੂਰ ਨਾਹੀਂ" "
"ਅਗੇ ਚੂਨੀਆਂ ਮੁਖ ਤੇ ਭਖਦੀਆਂ ਸਨ" "
"ਭਲਾ ਕਦੋਂ ਲਾਹੌਰ ਦੇ ਨਾਲ ਯਾਰੀ "

ਇਥੇ ਫਿਕਰੇ ਬੰਦੀ ਦੀ ਚਾਤੁਰੀ ਨਾਲ ਮਾਮੂਲੀ ਗਲਾਂ ਵਿਚ ਸ਼ਹਿਰਾਂ ਦੇ ਨਾਮ ਵਰਤੇ ਹੋਏ ਹਨ।



Digitized by Panjab Digital Library | www.panjabdigilib.org

ਸਿੰਘਾਵਲੋਕਨ ਸ਼ੇਅਰਾਂ ਦਾ ਨਮੂਨਾ ਭੀ ਦੇਖੋ

"ਮੀਮ ਮੂੰਹ ਮਹਤਾਬ ਦੇ ਵਾਂਙ ਉਹਦਾ, ਸਿਰ ਤੇ ਵਾਲ ਨੇ ਮਿਸਲ ਸ਼ਬਤਾਰ ਕਾਲੇ।
ਕਾਲੇ ਮੂੰਹ ਖਜਾਲਤ ਥੀਂ ਫੇਰ ਲੈਵਣ, ਵੇਖੇ ਪੇਚ ਜੋ ਜ਼ੁਲਫੇ ਦੋ ਤਾ ਵਾਲੇ।
ਵਾਲੇ ਗੋਸ਼ ਵਾਲੇ ਗੋਇਆ ਹੈਨ ਹਾਲੇ, ਸਿਰ ਤੇ ਖੂਬ ਮੁਰਸਿਆ ਤਾਜ ਨਾਲੇ।
ਨਾਲੇ ਤਾਰਿਆ ਕਿਲਾ ਮਕਸੂਦ ਗਿਰਦੇ, ਪੁਖਤਾ ਚਾਹੜ ਫਸੀਲ ਤੇ ਮਾਰ ਤਾਲੇ।"

ਟੀ. ਸੀ. ਗੁਜਰਾਤੀ

**ਤਾਰੀਖ** ਲਿਖਣ ਦਾ ਸ਼ੌਕ ਭੀ ਆਮ ਪਾਇਆ ਜਾਂਦਾ ਹੈ। ਫਾਰਸੀ ਅਬਜਦ ਦੇ ਹਿਸਾਬ ਨਾਲ ਹਰ ਇਕ ਹਰਫ ਦੇ ਅਦਦ ਜੋੜ ਕੇ ਸਾਲ ਦਸ ਦੇਣਾ ਕਰੀਬਨ ਹਰ ਇਕ ਉਰਦੂ ਅਖਰਾਂ ਦੀ ਪੰਜਾਬੀ ਸ਼ਾਇਰੀ ਵਿਚ ਮਿਲਦਾ ਹੈ। ਗੁਰਮੁਖੀ ਵਿਚ ਏਹ ਹਿੰਦਸੇ ਹੋਰ ਤਰ੍ਹਾਂ ਨਾਲ ਕਢੇ ਜਾਂਦੇ ਰਹੇ ਹਨ ਜਿਹਾ ਕਿ ਚਾਤ੍ਰਿਕ ਜੀ ਨੇ ਨਲ ਦਮਯੰਤੀ ਦੀ ਸਮਾਪਤੀ ਦਾ ਸੰਮਤ ਕਢਿਆ ਹੈ, ਇਸ ਨੂੰ ਉਲਟਾ ਕਰਕੇ ਵਰਤਿਆ ਜਾਂਦਾ ਹੈ:--

"ਸ਼ਿਵ ਨੇਤਰ ਦ੍ਵਿਜ ਕਰਮ ਖੰਡ ਅਰ ਬ੍ਰਹਮ ਪਛਾਨੋ"=੧੯੬੩
੩ ੬ ੯ ੧

ਇੱਕ ਹੋਰ ਕਵੀ ਸਿਧੀ ਤਰ੍ਹਾਂ ਦਸਦੇ ਹਨ--

ਪ੍ਰਭੂ ਖੰਡ ਬਸੁ ਤਤ ਲਖੋ ਸੰਮਤ ਬਿਕ੍ਰਮਜੀਤ
੧ ੯ ੮ ੫
ਸਾਵਣ ਬਾਈ ਕੇ ਵਿਖੇ ਭਯੋ ਸਮਾਪਤ ਰੀਤ"

## ਅਰਥਾਲੰਕਾਰ

ਸ਼ਬਦਾਲੰਕਾਰ ਤੋਂ ਸਿਆਇ ਅਰਥਾਲੰਕਾਰ ਭੀ ਬਹੁਤ ਮਿਲਦੇ ਹਨ। ਜਿਹਾ ਕਿ:-

"ਨਾੜ ਨਾੜ ਦੇ ਵਿਚ ਝਰਨਾਟ ਛਿੜੀ"---ਹੀਰਾ ਸਿੰਘ ਦਰਦ

"ਸਾਈਆਂ ਕੌਣ ਖ਼ੁਦਾ ਨੂੰ ਜਾ ਆਖੇ, ਪੈਦਾ ਕਰਨਾ ਹੁਸੀਨਾਂ ਦਾ ਬੰਦ ਕਰ ਦੇ"-ਸਾਈਂ

"ਪਏ ਹੋਤਾਂ ਦੇ ਰਾਤੀਂ ਚੋਰ ਮੈਨੂੰ, ਲੁਟਿਓ ਨੇ ਜ਼ਾਲਮਾਂ ਕਰ ਜ਼ੋਰ ਮੈਨੂੰ-ਗੁਲਾਮ ਰਸੂਲ

"ਓਹੋ ਅਖੀਆਂ ਰਖੀਏ ਬਾਗਬਾਨਾ ਭਾਵੇਂ ਲਬਾਂ ਤੇ ਆਖਰੀ ਸਾਸ ਹੋਵੇ"-ਬਾਗਬਾਨ

"ਇਕ ਅੱਟੀ ਸੂਤ ਦੀ ਜਾਂ ਮੁੱਲ ਪੈਂਦਾ ਸ਼ਰਫ ਉਹਦਾ,
ਟੁਟਦਾ ਗੁਮਾਨ ਕੱਚੀ ਤੰਦ ਵਾਂਗ ਯਾਰ ਦਾ।-ਸ਼ਰਫ

"ਗੋਰੇ ਗੋਰੇ ਅਲੂੰਏਂ ਸੁਹਣੇ ਮੁਖੜੇ ਤੇ,
ਨਿੰਮ੍ਹੇ ਨਿੰਮ੍ਹੇ ਦਿਖਾਈ ਦੇਣ ਰੰਗ ਝੰਗ ਦੇ"-ਕੁਸ਼ਤਾ



Digitized by Panjab Digital Library | www.panjabdigilib.org

# ਚੋਟ ਬਾਜ਼ੀ

ਅਮ੍ਰਿਤਸਰ, ਲਾਹੌਰ ਗੁਜਰਾਂਵਾਲਾ ਆਦਿਕ ਸ਼ਹਿਰਾਂ ਵਿਚ ਅਖਾੜਿਆਂ ਵਿਚ ਮੁਕਾਬਲੇ ਦੇ ਬੈਂਤ ਬੋਲਣ ਦਾ ਰਿਵਾਜ ਚੋਖਾ ਚਿਰ ਰਿਹਾ, ਉਸ ਵਿਚ ਇਕ ਦੂਜੇ ਦੀ ਹੇਠੀ ਕਰਨ ਦਾ ਜਜ਼ਬਾ ਭੀ ਕੁਦਰਤੀ ਸੀ। ਮੀਰ ਅਤੇ ਸੌਦਾ ਦੀਆਂ ਛੇੜਖਾਨੀਆਂ ਭੀ ਚਲਦੀਆਂ ਸਨ। ਪੰਜਾਬੀ ਸ਼ਾਇਰਾਂ ਨੇ ਆਪਣੀ ਸਿਆਣਪ ਦਿਖਾਉਣ ਵਾਸਤੇ ਚੋਟਾਂ ਕਰਨ ਦੀ ਛੇੜ ਚਲਾ ਦਿੱਤੀ; ਲੁਕੇ ਛਿਪੇ ਮੇਹਣੇ ਭੀ ਦਿਤੇ। ਇਕ ਵਾਰ ਮੀਆਂ ਤਾਜ ਅਮ੍ਰਿਤਸਰੀ ਨੇ ਅਖਾੜੇ ਵਿਚ ਪੜ੍ਹਿਆ:–

'ਅਲਫ ਅਸਾਂ ਦੇ ਮਿਲਨ ਦੀ ਖਾਹਸ਼ ਰਖੇਂ, ਵਤਨ ਅਸਾਂ ਦਾ ਖਾਸ ਮੁਲਤਾਨ ਪੁਛ ਲੈ।
ਅਮ੍ਰਿਤਸਰ ਪੰਜਾਬ ਵਿਚ ਆਣ ਕੇ ਤੇ, ਕਟੜੇ ਵਿਚ ਖ਼ਜ਼ਾਨੇ ਮਕਾਨ ਪੁਛ ਲੈ।
ਅੱਲਾ ਦਿਤਾ ਗ਼ਰੀਬ ਦਾ ਨਾਮ ਆਜਜ਼, ਕੁੰਦੀ ਦੋਜ਼ ਦੀ ਆ ਕੇ ਦੁਕਾਨ ਪੁਛ ਲੈ।
ਤਾਜ ਦੀਨ ਦਾ ਜਾਣ ਕੇ ਨਾਮ ਪਾਇਆ, ਸੰਮਣਸ਼ਾਹ ਦੂਲੋ ਨਿਗਹਬਾਨ ਪੁਛ ਲੈ।

ਉਸ ਵੇਲੇ ਬਰਦਾ ਪਸ਼ੌਰੀ ਪਿੜਵਿਚ ਬੈਠਾ ਸੀ, ਉਸ ਨੇ ਚੋਟ ਕੀਤੀ:–

"ਕਾਫ ਕੇਹੜੇ ਕਸਤੂਰੀ ਤੇ ਮੁਸ਼ਕ ਵੇਚੇਂ, ਜੋ ਮੈਂ ਆਣ ਕੇ ਤੇਰੀ ਦੁਕਾਨ ਪੁਛ ਲਾਂ।
ਕੇਹੜੇ ਬਹਾਵਲ ਹਕ ਦਾ ਪੋਤਰਾ ਏਂ, ਵਤਨ ਜਾ ਕੇ ਤੇਰਾ ਮੁਲਤਾਨ ਪੁਛ ਲਾਂ।
ਕੇਹੜੇ ਲਖਾਂ ਕਰੋੜਾਂ ਦਾ ਵਣਜ ਕਰਨਾ ਏਂ, ਜੇਹੜਾ ਜਾ ਕੇ ਤੇਰਾ ਨਿਸ਼ਾਨ ਪੁਛ ਲਾਂ।
ਬਰਦਾ ਆਖਦਾ ਹੋਰ ਨੂੰ ਖ਼ਾਹਸ਼ ਕੋਈ ਨਹੀਂ ਏ, ਨਿਹਗਬਾਨ ਜੋ ਤੇਰਾ ਖਾਹਾਨ ਪੁਛ ਲਾਂ।

ਚਿਰਾਗ ਦਫਤ੍ਰੀਕੁਟ ਤੇ ਚਾਨਣ ਸ਼ਾਹ ਪਟੋਲੀ (ਅਮ੍ਰਿਤਸਰ) ਦੋਵੇਂ ਪੰਜਾਬੀ ਦੇ ਸ਼ਾਇਰ ਸਨ। ਉਨ੍ਹਾਂ ਉਤੇ ਕਿਸੇ ਨੇ ਚੋਟ ਕੀਤੀ:–

"ਫੂਕ ਮਾਰਿਆਂ ਦੂਰ ਹੋ ਜਾਏ ਚਾਨਣ,
ਸ਼ਕਲ ਦਿੱਸੇ ਸਿਆਹ ਚਿਰਾਗ ਦੀ ਏ।

ਚੋਟ ਬਾਜ਼ੀ ਦੀ ਇਕ ਸੂਰਤ ਬਾਬੂ ਕਰਮ ਅਮ੍ਰਿਤਸਰੀ ਅਤੇ ਮੁਨਸ਼ੀ ਮੁਹੰਮਦ ਇਸਮਾਈਲ ਈਸਾ ਦੇ ਮੁਨਾਜਰਾ ਨਮਾ ਬੈਂਤ ਸਨ, ਜੋ ਸੌਕਣਾਂ ਦੀ ਲੜਾਈ ਵਾਂਗ ਕਹੇ ਜਾਂਦੇ ਤੇ ਸੁਣਨ ਵਾਲਿਆਂ ਲਈ ਅਨੰਦ ਦਾ ਕਾਰਣ ਹੁੰਦੇ ਸਨ।

ਪੰਜਾਬੀ ਸ਼ਾਇਰੀ ਵਿਚ ਹਾਸੇ ਠੱਠੇ ਦੇ ਬੈਂਤ ਭੀ ਮੌਜੂਦ ਹਨ। ਜਿਹਾ ਕਿ

"ਯਾਰੋ ਦੌੜਿਆ ਜਾਂਵਦਾ ਘੱਤ ਗਿਆ,
ਚੂਹਾ ਬਿੱਲੀ ਦੇ ਸਿਰ ਸੁਆਹ ਬਈ ਵਾਹ।" ਗ਼ਾਲੀ

"ਕੀੜੀ ਸਹੁਰੇ ਤੁਰ ਪਈ ਨੌਂ ਮਣ ਕੱਜਲ ਪਾ।
ਹਾਥੀ ਮੋਢੇ ਰਖ ਲਿਆ, ਉਠ ਲਿਆ ਲਮਕਾ।
ਗਾਲੜ ਖਾ ਗਿਆ ਗਾਜਰਾਂ, ਸਾਢੇ ਤਿੰਨ ਧੁਮਾਂ।



Digitized by Panjab Digital Library | www.panjabdigilib.org

ਚੂਹਾ ਚੱਕੀ ਲੈ ਗਿਆ, ਤੇ ਕੋਹਲੂ ਲੈ ਗਿਆ ਕਾਂ।
ਸੁਣ ਮੁਸੱਦੀ ਕਾਣਿਆ, ਕਿੱਸਾ ਕਰ ਦੇ ਤਮ।
ਤੇਲ ਦੀਵੇ ਦਾ ਮੁਕ ਗਿਆ, ਲੋਕਾਂ ਨੂੰ ਹੈ ਕੰਮ।"

ਮੁਸੱਦੀ ਕਾਣੇ ਨੇ ਏਹ ਬੰਦ ਅਸਲ ਵਿਚ ਜੰਗ ਨਾਮੇ ਲਿਖਣ ਵਾਲੇ ਪੰਜਾਬੀ ਸ਼ਾਇਰਾਂ ਦਾ ਮਖੌਲ ਉਡਾਉਣ ਵਾਸਤੇ ਲਿਖੇ ਹਨ ਕਿ ਉਨ੍ਹਾਂ ਨੇ ਰਾਈ ਦਾ ਪਹਾੜ ਬਣਾ ਧਰਿਆ ਹੈ। ਇਸੇ ਤਰ੍ਹਾਂ ਇਸ਼ਕੀਆ ਸ਼ਾਇਰੀ ਲਿਖਣ ਵਾਲਿਆਂ ਨੇ ਜੋ ਫਕੜ ਤੋਲੇ ਹਨ, ਉਨ੍ਹਾਂ ਬਾਰੇ ਮੌਲਵੀ ਰੋਸ਼ਨ ਦੀਨ ਨੇ ਆਪਣੀ ਤਸਨੀਫ ਕਿੱਸਾ ਜਾਬਰ ਵਿਚ ਇਉਂ ਲਿਖਿਆ ਹੈ:—

"ਕਿੱਸਾ ਦਿਲ ਖੁਰਸ਼ੈਦ ਬਣਾਇਆ,
ਝੂਠ ਵੇ ਰੱਬਾ ਸਭ ਝੂਠ ਅਲਾਇਆ,
ਉਹ ਨਮਰੂਦ ਵਾਲਾ ਕੋਟ ਬਣਾਇਆ, ਸਚ ਜ਼ਰਾ ਵਿੱਚ ਨਾਹੀਂ।
ਸਚ ਜ਼ਰਾ ਵਿਚ ਨਾਹੀਂ ਵੇ ਮਾਲਕਾ, ਅਦਲੋਂ ਪਕੜੀ ਨਾਹੀਂ।
ਉਸ ਉਮਰ ਨਾ ਸੀ ਅਕਲ ਭੀ ਕਾਈ,
ਗੰਦੀ ਮੇਰੀ ਉਸ ਮਿਸਲ ਬਣਾਈ,
ਹੁਣ ਮੈਂ ਕੀ ਕੁਝ ਕਰਾਂ ਇਲਾਹੀ, ਭੁਲਿਆਂ ਨੂੰ ਰਾਹ ਪਾਈਂ
ਭੁਲਿਆਂ ਨੂੰ ਰਾਹ ਪਾਈਂ ਵੇ ਮਾਲਕਾ, ਫਜ਼ਲਾਂ ਦਾ ਅੰਤ ਕੋਈ ਨਾਹੀਂ।

ਇਸ ਤੋਂ ਆਪ ਨੇ ਤੋਬਾ ਕਰਕੇ ਜਾਬਰਾਂ ਦਾ ਕਿੱਸਾ ਲਿਖਿਆ। ਇਸੇ ਤਰ੍ਹਾਂ ਦੀ ਪ੍ਰੇਰਨਾ ਹੇਠ ਮੌਲਵੀ ਗੁਲਾਮ ਰਸੂਲ ਜੀ ਆਪਣੇ ਰਸਾਲਾ ਹੁਲੀਆ ਸ਼ਰੀਫ ਰਸੂਲ ਮਕਬੂਲ ਵਿਚ ਲਿਖਦੇ ਹਨ:—

ਗੁਲਾਮ ਅਗੇ ਕਿਹਾ ਸੱਸੀ ਦਾ ਕਿੱਸਾ।
ਮਆਜ਼ ਅੱਲਾ ਲਿਆ ਬਿਦਅਤ ਥੀਂ ਹਿੱਸਾ।
ਲਿਹਾਜ਼ਾ ਤੋਬਾ ਕੀ ਮਸ਼ਹੂਰ ਕਰਕੇ।
ਖੁਦਾ ਦੇ ਰਹਿਮ ਪਰ ਉਮੈਦ ਧਰ ਕੇ।
ਕਫਾਰਾ ਉਸ ਦੀ ਇਹ ਤਸਨੀਫ ਹੋਈ।
ਕਮਾਲ ਇਖ਼ਲਾਸ ਥੀਂ ਤਸਨੀਫ ਹੋਈ।

## ਸ਼ਾਇਰਾਂ ਦੀ ਕੁਲਪਤ੍ਰੀ

ਅਰੰਭ ਕਰਨ ਵਾਲੇ ਅਤੇ ਨਵੇਂ ਅਭਜਾਸੀ ਕਵੀਆਂ ਦੇ ਵਾਸਤੇ ਕਵਿਤਾ ਦਾ ਸੁਧਾਰ ਬੜੀ ਜ਼ਰੂਰੀ ਚੀਜ਼ ਹੈ ਅਤੇ ਫਾਰਸੀ ਸ਼ਇਰਾਂ ਨੇ ਇਸ ਪਾਸੇ ਬੜਾ ਧਿਆਨ ਦਿਤਾ ਹੈ। ਪੰਜਾਬੀ ਸ਼ਾਇਰਾਂ ਨੇ ਭੀ ਸੁਧਾਰ ਵਲ ਧਿਆਨ ਦਿਤਾ ਪਰ ਬੜਾ ਥੋੜਾ। ਕੁਝ ਇਸ ਵਾਸਤੇ ਭੀ ਕਿ ਪੰਜਾਬੀ ਸ਼ਾਇਰਾਂ ਵਿਚ ਅਨਪੜ੍ਹਾਂ ਦੀ ਗਿਣਤੀ ਵਧ ਰਹੀ, ਤਦ ਭੀ ਇਨ੍ਹਾਂ ਕੁਲ ਪਤ੍ਰੀਆਂ ਦੀ ਪਰਪਾਟੀ ਇਸ ਗਲ ਦੀ ਗਵਾਹ ਹੈ, ਕਿ



Digitized by Panjab Digital Library | www.panjabdigilib.org

ਪੰਜਾਬੀ ਸ਼ਾਇਰਾਂ ਵਿਚ ਉਸਤਾਦਾਂ ਪਾਸੋਂ ਸ਼ਾਗਿਰਦਾਂ ਦਾ ਕਲਾਮ ਸੁਧਵਾਉਣ ਦਾ ਸਿਲਸਿਲਾ ਕਾਫੀ ਦੇਰ ਚਲਦਾ ਰਿਹਾ। ਕੁਝ ਅਖਾੜਿਆਂ ਦੀਆਂ ਕੁਲ-ਪੜ੍ਹੀਆਂ ਹੇਠ ਦੇਂਦੇ ਹਾਂ।

ਪੜ੍ਹੀ ਨੰ: ੧

## ਮੌਲਵੀ ਫਰੀਦੁੱਦੀਨ ਫਰੀਦ, ਮੁਜ਼ੰਗੀ

- ਸੱਯਦ ਫ਼ਜ਼ਲ ਸ਼ਾਹ
- ਪਾਰਸ ਅਲੀ
- ਅਰੂੜਾ ਰਾਇ
  - ਹਕੀਮ ਰਹੀਮ ਬਖ਼ਸ਼ ਸਹਾਇਕ
    - ਸਰਦਾਰ ਖਾਂ ਬਰਕ
      - ਸੋਹਣ ਸਿੰਘ ਗਾਅਦ
      - ਅਬਦੁਲ ਸਮਦ ਕਮਤਰ
      - ਸੁੰਦਰ ਸਿੰਘ ਸਰਦਾਰ
      - ਅਬਦੁਲ ਕਾਦਰ ਦਾਨਸ਼ਮੰਦ
      - ਇਨਾਇਤ ਖਾਂ ਹੈਰਤ, ਬਰਕ ਦਾ ਪੁੱਤਰ
      - ਗੁਲਾਮ ਕਾਦਰ ਫ਼ੱਰੁਖ਼
      - ਸੁੰਦਰ ਸਿੰਘ ਸਬਾ
- ਮੁਜ਼ੱਫ਼ਰ ਅਲੀ ਮੁਜ਼ੱਫ਼ਰ
  - ਗੁਲਾਮ



Digitized by Panjab Digital Library | www.panjabdigilib.org

# ਬੱਦਲ

- ਬੱਦਲ
  - ਸਾਉਣ
    - ਸੋਹਣਾ
      - ਖ਼ੁਲਦੀ
      - ਪਿਆਰੇ ਸਾਹਬ
        - ਹਾਫ਼ਜ਼ ਵਲੀ ਅੱਲਾ ਸੱਜਣ
          - ਮੀਆਂ ਹਿਦਾਇਤੁੱਲਾ
            - ਰਹੀਮ ਬਖਸ਼ ਰਹੀਮ
            - ਲਾਹੌਰਾ ਸਿੰਘ
        - ਜਾਨੀ ਜਟ
          - ਸੋਹਣਾ ਜਟ
            - ਹਾਫ਼ਜ਼ ਅੱਲਾ ਦਿਤਾ
              - ਕਰੀਮ ਬਖ਼ਸ਼
                - ਇਲਾਹੀ ਬਖਸ਼ ਰਫ਼ੀਕ
                  - ਤਾਰਾ ਚੰਦ ਤਾਰਾ
                  - ਪੀਰ ਬਖਸ਼ ਆਸੀ
                    - ਸਾਦਕ
                - ਹਕੀਮ ਆਗ਼ਾ ਅਲੀ ਖਾਂ
                  - ਹਾਫਜ਼ ਬਖਸ਼
                  - ਨਜ਼ੀਰ
                  - ਵਾਦਾਖਾਹ
                  - ਕਮਰਦੀਨ ਕਮਰ
                    - ਕਰੀਮ ਬਖ਼ਸ਼ ਕੁਰਬਾਨ
                    - ਬਰਕਤ ਅਲੀ ਅਖਤਰ
                    - ਅਬਦੁਲਹਕ ਬਿਸਮਿਲ
                    - ਮੁਹੰਮਦ ਦੀਨ ਸੋਖਤਾ
                    - ਮੌਲਾ ਬਖਸ਼ ਕੁਸ਼ਤਾ
                  - ਫ਼ੀਰੋਜ਼ਦੀਨ ਦਿਲਗੀਰ
                  - ਕੇਸਰ ਸਿੰਘ ਨਿਸਾਰ
                  - ਬਰਕਤ ਅਲੀ ਬਰਕਤ
                  - ਫ਼ੀਰੋਜ਼ਦੀਨ ਫ਼ੀਰੋਜ਼
                  - ਫ਼ੈਜ਼ ਬਖਸ਼ ਫ਼ੈਜ਼
                  - ਬਦਰਦੀਨ ਬਦਰ
                  - ਗਾਮ
                  - ਮਸਤ
                  - ਫਕੀਰ ਬਟਾਲਵੀ
                - ਹਕੀਮ ਗਾਮੂੰ ਖਾਂ
                  - ਮੇਲਾ ਰਾਮ ਗ਼ਮਗੀਨ
                  - ਘਸੀਟਾ ਮਲ ਗ਼ਮਨਾਕ
        - ਮੁਹੰਮਦ ਬਖ਼ਸ਼ ਗੋਲੰਦਾਜ਼
          - ਫ਼ਜ਼ਲ ਦੀਨ
            - ਚਿਰਾਗ਼ਦੀਨ ਇਸ਼ਕ ਲਹਿਰ
            - ਅੱਲਾ ਦਿਤਾ ਸ਼ਾਦ
      - ਰਮਜ਼ੂ ਬਟਾਲਾ



Digitized by Panjab Digital Library | www.panjabdigilib.org

## ਪੜੀ ਨੰ: ੩

# ਪਿਆਰੇ ਸਾਹਬ

- ਹਾਫਜ਼ ਵਲੀਅੱਲ ਸੱਜਣ
  - ਮੀਆਂ ਹਿਦਾਇਤੁੱਲਾ
    - ਰਹੀਮ ਬਖ਼ਸ਼ ਰਹੀਮ
    - ਲਾਹੌਰਾ ਸਿੰਘ
      - ਮੁਰਾਦ ਬਖ਼ਸ਼ ਮੁਦਾਦ
        - ਭੋਲਾ ਬਖਸ਼ ਮਿਸਤ੍ਰੀ
        - ਬਾਬੂ ਹਮਦਮ
          - ਸ਼ਰਫ
          - ਜ਼ਰ
          - ਰਾਜ਼
          - ਰਾਇ
        - ਅਲਾ ਦਿੱਤਾ
      - ਮਿਲਖੀ ਰਾਮ
        - ਆਤਸ਼
        - ਗੁਲਾਮ ਮੁਹੰਮਦ ਗਾਮਾਂ
        - ਅਮੋਲਕ ਰਾਮ
      - ਖ਼ੁਦਾ ਬਖ਼ਸ਼ ਲੁਹਾਰ
    - ਇਮਦਾਦ ਅਲੀ
  - ਸ਼ਾਦੀ
  - ਸ਼ਾਕਰ

## ਪੜੀ ਨੰ: ੪

# ਬਾਬਾ ਸਾਦਕ

- ਗੁਲਾਮ ਰਸੂਲ
- ਅਲਾ ਦਿਤਾ ਸ਼ੇਫ਼ਤਾ
- ਭਾਈ ਖਾਂ ਸ਼ੈਦਾ
  - ਮੁਹੰਮਦ ਇਸਮਾਈਲ ਮੁਸ਼ਤਾਕ
    - ਦੇਵੀਦਾਸ ਹਿੰਦੀ
    - ਮੂਸਾ



Digitized by Panjab Digital Library | www.panjabdigilib.org

ਕਵਿਤਾਵਾਂ ਵਿਚ ਇਸਲਾਹ (ਸੁਧਾਈ ਦੇਣ ਵਿਚ ਬਾਜ਼ੇ ਸਜਣ ਬੜੇ ਸਿਆਣੇ ਸਨ। ਹਕੀਮ ਆਗ਼ਾ ਅਲੀ ਖਾਂ (ਅਤੇ ਨਿਆਜ਼ ਮੰਦ ਕੁਸ਼ਤਾ ਭੀ) ਘਰੋਂ ਅਖਾੜੇ ਵਲ ਜਾਂਦੇ ਜਾਂਦੇ ਸਾਰੇ ਸ਼ਾਗਿਰਦਾਂ ਦੇ ਕਲਾਮ ਦੀ ਇਸਲਾਹ ਕਰ ਦੇਂਦੇ ਸਨ। ਇਸ ਗਲ ਤੋਂ ਭੀ ਇਨਕਾਰ ਨਹੀਂ, ਕਿ ਹਾਲੀ ਭੀ ਪੰਜਾਬੀ ਸ਼ਾਇਰੀ ਵਿਚ ਹੋਰ ਦੇਖ ਭਾਲ ਤੇ ਸੁਧਾਈ ਦੀ ਲੋੜ ਹੈ।

## ਪੰਜਾਬੀ ਸ਼ਾਇਰਾਂ ਦੀਆ ਖ਼ੂਬੀਆਂ

ਪੰਜਾਬੀ ਸ਼ਾਇਰਾਂ ਦੀ ਇਹ ਖ਼ੂਬੀ ਪ੍ਰਸੰਸਾ ਜੋਗ ਹੈ ਕਿ ਉਨ੍ਹਾਂ ਵਿਚ ਬਹੁਤ ਸਾਰੇ ਅਨਪੜ੍ਹ ਰਹੇ ਹਨ, ਪਰ ਉਨ੍ਹਾਂ ਦੇ ਕਲਾਮ ਵਿਚ ਉਹ ਬਾਰੀਕੀਆਂ ਮੌਜੂਦ ਹਨ ਦੂਜੀਆਂ ਜ਼ਬਾਨਾਂ ਦੇ ਵਿਦਵਾਨਾਂ ਦੇ ਕਲਾਮ ਨੂੰ ਭੀ ਪਿਛੇ ਸੁਟ ਜਾਂਦੀਆਂ ਹਨ। ਇਸ ਤੋਂ ਸਿਵਾ ਪੰਜਾਬੀ ਸ਼ਾਇਰਾਂ ਵਿਚ ਇਕ ਹੋਰ ਖ਼ੂਬੀ ਹੈ ਕਿ ਜਿਸਦਾ ਮੁਕਾਬਲਾ ਸ਼ਾਇਦ ਕੋਈ ਭੀ ਸ਼ਾਇਰੀ ਨਹੀਂ ਕਰ ਸਕੀ। ਉਹ ਇਹ ਕਿ ਉਨ੍ਹਾਂ ਨੇ ਜਦ ਭੀ ਕੋਈ ਕਿੱਸਾ ਯਾ ਕਿਤਾਬ ਕਿਸੇ ਭੀ ਵਿਸ਼ੇ ਉਤੇ ਲਿਖੀ,ਉਸਦੇ ਅਖੀਰ ਵਿਚ ਆਪਣਾ ਨਾਮ, ਕੌਮੀਅਤ, ਟਿਕਾਣੇ ਦਾ ਪਤਾ ਤੇ ਤਸਨੀਫ ਦਾ ਸਾਲ ਅਤੇ ਬਾਜ਼ਿਆਂ ਨੇ ਬੈਂਤਾਂ ਦੀ ਗਿਣਤੀ ਭੀ ਦੇ ਦਿਤੀ। ਇਸ ਦੀ ਮਿਸਾਲ ਲਈ ਕਰੀਬਨ ਹਰੇਕ ਸ਼ਾਇਰ ਦੀ ਤਸਨੀਫ ਵਿਚੋਂ ਹਵਾਲੇ ਲਭ ਜਾਂਦੇ ਹਨ।

## ਔਰਤਾਂ ਦੀ ਸ਼ਾਇਰੀ

ਇਸ ਵਿਚ ਕੋਈ ਸ਼ਕ ਨਹੀਂ, ਕਿ ਉਰਦੂ ਸ਼ਾਇਰਾਂ ਦੀ ਰੀਸਾ ਰੀਸੀ ਬਾਜ਼ੇ ਪੰਜਾਬੀ ਸ਼ਾਇਰਾਂ ਵਿਚ ਭੀ ਇਹ ਬੁਰੀ ਰਸਮ ਆ ਗਈ, ਕਿ ਉਹ ਆਪ ਸ਼ਿਅਰ ਲਿਖ ਕੇ ਔਰਤਾਂ ਦੇ ਨਾਮ ਤੇ ਛਪਵਾ ਦੇਂਦੇ ਰਹੇ, ਜਾਂ ਬਾਜ਼ ਔਰਤਾਂ ਮਰਦਾਂ ਪਾਸੋਂ ਕਵਿਤਾ ਲਿਖਵਾ ਕੇ ਆਪਣੇ ਨਾਮ ਨਾਲ ਗੁਰਮੁਖੀ ਰਸਾਲਿਆਂ ਵਿਚ ਛਪਵਾ ਦੇਂਦੀਆਂ ਰਹੀਆਂ, ਪਰੰਤੂ ਇਹ ਉਲਾਂਭਾ ਸਾਰਿਆਂ ਦੇ ਨਾਮ ਨਹੀਂ ਮੜ੍ਹਿਆ ਜਾ ਸਕਦਾ। ਬਹੁਤ ਸਾਰੀਆਂ ਬੀਬੀਆਂ ਜਮਾਂਦਰੂ ਕਵੀ ਭੀ ਹਨ। ਮਿਸਾਲ ਲਈ--ਰਮਜ਼ਾਨ ਬੀਬੀ ਮਖਫ਼ੀ ਬੀਬੀ ਹਰਨਾਮ ਕੌਰ ਨਾਭਾ, ਬੀਬੀ ਅਮਰ ਕੌਰ ਕਲਕੱਤਾ, ਬੀਬੀ ਅੰਮ੍ਰਿਤ ਕੌਰ ਤੇ ਬਲਜੀਤ ਕੌਰ ਬਲ ਦੇ ਨਾਮ ਪੇਸ਼ ਕੀਤੇ ਜਾ ਸਕਦੇ ਹਨ।

## ਕਵਿਤਾ ਦੇ ਦੋਸ਼

ਜਿਥੇ ਪੰਜਾਬੀ ਸ਼ਾਇਰਾਂ ਨੇ ਕਵਿਤਾ ਵਿਚ ਸੁਹਣੇ ਸੁਹਣੇ ਗੁਣ ਪਾਏ ਹਨ, ਉਥੇ ਕਿਤੇ ਕਿਤੇ ਉਕਾਈਆਂ ਭੀ ਖਾਧੀਆਂ ਹਨ। ਜਿਹਾ ਕਿ ਅਹਿਮਦ ਯਾਰ ਦਾ ਇਕ ਸ਼ਿਅਰ ਹੈ:–

ਕਰਨਾ ਫੁਲਿਆ ਕੇਉੜਾ, ਵੇਲੀਂ ਸਦਾ ਗੁਲਾਬ
ਫਲ ਲਸੂੜੇ ਥੀਂ ਚੋਵੰਦਾ, ਮਿਸਰੀਓਂ ਮਿੱਠਾ ਆਬ।



Digitized by Panjab Digital Library | www.panjabdigilib.org

ਇਸ ਵਿਚ ਸ਼ਾਇਰ ਨੇ ਗੁਲਾਬ ਦੀਆਂ ਵੇਲਾਂ ਲਿਖਿਆ ਹੈ, ਜੋਕਿ ਠੀਕ ਨਹੀਂ।

ਸੱਯਦ ਫ਼ਜ਼ਲ ਸ਼ਾਹ ਨੇ ਕਾਫ਼ੀਏ ਪੂਰੇ ਕਰਨ ਵਾਸਤੇ ਗ਼ਲਤ ਲਫ਼ਜ਼ ਭੀ ਵਰਤੇ ਹਨ, ਜਿਹਾ ਕਿ ਨੈਨ, ਦਾਹੈਨ ਤੇ ਵੈਨ ਦੇ ਨਾਲ ਅਗਵੈਨ ਲੰਘੈਨ ਭੀ ਵਰਤੇ ਹਨ।

ਇਸੇ ਤਰ੍ਹਾਂ ਸਯਦ ਵਾਰਸ ਸ਼ਾਹ ਨੇ ਬੰਦਾ, ਮੰਦਾ, ਮੰਡਾ, ਗੰਡਾ, ਅਤੇ ਸ਼ੋਰ, ਮੋਰ ਦੇ ਨਾਲ ਜੋੜ ਤੋੜ ਵਰਤਿਆ ਹੈ। ਚੀਨ ਦੇ ਨਾਲ ਪੀਤ, ਪ੍ਰੀਤ, ਤਲਵਾਰ ਦੀ ਥਾਂ ਤਲਵਾਰੀ, ਘਮੰਨ ਦੇ ਥਾਂ ਘਮੰਨੀਏ, ਇਸੇ ਤਰ੍ਹਾਂ ਬਲੋਚਣ ਦੇ ਥਾਂ ਬਲੋਚਣੀ, ਤਰਖਾਣੀ ਤੇ ਖੋਜੀ ਦੀ ਥਾਂ ਤਰਖਾਸੀ ਤੇ ਖੋਜਾਸੀ ਪਦ ਵਰਤੇ ਹਨ (ਵਾਰਸ ਸ਼ਾਹ ਦੀ ਨੁਕਤਾ-ਚੀਨੀ ਉਸ ਦੇ ਕਲਾਮ ਵਾਲੇ ਹਿਸੇ ਵਿਚ ਵਖਰੀ ਮੌਜੂਦ ਹੈ) ਸਯਦ ਫਜ਼ਲ ਸ਼ਾਹ ਨੇ ਪੰਜਾਬੀ ਵਿਚ ਫਾਰਸੀ ਬਹੁਤ ਵਰਤੀ ਹੈ, ਜੋ ਬੁਰੀ ਲਗਦੀ ਹੈ।

ਕਈ ਸ਼ਾਇਰਾਂ ਨੇ ਕੁਦਰਤੀ ਹਾਲਾਤ ਦੀ ਭੀ ਪਰਵਾਹ ਨਹੀਂ ਕੀਤੀ, ਜਿਹਾ ਕਿ ਪੀਰ ਨੇਕ ਆਲਮ ਨੇ ਆਪਣੀ ਕਤਾਬ ਅਸਗਰ ਸੁਗ਼ਰਾ ਵਿਚ ਸੁਗ਼ਰਾ ਦੇ ਹੁਸਨ ਦੀ ਉਪਮਾ ਕਰਦਿਆਂ ਲਿਖਿਆ ਹੈ:—

ਅਠਵੇਂ ਸਾਲ ਪੁਰ ਨਕਸ਼ ਨਿਗਾਰ ਚਿਹਰਾ, ਸਰਸ ਰਖਦਾ ਸ਼ਾਨ ਅਰਯੰਗ ਕੋਲੋਂ।
ਸ਼ੋਖ ਚੁਲਬੁਲੇ ਨੈਨ ਮਮੋਲਿਆਂ ਥੀਂ, ਲੰਮੀ ਧੌਣ ਅਜੀਬ ਕੁਲੰਗ ਕੋਲੋਂ।
ਭਾਰੇ ਪੱਟ ਪਹਾੜ ਦੀ ਜੜ੍ਹ ਨਾਲੋਂ, ਪਤਲਾ ਲੱਕ ਧਮੂੜੀ ਦੇ ਡੰਗ ਕੋਲੋਂ।
ਸੁਸਤ ਹਿਰਸ ਹਵਾ ਮਦਰਾਸ ਨਾਲੋਂ, ਚੁਸਤ ਜ਼ਿਹਨ ਜ਼ਕਾ ਫਰੰਗ ਕੋਲੋਂ।

ਅਠ ਬਰਸ ਦੀ ਕੁੜੀ ਦੀ ਸ਼ਾਨ ਵਿਚ ਇਹ ਕੁਝ ਲਿਖਣਾ ਸਿਰਫ ਗਪ ਤੋਂ ਵਧ ਨਹੀਂ।

ਇਸੇ ਤਰ੍ਹਾਂ ਮੀਆਂ ਅੱਲਾਦਿੱਤਾ ਕਿੱਸਾ ਦਾਊਦ ਬਾਦਸ਼ਾਹ ਵਿਚ ਇਕ ਥਾਂ ਹਜ਼ਰਤ ਅਲੀ ਦਾ ਜ਼ਿਕਰ ਕਰਦਾ ਹੈ ਅਰ ਉਥੇ ਹੀ ਪੰਜਾਬ ਦੀਆਂ ਔਰਤਾਂ ਦੇ ਨਾਮ ਲੈਂਦਾ ਹੈ ਜੋ ਜੁਗ਼ਰਾਫੀਆਈ ਇਤਬਾਰ ਨਾਲ ਗ਼ਲਤ ਹੈ। ਹਜ਼ਰਤ ਅਲੀ ਅਰਬ ਦੇ ਰਹਿਣ ਵਾਲੇ ਸਨ, ਉਨ੍ਹਾਂ ਦੇ ਜ਼ਿਕਰ ਵਿਚ ਔਰਤਾਂ ਦੇ ਅਰਬੀ ਨਾਮ ਆਉਣੇ ਚਾਹੀਦੇ ਸਨ ਪਰ ਸ਼ਾਇਰ ਨੇ ਨਥੋ ਬਨਤੋ ਆਦਿਕ ਲਿਖ ਮਾਰੇ ਹਨ।

## ਪੰਜਾਬੀ ਸ਼ਾਇਰੀ

ਇਹ ਬਿਆਨ ਬੜਾ ਵਧ ਗਿਆ ਹੈ। ਜੋ ਕੁਝ ਪੰਜਾਬੀ ਸ਼ਾਇਰੀ ਬਾਬਤ ਕਹਿਣ ਦਾ ਇਰਾਦਾ ਸੀ ਅਤੇ ਉਸਦੇ ਗੁਣ ਦੋਸ਼ ਦਸਣੇ ਸਨ, ਉਹ ਅਧੂਰੇ ਰਹਿ ਗਏ ਹਨ, ਇਸ ਲਈ ਇਸ ਬਿਆਨ ਨੂੰ ਹੋਰ ਵਧਾਣਾ ਛਡਿਆ ਜਾਂਦਾ ਹੈ, ਸਿਰਫ ਸੰਖੇਪ ਮਾਤ੍ਰ ਇਹੋ ਕਾਫੀ ਹੈ, ਕਿ ਪੰਜਾਬੀ ਸ਼ਾਇਰੀ ਵਿਚ ਹਰ ਕਿਸਮ ਦਾ ਕਲਾਮ, ਤਸੱਵਫ, ਮਾਰਫਤ, ਮਜ਼ਹਬ, ਇਸ਼ਕ, ਫਲਸਫਾ, ਅਦਬ, ਇਖਲਾਕ, ਕਿੱਸਾ ਗੋਈ, ਸਭ ਕੁਝ ਮੌਜੂਦ ਹੈ। ਚੂੰਕਿ ਪੰਜਾਬੀ ਸ਼ਾਇਰੀ ਤੇ ਸ਼ਾਇਰਾਂ ਦੀ ਮੁਨਾਸਬ ਕਦਰਦਾਨੀ ਨਹੀਂ



Digitized by Panjab Digital Library | www.panjabdigilib.org

ਹੋਈ, ਇਸ ਲਈ ਸਾਡੀ ਮਾਤ ਬੋਲੀ ਭੀ ਅਗੇ ਨਹੀਂ ਵਧ ਸਕੀ। ਜੇ ਕੋਈ ਇਸ ਦੀ ਵਾਤ ਪੁਛਣ ਵਾਲਾ ਹੁੰਦਾ, ਤਾਂ ਪੰਜਾਬੀ ਕਲਾਮ ਹੀਰੇ ਜਵਾਹਰਾਤਾਂ ਨਾਲ ਤੁਲ ਸਕਦਾ।

## ਧੰਨਵਾਦ

ਸੰਨ ੧੯੧੩ ਵਿੱਚ ਪੰਜਾਬੀ ਸ਼ਾਇਰਾਂ ਦਾ ਸੰਖੇਪ ਜਿਹਾ ਹਾਲ "ਚਸ਼ਮਾਏ ਹਯਾਤ" ਦੇ ਸਿਰਲੇਖ ਹੇਠ ਛਪਵਾਉਣ ਦੇ ਬਾਦ ਮੈਨੂੰ ਖਿਆਲ ਹੋਇਆ ਕਿ ਪੰਜਾਬੀ ਸ਼ਾਇਰਾਂ ਦਾ ਮੁਕੰਮਲ ਤੇ ਮੁਫ਼ੱਸਲ ਤਜ਼ਕਰਾ ਕੀਤਾ ਜਾਏ। ਸੋ ਓਦੋਂ ਤੋਂ ਹੀ ਇਸ ਦੀ ਤਕਮੀਲ ਵਿਚ ਜੁਟਿਆ ਰਿਹਾ। ਰੋਟੀ ਦੇ ਝਗੜੇ ਅਰ ਦੁਨਿਆਵੀ ਧੰਦਿਆਂ ਦੇ ਨਾਲ ਪੰਜਾਬੀ ਬੋਲੀ ਦੀ ਇਹ ਸੇਵਾ ਭੀ ਕਰਦਾ ਰਿ:। ਰਬ ਦਾ ਅਹਿਸਾਨ ਹੈ, ਕਿ ਮੇਰੀ ਇਹ ਮਿਹਨਤ ਪਰਵਾਨ ਚੜ੍ਹ ਗਈ ਅਰ ਮੇਰਾ ਇਹ ਮਕਸਦ ਪੂਰਾ ਹੋ ਗਿਆ। ਬਾਬਾ ਫਰੀਦੁੱਦੀਨ ਗੰਜ ਸ਼ਕਰ ਦੇ ਜ਼ਮਾਨੇ ਤੋਂ ਲੈ ਕੇ ਹੁਣ ਤਕ ਦੇ ਹਾਲਾਤ ਇਕਠੇ ਹੋ ਗਏ, ਜਿਨ੍ਹਾਂ ਦਾ ਹੁਜਮ ਲਗ ਭਗ ਇਕ ਹਫ਼ਾਹ ਸਫੇ ਦਾ ਹੈ। ਇਸ ਵਿਚੋਂ ਪਹਿਲਾ ਹਿੱਸਾ ਸ਼ੁਰੂ ਤੋਂ ਲੈਕੇ ਅਠਾਰਵੀਂ ਸਦੀ ਦੇ ਅੰਤ ਤਕ ਦਿਤਾ ਜਾ ਰਿਹਾ ਹੈ, ਅਤੇ ਉਨੀਸਵੀਂ ਸਦੀ ਤੇ ਵੀਹਵੀਂ ਸਦੀ ਦਾ ਕੁਝ ਹਿੱਸਾ (ਕਰੀਬ ਸਵਾ ਸੌ ਸਾਲ ਦੇ ਹਾਲਾਤ) ਜੋ ਬਹੁਤ ਦਿਲਚਸਪ ਹੈ, ਦੂਜੀ ਕਿਸਤ ਵਿਚ ਦਿਤਾ ਜਾਏਗਾ ਅਤੇ ਜੇਕਰ ਰਬ ਨੇ ਹਿੰਮਤ ਦਿੱਤੀ ਤੇ ਪਾਠਕਾਂ ਨੇ ਪਸੰਦ ਕਰ ਲਿਆ ਤਾਂ ਉਹ ਹਿੱਸਾ ਭੀ ਜਲਦੀ ਹੀ ਪਬਲਿਕ ਦੇ ਸਾਹਮਣੇ ਆ ਜਾਵੇਗਾ।

ਪੰਜਾਬੀ ਬੋਲੀ ਦੀ ਸੇਵਾ ਦੇ ਮਕਸਦ ਨਾਲ ਜੋ ਕੁਝ ਲਿਖਿਆ ਹੈ, ਨੇਕ ਨੀਯਤੀ ਨਾਲ ਲਿਖਿਆ ਹੈ, ਜੇ ਕਿਸੇ ਨੂੰ ਕੋਈ ਸੱਚੀ ਸੱਚੀ ਗਲ ਚੁਭੀ ਹੋਵੇ ਤਾਂ ਮੇਰੀ ਲਾਚਾਰੀ ਨੂੰ ਮਾਫ ਕਰ ਦਿੱਤਾ ਜਾਵੇ। ਮੈਂ ਆਪਣੇ ਵਲੋਂ ਸਹੀ ਸਹੀ ਹਾਲਾਤ ਇਕੱਠੇ ਕੀਤੇ ਹਨ, ਪਰ ਬੰਦਾ ਆਖ਼ਰ ਬੰਦਾ ਹੈ, ਜੇ ਕਿਸੇ ਸੱਜਣ ਨੂੰ ਕੋਈ ਉਕਾਈ ਲੱਭੇ ਤਾਂ ਮੈਨੂੰ ਸਮਝਾ ਦਿੱਤੀ ਜਾਵੇ ਤਾਕਿ ਦੂਜੀ ਐਡੀਸ਼ਨ ਵਿਚ ਧੰਨਵਾਦ ਸਹਿਤ ਓਹ ਸਲਾਹਾਂ ਵਰਤੀਆਂ ਜਾ ਸੱਕਣ।

ਇਸ ਸਿਲਸਿਲੇ ਵਿਚ ਜਿਨ੍ਹਾਂ ਸੱਜਣਾਂ ਪਾਸੋਂ ਮੈਨੂੰ ਸਹਾਇਤਾ ਮਿਲੀ, ਜਿਨ੍ਹਾਂ ਨੇ ਆਪਣੇ ਹਾਲਾਤ ਨੋਟ ਕਰਾਏ, ਥਾਵਾਂ ਟਿਕਾਣਿਆਂ ਦਾ ਪਤਾ ਦਿੱਤਾ, ਉਨ੍ਹਾਂ ਦਾ ਮੈਂ ਸੱਚੇ ਦਿਲੋਂ ਧੰਨਵਾਦੀ ਹਾਂ। ਖਾਸ ਕਰ ਸਰਦਾਰ ਐਸ. ਐਸ. ਚਰਨ ਸਿੰਘ, ਗਿਆਨੀ ਹੀਰਾ ਸਿੰਘ 'ਦਰਦ', ਬਾਬੂ ਹਮਦਮ ਸਾਹਬ, ਗਿਆਨੀ ਐਸ. ਐਸ. ਅਮੋਲ ਦਾ ਬਹੁਤ ਮਸ਼ਕੂਰ ਹਾਂ। ਇਸ ਤੋਂ ਸਿਵਾਇ ਮੈਂ ਆਪਣੇ ਹਿਤਕਾਰੀ ਲਾਲਾ ਧਨੀ ਰਾਮ ਚਾਤ੍ਰਿਕ ਦਾ ਖਾਸ ਤੌਰ ਤੇ ਧੰਨਵਾਦੀ ਹਾਂ, ਜਿਨ੍ਹਾਂ ਦੀ ਕੋਸ਼ਸ਼ ਤੇ ਮੇਹਨਤ ਨਾਲ ਮੇਰੀ ਇਹ ਮੁਹਿਮ ਤੋੜ ਚੜ੍ਹ ਸਕੀ ਹੈ। ਉਨ੍ਹਾਂ ਨੇ ਹੀ ਸਾਰੀ ਇਬਾਰਤ ਨੂੰ ਉਰਦੂ ਹਰਫਾਂ ਤੋਂ ਗੁਰਮੁਖੀ ਅਖਰਾਂ ਵਿਚ ਨਕਲ ਕਰਵਾ ਕੇ ਦਿੱਤਾ, ਆਪ ਪੜ੍ਹਿਆ ਤੇ ਵਾਧਾਂ ਘਾਟਾਂ ਨੂੰ ਠੀਕ ਕਰ ਦਿੱਤਾ। ਸਾਰਾ ਸਰਮਾਯਾ ਛਪਾਈ ਤੇ ਕਾਗਤ ਆਦਿਕ ਦਾ ਆਪਣੇ ਪਾਸੋਂ ਲਾਇਆ ਤੇ ਆਪਣੇ ਪ੍ਰੈਸ ਵਿਚੋਂ ਪ੍ਰਕਾਸ਼ਤ ਕੀਤਾ ਹੈ।

**ਮੌਲਾ ਬਖਸ਼ ਕੁਸ਼ਤਾ**



Digitized by Panjab Digital Library | www.panjabdigilib.org

# ਬਾਬਾ ਫ਼ਰੀਦੁੱਦੀਨ ਸ਼ਕਰਗੰਜ

ਆਪ ਦਾ ਜਨਮ ੫੮੦ ਹਿਜਰੀ (ਮੁਤਾਬਕ ਸੰਨ ੧੧੮੯ ਈਸਵੀ) ਵਿੱਚ ਕਸਬਾ ਖੋਤਵਾਲ ਇਲਾਕਾ ਮੁਲਤਾਨ ਵਿਚ ਹੋਇਆ ਸੀ।

ਆਪ ਸ਼ਾਹੀ ਖਾਨਦਾਨ ਵਿੱਚੋਂ ਸਨ। ਆਪ ਦੇ ਪਿਤਾ ਹਜ਼ਰਤ ਜਮਾਲਦੀਨ, (ਕਈਆਂ ਨੇ ਹਜ਼ਰਤ ਕਮਾਲ ਦੀਨ ਲਿਖਿਆ ਹੈ) ਸੁਲਤਾਨ ਮਹਮੂਦ ਗ਼ਜ਼ਨਵੀ ਦੇ ਭਣੇਵੇਂ ਸਨ, ਜੋ ਸੁਲਤਾਨ ਸ਼ਹਾਬਉਦੀਨ ਦੇ ਸਮੇਂ ਕਾਬਲ ਤੋਂ ਲਾਹੌਰ ਆਏ ਅਤੇ ਕਸੂਰ ਜ਼ਿਲਾ ਲਾਹੌਰ ਵਿਚ ਵੱਸੇ। ਪਰ ਕੁਝ ਸਮੇਂ ਪਿਛੋਂ ਸੁਲਤਾਨ ਦੇ ਹੁਕਮ ਅਨੁਸਾਰ ਮੁਲਤਾਨ ਮੁੜ ਗਏ, ਜਿਥੇ ਮੁਲਾਂ ਵਜੀਹੁੱਦੀਨ ਦੀ ਸਪੁਤ੍ਰੀ ਨਾਲ ਸ਼ਾਦੀ ਕੀਤੀ,ਜਿਨ੍ਹਾਂ ਦੇ ਪੇਟੋਂ ਤਿੰਨ ਸਾਹਿਬਜ਼ਾਦੇ ਜਨਮੇ। ਵਡੇ ਸਾਹਿਬਜ਼ਾਦੇ ਦਾ ਨਾਂ ਅਜ਼ੀਜ਼ਉਦੀਨ ਮਹਮੂਦ, ਵਿਚਕਾਰਲੇ ਦਾ ਨਾਂ ਫ਼ਰੀਦੁੱਦੀਨ ਮਸਊਦ ਅਤੇ ਛੋਟੇ ਦਾ ਨਾਂ ਨਜੀਬੁਦੀਨ ਮੁਤਵਕਲ ਸੀ। ਬਾਬਾ ਫ਼ਰੀਦ ਦਾ ਸ਼ਜਰਾ ਨਸਬ ਸਤਾਰਾਂ ਪੁਸ਼ਤਾਂ ਵਿਚ ਹਜ਼ਰਤ ਸੁਲਤਾਨ ਇਬਰਾਹੀਮ ਅਦਮ ਨਾਲ ਅਤੇ ੩੦ ਪੁਸ਼ਤਾਂ ਵਿੱਚ ਖਲੀਫ਼ਾ ਸਾਨੀ ਹਜ਼ਰਤ ਉਮਰ ਨਾਲ ਜਾ ਮਿਲਦਾ ਹੈ।

ਏਸੇ ਸਿਲਸਿਲੇ ਦੀ ਅਠਵੀਂ ਪੀਹੜੀ ਵਿੱਚ ਫ਼ੱਰੁਖ ਸ਼ਾਹ ਬਾਦਸ਼ਾਹ ਕਾਬਲ ਦਾ ਨਾਂ ਹੈ। ਫੱਰੁਖ ਸ਼ਾਹ ਦੇ ਚਲਾਣੇ ਪਿਛੋਂ ਜਦ ਗਜ਼ਨੀ ਦੇ ਬਾਦਸ਼ਾਹ ਸਲਤਨਤ ਕਾਬਲ ਦੇ ਹੁਕਮਰਾਨ ਹੋਏ ਤਾਂ ਉਨ੍ਹਾਂ ਨੇ ਪੁਰਾਣੇ ਬੰਦੋਬਸਤ ਨੂੰ ਭੰਨ ਤੋੜਕੇ ਮੁਲਕੀ ਕਾਨੂੰਨਾਂ ਵਿਚ ਇਨਕਲਾਬ ਪੈਦਾ ਕਰ ਦਿਤਾ। ਇਸ ਪਿਛੋਂ ਜਦੋਂ ਚੰਗੇਜ਼ ਖਾਂ ਨੇ ਆਫਤ ਮਚਾਈ ਅਤੇ ਕਾਬਲ ਦੇ ਖਾਸ ਆਦਮੀਆਂ ਉਤੇ ਹੱਦੋਂ ਵਧ ਜ਼ੁਲਮ ਕੀਤੇ ਤਾਂ ਇਸ ਖ਼ਾਨਦਾਨ ਉਤੇ ਉਥੋਂ ਦੀ ਜ਼ਿੰਦਗੀ ਔਖੀ ਹੋ ਗਈ। ਏਸੇ ਹੀ ਰੌਲੇ ਗੌਲੇ ਅਤੇ ਅੰਧਾ ਧੁੰਦ ਦੇ ਸਿਲਸਿਲੇ ਵਿੱਚ ਆਪ ਦੇ ਦਾਦਾ ਖਵਾਜਾ ਮੁਹੰਮਦ ਸ਼ੁਐਬ ਸ਼ਹੀਦ ਹੋ ਗਏ ਅਤੇ ਆਪਦੇ ਪਿਤਾ ਮਜਬੂਰਨ ਇਸ ਬੇਬਸੀ ਅਤੇ ਬੇਕਸੀ ਦੀ ਹਾਲਤ ਵਿੱਚ ਕਾਬਲ ਨੂੰ ਛਡ ਕੇ ਹਿੰਦੁਸਤਾਨ ਚਲੇ ਆਏ।

ਬਾਬਾ ਫ਼ਰੀਦ ਦਾ ਜਨਮ ੫੮੦ ਹਿ: ਜਾਂ ੫੮੪ ਹਿ: ਵਿਚ ਖੋਤਵਾਲ(ਜਿਸ ਨੂੰ ਹੁਣ ਚਾਵਲੀ ਮੁਸ਼ਾਇਖ ਆਖਿਆ ਜਾਂਦਾ ਹੈ। ਇਲਾਕਾ ਮੁਲਤਾਨ ਵਿਚ ਹੋਇਆ ਅਤੇ ਇਸੇ ਥਾਂ ਤੇ ਪਲੇ। ਰਵਾਜ ਅਨੁਸਾਰ ਆਪ ਇਕ ਮਸੀਤ ਵਿਚ ਵਿਦਿਆ ਪੜ੍ਹਨ ਲਗ ਪਏ। ਪਹਿਲਾਂ ਪਹਿਲ ਆਪ ਨੇ ਕੁਰਾਨ ਸ਼ਰੀਫ ਕੰਠ ਕੀਤਾ ਇਸ ਪਿਛੋਂ ਜ਼ਰੂਰੀ ਪੁਸਤਕਾਂ ਦਾ ਦਰਸੀ ਮੁਤਾਲਿਆ ਕੀਤਾ ਅਤੇ ਹੋਰ ਵਿਦਿਆ ਪ੍ਰਾਪਤੀ ਲਈ ਹਜ਼ਰਤ ਮੌਲਾਨਾ ਮਿਨਹਾਜੁਦੀਨ ਦੇ ਮੁਰੀਦ ਹੋਏ। ਆਪ ਧਾਰਮਕ ਵਿਦਿਆ ਦੇ ਪੁਸਤਕ ਪੜ੍ਹਨ ਲਗ ਪਏ।

ਆਪ ਮੁੱਢ ਤੋਂ ਹੀ ਫ਼ਕੀਰਾਨਾ ਜੀਵਨ ਵਲ ਮਾਇਲ ਸਨ। ਜਵਾਨੀ ਦੀ ਉਮਰ ਸੀ ਪਰ ਕੇਵਲ ਦੋ ਹੀ ਕੰਮ ਸਨ। ਇਕ ਧਾਰਮਕ ਵਿਦਿਆ ਅਤੇ ਦੂਜਾ ਤਸਵਫ਼ ਦਾ ਸ਼ੌਕ। ੧੮ ਸਾਲ ਦੀ ਉਮਰ ਸੀ ਜਦ ਪਹਿਲੀ ਵਾਰੀ ਹਜ਼ਰਤ ਖ਼ਵਾਜਾ ਕੁਤਬੁ ਦੀਨ

Digitized by Panjab Digital Library | www.panjabdigilib.org

ਬਖ਼ਤਿਆਰ ਕਾਕੀ ਨਾਲ ਆਪ ਦਾ ਮੇਲ ਹੋਇਆ। ਉਨ੍ਹਾਂ ਦਿਨਾਂ ਵਿਚ ਆਪ ਮੌਲਾਨਾ ਮਨਹਾਜੁ ਦੀਨ ਪਾਸੋਂ ਪੁਸਤਕ ਨਾਫ਼ਾ ਤਿਰਮਜ਼ੀ ਪੜ੍ਹ ਰਹੇ ਸਨ।

ਆਪ ਮਸੀਤ ਵਿਚ ਇਕ ਵਾਰੀ ਆਪਣਾ ਸਬਕ ਦੁਹਰਾ ਰਹੇ ਸਨ, ਕਿ ਹਜ਼ਰਤ ਖਵਾਜਾ ਆ ਗਏ। ਆਪ ਦੇ ਵਿਦਿਅਕ ਸ਼ੌਕ ਨੂੰ ਵੇਖ ਕੇ ਖੁਸ਼ ਹੋਏ ਅਤੇ ਫ਼ਰਮਾਇਆ ਕਿ ਕਿਉਂ ਸਾਹਿਬਜ਼ਾਦੇ ਕੀ ਪੜ੍ਹ ਰਹੇ ਹੋ? ਆਪ ਨੇ ਉਤਰ ਦਿੱਤਾ ਹਜ਼ਰਤ ! ਨਾਫ਼ੇ (ਨਫ਼ੇ ਵਾਲੀ ਸ਼ੈ) ਉਹ ਉਤਰ ਸੁਣ ਕੇ ਪ੍ਰਸੰਨ ਹੋਏ ਅਤੇ ਫ਼ਰਮਾਇਆ, ਰਬ ਨੇ ਚਾਹਿਆ ਤਾਂ ਨਫ਼ਾ ਹੀ ਰਹੇਗਾ। ਇਹ ਵਰ ਸੁਣ ਕੇ ਆਪ ਦੇ ਦਿਲ ਵਿਚ ਸ਼ਰਧਾ ਅਤੇ ਸ਼ੌਕ ਦੀ ਲਹਿਰ ਦੌੜ ਗਈ ਅਤੇ ਫੌਰਨ ਹੀ ਉਨ੍ਹਾਂ ਦੇ ਮੁਰੀਦ ਹੋ ਗਏ। ਜਦ ਹਜ਼ਰਤ ਖਵਾਜਾ ਸਾਹਿਬ ਮੁਲਤਾਨ ਤੋਂ ਵਾਪਸ ਦਿੱਲੀ ਚਲੇ ਤਾਂ ਆਪ ਭੀ ਲਿਖਣਾ ਪੜ੍ਹਨਾ ਛਡਕੇ ਉਨ੍ਹਾਂ ਦੇ ਨਾਲ ਦਿੱਲੀ ਜਾਣ ਲਈ ਤਿਆਰ ਹੋ ਪਏ। ਇਸ ਪਰ ਉਨ੍ਹਾਂ ਨੇ ਫਰਮਾਇਆ ਕਿ ਦਿੱਲੀ ਦੇ ਸਫ਼ਰ ਵਿੱਚ ਤਾਂ ਕੋਈ ਹਰਜ ਨਹੀਂ ਪਰ ਲੋੜ ਇਸ ਗੱਲ ਦੀ ਹੈ ਕਿ ਪਹਿਲਾਂ ਬਾਹਰਲੀ ਵਿਦਿਆ ਹਾਸਲ ਕਰ ਕੇ ਫਿਰ ਤਸੱਵਫ਼ ਵਲ ਧਿਆਨ ਦਿਓ ਕਿਉਂਕਿ ਜਾਹਲ ਸੂਫ਼ੀ ਇਕ ਮਖੌਲੀਏ ਤੋਂ ਜ਼ਿਆਦਾ ਹੈਸੀਅਤ ਨਹੀਂ ਰਖਦਾ। ਜਦ ਸ਼ਰਈ ਵਿਦਿਆ ਤੋਂ ਵੇਹਲ ਮਿਲ ਜਾਏ ਤਾਂ ਦਿੱਲੀ ਚਲੇ ਆਉਣਾ।

ਸਫ਼ਰ—ਹਜ਼ਰਤ ਖਵਾਜਾ ਬਖਤਿਆਰ ਕਾਕੀ ਦੇ ਹੁਕਮ ਅਨੁਸਾਰ ਆਪ ਉਥੇ ਹੀ ਠਹਿਰ ਗਏ ਅਤੇ ਆਪਣੇ ਕੋਰਸ ਮੁਤਾਬਕ ਮੁਲਤਾਨ ਤੋਂ ਕੰਧਾਰ ਚਲੇ ਗਏ ਤੇ ਉਥੇ ਹੀ ਵਿਦਿਆ ਦਾ ਸਿਲਸਿਲਾ ਜਾਰੀ ਕਰ ਦਿਤਾ। ਇਸ ਪਿਛੋਂ ਬਗਦਾਦ ਪਹੁੰਚੇ ਅਤੇ ਹਜ਼ਰਤ ਸ਼ੇਖ ਸ਼ਹਾਬਉਦੀਨ ਸੁਹਰਵਰਦੀ, ਸੈਫ਼ ਦੀਨ ਬਾਖਰਜ਼ੀ ਬਹਾਉਦੀਨ ਜ਼ਕਰੀਆ, ਫ਼ਰੀਦ ਦੀਨ ਅੱਤਾਰ ਨੇਸ਼ਾਪੁਰੀ ਆਦਿ ਬਜ਼ੁਰਗਾਂ ਦੀ ਸੰਗਤ ਵਿੱਚ ਰਹਿ ਕੇ ਨਫ਼ਸ ਤੇ ਦਿਲ ਦੀ ਸਫ਼ਾਈ ਵਿੱਚ ਲਗੇ ਰਹੇ। ਏਥੋਂ ਵੇਹਲੇ ਹੋ ਕੇ ਅਰਾਕ, ਖ਼ੁਰਾਸਾਨ ਮਾਵਰਾਉਲ ਨਹਿਰ ਅਤੇ ਮਕੇ ਦੀ ਯਾਤਰਾ ਕਰਦੇ ਹੋਏ ਵਾਪਸ ਦਿੱਲੀ ਆ ਗਏ ਅਤੇ ਖਵਾਜਾ ਸਾਹਿਬ ਦੇ ਪਾਸ ਇਕ ਹੁਜਰੇ ਵਿੱਚ ਰਹਿਣ ਲਗ ਪਏ ਜੋ ਗ਼ਜ਼ਨੀ ਦਰਵਾਜ਼ੇ ਦੇ ਲਾਗੇ ਸੀ।

ਮਨ ਦੀ ਸਫਾਈ ਲਈ ਹਰ ਰੋਜ਼ ਇਕ ਵਾਰੀ ਆਪ ਕੁਰਾਨ ਸ਼ਰੀਫ਼ ਦਾ ਪਾਠ ਕਰ ਲਿਆ ਕਰਦੇ। ਬੇ-ਪਰਵਾਹੀ ਦੀ ਇਹ ਹਾਲਤ ਸੀ ਕਿ ਬਹੁਤ ਕਰਕੇ ਜੰਗਲ ਵਿੱਚ ਚਲੇ ਜਾਂਦੇ। ਆਪ ਕਈ ਕਈ ਦਿਨ ਰੋਜ਼ਾ ਰਖਦੇ ਅਤੇ ਤਿੰਨ ਕੁ ਦਿਨਾਂ ਪਿਛੋਂ ਕੇਵਲ ਜੰਗਲੀ ਫਲਾਂ ਅਤੇ ਪਤਿਆਂ ਨਾਲ ਰੋਜ਼ਾ ਖੋਲ੍ਹ ਲੈਂਦੇ। ਆਪ ਨੇ ਲਕੜੀ ਦੀ ਇਕ ਰੋਟੀ ਬਣਾ ਰਖੀ ਸੀ। ਰੋਜ਼ੇ ਦੀ ਹਾਲਤ ਵਿੱਚ ਬਹੁਤ ਕਰ ਕੇ ਉਸ ਰੋਟੀ ਨੂੰ ਢਿਡ ਨਾਲ ਬੰਨ੍ਹ ਰਖਦੇ। ਜਦ ਰੋਜ਼ਾ ਖੋਲ੍ਹਣ ਲਈ ਕੋਈ ਸ਼ੈ ਨਾ ਮਿਲਦੀ ਤਾਂ ਲਕੜੀ ਦੀ ਰੋਟੀ ਢਿਡ ਨਾਲੋਂ ਖੋਲ੍ਹ ਕੇ ਅਸਲੀ ਰੋਟੀ ਵਾਂਗ ਮੂੰਹ ਨਾਲ ਤੋੜ ਕੇ ਖਾਣ ਦੀ ਕੋਸ਼ਸ਼ ਕਰਦੇ। ਓਹੀ ਰੋਟੀ ਆਪ ਦੇ ਮਜ਼ਾਰ ਦੇ ਗਦੀ ਨਸ਼ੀਨ ਪਾਸ ਹੁਣ ਤਕ ਸਾਂਭੀ ਪਈ ਹੈ। ਇਸ ਰੋਟੀ ਬਾਬਤ ਆਪ ਫੁਰਮਾਂਦੇ ਹਨ —

ਫਰੀਦਾ ਰੋਟੀ ਮੇਰੀ ਕਾਠ ਕੀ ਲਾਵਣੁ ਮੇਰੀ ਭੁਖ<br>
ਜਿਨਾ ਖਾਧੀ ਚੋਪੜੀ ਘਣੇ ਸਹਿਨਗੇ ਦੁਖ

Digitized by Panjab Digital Library | www.panjabdigilib.org

ਗੰਜ ਸ਼ਕਰ ਦਾ ਖਿਤਾਬ:--ਬਾਬਾ ਫ਼ਰੀਦ ਦੇ ਨਾਂ ਨਾਲ ਗੰਜ ਸ਼ਕਰ ਦਾ ਲਕਬ ਤਵਾਰੀਖ ਵਾਲਿਆਂ ਦੀ ਲਿਖਤ ਅਨੁਸਾਰ ਤਿੰਨ ਸੂਰਤਾਂ ਵਿੱਚ ਵੰਡਿਆ ਜਾ ਸਕਦਾ ਹੈ। ਕਈਆਂ ਨੇ ਲਿਖਿਆ ਹੈ ਕਿ ਆਪ ਬਾਲ ਅਵਸਥਾ ਵਿੱਚ ਸ਼ੱਕਰ ਬਹੁਤ ਖੁਸ਼ ਹੋ ਕੇ ਖਾਇਆ ਕਰਦੇ ਸਨ। ਆਪ ਦੀ ਮਾਤਾ ਜੋ ਇਕ ਨੇਕ ਅਤੇ ਪਰਹੇਜ਼ਗਾਰ ਦੇਵੀ ਸੀ, ਆਪ ਨੂੰ ਨਮਾਜ਼ ਦਾ ਸ਼ੌਕ ਦਿਲਾਣ ਲਈ ਪੰਜੇ ਵਕਤ ਮੁਸੱਲੇ ਹੇਠਾਂ ਸ਼ੱਕਰ ਰਖ ਦਿਤਾ ਕਰਦੀ ਅਤੇ ਆਖਦੀ ਕਿ ਨਮਾਜ਼ ਪੜ੍ਹਨ ਵਾਲਿਆਂ ਨੂੰ ਰਬ ਸ਼ੱਕਰ ਦੇਂਦਾ ਹੈ।

ਇਕ ਵਾਰੀ ਆਪ ਆਪਣੀ ਉਮਰ ਦੇ ਕੁਝ ਬਾਲਾਂ ਨਾਲ ਕਿਧਰੇ ਬਾਹਰ ਖੇਡਣ ਲਈ ਗਏ। ਉਥੇ ਹੀ ਨਮਾਜ਼ ਦਾ ਸਮਾ ਹੋ ਗਿਆ ਅਤੇ ਆਪ ਕਪੜਾ ਵਿਛਾ ਕੇ ਨਮਾਜ਼ ਪੜ੍ਹਨ ਲਗੇ। ਜਦ ਨਮਾਜ਼ ਪੜ੍ਹ ਚੁਕੇ ਤਾਂ ਪਹਿਲੇ ਵਾਂਗੂ ਕਪੜਾ ਚੁਕ ਕੇ ਵੇਖਿਆ ਤਾਂ ਉਸ ਥਲੇ ਸ਼ਕਰ ਦਾ ਢੇਰ ਸੀ। ਜਿਸਨੂੰ ਆਪ ਨੇ ਮਿਤ੍ਰਾਂ ਸਣੇ ਖੂਬ ਖਾਧਾ। ਜਦ ਵਾਪਸ ਮੁੜੇ ਤਾਂ ਸਾਰੀ ਗਲ ਮਾਂ ਨੂੰ ਸੁਣਾਈ। ਉਨ੍ਹਾਂ ਨੇ ਰਬ ਦਾ ਸ਼ੁਕਰ ਕਰਦਿਆਂ ਹੋਇਆਂ ਦਸਿਆ ਕਿ ਮੈਂ ਖ਼ੁਦਾ ਅਗੇ ਬੇਨਤੀ ਕਰ ਰਹੀ ਸਾਂ ਕਿ ਰੱਬ ਮੇਰੀ ਇੱਜ਼ਤ ਰਖੇ। ਉਸੇ ਦਿਨ ਤੋਂ ਆਪ ਸ਼ਕਰ ਗੰਜ ਦੇ ਨਾਂ ਤੇ ਉਘੇ ਹਨ।

ਦੂਜੀ ਰਵਾਇਤ ਇਹ ਹੈ ਕਿ ਆਪ ਹਜ਼ਰਤ ਖਵਾਜਾ ਬਖਤਿਆਰ ਕਾਕੀ ਦੇ ਪਾਸ ਦਿੱਲੀ ਸਨ ਅਤੇ ਆਪਣੇ ਹੁਜਰੇ ਵਿੱਚੋਂ ਚੌਥੇ ਪੰਜਵੇਂ ਦਿਨ ਨਿਕਲਕੇ ਖਵਾਜਾ ਸਾਹਿਬ ਦੀ ਕਦਮਬੋਸੀ ਕੀਤਾ ਕਰਦੇ। ਇਕ ਵਾਰੀ ਆਪ ਆਪਣੇ ਮੁਰਸ਼ਦ ਵੱਲ ਆ ਰਹੇ ਸਨ ਕਿ ਰਾਹ ਵਿੱਚ ਮੀਂਹ ਕਾਰਨ ਕਾਫੀ ਚਿਕੜ ਹੋ ਗਿਆ। ਆਪ ਇਸ ਦਾ ਇਉਂ ਕਥਨ ਕਰਦੇ ਹਨ:--

ਫਰੀਦਾ ਗਲੀਏ ਚਿਕੜੁ ਦੂਰਿ ਘਰੁ ਨਾਲਿ ਪਿਆਰੇ ਨੇਹੁ
ਚਲਾ ਤ ਭਿਜੈ ਕੰਬਲੀ ਰਹਾਂ ਤ ਤੁਟੈ ਨੇਹੁ
ਭਿਜਉ ਸਿਜਉ ਕੰਬਲੀ ਅਲਹ ਵਰਸਉ ਮੇਹੁ
ਜਾਇ ਮਿਲਾ ਤਿਨਾ ਸਜਣਾ ਤੁਟਉ ਨਾਹੀ ਨੇਹੁ

ਆਪ ਖੜਾਵਾਂ ਪਾਈ ਜਾ ਰਹੇ ਸਨ ਕਿ ਆਪ ਦਾ ਪੈਰ ਤਿਲਕ ਗਿਆ ਅਤੇ ਆਪ ਡਿਗ ਪਏ। ਮਿਟੀ ਦੀ ਇਕ ਛਿਟ ਉਡ ਕੇ ਆਪ ਦੇ ਮੂੰਹ ਵਿਚ ਡਿੱਗੀ ਅਤੇ ਡਿਗਦਿਆਂ ਹੀ ਸ਼ਕਰ ਹੋ ਗਈ। ਆਪ ਉਠ ਕੇ ਖਵਾਜਾ ਸਾਹਿਬ ਦੀ ਸੇਵਾ ਵਿੱਚ ਆਏ ਅਤੇ ਮਿੱਟੀ ਦੇ ਸ਼ੱਕਰ ਹੋ ਜਾਣ ਦਾ ਜ਼ਿਕਰ ਕੀਤਾ। ਖਵਾਜਾ ਸਾਹਿਬ ਨੇ ਫ਼ਰਮਾਇਆ ਕਿ ਅਜ ਮਿੱਟੀ ਦੀ ਇਕ ਕੰਕਰ ਤੁਹਾਡੇ ਮੂੰਹ ਵਿਚ ਡਿੱਗੀ ਤੇ ਸ਼ੱਕਰ ਹੋ ਗਈ, ਕੋਈ ਵੱਡੀ ਗੱਲ ਨਹੀਂ ਕਿ ਤੁਹਾਨੂੰ ਰਬ ਗੰਜ ਸ਼ਕਰ ਭਾਵ ਸ਼ਕਰ ਦਾ ਖਜ਼ਾਨਾ ਬਣਾ ਦੇਵੇ। ਇਹ ਸੁਣਦੇ ਹੀ ਆਪ ਨੇ ਸ਼ੁਕਰ ਦਾ ਸਿਜਦਾ ਅਦਾ ਕੀਤਾ। ਉਸ ਦਿਨ ਤੋਂ ਆਪ ਸ਼ਕਰ ਗੰਜ ਦੇ ਨਾਂ ਤੇ ਉਘੇ ਹੋ ਗਏ।

ਤੀਜੀ ਰਵਾਇਤ:--ਆਪ ਨਫ਼ਸ ਦੇ ਕਾਬੂ ਲਈ ਰੋਜ਼ੇ ਰਖਿਆ ਕਰਦੇ ਸਨ। ਇਕ ਦਿਨ ਆਪ ਤਿੰਨ ਦਿਨ ਦਾ ਰੋਜ਼ਾ ਕਿਸੇ ਫਲ ਨਾਲ ਖੋਲ੍ਹਣ ਵਾਲੇ ਸਨ ਕਿ ਇਕ ਪੁਰਸ਼ ਖਾਣਾ ਲੈ ਆਇਆ। ਆਪ ਨੇ ਉਸ ਖਾਣੇ ਨਾਲ ਰੋਜ਼ਾ ਖੋਲ੍ਹ ਲਿਆ; ਪਰ ਰੱਬ ਦੀ ਕੁਦਰਤ ਉਹ ਖਾਣਾ ਆਪ ਨੂੰ ਪੱਚ ਨਾ ਸਕਿਆ ਅਤੇ ਉਲਟੀ ਆ ਗਈ। ਆਪ

Digitized by Panjab Digital Library | www.panjabdigilib.org

ਨੇ ਮੁਰਸ਼ਦ ਨੂੰ ਆਖਿਆ। ਉਨ੍ਹਾਂ ਫਰਮਾਇਆ ਕਿ ਉਹ ਖਾਣਾ ਇਕ ਸ਼ਰਾਬ ਵੇਚਣ ਵਾਲੇ ਦੇ ਘਰ ਦਾ ਸੀ ਇਸ ਲਈ ਹਜ਼ਮ ਨਹੀਂ ਹੋ ਸਕਿਆ। ਹੁਣ ਦੂਜੀ ਵਾਰੀ ਰੋਜ਼ਾ ਰਖੋ ਅਤੇ ਤੀਜੇ ਦਿਨ ਜੋ ਮਿਲੇ ਖਾ ਲਓ। ਆਪ ਨੇ ਏਸੇ ਤਰ੍ਹਾਂ ਹੀ ਕੀਤਾ ਪਰ ਤੀਜੇ ਦਿਨ ਜਦ ਆਪ ਨੂੰ ਕੁਝ ਹੱਥ ਨ ਆਇਆ ਤਾਂ ਮਜਬੂਰੀ ਭੁਖ ਅਤੇ ਕਮਜ਼ੋਰੀ ਕਾਰਨ ਕੁਝ ਕੰਕਰੀਆਂ ਚੁਕ ਕੇ ਮੂੰਹ ਵਿਚ ਪਾ ਲਈਆਂ; ਪਰ ਇਉਂ ਪਤਾ ਲਗਾ ਕਿ ਇਹ ਮਿਸਰੀ ਦੀਆਂ ਡਲੀਆਂ ਸਨ। ਆਪ ਨੇ ਇਸ ਨੂੰ ਸ਼ੈਤਾਨ ਦੀ ਕਾਰਿਸਤਾਨੀ ਸਮਝ ਕੇ ਥੁਕ ਦਿੱਤਾ। ਇਸ ਪਿਛੋਂ ਕੁਝ ਕੰਕਰੀਆਂ ਚੁਕ ਕੇ ਫੇਰ ਪਾਈਆਂ ਪਰ ਉਹ ਭੀ ਮਿਸਰੀ ਦੀਆਂ ਡਲੀਆਂ ਹੋ ਗਈਆਂ। ਹੁਣ ਆਪ ਨੂੰ ਯਕੀਨ ਹੋ ਗਿਆ ਕਿ ਇਹ ਖੁਦਾ ਦੀ ਬਖਸ਼ਿਸ਼ ਹੈ।

ਆਪ ਨੂੰ ਜਦ ਖਵਾਜਾ ਸਾਹਿਬ ਪਾਸ ਰਹਿੰਦੇ ਹੋਏ ਬਹੁਤ ਸਮਾਂ ਲੰਘ ਗਿਆ ਤਾਂ ਉਨ੍ਹਾਂ ਇਹ ਮਹਿਸੂਸ ਕੀਤਾ ਕਿ ਲਾਇਕ ਸ਼ਾਗਿਰਦ ਵਿਦਿਆ ਵਿੱਚ ਬਹੁਤ ਨਿਪੁਨ ਹੋ ਚੁਕਾ ਹੈ ਇਸ ਲਈ ਆਪ ਨੂੰ ਹੁਕਮ ਦਿਤਾ ਕਿ ਆਪ ਦਿੱਲੀ ਤੋਂ ਹਾਂਸੀ ਚਲੇ ਜਾਓ ਅਤੇ ਉਥੇ ਹੀ ਬੈਠ ਕੇ ਰੱਬ ਦੀ ਯਾਦ ਅਤੇ ਦੀਨ ਦੀ ਇਸ਼ਾਇਤ ਕਰੋ। ਆਪ ਹਾਂਸੀ ਤਸ਼ਰੀਫ਼ ਲੈ ਗਏ ਅਤੇ ਇਕ ਇਕਾਂਤ ਥਾਂ ਤੇ ਬੈਠ ਕੇ ਰੱਬ ਦੀ ਯਾਦ ਕਰਨ ਲਗ ਪਏ। ੬੩੩ ਜਾਂ ੬੩੪ ਹਿ: ਵਿੱਚ ਖਵਾਜਾ ਬਖਤਿਆਰ ਕਾਕੀ ਨੇ ਚਲਾਣਾ ਕੀਤਾ ਤਾਂ ਆਪ ਦਿਲੀ ਆਏ ਅਤੇ ਖਵਾਜਾ ਸਾਹਿਬ ਦਾ ਚੋਲਾ ਪਾ ਕੇ ਗਦੀ ਨਸ਼ੀਨ ਹੋਏ ਅਤੇ ਲੋਕਾਂ ਵਿਚ ਗਿਆਨ ਉਪਦੇਸ਼ ਦਾ ਪ੍ਰਚਾਰ ਕਰਨ ਲਗ ਪਏ। ਆਪ ਦੀ ਸ਼ੁਹਰਤ ਹਰ ਥਾਂ ਫੈਲ ਚੁਕੀ ਸੀ ਇਸ ਲਈ ਚਾਹਵਾਨ ਚੋਹਾਂ ਪਾਸਿਆਂ ਤੋਂ ਉਮਡ ਪਏ ਅਤੇ ਆਪ ਇਸ ਬੇਓੜਕ ਹਜੂਮ ਤੋਂ ਘਬਰਾ ਕੇ ਵਾਪਸ ਹਾਂਸੀ ਚਲੇ ਗਏ ਪਰ ਹੁਣ ਉਥੇ ਭੀ ਸ਼ੁਹਰਤ ਕਾਰਨ ਬਹੁਤ ਚਾਹਵਾਨ ਆ ਗਏ ਇਸ ਲਈ ਮਜਬੂਰੀ ਉਹ ਥਾਂ ਛਡ ਕੇ ਅਜੋਧਨ (ਜਿਸ ਨੂੰ ਹੁਣ ਪਾਕ ਪਟਨ ਕਹਿੰਦੇ ਹਨ) ਤਸ਼ਰੀਫ਼ ਲੈ ਗਏ ਅਤੇ ਇਸ ਬੇਆਬਾਦ ਥਾਂ ਤੇ ਰਹਿ ਕੇ ਦਿਨ ਰਾਤ ਰੱਬ ਦੀ ਯਾਦ ਵਿੱਚ ਲਗ ਗਏ। ਅਜੋਧਨ ਵਿੱਚ ਜਿਥੇ ਆਪ ਰਹਿੰਦੇ ਸਨ, ਨਾ ਉਥੇ ਕੋਈ ਬਜ਼ਾਰ ਸੀ, ਨਾ ਮਕਾਨ, ਨਾ ਰੌਣਕ ਅਤੇ ਨਾ ਹੀ ਆਬਾਦੀ ਸੀ। ਕੇਵਲ ਕ੍ਰੀਰ ਦਾ ਇਕ ਜੰਗਲ ਸੀ ਅਤੇ ਇਹ ਕੰਡਿਆਂ ਵਾਲੇ ਰੁਖ ਏਥੋਂ ਦੀ ਸਜਾਵਟ ਸਨ। ਇਸ ਲਈ ਕਈ ਵਾਰੀ ਆਪ ਕਰੀਰ ਦੇ ਫੁਲਾਂ ਨਾਲ ਹੀ ਰੋਜ਼ਾ ਖੋਲ੍ਹ ਲੈਂਦੇ।

ਜਦ ਭਗਤੀ ਅਤੇ ਤਪ ਦੀ ਆਵਾਜ਼ ਇਸ ਬੇਆਬਾਦ ਧਰਤੀ ਤੇ ਗੂੰਜੀ ਤਾਂ ਹਜ਼ਾਰਾਂ ਦਰਸ਼ਕਾਂ ਦਾ ਇਕੱਠ ਹੋਣ ਲਗ ਪਿਆ ਜਿਸ ਕਰਕੇ ਇਹ ਬੇਰੌਣਕਾ ਜੰਗਲ ਸ੍ਵਰਗ ਦਾ ਨਮੂਨਾ ਬਣ ਗਿਆ।

ਕਮਾਲਾਤ:—ਹਜ਼ਰਤ ਬਾਬਾ ਫ਼ਰੀਦ ਦੀਆਂ ਕਰਾਮਾਤਾਂ ਦੀਆਂ ਇੰਨੀਆਂ ਰਵਾਇਤਾਂ ਹਨ ਕਿ ਜੇ ਇਨ੍ਹਾਂ ਨੂੰ ਕੱਠਾ ਕੀਤਾ ਜਾਏ ਤਾਂ ਇਕ ਵਡਾ ਦਫ਼ਤਰ ਤਿਆਰ ਹੋ ਸਕਦਾ ਹੈ। ਇਸ ਲਈ ਸੰਕੋਚ ਕਰਦੇ ਹੋਏ ਕੇਵਲ ਦੋ ਘਟਨਾਵਾਂ ਵਨਗੀ ਲਈ ਦੇਂਦੇ ਹਾਂ:—

ਤਜ਼ਕਰਾਤੁਲ ਆਸ਼ਕੀਨ ਦੇ ਲਿਖਾਰੀ ਦਾ ਕਥਨ ਹੈ ਕਿ ਇਕ ਵਾਰੀ ਇਕ ਸੌਦਾਗਰ ਊਠ ਉਤੇ ਸ਼ੱਕਰ ਲੱਦ ਕੇ ਮੁਲਤਾਨ ਦੇ ਰਸਤੇ ਦਿੱਲੀ ਵਲ ਜਾ ਰਿਹਾ ਸੀ। ਆਪ ਨੇ ਇਨ੍ਹਾਂ ਭਰੇ ਹੋਏ ਊਠਾਂ ਨੂੰ ਵੇਖ ਕੇ ਸੌਦਾਗਰ ਪਾਸੋਂ ਪੁਛਿਆ ਕਿ ਇਨ੍ਹਾਂ ਊਠਾਂ ਉਤੇ ਕੀ

Digitized by Panjab Digital Library | www.panjabdigilib.org

ਹੈ ? ਉਸ ਨੇ ਆਖਿਆ ਲੂਣ। ਆਪ ਨੇ ਫੁਰਮਾਇਆ, "ਚੰਗਾ, ਲੂਣ ਹੀ ਹੋਸੀ। ਜਦ ਨਿਯਤ ਟਿਕਾਣੇ ਤੇ ਅਪੜਿਆ ਤਾਂ ਪਤਾ ਲਗਾ ਕਿ ਸਾਰੀ ਸ਼ੱਕਰ ਲੂਣ ਹੋ ਗਈ ਹੈ। ਬਹੁਤ ਹੈਰਾਨ ਤੇ ਦੁਖੀ ਹੋਇਆ ਤੇ ਮੁਲਤਾਨ ਪੁਜਾ ਅਤੇ ਖਿਦਮਤ ਵਿੱਚ ਹਾਜ਼ਰ ਹੋ ਕੇ ਸਾਰਾ ਵਾਕਿਆ ਦੱਸਿਆ ਤਾਂ ਆਪ ਨੇ ਫਰਮਾਇਆ ਕਿ ਚੰਗਾ ਤੁਸੀਂ ਸ਼ੱਕਰ ਕਹਿੰਦੇ ਹੋ ਤਾਂ ਸ਼ੱਕਰ ਹੀ ਸਹੀ ਤਾਂ ਉਸ ਨੇ ਮੁਸੀਬਤ ਤੋਂ ਛੁਟਕਾਰਾ ਪਾਇਆ।

ਦਿਲੀ ਤੋਂ ਇਕ ਸੋਹਣਾ ਨੌਜਵਾਨ ਆਪ ਦੀ ਵਡਿਆਈ ਸੁਣ ਕੇ ਚੇਲਾ ਹੋਣ ਲਈ ਆਇਆ। ਉਨ੍ਹਾਂ ਦਿਨਾਂ ਵਿਚ ਰੇਲ ਜਾਂ ਮੋਟਰ ਦੀਆਂ ਆਸਾਨੀਆਂ ਨਹੀਂ ਸਨ, ਪੈਦਲ ਜਾਂ ਵੱਧ ਤੋਂ ਵੱਧ ਬੈਲ ਗਡੀਆਂ ਵਿੱਚ ਸਫ਼ਰ ਹੁੰਦਾ ਸੀ। ਇਸ ਲਈ ਉਹ ਭੀ ਪੈਦਲ ਤੁਰ ਪਿਆ। ਰਾਹ ਵਿਚ ਇਕ ਵੇਸਵਾ ਭੀ ਜਾ ਰਹੀ ਸੀ। ਉਸ ਦਾ ਅਤੇ ਇਨ੍ਹਾਂ ਦਾ ਸਾਥ ਹੋ ਗਿਆ, ਉਹ ਇਨ੍ਹਾਂ ਦੀ ਜਵਾਨੀ ਅਤੇ ਸੁਹੱਪਣ ਨੂੰ ਵੇਖ ਕੇ ਘਾਇਲ ਹੋ ਗਈ। ਕਈ ਦਿਨ ਲੰਘ ਗਏ ਪਰ ਉਸ ਦਾ ਦਾਉ ਨਾ ਲਗਾ। ਕਰਨਾ ਰੱਬ ਦਾ ਇਕ ਦਿਨ ਦੋਹਾਂ ਨੂੰ ਇਕ ਹੀ ਥਾਂ ਉਤੇ ਰਾਤ ਗੁਜ਼ਾਰਨ ਦਾ ਸਮਾਂ ਮਿਲਿਆ। ਥਾਂ ਇਕਾਂਤ ਸੀ। ਕਰੀਬ ਸੀ ਕਿ ਉਹ ਕੋਈ ਗ਼ਲਤ ਕਦਮ ਉਠਾਂਦੇ ਅਤੇ ਸ਼ੈਤਾਨ ਦੇ ਢਹੇ ਚੜ੍ਹ ਜਾਂਦੇ, ਅਚਾਨਕ ਹੀ ਇਕ ਪੁਰਸ਼ ਜ਼ਾਹਿਰ ਹੋਇਆ ਅਤੇ ਉਸ ਨੇ ਖਿਚ ਕੇ ਮਰਦ ਦੇ ਮੂੰਹ ਤੇ ਚਪੇੜ ਮਾਰ ਕੇ ਆਖਿਆ ਕਿ ਸ਼ੇਖ ਦੀ ਸੇਵਾ ਵਿੱਚ ਤੋਬਾ ਦੀ ਨੀਯਤ ਨਾਲ ਜਾ ਰਿਹਾ ਹੈਂ ਅਤੇ ਇਹ ਭੈੜੀਆਂ ਹਰਕਤਾਂ ਕਰਦਾ ਹੈਂ ? ਇਹ ਕਹਿ ਕੇ ਉਹ ਲੋਪ ਹੋ ਗਿਆ ਅਤੇ ਉਹ ਪੁਰਸ਼ ਪਾਪ ਤੋਂ ਬਚ ਗਿਆ। ਜਦ ਉਹ ਪੁਰਸ਼ ਆਪ ਦੀ ਸੇਵਾ ਵਿਚ ਹਾਜ਼ਰ ਹੋਇਆ ਤਾਂ ਆਪ ਨੇ ਸਭ ਤੋਂ ਪਹਿਲਾਂ ਉਸੇ ਵਾਕਿਆ ਦਾ ਜ਼ਿਕਰ ਕੀਤਾ ਅਤੇ ਫਰਮਾਇਆ "ਖ਼ੁਦਾ ਦਾ ਸ਼ੁਕਰ ਹੈ ਕਿ ਤੁਸੀਂ ਇਕ ਵੇਸਵਾ ਦੇ ਮਕਰ ਤੋਂ ਬਚ ਗਏ, ਨਾਲ ਹੀ ਤੁਸਾਨੂੰ ਪਾਪ ਤੋਂ ਰੱਬ ਨੇ ਬਚਾ ਲਿਆ।

ਸ਼ਾਇਰੀ:—ਆਪ ਵਲੀਆਂ ਦੇ ਸਰਦਾਰ, ਸੂਫੀ ਅਤੇ ਆਲਮ ਹੋਣ ਤੋਂ ਛੁਟ ਪੰਜਾਬੀ ਅਤੇ ਫ਼ਾਰਸੀ ਦੇ ਚੰਗੇ ਕਵੀ ਸਨ। ਆਪ ਦੇ ਸ਼ਲੋਕ ਬਾਵਾ ਫ਼ਰੀਦ ਹਰ ਥਾਂ ਤੇ ਉਘੇ ਹਨ। ਬਾਜ਼ਿਆਂ ਦਾ ਖਿਆਲ ਹੈ ਕਿ ਪੰਜਾਬੀ ਕਵੀਸ਼ਰੀ ਦਾ ਮੁਢ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਬੱਝਾ ਅਤੇ ਇਹ ਸ਼ਲੋਕ ਸ਼ੇਖ ਇਬਰਾਹੀਮ ਦੇ ਹਨ, ਜੋ ਆਪ ਦੇ ਪਿਛੋਂ ਸ਼ਾਇਦ ਬਾਰਵੀਂ ਪੁਸ਼ਤ ਵਿੱਚ ਹੋਏ, ਜੋ ਭਗਤੀ ਅਤੇ ਤਪ ਕਾਰਨ ਲੋਕਾਂ ਵਿੱਚ ਫ਼ਰੀਦ ਸਾਨੀ ਦੇ ਨਾਂ ਤੇ ਉਘੇ ਹੋ ਗਏ। ਇਹ ਖਿਆਲ ਬਹੁਤ ਹਦ ਤਕ ਠੀਕ ਨਹੀਂ ਇਸ ਲਈ ਕਿ ਹਜ਼ਰਤ ਬਾਬਾ ਫ਼ਰੀਦ ਮੁਲਤਾਨ ਦੇ ਰਹਿਣ ਵਾਲੇ ਸਨ। ਉਹ ਬਗਦਾਦ ਦੇ ਵਸਨੀਕ ਨਹੀਂ ਸਨ ਕਿ ਉਨ੍ਹਾਂ ਦੀ ਬੋਲੀ ਅਰਬੀ ਹੁੰਦੀ। ਉਹ ਈਰਾਨ ਜਾਂ ਅਫ਼ਗਾਨਿਸਤਾਨ ਦੇ ਰਹਿਣ ਵਾਲੇ ਨਹੀਂ ਸਨ ਕਿ ਉਨ੍ਹਾਂ ਦੀ ਬੋਲੀ ਫ਼ਾਰਸੀ ਹੁੰਦੀ। ਉਹ ਲਖਨਊ ਜਾਂ ਯੂ. ਪੀ. ਦੇ ਵਸਨੀਕ ਨਹੀਂ ਸਨ ਕਿ ਉਨ੍ਹਾਂ ਦੀ ਬੋਲੀ ਪੂਰਬੀ ਜਾਂ ਉਰਦੂ ਹੁੰਦੀ। ਉਹ ਪੰਜਾਬ ਦੇ ਖਾਸ ਪੇਂਡੂ ਮੁਕਾਮ ਮਿੰਟਗੁਮਰੀ (ਪਾਕ-ਪਟਨ) ਅਤੇ ਮੁਲਤਾਨ ਆਦਿ ਦੇ ਰਹਿਣ ਵਾਲੇ ਸਨ ਅਤੇ ਬਹੁਤਾ ਸਮਾਂ ਏਸੇ ਇਲਾਕੇ ਵਿੱਚ ਰਹੇ। ਇਸ ਲਈ ਉਨ੍ਹਾਂ ਦੀ ਬੋਲੀ ਪੰਜਾਬੀ ਸੀ, ਪੰਜਾਬ ਵਿੱਚ ਹੀ ਉਨ੍ਹਾਂ ਨੇ ਵਿਦਿਆ ਪ੍ਰਾਪਤ ਕੀਤੀ ਅਤੇ ਪੰਜਾਬੀ ਨੂੰ ਹੀ ਆਪਣੇ ਖਿਆਲ ਪ੍ਰਗਟ ਕਰਨ ਦਾ ਸਾਧਨ ਬਣਾਇਆ। ਏਸ ਲਈ ਆਪ ਨੇ ਜੋ ਪੜ੍ਹੇ ਲਿਖੇ ਅਤੇ ਸਮਝਦਾਰ ਸਜਣਾਂ ਲਈ ਫਾਰਸੀ

Digitized by Panjab Digital Library | www.panjabdigilib.org

ਵਿਚ ਪੁਸਤਕਾਂ ਲਿਖੀਆਂ ਤਾਂ ਅਨਪੜ੍ਹ ਸਜਣਾਂ ਲਈ ਸਾਦਾ ਅਤੇ ਸੌਖੀ ਬੋਲੀ ਵਿਚ ਪੰਜਾਬੀ ਸ਼ਲੋਕਾਂ ਦੇ ਭੰਡਾਰ ਭਰ ਦਿਤੇ। ਡਾ: ਮੋਹਨ ਸਿੰਘ ਐਮ. ਏ. ਪੀ. ਐਚ. ਡੀ. ਨੇ ਆਪਣੀ ਪੁਸਤਕ 'ਹਿਸਟਰੀ ਆਫ ਪੰਜਾਬੀ ਲਿਟਰੇਚਰ' ਵਿਚ ਆਪ ਨੂੰ ਪੰਜਾਬੀ ਸ਼ਾਇਰ ਮੰਨ ਕੇ ਇਹ ਤਸਲੀਮ ਕੀਤਾ ਹੈ ਕਿ ਇਹ ਸ਼ਲੋਕ ਤਿਨ੍ਹਾਂ ਦੇ ਹੀ ਹਨ। ਇਨ੍ਹਾਂ ਤੋਂ ਛੁਟ ਪ੍ਰੋ: ਮਹਮੂਦ ਸ਼ੀਰਾਨੀ ਦੀ ਕਿਤਾਬ "ਪੰਜਾਬ ਮੇਂ ਉਰਦੂ" ਤੇ ਮਿਸਟਰ ਮਾਇਲਜ਼ ਅਰਵਿੰਗ ਦੀ ਕਿਤਾਬ "ਸ਼ਰਾਇਨ ਆਫ਼ ਬਾਬਾ ਫਰੀਦ ਆਦਿ" ਵਿਚ ਭੀ ਆਪ ਦੀ ਪੰਜਾਬੀ ਸ਼ਾਇਰੀ ਦਾ ਜ਼ਿਕਰ ਮੌਜੂਦ ਹੈ।

ਤਸਨੀਫ਼ਾਤ:—੧. ਸ਼ਲੋਕ ਫਰੀਦ (ਪੰਜਾਬੀ) ਇਕੱਠੇ ਕੀਤੇ ਹੋਏ ਮੁਨਸ਼ੀ ਜੈਸ਼ੀ ਰਾਮ ਸਾਹਿਬ ਮੁਸ਼ਤਾਕ ਸਣੇ ਵਿਆਖਿਆ, ਸਫੇ ੧੫੬।

੨. ਰਾਹਿਤ ਉਲ ਕਲੂਬ (ਬਚਨ ਬਾਵਾ ਫਰੀਦ) ਇਕੱਠੇ ਕੀਤੇ ਹੋਏ ਹਜ਼ਰਤ ਨਜ਼ਾਮ ਦੀਨ ਦੇਹਲੀ।

੩. ਇਸਰਾਰ ਉਲ ਔਲੀਆ (ਬਚਨ ਬਾਵਾ ਫ਼ਰੀਦ) ਜਮ੍ਹਾਂ ਕੀਤੇ ਹੋਏ ਹਜ਼ਰਤ ਬਦਰ ਦੀਵਾਨ ਸੱਜਾਦਾ ਨਸ਼ੀਨ ਦਰਗਾਹ ਪਾਕ ਪਟਨ।

੪. ਫੁਆਇਦ ਉਲ ਸਾਲਕੀਨ (ਬਚਨ ਖਵਾਜਾ ਬਖਤਿਆਰ ਕਾਕੀ) ਇਕੱਠੇ ਕੀਤੇ ਹੋਏ ਬਾਵਾ ਫਰੀਦ ਜੀ।

੫. ਸਲੋਕ ਫਰੀਦ ਸਟੀਕ ਖਾਲਸਾ ਟ੍ਰੈਕਟ ਸੁਸਾਇਟੀ ਵਾਲੇ।

ਚਲਾਣਾ:—ਆਪ ਬੜੇ ਬਾ-ਇਖਲਾਕ, ਨੇਕ ਅਤੇ ਪਾਕ ਬਜ਼ੁਰਗ ਸਨ, ਅੰਤ ਸਮੇਂ ਤਕ ਭਗਤੀ ਅਤੇ ਤਪ ਵਿਚ ਰੁਝੇ ਰਹੇ। ਆਪ ਦੀ ਗਿਣਤੀ ਚੋਟੀ ਦੇ ਵਲੀ ਅੱਲਾ ਅਤੇ ਖੁਦਾ ਦੇ ਮਨਜ਼ੂਰ ਬੰਦਿਆਂ ਵਿਚ ਹੁੰਦੀ ਹੈ। ਆਪ ਦੇ ਚਲਾਣੇ ਬਾਬਤ ਤਵਾਰੀਖ ਵਾਲਿਆਂ ਦੀ ਵਖੋ ਵਖ ਰਾਏ ਹੈ। ਸ਼ਾਹ ਅਬਦੁਲਹਕ ਦੇਹਲਵੀ ਮੁਸਨਫ਼ ਅਖਬਾਰ ਉਲ ਅਖਯਾਰ ਮੁਨਸ਼ੀ ਜੈਸ਼ੀ ਰਾਮ ਮੁਸ਼ਤਾਕ ਲਿਖਾਰੀ ਅਰਸ਼ਾਦਾਤ ਫ਼ਰੀਦੀ ਤੇ ਡਾ: ਮੋਹਣ ਸਿੰਘ ਲਿਖਾਰੀ ਹਿਸਟਰੀ ਆਫ਼ ਪੰਜਾਬੀ ਲਿਟਰੇਚਰ ਨੇ ੬੬੪ ਹਿ: ਦਸਿਆ ਹੈ, ਮਹੰਮਦ ਕਾਸਮ ਲਿਖਾਰੀ ਤਾਰੀਖ ਫਰਿਸ਼ਤਾ ਨੇ ੬੬੦ ਹਿ: ਅਤੇ ਲਿਖਾਰੀ ਸੀਰੁਲ ਅਕਤਾਬ ਨੇ ੬੯੦ ਹਿ: ਲਿਖਿਆ ਹੈ। ਪਰ ਹੋਰ ਖੋਜੀਆਂ ਦੀ ਰਾਏ ਹੈ ਕਿ ਚਲਾਣੇ ਦਾ ਸੰਨ ੬੭੦ ਹਿ: ਹੈ। ਮਹਾਨ ਕੋਸ਼ ਭਾਈ ਕਾਹਨ ਸਿੰਘ ਵਿਚ ਆਪ ਦਾ ਜਨਮ ੧੧੭੩ ਈ: ਤੇ ਦੇਹਾਂਤ ੧੨੬੬ ਈ: ਦਰਜ ਹੈ ਜੋ ੬੬੫ ਹਿ: ਨਾਲ ਮਿਲਦਾ ਹੈ।

ਆਪ ਦਾ ਮਜ਼ਾਰ ਕਸਬਾ ਪਾਕ ਪਟਨ ਜਿਲਾ ਮਿੰਟਗੁਮਰੀ ਵਿੱਚ ਜ਼ਿਆਰਤ ਅਸਥਾਨ ਖਾਸੋ ਆਮ ਹੈ, ਜਿਥੇ ਹਰ ਸਾਲ ਆਪ ਦੀ ਕਬਰ ਉਤੇ ਮੁਹਰਮ ਮਹੀਨੇ ਦੀ ਪੰਜ ਛੇ ਤਾਰੀਖ ਨੂੰ ਉਰਸ ਹੁੰਦਾ ਹੈ, ਜਿਸ ਵਿਚ ਅਣਗਿਣਤ ਸ਼ਰਧਾਲੂ ਅਤੇ ਆਸਾਵੰਦ ਸ਼ਾਮਲ ਹੁੰਦੇ ਹਨ। ਇਕ ਦਰਵਾਜ਼ਾ ਜੁਮਾ ਖਿੜਕੀ ਜਿਸ ਨੂੰ ਬਹਿਸ਼ਤੀ ਬੂਹਾ ਕਹਿੰਦੇ ਹਨ, ਲੰਘਦੇ ਹਨ। ਇਸ ਖਿੜਕੀ ਬਾਰੇ ਬਹੁਤ ਸਾਰੀਆਂ ਰਵਾਇਤਾਂ ਉਘੀਆਂ ਹਨ, ਜਿਨ੍ਹਾਂ ਵਿਚੋਂ ਮੰਨਣ ਯੋਗ ਇਹ ਹੈ ਕਿ ਇਕ ਵਾਰੀ ਹਜ਼ਰਤ ਨਜ਼ਾਮ ਔਲੀਆ ਦੇਹਲਵੀ ਨੇ ਸੁਫਨੇ ਵਿਚ ਰਸੂਲ ਮਕਬੂਲ ਨੂੰ ਕਹਿੰਦੇ ਸੁਣਿਆ ਜਿਸ ਦਾ ਭਾਵ ਸੀ ਕਿ ਐ ਨਜ਼ਾਮਦੀਨ! ਜੋ ਕੋਈ ਇਸ ਦਰਵਾਜ਼ੇ ਵਿੱਚ ਦਾਖਲ ਹੋਇਆ, ਅਮਨ ਵਿੱਚ ਆ ਗਿਆ। ਇਸ ਕਾਰਨ ਅਜ ਹਜ਼ਾਰਾਂ ਰੱਬ ਦੇ ਬੰਦੇ ਇਸ ਬੂਹੇ ਵਿਚੋਂ ਲੰਘਦੇ ਹਨ। ਆਪ ਬਹੁਤ ਸਾਰੀ

Digitized by Panjab Digital Library | www.panjabdigilib.org

ਉਲਾਦ ਛਡ ਗਏ ਜੋ ਸਭ ਪੀਤੀ ਦੇ ਦਰਜੇ ਤੇ ਅਪੜੀ। ਏਸੇ ਤਰ੍ਹਾਂ ਬੇਸ਼ੁਮਾਰ ਮੁਰੀਦ ਅਤੇ ਖਲੀਫ਼ੇ ਆਪ ਦੀ ਯਾਦਗਾਰ ਰਹੇ*। ਹਜ਼ਰਤ ਨਜ਼ਾਮ ਦੀਨ ਔਲੀਆ ਆਪ ਦੇ ਜਵਾਈ ਅਤੇ ਹਜ਼ਰਤ ਅਲੀ ਅਹਿਮਦ ਸਾਬਰੀ ਸਰਹੰਦ ਸ਼ਰੀਫ਼ ਵਾਲੇ ਆਪ ਦੇ ਭਣੇਵੇਂ ਸਨ।

ਆਪ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ ਅਤੇ ਬੜੀ ਸ਼ਰਧਾ ਤੇ ਪ੍ਰੇਮ ਨਾਲ ਪੜ੍ਹੀ ਜਾਂਦੀ ਹੈ। ਆਪ ਦੇ ਸ਼ਲੋਕ ਵੈਰਾਗ ਦੇ ਭਰੇ ਹੋਏ ਹਨ ਅਤੇ ਬਹੁਤ ਕਰਕੇ ਲੋਕਾਂ ਦੀ ਜ਼ਬਾਨ ਤੇ ਹਨ।

ਕਾਗਾ ਕਰੰਗ ਢਢੋਲਿਆ ਸਗਲਾ ਖਾਇਆ ਮਾਸੁ
ਏ ਦੁਇ ਨੈਨਾ ਮਤਿ ਛੁਹਉ ਪਿਰ ਦੇਖਨ ਕੀ ਆਸ
ਕਾਗਾ ਚੂੰਡਿ ਨ ਪਿੰਜਰਾ ਬਸੈ ਤ ਉਡਰਿ ਜਾਹਿ
ਜਿਤੁ ਪਿੰਜਰੈ ਮੇਰਾ ਸਹੁ ਵਸੈ ਮਾਸੁ ਨ ਤਿਦੂ ਖਾਹਿ
ਫਰੀਦਾ ਖਾਕੁ ਨ ਨਿੰਦੀਐ ਖਾਕੂ ਜੇਡੁ ਨ ਕੋਇ
ਜੀਵਦਿਆ ਪੈਰਾ ਤਲੈ ਮੁਇਆ ਉਪਰਿ ਹੋਇ
ਬੁਢਾ ਹੋਆ ਸੇਖ ਫਰੀਦੁ ਕੰਬਣਿ ਲਗੀ ਦੇਹ
ਜੇ ਸਉ ਵਰ੍ਹਿਆ ਜੀਵਣਾ ਭੀ ਤਨੁ ਹੋਸੀ ਖੇਹ
ਫਰੀਦਾ ਤਨੁ ਸੁਕਾ ਪਿੰਜਰੁ ਥੀਆ ਤਲੀਆਂ ਖੂੰਡਹਿ ਕਾਗ
ਅਜੈ ਸੁ ਰਬ ਨ ਬਾਹੁੜਿਓ ਦੇਖੁ ਬੰਦੇ ਕੇ ਭਾਗ
ਫਰੀਦਾ ਜੇ ਜਾਣਾਂ ਤਿਲਿ ਥੋੜੜੇ ਸੰਮਲਿ ਬੁਕੁ ਭਰੀ
ਜੇ ਜਾਣਾ ਸਹੁ ਨੰਢੜਾ ਤਾਂ ਥੋੜਾ ਮਾਣੁ ਕਰੀਂ
ਦੇਖੁ ਫਰੀਦਾ ਜੁ ਥੀਆ ਦਾੜੀ ਹੋਈ ਭੂਰ
ਅਗਹੁ ਨੇੜਾ ਆਇਆ ਪਿਛਾ ਰਹਿਆ ਦੂਰਿ
ਦੇਖੁ ਫਰੀਦਾ ਜਿ ਥੀਆ ਸਕਰ ਹੋਈ ਵਿਸੁ
ਸਾਂਈ ਬਾਝਹੁ ਆਪਣੇ ਵੇਦਣ ਕਹੀਐ ਕਿਸੁ
ਫਰੀਦਾ ਰਾਤੀ ਵਡੀਆਂ ਧੁਖਿ ਧੁਖਿ ਉਠਨਿ ਪਾਸ
ਧਿਗੁ ਤਿਨ੍ਹਾ ਦਾ ਜੀਵਿਆ ਜਿਨਾ ਵਿਡਾਣੀ ਆਸ
ਫਰੀਦਾ ਸਕਰ ਖੰਡੁ ਨਿਵਾਤ ਗੁੜੁ ਮਾਖਿਉ ਮਾਂਝਾ ਦੁਧੁ
ਸਭੇ ਵਸਤੂ ਮਿਠੀਆਂ ਰਬ ਨ ਪੁਜਨਿ ਤੁਧੁ
ਰੁਖੀ ਸੁਖੀ ਖਾਇਕੈ ਠੰਢਾ ਪਾਣੀ ਪੀਉ
ਫਰੀਦਾ ਦੇਖਿ ਪਰਾਈ ਚੋਪੜੀ ਨਾ ਤਰਸਾਏ ਜੀਉ

ਬਾਬਾ ਫ਼ਰੀਦ ਸ਼ਕਰ ਗੰਜ ਨੇ ਆਪਣੇ ਸ਼ਲੋਕਾਂ ਵਿੱਚ ਸ਼ੱਕਰ ਦਾ ਕਈ ਥਾਵਾਂ ਤੇ ਜ਼ਿਕਰ ਕੀਤਾ ਹੈ ਜੋ ਆਪ ਦੇ ਨਾਂ ਨਾਲ ਸਬੰਧ ਰਖਦਾ ਹੈ।

---

*ਮਹਾਨ ਕੋਸ਼ ਭਾਈ ਕਾਹਨ ਸਿੰਘ ਜੀ ਵਿਚ ਦਰਜ ਹੈ ਕਿ ਫਰੀਦ ਕੋਟ (ਮੌਜੂਦਾ ਫਰੀਦਕੋਟ ਰਿਆਸਤ ਦੀ ਰਾਜਧਾਨੀ) ਦਾ ਪਹਿਲਾ ਨਾਮ ਮੋਕਲ ਨਗਰ ਰਾਜਾ ਮੋਕਲ ਦੇਵ ਦਾ ਵਸਾਇਆ ਹੋਇਆ ਸੀ, ਪਰ ਬਾਬਾ ਫਰੀਦ ਜੀ ਦੇ ਚਰਨ ਪਾਉਣ ਸਮੇਂ ਉਸ ਨੇ ਉਨ੍ਹਾਂ ਦੇ ਨਾਮ ਪਰ ਹੀ ਫ਼ਰੀਦਕੋਟ ਨਾਮ ਰਖ ਦਿਤਾ ਤੇ ਹੁਣ ਤਕ ਇਸੇ ਨਾਮ ਤੇ ਵਸਦਾ ਆ ਰਿਹਾ ਹੈ।

Digitized by Panjab Digital Library | www.panjabdigilib.org

# ਸ੍ਰੀ ਗੁਰੂ ਨਾਨਕ ਦੇਵ ਜੀ

ਪਿਤਾ ਦਾ ਨਾਂ ਕਾਲੂ ਚੰਦ ਬੇਦੀ ਖਤਰੀ। ਵਸਨੀਕ ਤਲਵੰਡੀ ਜ਼ਿਲਾ ਲਾਹੌਰ। ਆਪ ਜੀ ਦਾ ਜਨਮ ੧੫੨੬ ਬਿ: ਮੁਤਾਬਕ ੧੪੬੯ ਈ: ਵਿਚ ਹੋਇਆ।

ਬਹੁਤਿਆਂ ਦਾ ਖ਼ਿਆਲ ਹੈ ਕਿ ਆਪ ਆਪਣੇ ਨਾਨਕੇ ਜੋ ਜ਼ਿਲਾ ਸ਼ੇਖ਼ੂਪੁਰਾ ਦਾ ਇਕ ਨਿਕਾ ਜਿਹਾ ਪਿੰਡ ਹੈ, ਵਿਚ ਪ੍ਰਗਟ ਹੋਏ ਅਤੇ ਇਸੇ ਕਾਰਨ ਆਪ ਦਾ ਨਾਂ ਨਾਨਕ ਰਖਿਆ ਗਿਆ ਅਤੇ ਉਹ ਪਿੰਡ ਨਨਕਾਣੇ ਦੇ ਨਾਂ ਤੇ ਉੱਘਾ ਹੋ ਗਿਆ।

ਆਪ ਬਾਲ ਅਵਸਥਾ ਤੋਂ ਹੀ ਆਤਮ ਰਸੀਏ ਅਤੇ ਪਵਿਤ੍ਰ ਜੀਵਨ ਵਾਲੇ ਪੁਰਸ਼ ਸਨ, ਤਬੀਅਤ ਰੱਬ ਦੀ ਭਗਤੀ ਵਾਲੀ ਅਤੇ ਏਕਤਾ ਵਲ ਝੁਕੀ ਹੋਈ ਸੀ। ਹੋਰ ਬਚਿਆਂ ਵਾਂਗੂ ਸ਼ੋਖੀ, ਸ਼ਰਾਰਤ, ਖੇਲ ਕੁਦ ਅਤੇ ਖਾਣ ਪੀਣ ਵਲੋਂ ਉੱਕਾ ਹੀ ਉਪਰਾਮ ਸਨ।

ਰਿਵਾਜ ਅਨੁਸਾਰ ਪਿਤਾ ਜੀ ਨੇ ਆਪ ਨੂੰ ਹਿੰਦੀ ਪੜ੍ਹਾਣ ਲਈ ਇਕ ਪਾਂਧੇ ਪਾਸ ਬਿਠਾਇਆ। ਪਾਂਧੇ ਨੇ ਆਪ ਨੂੰ ਹਿੰਦੀ ਦੇ ਅੱਖਰ ਲਿਖ ਕੇ ਯਾਦ ਕਰਨ ਲਈ ਦਿਤੇ ਪਰ ਆਪ ਨੇ ਅਰਸ਼ਾਦ ਫਰਮਾਇਆ ਕਿ ਇਹ ਦੁਨਿਆਵੀ ਹਿਸਾਬ ਸਾਨੂੰ ਪਸੰਦ ਨਹੀਂ ਹੈ ਕਿਉਂ ਜੋ ਜਿਸ ਨੇ ਦੁਨਿਆਵੀ ਹਿਸਾਬ ਪੜ੍ਹਿਆ, ਉਸ ਨੇ ਅੰਤ ਸਮੇਂ ਨੁਕਸਾਨ ਉਠਾਇਆ। ਇਸ ਲਈ ਇਸ ਹਿਸਾਬ ਨੂੰ ਛਡ ਕੇ ਸੱਚਾ ਹਿਸਾਬ ਪੜ੍ਹਨ ਪੜ੍ਹਾਣ ਦੀ ਕੋਸ਼ਸ਼ ਕਰੋ। ਇਹ ਸੁਣਕੇ ਪਾਂਧੇ ਨੇ ਆਪਣੀ ਲਾਚਾਰੀ ਪ੍ਰਗਟ ਕਰਦੇ ਹੋਏ ਆਪ ਦੇ ਪਿਤਾ ਨੂੰ ਰਾਏ ਦਿਤੀ ਕਿ ਇਹਨਾਂ ਨੂੰ ਕਿਸੇ ਵਿਦਵਾਨ ਪੰਡਤ ਪਾਸ ਬਿਠਾਇਆ ਜਾਏ। ਸੋ ਪਿਤਾ ਜੀ ਆਪ ਨੂੰ ਲੈ ਕੇ ਇਕ ਚਤੁਰ ਅਤੇ ਵਿਦਿਵਾਨ ਪੰਡਤ ਪਾਸ ਪੁੱਜੇ। ਉਸ ਪੰਡਤ ਨੇ ਆਪ ਨੂੰ ਹਿੰਦੀ ਦੇ ਅੱਖਰ ਲਿਖ ਕੇ ਯਾਦ ਕਰਨ ਲਈ ਦਿਤੇ। ਆਪ ਨੇ ਪੰਡਤ ਸਾਹਿਬ ਨੂੰ ਆਖਿਆ ਕਿ ਇਹ ਵਿਖਾਵੇ ਦੀ ਵਿਦਿਆ ਕੁਝ ਨਹੀਂ ਇਸ ਲਈ ਆਪਣਾ ਸਮਾਂ ਆਤਮਕ ਖੋਜ ਅਤੇ ਤਸੱਵਫ਼ ਦੇ ਪੜ੍ਹਨ ਪੜ੍ਹਾਨ ਵਿਚ ਬਤੀਤ ਕਰੋ। ਪੰਡਤ ਜੀ ਸੁਣ ਕੇ ਅਸਚਰਜ ਹੋ ਗਏ ਅਤੇ ਸ਼ਾਇਦ ਇਸ ਖਿਆਲ ਤੇ ਕਿ ਆਪ ਹੋਰ ਬਚਿਆਂ ਨੂੰ ਨਾ ਵਰਗਲਾਣ, ਪੜ੍ਹਾਨ ਤੋਂ ਇਨਕਾਰ ਕਰ ਦਿਤਾ। ਸੋ ਆਪ ਦੇ ਪਿਤਾ ਆਪ ਨੂੰ ਮੌਲਵੀ ਸਾਹਿਬ ਪਾਸ ਲੈ ਕੇ ਪੁਜੇ ਤਾਂ ਜੁ ਆਪ ਉਰਦੂ ਫ਼ਾਰਸੀ ਦੀ ਵਿਦਿਆ ਪੜ੍ਹ ਸਕਣ। ਪਰ ਆਪ ਨੇ ਮੌਲਵੀ ਸਾਹਿਬ ਨੂੰ ਭੀ ਗਯਾਨ ਉਪਦੇਸ਼ ਦੇ ਕੇ ਚੁਪ ਕਰਾ ਦਿਤਾ।

ਏਸੇ ਸਾਲ ਆਪ ਨੂੰ ਜੰਞੂ ਪਾਉਣ ਲਈ ਬਾਹਮਣ ਸਦਿਆ ਗਿਆ ਪਰ ਆਪ ਨੇ ਇਸ ਤੋਂ ਭੀ ਇਨਕਾਰ ਕੀਤਾ ਅਤੇ ਆਖਿਆ ਕਿ ਇਹ ਕਪਾਹ ਦਾ ਧਾਗਾ ਮੁਕਤੀ ਦਾਤਾ ਨਹੀਂ ਹੋ ਸਕਦਾ।

ਆਪ ਦੀਆਂ ਇਹਨਾਂ ਗੱਲਾਂ ਤੋਂ ਆਪ ਦੇ ਮਾ-ਪਿਆਂ ਨੂੰ ਬੜੀ ਹੈਰਾਨੀ ਹੋਈ। ਉਹਨਾਂ ਖ਼ਿਆਲ ਕੀਤਾ ਕਿ ਸ਼ਾਇਦ ਆਪ ਦੇ ਦਿਮਾਗ਼ ਵਿਚ ਕੋਈ ਕਸੂਰ ਹੋ ਗਿਆ ਹੈ, ਇਸ ਲਈ ਲੋਕਾਂ ਦੇ ਆਖਣ ਉਤੇ ਆਪ ਦੇ ਪਿਤਾ ਨੇ ਇਕ ਹਕੀਮ ਨੂੰ

Digitized by Panjab Digital Library | www.panjabdigilib.org

ਬੁਲਾਇਆ। ਹਕੀਮ ਨੇ ਨਬਜ਼ ਵੇਖਣ ਲਈ ਆਪ ਦੀ ਬਾਂਹ ਫੜੀ ਪਰ ਆਪ ਨੇ ਹਸ ਕੇ ਫਰਮਾਇਆ:—

ਵੈਦੁ ਬੁਲਾਇਆ ਵੈਦਗੀ ਪਕੜ ਢੰਢੋਲੇ ਬਾਂਹ
ਭੋਲਾ ਵੈਦੁ ਨ ਜਾਣਈ ਕਰਕ ਕਲੇਜੇ ਮਾਹਿ

ਇਨ੍ਹਾਂ ਗੱਲਾਂ ਨੇ ਲੋਕਾਂ ਦੀ ਸ਼ਰਧਾ ਆਪ ਵਲ ਕਰ ਦਿਤੀ ਅਤੇ ਆਪ ਨੂੰ ਵਲੀ ਅਤੇ ਖੁਦਾ ਪ੍ਰਸਤ ਸਮਝਣ ਲਗ ਪਏ। ਇਸ ਤਰ੍ਹਾਂ ਆਪ ਦੀ ਸ਼ੁਹਰਤ ਦਿਨੋਂ ਦਿਨ ਵਧਦੀ ਗਈ।

ਲਗ ਭਗ ਸੋਲਾਂ ਸਾਲ ਦੀ ਉਮਰ ਸੀ, ਜਦ ੧੫੪੧ ਬਿ: ਵਿੱਚ ਆਪ ਬਾਬਾ ਫਰੀਦ ਸ਼ਕਰ ਗੰਜ ਦੇ ਉਰਸ ਲਈ ਪਾਕਪਟਨ ਤਸ਼ਰੀਫ਼ ਲੈ ਗਏ। ਉਥੇ ਆਪ ਦੇ ਉਤਰ ਪ੍ਰਸ਼ਨ ਸ਼ੇਖ ਇਬਰਾਹੀਮ ਸੱਜਾਦਾ ਨਸ਼ੀਨ ਦਰਗਾਹ ਫ਼ਰੀਦ ਨਾਲ ਹੋਏ। ਉਹ ਉਤਰ ਪ੍ਰਸ਼ਨ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹਨ।

ਤਿੰਨਾਂ ਦਿਨਾਂ ਪਿਛੋਂ ਜਦ ਆਪ ਉਰਸ ਤੋਂ ਵਾਪਸ ਆਏ ਤਾਂ ਆਪ ਦੇ ਪਿਤਾ ਨੇ, ਇਸ ਖਿਆਲ ਨਾਲ ਕਿ ਆਪ ਫਕੀਰਾਂ ਦੀ ਸੰਗਤ ਨਾਲ ਕਿਧਰੇ ਫ਼ਕੀਰ ਨਾ ਹੋ ਜਾਣ, ਆਪ ਨੂੰ ਕੁਝ ਰੁਪੈ ਦੇ ਕੇ ਸੌਦਾ ਖਰੀਦਨ ਤੇ ਤਜਾਰਤ ਕਰਨ ਲਈ ਲਾਹੌਰ ਘਲਿਆ ਅਤੇ ਆਪ ਦੇ ਨਾਲ ਖਬਰਦਾਰੀ ਲਈ ਭਾਈ ਬਾਲਾ ਸੰਧੂ ਜੱਟ ਨੂੰ ਭੀ ਘਲ ਦਿਤਾ।

ਪਿਤਾ ਪਾਸੋਂ ਵਿਦਾ ਹੋ ਕੇ ਆਪ ਜਦ ਚੂਹੜਕਾਣਾ ਦੇ ਲਾਗੇ ਪਹੁੰਚੇ ਤਾਂ ਆਪ ਨੇ ਭੁਖੇ ਸਾਧਾਂ ਦੀ ਇਕ ਮੰਡਲੀ ਬੈਠੀ ਹੋਈ ਵੇਖੀ।

ਆਪ ਨੇ ਭਾਈ ਬਾਲੇ ਨੂੰ ਆਖਿਆ ਕਿ ਇਨ੍ਹਾਂ ਰੁਪਈਆਂ ਨਾਲ ਆਟਾ ਦਾਲ ਆਦਿ ਖਰੀਦ ਲਿਆਓ ਤਾਂ ਜੁ ਇਨ੍ਹਾਂ ਸਾਧੂਆਂ ਲਈ ਭੋਜਨ ਤਿਆਰ ਕੀਤਾ ਜਾਏ। ਜਦ ਇਹ ਰੁਪਏ ਸੌਦਾ ਕਰਨ ਲਈ ਮਿਲੇ ਹਨ ਤਾਂ ਫਿਰ ਇਸ ਤੋਂ ਵਧ ਸਚਾ ਸੌਦਾ ਹੋਰ ਕੀ ਹੋ ਸਕਦਾ ਹੈ।

ਇਹ ਸੌਦਾ ਕਰਕੇ ਆਪ ਵਾਪਸ ਆਏ। ਜਦ ਪਿਤਾ ਜੀ ਨੂੰ ਪਤਾ ਲਗਾ ਤਾਂ ਉਹ ਬਹੁਤ ਗੁਸੇ ਹੋਏ ਅਤੇ ਅੰਤ ਆਪ ਨੂੰ ਆਪ ਦੀ ਭੈਣ ਨਾਨਕੀ ਪਾਸ ਸੁਲਤਾਨ ਪੁਰ (ਕਪੂਰਥਲਾ) ਵਿੱਚ ਘਲ ਦਿਤਾ।

ਏਥੇ ਆਪ ਦੇ ਭਣਵਈਆ ਜੈ ਰਾਮ ਨੇ ਆਪ ਦੀ ਬੜੀ ਆਉ ਭਗਤ ਕੀਤੀ ਅਤੇ ਇਸ ਖਿਆਲ ਨਾਲ ਕਿ ਆਪ ਕਿਧਰੇ ਫ਼ਕੀਰੀ ਵੇਸ ਹੀ ਧਾਰਨ ਨ ਕਰ ਲੈਣ, ਨਵਾਬ ਨੂੰ ਕਹਿਕੇ ਆਪ ਨੂੰ ਮੋਦੀਖਾਨੇ ਦਾ ਕੰਮ ਸੌਂਪ ਦਿਤਾ। ਹੁਣ ਆਪ ਨੂੰ ਖਲਕ ਖੁਦਾ ਦੀ ਖਿਦਮਤ ਦਾ ਚੰਗਾ ਸਮਾਂ ਹਥ ਆਇਆ ਅਤੇ ਆਪ ਨੇ ਰਸਦਾਂ ਦੇ ਖੁਲ੍ਹੇ ਗੱਫੇ ਸੰਤਾਂ, ਸਾਧਾਂ ਅਤੇ ਫ਼ਕੀਰਾਂ ਨੂੰ ਦੇਣੇ ਸ਼ੁਰੂ ਕੀਤੇ। ਕਹਿੰਦੇ ਹਨ ਕਿ ਤੋਲਦੇ ਤੋਲਦੇ ਜਦ ਆਪ ਦੀ ਧਾਰਨ ਬਾਰਾਂ ਤੋਂ ਲੰਘ ਕੇ ਤੇਰਾਂ ਤੇ ਅਪੜਦੀ ਤਾਂ ਆਪ ਦੇ ਮੂੰਹ ਤੇ ਤੇਰਾ ਤੇਰਾ ਹੀ ਚੜ੍ਹ ਜਾਂਦਾ ਅਤੇ ਤੇਰਾ ਸਮਝਦੇ ਹੋਏ ਹੀ ਸਭ ਕੁਝ ਉਸ ਦੇ ਹਵਾਲੇ ਕਰ ਦੇਂਦੇ। ਇਉਂ ਲੁਟ ਪੈਂਦੀ ਵੇਖ ਕੇ ਲੋਕਾਂ ਨੇ ਨਵਾਬ ਪਾਸ ਸ਼ਕਾਇਤ ਕੀਤੀ ਪਰ ਜਦ ਹਿਸਾਬ ਹੋਇਆ ਤਾਂ ਨੁਕਸਾਨ ਦੀ ਥਾਂ ਨਫ਼ਾ ਸਾਬਤ ਹੋਇਆ।

Digitized by Panjab Digital Library | www.panjabdigilib.org

੧੫੪੫ ਬਿ: ਮੁਤਾਬਕ ੧੪੮੭ ਈ: ਵਿੱਚ ਆਪ ਦੇ ਭਣਵਈਏ ਨੇ ਜ਼ਿਲਾ ਗੁਰਦਾਸ ਪੁਰ ਵਿੱਚ ਮੂਲ ਚੰਦ ਚੋਣਾ ਖਤਰੀ ਦੀ ਲੜਕੀ ਬੀਬੀ ਸੁਲਖਣੀ ਨਾਲ ਆਪ ਦੀ ਸ਼ਾਦੀ ਕਰ ਦਿਤੀ ਅਤੇ ੧੫੫੧ ਬਿ: ਵਿੱਚ ਆਪ ਦੇ ਘਰ ਸ੍ਰੀ ਚੰਦ ਨੇ ਅਤੇ ੧੫੫੨ ਵਿੱਚ ਲਖਮੀ ਚੰਦ ਨੇ ਜਨਮ ਲਿਆ। ਇਨ੍ਹਾਂ ਵਿਚੋਂ ਸ੍ਰੀ ਚੰਦ ਉਦਾਸੀਆਂ ਦੇ ਬਾਨੀ ਅਤੇ ਲਖਮੀ ਚੰਦ ਬੇਦੀ ਅਖਵਾਏ।

੧੫੫੪ ਵਿੱਚ ਆਪ ਨੇ ਮੋਦੀਖਾਨਾ ਛਡ ਕੇ ਪੂਰਨ ਦਰਵੇਸ਼ੀ ਧਾਰਨ ਕਰ ਲਈ ਅਤੇ ਲੋਕਾਂ ਵਿੱਚ ਰਬ ਦੀ ਹੋਂਦ ਦਸ ਕੇ ਉਸ ਦੇ ਨੇਕ ਹੁਕਮਾਂ ਦਾ ਉਪਦੇਸ਼ ਦੇਣ ਲਗੇ।

ਆਪ ਦੀਆਂ ਕਰਾਮਾਤਾਂ ਦੇ ਬੇ ਸ਼ੁਮਾਰ ਵਾਕਿਆਤ ਹਨ ਪਰ ਉਨ੍ਹਾਂ ਵਿੱਚ ਇਕ ਸਾਖੀ ਜਿਸ ਦਾ ਜ਼ਿਕਰ ਦਿਲ-ਚਸਪੀ ਤੋਂ ਖਾਲੀ ਨਹੀਂ, ਇਉਂ ਹੈ—

ਜਦ ਆਪ ਸੈਰ ਕਰਦੇ ਕਰਦੇ ਦਿੱਲੀ ਅਪੜੇ, ਤਾਂ ਸਕੰਦਰ ਲੋਧੀ, ਜੋ ਪੀਰਾਂ ਫਕੀਰਾਂ ਤੋਂ ਬਹੁਤ ਸਤਿਆ ਹੋਇਆ ਸੀ, ਨੇ ਆਪ ਨੂੰ ਕੈਦ ਕਰ ਦਿੱਤਾ ਅਤੇ ਜੇਹਲ ਵਿਚ ਚਕੀ ਪੀਸਣ ਲਈ ਦੇ ਦਿਤੀ। ਭਾਈ ਬਾਲਾ ਅਤੇ ਮਰਦਾਨਾ ਭੀ ਆਪ ਦੇ ਨਾਲ ਸਨ ਅਤੇ ਸਭ ਨੂੰ ਇਕ ਇਕ ਮਣ ਗੱਲਾ ਪੀਸਣ ਲਈ ਦੇ ਦਿਤਾ। ਆਪ ਨੇ ਉਨ੍ਹਾਂ ਨੂੰ ਆਖਿਆ ਕਿ ਇਹ ਸਭ ਕੁਝ ਪਿਆ ਰਹਿਣ ਦਿਓ ਅਤੇ ਅਰਾਮ ਨਾਲ ਸੌਂ ਜਾਓ। ਅੰਮ੍ਰਿਤ ਵੇਲੇ ਆਪ ਨੇ ਭਾਈ ਮਰਦਾਨੇ ਪਾਸੋਂ ਰਬਾਬ ਵਜਵਾ ਕੇ ਇਹ ਸ਼ਬਦ ਪੜ੍ਹਿਆ:—

ਕੋਲੂ ਚਰਖਾ ਚਕੀ ਚਕੁ। ਥਲ ਵਾਰੋਲੇ ਬਹੁਤੁ ਅਨੰਤੁ
ਲਾਟੂ ਮਧਾਣੀਆ ਅਨਗਾਹ। ਪੰਖੀ ਭਉਦੀਆ ਲੈਨਿ ਨ ਸਾਹ
ਸੂਐ ਚਾੜਿ ਭਵਾਈਅਹਿ ਜੰਤ। ਨਾਨਕ ਭਉਦਿਆ ਗਣਤ ਨ ਅੰਤ

ਕਹਿੰਦੇ ਹਨ ਕਿ ਰਾਗ ਦੀ ਆਵਾਜ਼ ਸੁਣ ਕੇ ਜੇਹਲ ਦਾ ਦਾਰੋਗਾ ਅਤੇ ਹੋਰ ਆਦਮੀ ਕਠੇ ਹੋ ਗਏ ਅਤੇ ਉਨ੍ਹਾਂ ਦੀ ਹੈਰਾਨੀ ਦੀ ਹੱਦ ਨ ਰਹੀ ਜਦ ਉਨ੍ਹਾਂ ਨੇ ਵੇਖਿਆ ਕਿ ਤਿੰਨੇ ਚਕੀਆਂ ਆਪੇ ਚਲ ਰਹੀਆਂ ਸਨ। ਜਦ ਸ਼ਾਹ ਨੂੰ ਪਤਾ ਲਗਾ ਤਾਂ ਉਹ ਆਪ ਆਇਆ ਅਤੇ ਗੁਰੂ ਜੀ ਦਾ ਅਦਿਭੁਤ ਕੌਤਕ ਵੇਖ ਕੇ ਉਨ੍ਹਾਂ ਤੇ ਹੋਰ ਸਾਧਾਂ ਸੰਤਾਂ ਨੂੰ ਆਦਰ ਨਾਲ ਛਡ ਦਿਤਾ।

ਇਸ ਪਿਛੋਂ ਆਪ ਨੇ ਰਬੀ ਪਰਚਾਰ ਕਰਨਾ ਸ਼ੁਰੂ ਕੀਤਾ ਤੇ ਇਸੇ ਖਿਆਲ ਨਾਲ ਆਪ ਦੁਨੀਆਂ ਦੇ ਕੋਨੇ ਕੋਨੇ ਵਿੱਚ ਵਿਚਰਨ ਤੋਂ ਛੁਟ ਲੰਕਾ, ਸੀਸਤਾਨ, ਮੱਕਾ, ਮਦੀਨਾ ਅਤੇ ਬਗਦਾਦ ਆਦਿ ਵਿਚ ਗਏ।

ਦਸਿਆ ਜਾਂਦਾ ਹੈ ਕਿ ਆਪ ਇਕ ਵਾਰੀ ਬਾਬਰ ਬਾਦਸ਼ਾਹ ਦੇ ਦਰਬਾਰ ਵਿੱਚ ਗਏ। ਬਾਬਰ ਨੇ ਆਪ ਦੀ ਬਹੁਤ ਆਉ ਭਗਤ ਕੀਤੀ ਅਤੇ ਆਪ ਨੂੰ ਦਰਵੇਸ਼ ਸਮਝ ਕੇ ਸਮਰਕੰਦੀ ਭੰਗ ਪੇਸ਼ ਕੀਤੀ। ਆਪ ਨੇ ਲੈ ਕੇ ਬਾਲੇ ਦੀ ਝੋਲੀ ਪਾ ਦਿਤੀ ਅਤੇ ਪ੍ਰਸੰਨ ਹੋ ਕੇ ਸਤ ਮੁਠੀਆਂ ਭੰਗ ਦੇ ਬਦਲੇ ਸਤ ਪਾਤਸ਼ਾਹੀਆਂ ਦਾ ਵਰ ਦਿਤਾ।

ਅੰਤ ਆਪ ਲੋਕਾਂ ਵਿੱਚ ਸਚੇ ਅਸੂਲਾਂ ਅਤੇ ਨਾਮ ਦਾ ਪ੍ਰਚਾਰ ਕਰਦੇ ਹੋਏ ੬੯ ਸਾਲ ੧੦ ਮਹੀਨੇ ਅਤੇ ਦਸ ਦਿਨ ਦੀ ਉਮਰ ਭੋਗ ਕੇ ੧੫੯੬ ਬਿ: ਵਿੱਚ

Digitized by Panjab Digital Library | www.panjabdigilib.org

ਜੋਤੀ ਜੋਤ ਸਮਾ ਗਏ ਅਤੇ ਅੰਤ ਸਮੇਂ ਆਪਣੀ ਗੱਦੀ ਸ੍ਰੀ ਗੁਰੂ ਅੰਗਦ ਦੇਵ ਜੀ ਨੂੰ ਸੌਂਪ ਗਏ।

ਆਪ ਦੇ ਚਲਾਣੇ ਪਿਛੋਂ ਸਮਾਧ ਬਣਾਈ ਗਈ ਜੋ ਡੇਰਾ ਬਾਬਾ ਨਾਨਕ ਦੇ ਨਾਂ ਤੇ ਉਘਾ ਹੈ। ਆਪ ਦੇ ਜੀਵਨ ਵਿਚੋਂ ਇਹ ਗੱਲ ਖਾਸ ਦੱਸਣ ਯੋਗ ਹੈ ਕਿ ਆਪ ਨੇ ਲਗ ਭਗ ਅੱਧੀ ਦੁਨੀਆਂ ਦਾ ਸਫ਼ਰ ਕੀਤਾ ਅਤੇ ਆਪ ਦਾ ਹਰ ਕੌਮ, ਹਰ ਬੋਲੀ ਅਤੇ ਹਰ ਰਸਮ ਰਵਾਜ ਨਾਲ ਵਾਹ ਪਿਆ; ਪਰ ਆਪਣੀ ਮਾਦਰੀ ਬੋਲੀ ਨ ਭੁਲੇ। ਸੰਸਕ੍ਰਿਤ ਦੇ ਉਤਰ ਵਿੱਚ ਸੰਸਕ੍ਰਿਤ, ਫਾਰਸੀ ਦੇ ਉਤਰ ਵਿੱਚ ਫਾਰਸੀ ਅਤੇ ਇਸੇ ਤਰ੍ਹਾਂ ਸਭਨਾਂ ਬੋਲੀਆਂ ਵਿੱਚ ਭੀ ਜੋ ਕੁਝ ਫਰਮਾਇਆ, ਉਹ ਪੰਜਾਬੀ ਵਿੱਚ ਰਲੀ ਮਿਲੀ ਸੀ।

ਪੰਜਾਬੀ ਬੋਲੀ ਦੀ ਇਹ ਸਭ ਤੋਂ ਵਡੀ ਸੇਵਾ ਹੈ, ਜੋ ਆਪ ਨੇ ਦੁਨੀਆਂ ਦੇ ਹਰ ਖਿੱਤਾ, ਹਰ ਤਬਕੇ ਅਤੇ ਹਰ ਕੌਮ ਵਿੱਚ ਜਾ ਕੇ ਸਿਰੇ ਚਾੜ੍ਹੀ ਅਤੇ ਉਨ੍ਹਾਂ ਦੇ ਕੰਨਾਂ ਨੂੰ ਪੰਜਾਬੀ ਦੀਆਂ ਮਿੱਠੀਆਂ ਸੁਰਾਂ ਨਾਲ ਮਸਰੂਰ ਕੀਤਾ:—

ਆਪ ਦੀ ਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਹੈ—

ਵੇਖੋ ਵਨਗੀ:—

ਨਾਨਕ ਬੁਗੋਯਦ ਜਨੁ ਤੁਰਾ ਤੇਰੇ ਚਾਕਰਾਂ ਪਾਖਾਕ.........
ਮੋਰੀ ਰੁਣ ਝੁਣ ਲਾਇਆ ਭੈਣੇ ਸਾਵਣੁ ਆਇਆ
ਤੇਰੇ ਮੁੰਧ ਕਟਾਰੇ ਜੇਵਡਾ ਤਿਨਿ ਲੋਭੀ ਲੋਭ ਲੋਭਾਇਆ
ਤੇਰੇ ਦਰਸਨ ਵਿਟਹੁ ਖੰਨੀਐ ਵੰਞਾ ਤੇਰੇ ਨਾਮ ਵਿਟਹੁ ਕੁਰਬਾਣੋ
ਜਾ ਤੂ ਤਾ ਮੈ ਮਾਣੁ ਕੀਆ ਹੈ ਤੁਧੁ ਬਿਨੁ ਕੇਹਾ ਮੇਰਾ ਮਾਣੋ

ਜਪੁਜੀ ਵਿਚੋਂ

ਭਰੀਐ ਹਥੁ ਪੈਰੁ ਤਨੁ ਦੇਹ, ਪਾਣੀ ਧੋਤੈ ਉਤਰਸੁ ਖੇਹ।
ਮੂਤ ਪਲੀਤੀ ਕਪੜੁ ਹੋਇ, ਦੇ ਸਾਬੂਣੁ ਲਈਐ ਓਹੁ ਧੋਇ।
ਭਰੀਐ ਮਤਿ ਪਾਪਾ ਕੈ ਸੰਗਿ, ਓਹੁ ਧੋਪੈ ਨਾਵੈ ਕੈ ਰੰਗਿ।
ਪੁੰਨੀ ਪਾਪੀ ਆਖਣੁ ਨਾਹਿ, ਕਰਿ ਕਰਿ ਕਰਣਾ ਲਿਖਿ ਲੈ ਜਾਹੁ।
ਆਪੇ ਬੀਜਿ ਆਪੇ ਹੀ ਖਾਹੁ, ਨਾਨਕ ਹੁਕਮੀ ਆਵਹੁ ਜਾਹੁ।

ਐਮਨਾਬਾਦ ਵਿੱਚ ਜਦ ਗੁਰੂ ਜੀ ਭਾਈ ਲਾਲੋ ਪਾਸ ਠਹਿਰੇ ਹੋਏ ਸਨ ਤਾਂ ਹਾਕਮ ਪਠਾਣ ਦਾ ਪੁਤ੍ਰ ਬੀਮਾਰ ਹੋ ਗਿਆ। ਤਾਂ ਮਲਕ ਭਾਗੋ ਦੀ ਸਲਾਹ ਨਾਲ ਸਭ ਫਕੀਰ ਸਣੇ ਗੁਰੂ ਨਾਨਕ ਜੀ ਫੜੇ ਗਏ। ਭਾਈ ਲਾਲੋ ਨੇ ਜਦ ਪੁਛਿਆ ਤਾਂ ਆਪ ਨੇ ਇਉਂ ਸ਼ਬਦ ਉਚਾਰਿਆ—

ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨੁ ਵੇ ਲਾਲੋ
ਪਾਪ ਕੀ ਜੰਞ ਲੈ ਕਾਬਲਹੁ ਧਾਇਆ ਜੋਰੀ ਮੰਗੈ ਦਾਨੁ ਵੇ ਲਾਲੋ
ਸਰਮੁ ਧਰਮੁ ਦੁਇ ਛਪਿ ਖਲੋਏ ਕੂੜੁ ਫਿਰੈ ਪਰਧਾਨੁ ਵੇ ਲਾਲੋ
ਕਾਜੀਆ ਬਾਮਣਾ ਕੀ ਗਲ ਥਕੀ ਅਗਦੁ ਪੜੈ ਸੈਤਾਨੁ ਵੇ ਲਾਲੋ
ਮੁਸਲਮਾਨੀਆ ਪੜਹਿ ਕਤੇਬਾ ਕਸਟ ਮਹਿ ਕਰਹਿ ਖੁਦਾਇ ਵੇ ਲਾਲੋ
ਜਾਤਿ ਸਨਾਤੀ ਹੋਰਿ ਹਿਦਵਾਣੀਆ ਏਹਿ ਭੀ ਲੇਖੈ ਲਾਇ ਵੇ ਲਾਲੋ
ਖੂਨ ਕੇ ਸੋਹਿਲੇ ਗਾਵੀਅਹਿ ਨਾਨਕ ਰਤੁ ਕਾ ਕੁੰਗੂ ਪਾਇ ਵੇ ਲਾਲੋ..........
ਮੁਸਲਮਾਨਾ ਸਿਫਤਿ ਸਰੀਅਤਿ ਪੜਿ ਪੜਿ ਕਰਹਿ ਬੀਚਾਰੁ

Digitized by Panjab Digital Library | www.panjabdigilib.org

ਬੰਦੇ ਸੇ ਜਿ ਪਵਹਿ ਵਿਚਿ ਬੰਦੀ ਵੇਖਣ ਕਉ ਦੀਦਾਰੁ
ਹਿੰਦੂ ਸਾਲਾਹੀ ਸਾਲਾਹਨਿ ਦਰਸਨਿ ਰੂਪਿ ਅਪਾਰੁ
ਤੀਰਥਿ ਨਾਵਹਿ ਅਰਚਾ ਪੂਜਾ ਅਗਰਵਾਸੁ ਬਹਕਾਰੁ
ਜੋਗੀ ਸੁੰਨਿ ਧਿਆਵਨਿ ਜੇਤੇ ਅਲਖ ਨਾਮੁ ਕਰਤਾਰੁ
ਸੂਖਮ ਮੂਰਤਿ ਨਾਮੁ ਨਿਰੰਜਨ ਕਾਇਆ ਕਾ ਆਕਾਰੁ
ਸਤੀਆ ਮਨਿ ਸੰਤੋਖੁ ਉਪਜੈ ਦੇਣੈ ਕੈ ਵੀਚਾਰਿ
ਦੇ ਦੇ ਮੰਗਹਿ ਸਹਸਾ ਗੂਣਾ ਸੋਭ ਕਰੇ ਸੰਸਾਰੁ
ਚੋਰਾ ਜਾਰਾ ਤੈ ਕੂੜਿਆਰਾ ਖਾਰਾਬਾ ਵੇਕਾਰੁ
ਇਕਿ ਹੋਦਾ ਖਾਇ ਚਲਹਿ ਐਥਾਊ ਤਿਨਾ ਭਿ ਕਾਈ ਕਾਰ
ਜਲਿ ਥਲਿ ਜੀਆ ਪੁਰੀਆ ਲੋਆ ਆਕਾਰਾ ਆਕਾਰ
ਓਇ ਜਿ ਆਖਹਿ ਸੁ ਤੂੰਹੈ ਜਾਣਹਿ ਤਿਨਾ ਭਿ ਤੇਰੀ ਸਾਰ
ਨਾਨਕ ਭਗਤਾ ਭੁਖ ਸਾਲਾਹਣੁ ਸਚੁ ਨਾਮੁ ਆਧਾਰੁ
ਸਦਾ ਅਨੰਦਿ ਰਹਹਿ ਦਿਨੁ ਰਾਤੀ ਗੁਣਵੰਤਿਆ ਪਾਛਾਰੁ

# ਗੁਰੂ ਅੰਗਦ ਸਾਹਿਬ

## ਆਪ ਦਾ ਪਹਿਲਾ ਨਾਂ ਲਹਿਣਾ ਸੀ

ਪਿਤਾ ਜੀ ਦਾ ਨਾਂ ਫੇਰੂ ਮਲ ਖਤਰੀ। ਵਸਨੀਕ ਮਤੇ ਕੀ ਸਰਾਇ ਤਸੀਲ ਮੁਕਤਸਰ ਜ਼ਿਲਾ ਫੀਰੋਜ਼ਪੁਰ। ਆਪ ਦਾ ਜਨਮ ੧੫੬੧ ਬਿ: ਮੁਤਾਬਕ ੧੫੦੪ ਈ: ਵਿੱਚ ਸਕੰਦਰ ਲੋਧੀ ਦੇ ਸਮੇਂ ਹੋਇਆ। ੧੬ ਸਾਲ ਦੀ ਉਮਰ ਵਿੱਚ ਆਪ ਦੀ ਸ਼ਾਦੀ ਬੀਬੀ ਖੀਵੀ ਜੀ ਨਾਲ ਹੋਈ ਅਤੇ ਆਪ ਦੇ ਘਰ ਦੋ ਸਪੁਤ੍ਰ ਅਤੇ ਦੋ ਪੁਤ੍ਰੀਆਂ ਹੋਈਆਂ।

ਆਪ ਦੇਵੀ ਦੇ ਉਪਾਸ਼ਕ ਸਨ ਅਤੇ ਹਰ ਸਾਲ ਦੇਵੀ ਦੀ ਯਾਤ੍ਰਾ ਲਈ ਸਣੇ ਸਾਥੀਆਂ ਜਾਇਆ ਕਰਦੇ ਸਨ। ਇਕ ਵਾਰੀ ਆਪ ਦੇਵੀ ਦੇ ਦਰਸ਼ਨਾਂ ਲਈ ਜਾ ਰਹੇ ਸਨ ਕਿ ਸਤਿਗੁਰੂ ਨਾਨਕ ਦੇਵ ਜੀ ਦੇ ਦਰਸ਼ਨ ਲਈ ਰਾਹ ਵਿੱਚ ਠਹਿਰ ਗਏ। ਰਾਤ ਨੂੰ ਸੁਫਨੇ ਵਿੱਚ ਆਪ ਨੇ ਵੇਖਿਆ ਕਿ ਉਹੀ ਦੇਵੀ ਸਤਿਗੁਰੂ ਨਾਨਕ ਦੇਵ ਜੀ ਦੇ ਪਵਿਤਰ ਚਰਨਾਂ ਵਿੱਚ ਝਾੜੂ ਦੇ ਰਹੀ ਹੈ। ਦੇਵੀ ਨੂੰ ਸਤਿਗੁਰੂ ਜੀ ਦੇ ਚਰਨਾਂ ਤੇ ਢਠੀ ਵੇਖ ਕੇ ਆਪ ਭੀ ਉਨ੍ਹਾਂ ਦੇ ਸ਼ਰਧਾਲੂ ਹੋ ਗਏ ਅਤੇ ਸਭ ਕੁਝ ਛਡ ਕੇ ਉਨ੍ਹਾਂ ਦੇ ਸੇਵਕ ਬਣ ਗਏ।

ਇਕ ਵਾਰੀ ਆਪ ਚਿਕੜ ਭਰਿਆ ਘਾ ਚੁਕ ਕੇ ਲਿਆ ਰਹੇ ਸਨ ਕਿ ਮਾਤਾ ਸੁਲਖਣੀ ਜੀ ਨੇ ਤਰਸ ਵਿਚ ਆ ਕੇ ਗੁਰੂ ਨਾਨਕ ਜੀ ਨੂੰ ਆਖਿਆ ਕਿ ਤੁਸੀਂ ਇਨ੍ਹਾਂ ਪਾਸੋਂ ਏਨੀ ਸੇਵਾ ਨ ਲਿਆ ਕਰੋ, ਚਿਕੜ ਨਾਲ ਇਨ੍ਹਾਂ ਦੇ ਕਪੜੇ ਵੀ ਭਰ ਗਏ ਹਨ ਤਾਂ ਗੁਰੂ ਜੀ ਨੇ ਹੱਸ ਕੇ ਫਰਮਾਇਆ—ਭੋਲੀਏ ਇਹ ਚਿਕੜ ਨਹੀਂ, ਕੇਸਰ ਹੈ।

Digitized by Panjab Digital Library | www.panjabdigilib.org

ਇਸ ਤਰ੍ਹਾਂ ਦੀਆਂ ਅਨੇਕਾਂ ਸੇਵਾ ਅਤੇ ਫਰਮਾਂਬਰਦਾਰੀ ਤੋਂ ਪ੍ਰਸੰਨ ਹੋ ਕੇ ਗੁਰੂ ਜੀ ਨੇ ਲਹਿਣੇ ਦੇਣੇ ਵਾਲਾ ਪ੍ਰਣ ਸਚਾ ਕਰਦੇ ਹੋਏ ਆਪ ਨੂੰ ਗਦੀ ਦਾ ਵਾਰਸ ਬਣਾਇਆ ਅਤੇ ਆਪ ੧੫੯੬ ਬਿ: ਵਿਚ ਗੁਰੂ ਸਾਹਿਬ ਜੀ ਦੇ ਜੋਤੀ ਜੋਤ ਸਮਾਣ ਪਿਛੋਂ ਸਿਖਾਂ ਦੇ ਦੂਜੇ ਗੁਰੂ ਅਖਵਾਏ।

ਆਪ ਨੇ ਪੰਜਾਬੀ ਬੋਲੀ ਨੂੰ ਇਕ ਪੱਕੀ ਬੋਲੀ ਕਰਾਰ ਦੇਂਦੇ ਹੋਏ ਉਸ ਲਈ ਗੁਰਮੁਖੀ ਅੱਖਰ ਬਣਾਏ। ਇਸ ਤੋਂ ਛੁਟ ੧੬੦੧ ਬਿ: ਵਿੱਚ ਆਪ ਨੇ ਭਾਈ ਬਾਲਾ ਪਾਸੋਂ ਗੁਰੂ ਨਾਨਕ ਦੇਵ ਜੀ ਦੇ ਸਫ਼ਰ ਦੇ ਅੱਖੀਂ ਵੇਖੇ ਹਾਲ ਜਨਮ ਸਾਖੀ ਦੇ ਨਾਂ ਹੇਠਾਂ ਇਕੱਤ੍ਰ ਕੀਤੇ।

ਆਪ ਨੇ ਆਪਣੇ ਲਾਇਕ ਤੇ ਫਰਾਂਮਬਰਦਾਰ ਸਿਖ ਅਮਰ ਦਾਸ ਨੂੰ ਗੱਦੀ ਬਖਸ਼ੀ ਤੇ ਆਪ ੧੬੦੯ ਬਿ: ਮੁਤਾਬਕ ੧੫੫੨ ਈ: ਵਿਚ ੪੭ ਸਾਲ ਦੋ ਮਹੀਨੇ ਅਤੇ ਦਸ ਦਿਨ ਦੀ ਉਮਰ ਭੋਗ ਕੇ ਖਡੂਰ ਸਾਹਿਬ ਵਿੱਚ ਜੋਤੀ ਜੋਤ ਸਮਾ ਗਏ ਜਿਤੇ ਸਾਲ ਵਿਚ ਦੋ ਵਾਰੀ ਸਾਵਨ ਅਤੇ ਅਸੂ ਦੇ ਮਹੀਨੇ ਮੇਲੇ ਲਗਦੇ ਹਨ। ਆਪ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਵਿੱਚ ਹੈ, ਵੇਖੋ ਵਨਗੀ:–

ਨਾਨਕ ਚਿੰਤਾ ਮਤਿ ਕਰਹੁ ।ਚਿੰਤਾ ਤਿਸਹੀ ਹੇਇ
ਜਲ ਮਹਿ ਜੰਤ ਉਪਾਇਅਨੁ ਤਿਨਾ ਭੀ ਰੋਜੀ ਦੇਇ
ਓਥੈ ਹਟੁ ਨ ਚਲਈ ਨਾ ਕੋ ਕਿਰਸ ਕਰੇਇ
ਸਉਦਾ ਮੂਲਿ ਨ ਹੋਵਈ ਨਾ ਕੋ ਲਏ ਨ ਦੇਇ
ਜੀਆ ਕਾ ਆਹਾਰੁ ਜੀਅ ਖਾਣਾ ਏਹੁ ਕਰੇਇ
ਵਿਚਿ ਉਪਾਏ ਸਾਇਰਾ ਤਿਨਾ ਭਿ ਸਾਰ ਕਰੇਇ
ਨਾਨਕ ਚਿੰਤਾ ਮਤ ਕਰਹੁ ਚਿੰਤਾ ਤਿਸਹੀ ਹੇਇ ॥

ਗੁਰੂ ਗ੍ਰੰਥ ਸਾਹਿਬ ਵਿਚ ਆਪ ਦੀ ਬਹੁਤ ਸਾਰੀ ਬਾਣੀ ਚੜ੍ਹੀ ਹੋਈ ਹੈ, ਜਿਸ ਵਿਚ ਜ਼ੋਰ ਬਹੁਤਾ ਪੰਜਾਬੀ ਬੋਲੀ ਦਾ ਹੀ ਹੈ।

# ਗੁਰੂ ਅਮਰ ਦਾਸ

ਪਿਤਾ ਜੀ ਦਾ ਨਾਂ ਤੇਜ ਭਾਨ ਭੱਲਾ ਖਤ੍ਰੀ। ਵਸਨੀਕ ਬਾਸਰਕੀ ਜ਼ਿਲਾ ਅੰਮ੍ਰਿਤਸਰ। ਆਪ ਭੀ ਸਕੰਦਰ ਲੋਧੀ ਦੇ ਸਮੇਂ ੯ ਵਿਸਾਖ ੧੫੩੬ ਬਿ: ਮੁਤਾਬਕ ੧੪੭੯ ਈ: ਵਿੱਚ ਪ੍ਰਗਟ ਹੋਏ।

ਆਪ ਮੁਢ ਤੋਂ ਹੀ ਖੁਦਾ ਪ੍ਰਸਤ ਅਤੇ ਫ਼ਕੀਰ ਦੋਸਤ ਸਨ। ਤੀਰਥ ਯਾਤ੍ਰਾ ਦਾ ਆਪ ਨੂੰ ਸਦਾ ਹੀ ਸ਼ੌਕ ਰਹਿੰਦਾ ਸੀ ਇਸ ਲਈ ਆਪ ਕਈ ਵਾਰੀ ਨੰਗੇ ਪੈਰੀਂ ਤੁਰ ਕੇ ਗੰਗਾ ਜੀ ਦੇ ਇਸ਼ਨਾਨ ਲਈ ਗਏ।

੨੦ ਸਾਲਾਂ ਦੀ ਉਮਰ ਵਿੱਚ ਆਪ ਦੀ ਸ਼ਾਦੀ ਬੀਬੀ ਰਾਮ ਕੌਰ ਨਾਲ ਹੋਈ

Digitized by Panjab Digital Library | www.panjabdigilib.org

ਜਿਨ੍ਹਾਂ ਤੋਂ ਦੋ ਸਪੁਤ੍ਰ ਅਤੇ ਇਕ ਪੁਤ੍ਰੀ ਹੋਏ।

ਇਕ ਵਾਰੀ ਆਪ ਨੇ ਗੁਰੂ ਅੰਗਦ ਸਾਹਿਬ ਦੀ ਸਾਹਿਬਜ਼ਾਦੀ ਬੀਬੀ ਅਮਰੋ ਪਾਸੋਂ ਜੋ ਆਪ ਦੇ ਭਿਰਾ ਦੇ ਪੁਤ੍ਰ ਨਾਲ ਵਿਆਹੀ ਹੋਈ ਸੀ, ਗੁਰਬਾਣੀ ਸੁਣੀ, ਜਿਸ ਕਾਰਨ ਆਪ ਦੇ ਦਿਲ ਵਿਚ ਸ਼ਰਧਾ ਹੋਈ ਅਤੇ ਆਪ ਦਰਸ਼ਨਾਂ ਲਈ ਆਏ। ਆਪ ਘੋੜੇ ਉਤੇ ਜਾ ਰਹੇ ਸਨ ਕਿ ਪਿੰਡੋਂ ਬਾਹਰ ਆਪਨੂੰ ਇਕ ਗੁਰਸਿਖ ਨਜ਼ਰੀਂ ਪਏ। ਆਪ ਨੇ ਉਨ੍ਹਾਂ ਪਾਸੋਂ ਗੁਰੂ ਜੀ ਦਾ ਪਤਾ ਪੁਛਿਆ। ਉਸ ਨੇ ਆਪ ਦੇ ਘੋੜੇ ਦੀਆਂ ਵਾਗਾਂ ਫੜ ਲਈਆਂ ਅਤੇ ਗੁਰੂ ਘਰ ਵੱਲ ਲੈ ਤੁਰਿਆ। ਆਪ ਨੇ ਘੋੜਾ ਬੰਨ੍ਹਿਆ ਅਤੇ ਗੁਰੂ ਜੀ ਦੇ ਦਰਸ਼ਨਾਂ ਲਈ ਅੰਦਰ ਗਏ ਤਾਂ ਆਪ ਦੀ ਹੈਰਾਨੀ ਦੀ ਹਦ ਨ ਰਹੀ ਜਦ ਆਪ ਨੇ ਵੇਖਿਆ ਕਿ ਘੋੜੇ ਦੀਆਂ ਵਾਗਾਂ ਫੜ ਕੇ ਤੁਰਨ ਵਾਲਾ ਸਿਖ ਆਪ ਤਖਤ ਤੇ ਬੈਠਾ ਹੈ। ਆਪ ਚਰਨਾਂ ਤੇ ਡਿਗ ਪਏ ਅਤੇ ਗੁਰੂ ਜੀ ਦੇ ਤ੍ਰੈ ਪਹਿਰੇ ਇਸ਼ਨਾਨ ਦੀ ਸੇਵਾ ਆਪ ਨੇ ਲੈ ਲਈ। ਇਹ ਸੇਵਾ ਆਪ ਨੇ ਸ਼ਰਧਾ ਨਾਲ ਬਾਰਾਂ ਸਾਲ ਕੀਤੀ। ਇਸ ਨਿਸ਼ਕਾਮ ਸੇਵਾ ਦਾ ਸਿੱਟਾ ਇਹ ਹੋਇਆ ਕਿ ਆਪ ਗੁਰੂ ਅੰਗਦ ਦੇਵ ਜੀ ਦੇ ਚਲਾਣੇ ਪਿਛੋਂ ੧੬੦੯ ਬਿ: ਵਿਚ ਗੱਦੀ ਦੇ ਵਾਰਸ ਹੋ ਕੇ ਸਿਖਾਂ ਦੇ ਤੀਜੇ ਗੁਰੂ ਅਖਵਾਏ।

੧੬੧੫ ਬਿ: ਵਿਚ ਆਪ ਨੇ ਗੋਇੰਦਵਾਲ ਵਿਚ ੮੪ ਪੌੜੀਆਂ ਦੀ ਇਕ ਬਾਉਲੀ ਨਿਕਲਵਾਈ, ਜਿਸ ਦੇ ਕੜ ਟੁਟਣ ਉਪਰ ਅਕਬਰ ਨੂੰ ਚਤੌੜ ਦਾ ਕਿਲਾ ਟੁਟਣ ਦਾ ਵਰ ਬਖਸ਼ਿਆ ਤੇ ਅਕਬਰ ਦੀ ਜੈਮਲ ਫਤੇ ਉਤੇ ਫਤਿਹ ਹਈ।

ਆਪ ਨੇ ਆਪਣੇ ਜਵਾਈ ਗੁਰੂ ਰਾਮਦਾਸ ਜੀ ਨੂੰ ਸੇਵਾ ਬਦਲੇ ਗੱਦੀ ਦਿਤੀ ਅਤੇ ਆਪ ੯੫ ਸਾਲ ਤ੍ਰੈ ਮਹੀਨੇ ੧੩ ਦਿਨ ਦੀ ਉਮਰ ਭੋਗ ਕੇ ਕੂਚ ਕਰ ਗਏ। ਆਪ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਵਿਚ ਹੈ:—

ਵੇਖੋ ਵਨਗੀ:—

ਅਨਦੁ ਸੁਣਹੁ ਵਡਭਾਗੀਹੋ ਸਗਲ ਮਨੋਰਥ ਪੂਰੇ
ਪਾਰਬ੍ਰਹਮੁ ਪ੍ਰਭੁ ਪਾਇਆ ਉਤਰੇ ਸਗਲ ਵਿਸੂਰੇ
ਦੂਖ ਰੋਗ ਸੰਤਾਪ ਉਤਰੇ ਸੁਣੀ ਸਚੀ ਬਾਣੀ
ਸੰਤ ਸਾਜਨ ਭਏ ਸਰਸੇ ਪੂਰੇ ਗੁਰ ਤੇ ਜਾਣੀ
ਸੁਣਤੇ ਪੁਨੀਤ ਕਹਤੇ ਪਵਿਤੁ ਸਤਿਗੁਰੁ ਰਹਿਆ ਭਰਪੂਰੇ
ਬਿਨਵੰਤਿ ਨਾਨਕੁ ਗੁਰ ਚਰਣ ਲਾਗੇ ਵਾਜੇ ਅਨਹਦ ਤੂਰੇ

# ਗੁਰੂ ਰਾਮਦਾਸ

ਪਿਤਾ ਦਾ ਨਾਂ ਸੋਢੀ ਹਰਦਾਸ ਸਾਹਿਬ। ਵਸਨੀਕ ਚੂਨੇ ਮੰਡੀ ਲਾਹੌਰ। ਆਪ ਸ਼ੇਰ ਸ਼ਾਹ ਸੂਰੀ ਦੇ ਸਮੇਂ ੧੫੯੧ ਬਿ: ਮੁਤਾਬਕ ੧੫੩੩ ਈ: ਵਿੱਚ ਪ੍ਰਗਟ ਹੋਏ।

ਅਜੇ ਬਚੇ ਹੀ ਸਨ ਕਿ ਆਪ ਦੇ ਪਿਤਾ ਜੀ ਚਲਾਣਾ ਕਰ ਗਏ। ੧੬੦੯ ਵਿੱਚ ਜਦ ਗੁਰੂ ਅਮਰ ਦਾਸ ਸਾਹਿਬ ਗੁਰ ਗਦੀ ਤੇ ਬੈਠੇ ਤਾਂ ਦੂਰ ਦੂਰ ਤੋਂ ਸਿਖ ਸੰਗਤਾਂ

Digitized by Panjab Digital Library | www.panjabdigilib.org

ਆਪ ਦੇ ਦਰਸ਼ਨਾਂ ਲਈ ਆਉਣ ਲਗੀਆਂ। ਆਪ ਭੀ ਲਾਹੌਰ ਵਾਲੀਆਂ ਸੰਗਤਾਂ ਨਾਲ ਗੋਇੰਦਵਾਲ ਪੁਜੇ ਅਤੇ ਬਾਉਲੀ ਦੀ ਕਾਰ ਸੇਵਾ ਵਿੱਚ ਜੁਟ ਪਏ।

ਇਕ ਵਾਰੀ ਗੁਰੂ ਅਮਰ ਦਾਸ ਜੀ ਆਪਣੀ ਸਪੁਤ੍ਰੀ ਲਈ ਵਰ ਦੀ ਢੂੰਡ ਕਾਰਨ ਬ੍ਰਾਹਮਣ ਨੂੰ ਘਲ ਰਹੇ ਸਨ ਜੋ ਆਪ ਘੁੰਗਣੀਆਂ ਵੇਚਦੇ ਗਲੀ ਵਿੱਚ ਆ ਗਏ। ਬ੍ਰਾਹਮਣ ਨੇ ਗੁਰੂ ਜੀ ਤੋਂ ਪੁਛਿਆ ਕਿ ਕੇਹੋ ਵਰ ਦੀ ਲੋੜ ਹੈ ਤਾਂ ਉਨ੍ਹਾਂ ਦੀ ਸੁਪਤਨੀ ਨੇ ਆਪ ਵਲ ਇਸ਼ਾਰਾ ਕਰਦੇ ਹੋਏ ਆਖਿਆ ਕਿ ਏਡੀ ਉਮਰ ਤੇ ਏਡੇ ਹੀ ਕਦ ਦੀ ਲੋੜ ਹੈ।

ਗੁਰੂ ਜੀ ਨੇ ਆਖਿਆ, ਵਾਹਿਗੁਰੂ ਨੇ ਵਰ ਘਰ ਹੀ ਘਲ ਦਿਤਾ ਹੈ ਅਤੇ ਇਸ ਦੀ ਪ੍ਰਵਾਨਗੀ ਹੋ ਗਈ ਹੈ। ਇਸ ਤੋਂ ਚੰਗਾ ਵਰ ਹੋਰ ਨਹੀਂ ਲਭ ਸਕਦਾ। ਸੋ ਆਪ ਨੇ ਕਾਕਾ ਜੀ ਨੂੰ ਬੁਲਾ ਕੇ ਸ਼ਗਨ ਝੋਲੀ ਪਾਇਆ ਅਤੇ ਕੁਝ ਸਮੇਂ ਪਿਛੋਂ ਵਿਆਹ ਹੋ ਗਿਆ।

ਇਕ ਵਾਰੀ ਗੁਰੂ ਅਮਰਦਾਸ ਜੀ ਨੇ ਆਪਣੇ ਸਾਰੇ ਸੇਵਕਾਂ ਨੂੰ ਚਬੂਤਰੇ ਬਨਾਣ ਲਈ ਆਖਿਆ। ਸੇਵਕਾਂ ਨੇ ਕਈ ਵਾਰੀ ਬਣਾਏ, ਪਰ ਗੁਰੂ ਜੀ ਨੇ ਹਰ ਵਾਰੀ ਢਵਾ ਦਿਤੇ। ਅੰਤ ਸਭ ਨਿਰਾਸ ਹੋ ਕੇ ਬੈਠ ਗਏ, ਪਰ ਗੁਰੂ ਰਾਮਦਾਸ ਜੀ ਬਰਾਬਰ ਕੰਮ ਕਰਦੇ ਰਹੇ। ਸਿਟਾ ਇਹ ਹੋਇਆ ਕਿ ਆਪ ਪ੍ਰੀਖਿਆ ਵਿੱਚ ਪਾਸ ਹੋਏ ਅਤੇ ਗੁਰੂ ਜੀ ਨੇ ਪ੍ਰਸੰਨਤਾ ਨਾਲ ਆਪ ਨੂੰ ਗੱਦੀ ਦਾ ਵਾਰਸ ਬਣਾਇਆ।

ਕਿਹਾ ਜਾਂਦਾ ਹੈ ਕਿ ਇਕ ਵਾਰੀ ਬੀਬੀ ਭਾਨੀ ਜੀ ਗੁਰੂ ਅਮਰ ਦਾਸ ਜੀ ਨੂੰ ਇਸ਼ਨਾਨ ਕਰਵਾ ਰਹੇ ਸਨ ਕਿ ਚੌਂਕੀ ਦਾ ਪਾਵਾ ਟੁਟ ਗਿਆ ਅਤੇ ਬੀਬੀ ਨੇ ਆਪਣਾ ਪੈਰ ਹੇਠਾਂ ਰੱਖ ਦਿਤਾ। ਗੁਰੂ ਜੀ ਨੇ ਇਸ਼ਨਾਨ ਕਰ ਕੇ ਜਦ ਬੀਬੀ ਜੀ ਦਾ ਪੈਰ ਜ਼ਖਮੀ ਵੇਖਿਆ ਤਾਂ ਖ਼ੁਸ਼ ਹੋ ਕੇ ਆਖਿਆ, ਬੀਬੀ! ਕੁਝ ਮੰਗ ਲੈ। ਬੀਬੀ ਨੇ ਵਰ ਮੰਗਿਆ ਕਿ ਪਿਤਾ ਜੀ! ਜੇ ਆਪ ਤੁਠੇ ਹੋ ਤਾਂ ਵਰ ਦਿਓ ਕਿ ਗੁਰਿਆਈ ਘਰ ਦੀ ਘਰ ਵਿਚ ਹੀ ਰਹੇ।

ਗੁਰੂ ਰਾਮਦਾਸ ਜੀ ੧੬੩੧ ਬਿ: ਵਿਚ ਗੁਰੂ ਅਮਰਦਾਸ ਜੀ ਦੇ ਜੋਤੀ ਜੋਤ ਸਮਾਉਣ ਪਿਛੋਂ ਸਿਖਾਂ ਦੇ ਚੌਥੇ ਗੁਰੂ ਅਖਵਾਏ।

੧੬੩੪ ਬਿ: ਵਿਚ ਆਪ ਨੇ ਸ਼ਹਿਰ ਅੰਮ੍ਰਿਤਸਰ ਦੀ ਨੀਂਹ ਰਖੀ ਤੇ ਵਿਚਕਾਰ ਇਕ ਸਰੋਵਰ ਨਿਕਲਵਾਇਆ ਅਤੇ ਇਹ ਜ਼ਮੀਨ ਸੁਲਤਾਨ ਵਿੰਡ ਤੋਂ ਬਾਕਾਇਦਾ ਹਾਸਲ ਕਰ ਲਈ। ਮੁਢ ਵਿਚ ਇਸ ਸ਼ਹਿਰ ਦਾ ਨਾਂ ਆਪ ਦੇ ਪਵਿਤਰ ਨਾਂ ਉਤੇ ਗੁਰੂ ਰਾਮਦਾਸ ਪੁਰਾ ਰਖਿਆ; ਪਰ ਪਿਛੋਂ ਅੰਮ੍ਰਿਤਸਰ ਦੇ ਨਾਂ ਤੇ ਉਘਾ ਹੋ ਗਿਆ।

ਆਪ ਦੇ ਤਿੰਨ ਸਪੁਤ੍ਰ ਹੋਏ। ਸਭ ਤੋਂ ਛੋਟੇ ਦਾ ਨਾਂ ਗੁਰੂ ਅਰਜਨ ਦੇਵ ਸੀ, ਜੋ ਆਪ ਤੋਂ ਪਿਛੋਂ ਗੁਰ-ਗੱਦੀ ਦੇ ਵਾਰਸ ਹੋਏ।

ਆਪ ੪੬ ਸਾਲ ਦਸ ਮਹੀਨੇ ਅਤੇ ੧੪ ਦਿਨ ਦੀ ਉਮਰ ਭੋਗ ਕੇ ਗੋਇੰਦਵਾਲ ਵਿਚ ੧੬੩੮ ਬਿ: ਵਿਚ ਜੋਤੀ ਜੋਤ ਸਮਾ ਗਏ। ਆਪ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ:-

ਹਰਿ ਵੇਖੈ ਸੁਣੈ ਨਿਤ ਸਭੁ ਕਿਛੁ ਮੇਰੀ ਜਿੰਦੁੜੀਏ
ਸੋ ਡਰੈ ਜਿਨਿ ਪਾਪ ਕਮਾਤੇ ਰਾਮ

Digitized by Panjab Digital Library | www.panjabdigilib.org

ਜਿਸੁ ਅੰਤਰੁ ਹਿਰਦਾ ਸੁਧੁ ਹੈ ਮੇਰੀ ਜਿੰਦੁੜੀਏ
ਤਿਨਿ ਜਨਿ ਸਭਿ ਡਰ ਸੁਟਿ ਘਤੇ ਰਾਮ
ਹਰਿ ਨਿਰਭਉ ਨਾਮਿ ਪਤੀਜਿਆ ਮੇਰੀ ਜਿੰਦੁੜੀਏ
ਸਭਿ ਝਖ ਮਾਰਨੁ ਦੁਸਟ ਕੁਪਤੇ ਰਾਮ
ਗੁਰੁ ਪੂਰਾ ਨਾਨਕਿ ਸੇਵਿਆ ਮੇਰੀ ਜਿੰਦੁੜੀਏ
ਜਿਨਿ ਪੈਰੀ ਆਣਿ ਸਭਿ ਘਤੇ ਰਾਮ

# ਸ੍ਰੀ ਗੁਰੂ ਅਰਜਨ ਦੇਵ ਜੀ

ਪਿਤਾ ਦਾ ਨਾਂ ਗੁਰੂ ਰਾਮਦਾਸ ਜੀ। ਆਪ ਦਾ ਜਨਮ ਅਕਬਰ ਦੇ ਸਮੇਂ ਗੋਇੰਦਵਾਲ ਵਿੱਚ ੧੬੨੦ ਬਿ: ਮੁਤਾਬਿਕ ੧੫੬੩ ਈ: ਵਿਚ ਹੋਇਆ।

ਕਹਿੰਦੇ ਹਨ, ਜਦ ਆਪ ਦੀ ਉਮਰ ੩ ਸਾਲ ਦੀ ਸੀ ਤਾਂ ਆਪ ਖੇਡਦੇ ਖੇਡਦੇ ਆਪਣੇ ਨਾਨੇ ਸ੍ਰੀ ਗੁਰੂ ਅਮਰ ਦਾਸ ਜੀ ਦੀ ਗੋਦੀ ਵਿਚ ਜਾ ਬੈਠੇ ਤਾਂ ਉਹਨਾਂ ਫਰਮਾਇਆ ਕਿ ਇਹ ਬੜੇ ਪਰਤਾਪੀ ਹੋਣਗੇ।

ਲਗ ਪਗ ੧੩ ਸਾਲ ਦੀ ਉਮਰ ੧੬੩੨ ਬਿ: ਵਿਚ ਸੋਢੀ ਚੰਦਨ ਦਾਸ ਖੱਤ੍ਰੀ ਦੀ ਬੀਬੀ ਨਾਲ ਆਪ ਦਾ ਵਿਆਹ ਹੋਇਆ ਅਤੇ ਉਸ ਦੇ ਚਲਾਣੇ ਪਿਛੋਂ ੧੬੪੬ ਬਿ: ਵਿਚ ਦੂਜਾ ਵਿਆਹ ਕਿਸ਼ਨ ਚੰਦ ਵਸਨੀਕ ਮੌਹਰ ਪਰਗਨਾਂ ਫਿਲੌਰ ਦੀ ਸਪੁੱਤ੍ਰੀ ਨਾਲ ਹੋਇਆ ਅਤੇ ਆਪ ਦੇ ਘਰ ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਜਨਮ ਲਿਆ।

੧੬੩੮ ਬਿ: ਵਿਚ ਆਪ ਪਿਤਾ ਜੀ ਦੇ ਪਿਛੋਂ ਗੁਰ-ਗੱਦੀ ਤੇ ਬੈਠੇ ਤੇ ਸਿਖਾਂ ਦੇ ਪੰਜਵੇਂ ਗੁਰੂ ਹੋਏ।

ਇਕ ਵਾਰੀ ਪਿਸ਼ਾਵਰ ਦਾ ਇਕ ਅਰੋੜਾ ਸਿਖ ਸੰਤੋਖਾ ਨਾਮੀ ਆਪ ਦੀ ਸੇਵਾ ਵਿਚ ਹਾਜ਼ਰ ਹੋਇਆ ਅਤੇ ਬਹੁਤ ਸਾਰਾ ਧਨ ਮਥਾ ਟੇਕ ਕੇ ਬੇਨਤੀ ਕੀਤੀ ਕਿ ਮੈਂ ਬੇਉਲਾਦ ਹਾਂ, ਸੋ ਇਸ ਧਨ ਨੂੰ ਕਿਸੇ ਸਫਲ ਥਾਂ ਲਾਇਆ ਜਾਵੇ। ਆਪ ਨੇ ਇਸ ਮਾਇਆ ਨਾਲ ੧੬੪੧ ਬਿ: ਵਿਚ ਇਕ ਸਰੋਵਰ ਨਿਕਲਵਾਇਆ ਅਤੇ ਇਸ ਦਾ ਨਾਂ ਸੰਤੋਖ ਸਰ ਰਖਿਆ।

ਆਪ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੀੜ ਤਿਆਰ ਕਰਨ ਲਈ ਗੁਰੂ ਸਾਹਿਬਾਂ ਦੀ ਬਾਣੀ ਇਕੱਤ੍ਰ ਕੀਤੀ ਅਤੇ ਗੋਇੰਦਵਾਲ ਤੋਂ ਸ੍ਰੀ ਗੁਰੂ ਅਮਰਦਾਸ ਜੀ ਦੇ ਸਪੁਤ੍ਰ ਬਾਬਾ ਮੋਹਣ ਜੀ ਪਾਸੋਂ ਨੰਗੇ ਪੈਰੀਂ ਸੰਚੀਆਂ ਲਿਆਂਦੀਆਂ ਅਤੇ ਉਸ ਥਾਂ ਤੇ ਜਿਥੇ ਅਜ ਕੱਲ ਰਾਮਸਰ ਹੈ, ਸੁਖਮਨੀ ਸਾਹਿਬ ਦਾ ਉਚਾਰਨ ਕੀਤਾ ਅਤੇ ਸਾਰੀ ਬਾਣੀ ਇਕੱਤ੍ਰ ਕਰ ਕੇ ਇਕ ਤੰਬੂ ਵਿਚ ਬੈਠ ਕੇ ਲਿਖਾਈ, ਜੋ ਨਾਲ ਦੇ ਇਕ ਤੰਬੂ ਵਿਚ ਵਖਰੇ ਬੈਠ ਕੇ ਭਾਈ ਗੁਰਦਾਸ ਜੀ ਨੇ ਆਪਣੇ ਹਥੀਂ ਲਿਖੀ।

ਆਪ ਨੇ ਪਹਿਲੇ ਸਿਲਸਲੇ ਵਾਰ ਗੁਰੂ ਸਾਹਿਬਾਂ ਦੀ ਬਾਣੀ ਹਰ ਇਕ ਰਾਗ ਅਤੇ ਰਾਗਣੀ ਵਿਚ ਲਿਖੀ। ਕਿਉਂਕਿ ਗੁਰਬਾਣੀ ਦੇ ਹਰ ਸ਼ਬਦ ਅਤੇ ਹਰ ਸ਼ਲੋਕ

Digitized by Panjab Digital Library | www.panjabdigilib.org

ਪਿਛੋਂ ਸਤਿਗੁਰੂ ਨਾਨਕ ਦੇਵ ਜੀ ਦਾ ਪਵਿਤ੍ਰ ਨਾਮ ਆਉਂਦਾ ਹੈ ਇਸ ਲਈ ਆਪ ਨੇ ਨਿਰਨਾਂਕਰਨ ਲਈ ਹਰ ਸ਼ਬਦ ਜਾਂ ਸ਼ਲੋਕ ਤੋਂ ਪਹਿਲਾਂ ਮਹਲਾ ਪਹਿਲਾ, ਦੂਜਾ, ਤੀਜਾ ਆਦਿ ਲਿਖ ਦਿਤੇ ਹਨ ਤਾਂ ਜੁ ਪਤਾ ਲਗ ਸਕੇ ਕਿ ਇਹ ਬਾਣੀ ਕਿਸ ਗੁਰੂ ਜੀ ਦੀ ਹੈ। ਇਸ ਤੋਂ ਛੁਟ ਕਬੀਰ, ਫਰੀਦ, ਧੰਨਾ, ਰਵਦਾਸ, ਪੀਪਾ, ਸੈਣ, ਸਧਨਾ, ਤ੍ਰਿਲੋਚਨ, ਬੇਨੀ, ਸੂਰਦਾਸ, ਰਾਮਾਨੰਦ, ਮੀਰਾਂਬਾਈ ਆਦਿ ਭਗਤਾਂ ਦੀਆਂ ਬਾਣੀਆਂ ਲਿਖਵਾਈਆਂ, ਜਿਨ੍ਹਾਂ ਉਤੇ ਉਨ੍ਹਾਂ ਦੇ ਨਾਂ ਦਰਜ ਹਨ।

ਮਥਰਾ, ਕਲਸ, ਕੀਰਤ ਆਦਿ ਸਤਾਰਾਂ ਭੱਟਾਂ ਨੇ ਜੋ ਕੁਝ ਗੁਰੂ ਸਾਹਿਬਾਂ ਦੀ ਉਪਮਾਂ ਵਿਚ ਕਵਿਤਾ ਲਿਖੀ ਹੈ ਉਹ ਭੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ।

ਸੱਤੇ ਅਤੇ ਬਲਵੰਡ ਦੀ ਬਾਣੀ ਜੋ ਰਾਮ ਕਲੀ ਰਾਗਣੀ ਵਿਚ ਉਚਾਰਨ ਹੈ ਉਸ ਨੂੰ ਭੀ ਗੁਰੂ ਗ੍ਰੰਥ ਸਾਹਿਬ ਵਿਚ ਚੜ੍ਹਨ ਦਾ ਮਾਨ ਬਖ਼ਸ਼ਿਆ ਗਿਆ ਹੈ। ਉਹ ਬੀੜ ਭਾ: ਗੁਰਦਾਸ ਦੀ ਹੱਥ ਲਿਖੀ ਇਸ ਵੇਲੇ ਕਰਤਾਰ ਪੁਰ ਵਿਚ ਹੈ। ਦਸਵੇਂ ਗੁਰੂ ਤੋਂ ਪਿਛੋਂ ਹੁਣ ਤਕ ਇਹ ਗੁਰੂ ਗ੍ਰੰਥ ਸਾਹਿਬ ਹੀ ਸਿੱਖਾਂ ਦੇ ਗੁਰੂ ਹਨ।

੧੬੪੧ ਬਿ: ਵਿਚ ਆਪ ਨੇ ਗੁਰੂ ਰਾਮਦਾਸ ਜੀ ਦੇ ਅੰਮ੍ਰਿਤ ਸਰੋਵਰ ਦੇ ਐਨ ਵਿਚਕਾਰ ਹਰਿਮੰਦਰ ਸਾਹਿਬ ਬਣਵਾਇਆ,ਜਿਸਦੀ ਨੀਂਹ ਦਾ ਪਥਰ ਹਜ਼ਰਤ ਮੀਆਂ ਮੀਰ ਨੇ ਆਪਣੀ ਹਥੀਂ ਰਖਿਆ।

ਨੀਂਹ ਰਖਦੇ ਸਮੇਂ ਮੀਆਂ ਮੀਰ ਪਾਸੋਂ ਇੱਟ ਡਿੰਗੀ ਰਖੀ ਗਈ ਅਤੇ ਕਾਰੀਗਰਾਂ ਨੇ ਚੁਕ ਕੇ ਸਿਧੀ ਕਰ ਦਿਤੀ। ਇਹ ਵੇਖ ਕੇ ਆਪ ਨੇ ਫਰਮਾਇਆ ਕਿ ਇਹ ਮੰਦਰ ਇਕ ਵਾਰੀ ਉਖੜ ਕੇ ਫਿਰ ਬਣੇਗਾ। ਸੋ ਐਸੇ ਤਰ੍ਹਾਂ ਹੀ ਹੋਇਆ ਅਤੇ ੧੮੧੮ ਬਿ: ਵਿਚ ਮੀਆਂ ਮੀਰ ਵਾਲੀ ਇੱਟ ਦੀ ਸੇਧ ਉਤੇ ਫੇਰ ਬਣਿਆ, ਜਿਸ ਕਰ ਕੇ ਅੰਮ੍ਰਿਤਸਰ ਵਿਚ ਬਹੁਤ ਰੌਣਕ ਹੋ ਗਈ।

ਗੁਰੂ ਹਰ ਗੋਬਿੰਦ ਜੀ ਦੇ ਜਨਮ ਉਪ੍ਰੰਤ ਆਪ ਦੇ ਵਡੇ ਭ੍ਰਾਤਾ ਭਾਈ ਪ੍ਰਿਥੀ ਚੰਦ ਨਾਲ ਗੱਦੀ ਦੀ ਵਾਰਸੀ ਬਾਰੇ ਅਣ ਬਣ ਹੋ ਗਈ। ਅੰਤ ਗੁਰੂ ਹਰ ਗੋਬਿੰਦ ਜੀ ਨੂੰ ਯੋਗ ਸਮਝ ਕੇ ਗੱਦੀ ਦਾ ਵਾਰਸ ਬਣਾਇਆ ਗਿਆ।

ਗੁਰਦਾਸ ਪੁਰ ਦਾ ਦੀਵਾਨ ਚੰਦੂ ਲਾਲ ਚਾਹੁੰਦਾ ਸੀ ਕਿ ਗੁਰੂ ਸਾਹਿਬ ਆਪਣੇ ਸਪੁੱਤ੍ਰ ਦੀ ਸ਼ਾਦੀ ਮੇਰੇ ਘਰ ਕਰ ਦੇਣ ਪਰ ਸੰਗਤ ਦੇ ਕਹੇ ਅਨੁਸਾਰ ਆਪ ਨੇ ਪਰਵਾਨ ਨ ਕੀਤਾ ਕਿਉਂ ਜੋ ਉਸ ਨੇ ਗੁਰੂ ਘਰ ਦੀ ਨਿਰਾਦਰੀ ਕੀਤੀ ਸੀ। ਉਸ ਨੇ ਆਪਣੀ ਹਤਕ ਖਿਆਲ ਕਰਦੇ ਹੋਏ ਆਪ ਨੂੰ ਕਈ ਤਰ੍ਹਾਂ ਦੇ ਦੁਖ ਆਦਿ ਦਿਤੇ। ੧੬੬੮ ਬਿ: ਵਿਚ ਜਦ ਲਾਹੌਰ ਆਇਆ ਤਾਂ ਚੰਦੂ ਨੇ ਗੁਰੂ ਗ੍ਰੰਥ ਸਾਹਿਬ ਵਿਚ ਮੁਸਲਮਾਨਾਂ ਦੀ ਨਿੰਦਿਆ ਆਦਿ ਦਸ ਕੇ ਬਾਦਸ਼ਾਹ ਨੂੰ ਭੜਕਾਣਾ ਚਾਹਿਆ ਪਰ ਗੁਰੂ ਗ੍ਰੰਥ ਸਾਹਿਬ ਦੀ ਨਿਰਪਖ ਬਾਣੀ ਸੁਣ ਕੇ ਉਹ ਖੁਸ਼ ਹੋ ਗਿਆ ਅਤੇ ਗੁਰੂ ਜੀ ਨੂੰ ਨਜ਼ਰਾਨਾ ਆਦਿ ਦੇ ਕੇ ਵਾਪਸ ਘਲ ਦਿਤਾ.–

ਜਹਾਂਗੀਰ ਦੇ ਸਮੇਂ ਚੰਦੂ ਨੇ ਖੁਸਰੋ ਦੀ ਮਦਦ ਬਾਰੇ ਆਪ ਦੀ ਸ਼ਕਾਇਤ ਕੀਤੀ ਜਿਸ ਕਾਰਨ ਆਪ ਨਜ਼ਰਬੰਦ ਕਰ ਦਿਤੇ ਗਏ। ਇਸ ਸਮੇਂ ਚੰਦੂ ਨੇ ਆ ਕੇ ਫਿਰ ਆਪ ਨੂੰ ਨਾਤਾ ਪਰਵਾਨ ਕਰਨ ਲਈ ਆਖਿਆ। ਆਪ ਨੇ ਫਿਰ ਭੀ ਇਨਕਾਰ ਕੀਤਾ ਜਿਸ ਕਾਰਨ ਆਪ ਨੂੰ ਤਤੇ ਤਵਿਆਂ ਤੇ ਬਹਿ ਕੇ ਤਤੇ ਰੇਤੇ ਸਹਾਰਨੇ ਪਏ।

Digitized by Panjab Digital Library | www.panjabdigilib.org

ਅੰਤ ਇਕ ਦਿਨ ਆਪ ਰਾਵੀ ਤੇ ਇਸ਼ਨਾਨ ਲਈ ਗਏ। ਆਪ ਜਪੁਜੀ ਦਾ ਭੋਗ ਪਾ ਚੁਕੇ ਤਾਂ ਆਪ ਦੀ ਰੂਹ ਸਰੀਰ ਨੂੰ ਛਡ ਗਈ ਅਤੇ ਆਪ ੪੩ ਸਾਲ ਦੀ ਉਮਰ ਭੋਗ ਕੇ ੧੬੬੩ ਬਿ: ਮੁਤਾਬਕ ੧੬੦੬ ਈ: ਵਿਚ ਜੋਤੀ ਜੋਤ ਸਮਾ ਗਏ। ਆਪ ਦੀ ਸਮਾਧ ਡੇਰਾ ਸਾਹਿਬ ਦੇ ਨਾਂ ਤੇ ਮਹਾਰਾਜਾ ਰਣਜੀਤ ਸਿੰਘ ਦੀ ਸਮਾਧ ਦੇ ਕੋਲ ਲਾਹੌਰ ਵਿਚ ਮੌਜੂਦ ਹੈ।

ਆਪ ਰਾਗ ਵਿਦਿਆ ਅਤੇ ਪਿੰਗਲ ਦੇ ਬੜੇ ਮਾਹਰ ਅਤੇ ਸਿਆਣੇ ਕਵੀ ਸਨ। ਗੁਰੂ ਗ੍ਰੰਥ ਸਾਹਿਬ ਦੀ ਬੀੜ ਰਚ ਕੇ ਆਪ ਨੇ ਸਿੱਖਾਂ ਅਤੇ ਪੰਜਾਬੀ ਬੋਲੀ ਦੀ ਇਕ ਭਾਰੀ ਸੇਵਾ ਕੀਤੀ ਹੈ। ਵੇਖੋ ਵਨਗੀ:—

ਮੇਰਾ ਮਨੁ ਲੋਚੈ ਗੁਰ ਦਰਸਨ ਤਾਈ, ਬਿਲਪ ਕਰੇ ਚਾਤ੍ਰਿਕ ਕੀ ਨਿਆਈ।
ਤ੍ਰਿਖਾ ਨ ਉਤਰੈ ਸਾਂਤਿ ਨ ਆਵੈ, ਬਿਨ ਦਰਸਨ ਸੰਤ ਪਿਆਰੇ ਜੀਉ।
ਹਉ ਘੋਲੀ ਜੀਉ ਘੋਲਿ ਘੁਮਾਈ, ਗੁਰ ਦਰਸਨ ਸੰਤ ਪਿਆਰੇ ਜੀਉ।

ਕਾਹੇ ਰੇ ਮਨ ਚਿਤਵਹਿ ਉਦਮੁ ਜਾ ਆਹਰਿ ਹਰਿ ਜੀਉ ਪਰਿਆ।
ਸੈਲ ਪਥਰ ਮਹਿ ਜੰਤ ਉਪਾਏ ਤਾਕਾ ਰਿਜਕੁ ਆਗੈ ਕਰਿ ਧਰਿਆ।
ਮੇਰੇ ਮਾਧਉ ਜੀ ਸਤ ਸੰਗਤਿ ਮਿਲੇ ਸੁ ਤਰਿਆ।
ਗੁਰ ਪਰਸਾਦਿ ਪਰਮ ਪਦੁ ਪਾਇਆ ਸੂਕੇ ਕਾਸਟ ਹਰਿਆ। ਰਹਾਉ
ਜਨਨਿ ਪਿਤਾ ਲੋਕ ਸੁਤ ਬਨਿਤਾ ਕੋਇ ਨ ਕਿਸਕੀ ਧਰਿਆ।
ਸਿਰਿ ਸਿਰਿ ਰਿਜਕੁ ਸੰਬਾਹੇ ਠਾਕੁਰੁ ਕਾਹੇ ਮਨ ਭਉ ਕਰਿਆ।

ਬਾਰਾਂ ਮਾਹ ਵਿਚੋਂ:—

ਕਤਿਕਿ ਕਰਮ ਕਮਾਵਣੇ ਦੋਸੁ ਨ ਕਾਹੂ ਜੋਗੁ।
ਪਰਮੇਸਰ ਤੇ ਭੁਲਿਆਂ ਵਿਆਪਨ ਸਭੇ ਰੋਗ।
ਵੇਮੁਖ ਹੋਏ ਰਾਮ ਤੇ ਲਗਨਿ ਜਨਮ ਵਿਜੋਗ।
ਖਿਨ ਮਹਿ ਕਉੜੇ ਹੋਇ ਗਏ ਜਿਤੜੇ ਮਾਇਆ ਭੋਗ।

ਸੁਖਮਨੀ ਸਾਹਿਬ ਵਿਚੋਂ:—ਸਲੋਕ

ਸੁਖੀ ਬਸੈ ਮਸਕੀਨੀਆ ਆਪੁ ਨਿਵਾਰ ਤਲੇ।
ਬਡੇ ਬਡੇ ਹੰਕਾਰੀਆ ਨਾਨਕ ਗਰਬ ਗਲੇ।

ਸਾਥਿ ਨ ਚਾਲੈ ਬਿਨੁ ਭਜਨ ਬਿਖਿਆ ਸਗਲੀ ਛਾਰੁ
ਹਰਿ ਹਰਿ ਨਾਮੁ ਕਮਾਵਣਾ ਨਾਨਕ ਇਹੁ ਧਨੁ ਸਾਰੁ

ਉਪਰਲੇ ਕਾਰਨਾਮਿਆਂ ਤੋਂ ਸਿਵਾ ਆਪ ਨੇ ਸ੍ਰੀ ਤਰਨ ਤਾਰਨ ਵਿਚ ਬੜਾ ਭਾਰੀ ਤਲਾਉ ਤੇ ਹਰਿਮੰਦਰ ਬਣਵਾਇਆ, ਜਿਥੇ ਹਰ ਮੱਸਿਆ ਨੂੰ ਮੇਲਾ ਲਗਦਾ ਤੇ ਦੂਰ,ਦੂਰ ਤੋਂ ਸੰਗਤਾਂ ਆਉਂਦੀਆਂ ਹਨ।

Digitized by Panjab Digital Library | www.panjabdigilib.org

# ਸ੍ਰੀ ਗੁਰੂ ਹਰਿਗੋਬਿੰਦ ਸਾਹਿਬ

ਪਿਤਾ ਜੀ ਦਾ ਨਾਂ ਗੁਰੂ ਅਰਜਨ ਦੇਵ, ਵਸਨੀਕ ਅੰਮ੍ਰਿਤਸਰ। ਆਪ ਜੀ ਦਾ ਜਨਮ ੧੬੫੨ ਬਿ: ਮੁਤਾਬਕ ੧੫੯੫ ਈ: ਵਿਚ ਹੋਇਆ। ਆਪ ਦੀ ਉਮਰ ਯਾਰਾਂ ਸਾਲਾਂ ਦੀ ਸੀ ਜਦ ਗੁਰੂ ਅਰਜਨ ਦੇਵ ਜੀ ਸਮਾ ਗਏ ਅਤੇ ਆਪ ਉਨ੍ਹਾਂ ਤੋਂ ਪਿਛੋਂ ਸਿੱਖਾਂ ਦੇ ਛੇਵੇਂ ਗੁਰੂ ਅਖਵਾਏ। ਆਪ ਭਾਵੇਂ ਬੱਚੇ ਹੀ ਸਨ ਪਰ ਫੇਰ ਵੀ ਵਾਹਿਗੁਰੂ ਦੀ ਬਖਸ਼ੀ ਲਿਆਕਤ ਅਨੁਸਾਰ ਗੁਰਿਆਈ ਦੇ ਪੂਰੇ ਯੋਗ ਹੋਏ। ਆਪ ਨੂੰ ਜੰਗੀ ਵਿਦਿਆ ਦਾ ਬਹੁਤ ਸ਼ੌਕ ਸੀ;ਪਰ ਨਾਲ ਹੀ ਫ਼ਕੀਰਾਨਾ ਤਬੀਅਤ ਵਲੋਂ ਭੀ ਘਟ ਨਹੀਂ ਸਨ। ਇਸੇ ਲਈ ਆਪ ਨੇ ਮੀਰੀ ਅਤੇ ਪੀਰੀ ਦੀਆਂ ਦੋ ਤਲਵਾਰਾਂ ਪਹਿਨੀਆਂ। ਸੰਜੀਦਾ ਮਜ਼ਾਜੀ, ਉਚਾ ਹੌਂਸਲਾ ਅਤੇ ਬੇਦਾਰ ਮਗਜ਼ੀ ਦੇ ਨਾਲ ਹੀ ਬਹਾਦਰੀ ਅਤੇ ਹੌਂਸਲਾ ਆਪ ਨੂੰ ਕੁਦਰਤੀ ਦਾਤ ਸੀ।

ਜੰਗ ਦੇ ਸ਼ੌਕ ਕਾਰਨ ਆਪ ਨੇ ਛੇਤੀ ਹੀ ਫੌਜ ਬਣਾ ਕੇ ਲੋਹਗੜ੍ਹ ਕਿਲ੍ਹਾ ਕਾਇਮ ਕਰ ਕੇ ਉਸ ਵਿਚ ਜੰਗੀ ਸਾਮਾਨ ਇਕੱਠਾ ਕਰ ਲਿਆ ਅਤੇ ਸਿਖਾਂ ਦੇ ਝਗੜਿਆਂ ਦੇ ਫੈਸਲੇ ਆਦਿ ਆਪ ਕਰਨ ਲਗੇ। ਹੁਣ ਆਪ ਰਾਜਸੀ ਠਾਠ ਕਾਰਨ ਦਰਬਾਰ ਸਾਹਿਬ ਦੇ ਲਾਗੇ ਅਕਾਲ ਤਖ਼ਤ ਬਣਵਾ ਕੇ ਬਾਕਾਇਦਾ ਦਰਬਾਰ ਆਮ ਲਗਾਣ ਲਗੇ। ਆਪ ਆਪਣੇ ਮੁਨਸਫ਼ਾਨਾ ਫੈਸਲਿਆਂ ਦੇ ਕਾਰਨ ਛੇਤੀ ਹੀ ਸਚੇ ਪਾਤਸ਼ਾਹ ਦੇ ਨਾਂ ਤੇ ਉਘੇ ਹੋ ਗਏ। ਆਪ ਨੇ ਦੀਵਾਨ ਚੰਦੂ ਪਾਸੋਂ ਆਪਣੇ ਪਿਤਾ ਦਾ ਬਦਲਾ ਭੀ ਲਿਆ।

ਆਪ ਆਪਣੇ ਪੋਤਰੇ ਗੁਰੂ ਹਰਿ ਰਾਏ ਨੂੰ ਗੁਰ ਗੱਦੀ ਸੌਂਪ ਕੇ ੧੭੦੧ ਬਿ: ਵਿਚ ਜੋਤੀ ਜੋਤ ਸਮਾ ਗਏ।

ਗੁਰੂ ਹਰਿ ਰਾਏ ਸਿੱਖਾਂ ਦੇ ਸਤਵੇਂ ਗੁਰੂ ੧੬੮੬ ਬਿ: ਵਿਚ ਸ਼ਾਹ ਜਹਾਨ ਦੇ ਸਮੇਂ ਕੀਰਤ ਪੁਰ ਵਿਚ ਪ੍ਰਗਟ ਹੋਏ। ਆਪ ਬੜੇ ਰਹਿਮ ਦਿਲ ਅਤੇ ਖ਼ੁਦਾ ਤਰਸ ਸਨ। ਇਕ ਵਾਰੀ ਆਪ ਇਕ ਬਾਗ ਵਿਚ ਸੈਰ ਕਰ ਰਹੇ ਸਨ ਜੋ ਆਪ ਦੇ ਪਲੇ ਨਾਲ ਅੜ ਕੇ ਇਕ ਫੁਲ ਟੁਟ ਗਿਆ। ਉਸ ਦਿਨ ਤੋਂ ਆਪ ਸਦਾ ਪੱਲਾ ਸਾਂਭ ਕੇ ਟੁਰਦੇ। ਆਪ ਤੋਂ ਪਿਛੋਂ ਗੁਰੂ ਹਰ ਕ੍ਰਿਸ਼ਨ ਜੀ ਗੱਦੀ ਦੇ ਵਾਰਸ ਹੋਏ ਅਤੇ ਆਪ ੩੧ ਸਾਲ ਉਮਰ ਭੋਗ ਕੇ ੧੭੧੮ ਬਿ: ਵਿਚ ਜੋਤੀ ਜੋਤ ਸਮਾ ਗਏ।

ਸ੍ਰੀ ਗੁਰੂ ਹਰ ਕ੍ਰਿਸ਼ਨ ਜੀ ਦਾ ਜਨਮ ਮਾਤਾ ਕ੍ਰਿਸ਼ਨ ਕੌਰ ਦੀ ਕੁਖੋਂ ੧੭੧੩ ਬਿ: ਵਿਚ ਹੋਇਆ। ਆਪ ੫ ਸਾਲ ਦੀ ਉਮਰ ਵਿਚ ਗੁਰ ਗੱਦੀ ਤੇ ਬੈਠੇ ਅਤੇ ਬਾਲ ਅਵਸਥਾ ਵਿਚ ਹੀ ੧੭੨੧ ਬਿ: ਵਿਚ ਜੋਤੀ ਜੋਤ ਸਮਾ ਗਏ।

Digitized by Panjab Digital Library | www.panjabdigilib.org

# ਸ੍ਰੀ ਗੁਰੂ ਤੇਗ ਬਹਾਦਰ ਸਾਹਿਬ

ਪਿਤਾ ਦਾ ਨਾਂ ਗੁਰੂ ਹਰਿ ਗੋਬਿੰਦ ਸਾਹਿਬ। ਵਸਨੀਕ ਅੰਮ੍ਰਿਤਸਰ। ਆਪ ਦਾ ਜਨਮ ੧੬੭੮ ਬਿ: ਵਿਚ ਅੰਮ੍ਰਿਤਸਰ ਹੋਇਆ। ਆਪ ਦੀ ਉਮਰ ਕੇਵਲ ਨੌਂ ਸਾਲ ਦੀ ਸੀ, ਜਦ ਆਪ ਦੀ ਸ਼ਾਦੀ (ਮਾਤਾ) ਗੁਜਰੀ ਵਸਨੀਕ ਕਰਤਾਰਪੁਰ ਨਾਲ ਹੋ ਗਈ।

ਗੁਰੂ ਹਰਿ ਕ੍ਰਿਸ਼ਨ ਜੀ ਦੇ ਚਲਾਣੇ ਪਿਛੋਂ ਲੋਕੀਂ ਘਰ ਘਰ ਅਤੇ ਚਪੇ ਚਪੇ ਤੇ ਗੁਰੂ ਬਣ ਬੈਠੇ ਅਤੇ ਬਾਬੇ ਬਕਾਲੇ ਵਿਚ ੨੨ ਆਦਮੀ ਅਜੇਹੇ ਪੈਦਾ ਹੋ ਗਏ,ਜੋ ਆਪਣੇ ਆਪ ਨੂੰ ਸਿਖਾਂ ਦਾ ਨੌਵਾਂ ਗੁਰੂ ਜ਼ਾਹਰ ਕਰਦੇ ਸਨ ਅਤੇ ਆਪ ਇਕ ਇਕਾਂਤ ਕੋਠੀ ਵਿਚ ਬੈਠ ਕੇ ਤਪ ਕਰ ਰਹੇ ਸਨ। ਅੰਤ ਮਖਣ ਸ਼ਾਹ ਨਾਮੀ ਇਕ ਸਿਖ ਨੇ ਆਪਣੀ ਭੇਟਾ ਰਾਹੀਂ ਪਰਖ ਕੇ ਆਪ ਨੂੰ ਪ੍ਰਗਟ ਕੀਤਾ ਅਤੇ ੮ ਵਿਸਾਖ ੧੭੨੧ ਬਿ: ਵਿਚ ਆਪ ਨੂੰ ਗੱਦੀ ਦਾ ਤਿਲਕ ਦਿਤਾ ਗਿਆ। ਦੂਰ ਦੂਰ ਤੋਂ ਆਪ ਦੇ ਸ਼ਰਧਾਲੂ ਭੇਟਾ ਆਦਿ ਲੈ ਕੇ ਆਉਣ ਲਗ ਪਏ। ਆਪ ਦੀ ਵਧਦੀ ਵਡਿਆਈ ਨੂੰ ਦਿਨੋਂ ਦਿਨ ਵੇਖ ਕੇ ਨਕਲੀ ਗੁਰੂਆਂ ਨੂੰ ਨਿਰਾਸ ਹੋਣਾ ਪਿਆ।

ਕੁਝ ਚਿਰ ਪਿਛੋਂ ਆਪ ਮਖਣ ਸ਼ਾਹ ਸਣੇ ਅੰਮ੍ਰਿਤਸਰ ਦਰਬਾਰ ਸਾਹਿਬ ਦੇ ਦਰਸ਼ਨਾਂ ਲਈ ਆਏ, ਪਰ ਪੁਜਾਰੀਆਂ ਨੇ ਇਸ ਖ਼ਿਆਲ ਅਨੁਸਾਰ ਕਿ ਆਪ ਕਿਧਰੇ ਕਬਜ਼ਾ ਹੀ ਨਾ ਕਰ ਲੈਣ, ਦਰਸ਼ਨੀ ਡਿਉੜ੍ਹੀ ਦਾ ਬੂਹਾ ਬੰਦ ਕਰ ਦਿੱਤਾ। ਆਪ ਬਹੁਤ ਉਡੀਕਦੇ ਰਹੇ ਤੇ ਅੰਤ "ਅੰਮ੍ਰਿਤਸਰੀਏ ਅੰਦਰ ਸੜੀਏ" ਦਾ ਸਰਾਪ ਦੇ ਕੇ ਪਿੰਡ ਵੱਲਾ ਵਿਚ ਚਲੇ ਗਏ। ਕਹਿੰਦੇ ਹਨ ਕਿ ਏਸੇ ਸਰਾਪ ਕਾਰਨ ਅੰਮ੍ਰਿਤਸਰ ਦੇ ਪੁਜਾਰੀ ਆਪਸ ਵਿਚ ਸੜਦੇ ਤੇ ਕੌਡੀ ੨ ਤੇ ਝਗੜਦੇ ਸਨ। ਹੁਣ ਦਰਬਾਰ ਸਾਹਿਬ ਦਾ ਪ੍ਰਬੰਧ ਪੁਜਾਰੀਆਂ ਦੇ ਹਥਾਂ ਵਿਚ ਨਹੀਂ ਰਿਹਾ।

ਇਸ ਤੋਂ ਪਿਛੋਂ ਆਪ ਕਈ ਥਾਵਾਂ ਤੇ ਸੈਰ ਲਈ ਤਸ਼ਰੀਫ਼ ਲੈ ਗਏ ਅਤੇ ਜਦ ਪਟਨੇ ਪੁਜੇ ਤਾਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਜਨਮ ਹੋਇਆ।

੧੭੩੩ ਵਿਚ ਹਿੰਦੂ ਧਰਮ ਦੀ ਰਖਿਆ ਦੇ ਜੁਰਮ ਵਿਚ ਆਪ ਬਾਦਸ਼ਾਹ ਦੇ ਹੁਕਮ ਅਨੁਸਾਰ ਗ੍ਰਿਫ਼ਤਾਰ ਕੀਤੇ ਗਏ ਅਤੇ ਸ਼ਹੀਦ ਹੋ ਗਏ।

ਆਪ ਦੇ ਵੈਰਾਗ ਭਰੇ ਸ਼ਬਦ ਨਾਵੇਂ ਮਹਿਲ ਦੇ ਸ਼ਬਦ ਤੇ ਸਲੋਕ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹਨ:-

ਬਿਰਧ ਭਇਓ ਸੂਝੈ ਨਹੀ ਕਾਲੁ ਪਹੂਚਿਓ ਆਨ
ਕਹੁ ਨਾਨਕ ਨਰ ਬਾਵਰੇ ਕਿਉ ਨ ਭਜੈ ਭਗਵਾਨ
ਧਨੁ ਦਾਰਾ ਸੰਪਤਿ ਸਗਲ ਜਿਨਿ ਅਪਨੀ ਕਰਿ ਮਾਨਿ
ਇਨ ਮੈ ਕਛੁ ਸੰਗੀ ਨਹੀ ਨਾਨਕ ਸਾਚੀ ਜਾਨਿ
ਪਤਿਤ ਉਧਾਰਨ ਭੈ ਹਰਨ ਹਰਿ ਅਨਾਥ ਕੇ ਨਾਥ
ਕਹੁ ਨਾਨਕ ਤਿਹ ਜਾਨੀਐ ਸਦਾ ਬਸਤੁ ਤੁਮ ਸਾਥ
ਤਨੁ ਧਨੁ ਜਿਹ ਤੋ ਕਉ ਦੀਓ ਤਾਸਿਉ ਨੇਹੁ ਨ ਕੀਨ
ਕਹੁ ਨਾਨਕ ਨਰ ਬਾਵਰੇ ਅਬ ਕਿਉ ਡੋਲਤ ਦੀਨ

Digitized by Panjab Digital Library | www.panjabdigilib.org

# ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ

ਪਿਤਾ ਦਾ ਨਾਂ ਗੁਰੂ ਤੇਗ ਬਹਾਦਰ। ਆਪ ਦਾ ਜਨਮ ਪਟਣੇ ਵਿਖੇ ਆਲਮ ਗੀਰ ਸ਼ਾਹ ਸਮੇਂ ੧੭੨੩ ਬਿ: ਵਿਚ ਹੋਇਆ। ਆਪ ਗੁਰੂ ਤੇਗ਼ ਬਹਾਦਰ ਜੀ ਦੇ ਇਕੋ ਇਕ ਸਪੁਤ੍ਰ ਸਨ। ਆਪ ਸਿਖਾਂ ਦੇ ਦਸਵੇਂ ਪਰ ਅੰਤਲੇ ਦੇਹ ਧਾਰੀ ਗੁਰੂ ਸਨ। ਨਾਵੇਂ ਗੁਰੂ ਤਕ ਸਿਖ ਦਰਵੇਸ਼ਾਨਾ ਅਤੇ ਸੂਫੀਆਨਾ ਜੀਵਨ ਬਤੀਤ ਕਰਦੇ ਰਹੇ ਪਰ ਆਪ ਨੇ ਆਪਣੇ ਸੇਵਕਾਂ ਨੂੰ ਇਕ ਪੰਥ ਜਾਂ ਇਕ ਫੌਜ ਦੀ ਸੂਰਤ ਵਿਚ ਬਦਲ ਦਿਤਾ। ਆਪ ਨੇ ਇਨ੍ਹਾਂ ਵਿਚ ਫੌਜੀ ਸਪਿਰਿਟ ਪੈਦਾ ਕਰਕੇ ਇਕ ਕਾਮਯਾਬ ਸਿਪਾਹੀ ਬਣਾਇਆ।

ਆਪ ਦੀ ਸ਼ਾਦੀ ਹਰਜਸ ਨਾਮੀ ਖਤਰੀ ਦੀ ਸਪੁਤ੍ਰੀ ਬੀਬੀ ਜੀਤੋ ਜੀ ਨਾਲ ਹੋ ਗਈ ਅਤੇ ਆਪ ਦੇ ਘਰ ਚਾਰ ਸਪੁਤ੍ਰਾਂ–ਸਾਹਿਬ ਅਜੀਤ ਸਿੰਘ, ਜੁਝਾਰ ਸਿੰਘ, ਜ਼ੋਰਾਵਰ ਸਿੰਘ ਅਤੇ ਫਤਹ ਸਿੰਘ ਨੇ ਜਨਮ ਲਿਆ।

ਆਪ ਦੀ ਜ਼ਿੰਦਗੀ ਦਾ ਵਡਾ ਹਿੱਸਾ ਹਿੰਦੂ ਅਤੇ ਮੁਸਲਮਾਨ ਰਾਜਿਆਂ ਨਾਲ ਲੜਨ ਭਿੜਨ ਵਿਚ ਲੰਘਿਆ।

੧੭੫੬ ਬਿ: ਨੂੰ ਵਿਸਾਖੀ ਤੋਂ ੧ ਦਿਨ ਪਹਿਲਾਂ ਅਨੰਦ ਪੁਰ ਦੇ ਲਾਗੇ ਕੇਸ ਗੜ੍ਹ ਦੇ ਟੀਲੇ ਉਤੇ ਆਪ ਨੇ ਦਰਬਾਰ ਲਗਾਇਆ ਅਤੇ ਹੱਥ ਵਿਚ ਨੰਗੀ ਤਲਵਾਰ ਲੈ ਕੇ ਇਕ ਸਿਰ ਦੀ ਮੰਗ ਕੀਤੀ। ਚੌਹੀਂ ਪਾਸੀਂ ਚੁਪ ਚਾਪ ਹੋ ਗਈ। ਅੰਤ ਇਕ ਸਿਖ ਨੇ ਸਿਰ ਭੇਟਾ ਕੀਤਾ। ਆਪ ਉਸ ਨੂੰ ਤੰਬੂ ਵਿਚ ਲੈ ਗਏ ਅਤੇ ਲਹੂ ਨਾਲ ਰੰਗੀ ਹੋਈ ਕਿਰਪਾਨ ਲਿਆ ਕੇ ਇਕ ਹੋਰ ਸਿੰਘ ਦੇ ਸੀਸ ਲਈ ਲਲਕਾਰਨ ਲਗੇ। ਏਸੇ ਤਰ੍ਹਾਂ ਇਕ ਜਟ, ਇਕ ਖਤਰੀ, ਇਕ ਝੀਊਰ, ਇਕ ਛੀਂਬਾ ਅਤੇ ਇਕ ਨਾਈ ਵਾਰੋ ਵਾਰੀ ਸੀਸ ਭੇਟ ਲਈ ਆਏ ਅਤੇ ਗੁਰੂ ਸਾਹਿਬ ਉਨ੍ਹਾਂ ਨੂੰ ਵਾਰੋ ਵਾਰੀ ਤੰਬੂ ਅੰਦਰ ਲੈ ਗਏ। ਕੁਝ ਸਮੇਂ ਪਿਛੋਂ ਆਪ ਉਨ੍ਹਾਂ ਪੰਜ ਸਜਣਾਂ ਸਣੇ ਬਾਹਰ ਆਏ ਅਤੇ ਆਖਿਆ,ਧਰਮ ਉਤੋਂ ਕੁਰਬਾਨ ਹੋਣ ਵਾਲੇ ਪੁਰਸ਼ ਸਦਾ ਜਿਊਂਦੇ ਹਨ। ਇਸ ਕਾਰਨ ਸਿਖਾਂ ਵਿਚ ਕੁਰਬਾਨੀ ਦਾ ਸ਼ੌਕ ਵਧ ਗਿਆ।

ਹੁਣ ਆਪ ਨੇ ਇਨ੍ਹਾਂ ਪੰਜਾਂ ਸਿੱਖਾਂ ਦਾ ਨਾਂ ਪੰਜ ਪਿਆਰੇ ਰਖਿਆ ਅਤੇ ਲੋਕਾਂ ਨੂੰ ਅੰਮ੍ਰਿਤ *ਛਕਾ ਕੇ ਆਪਣੇ ਪੰਥ ਵਿਚ ਸ਼ਾਮਲ ਕਰਨ ਲਗ ਪਏ।

ਆਪ ਜਿਸ ਕਦਰ ਬਹਾਦਰ ਅਤੇ ਜੰਗਜੂ ਸਨ, ਉਸ ਥੋਂ ਜ਼ਿਆਦਾ ਇਲਮ-ਦੋਸਤ ਅਤੇ ਆਲਮ ਸਨ। ਆਪ ਦੇ ਦਰਬਾਰ ਵਿਚ ਉਰਦੂ, ਫ਼ਾਰਸੀ, ਸੰਸਕ੍ਰਿਤ, ਹਿੰਦੀ ਅਤੇ ਪੰਜਾਬੀ ਦੇ ਫ਼ਾਜ਼ਲ ਕਵੀ ਜਮ੍ਹਾਂ ਰਹਿੰਦੇ ਸਨ, ਜੋ ਵਖੋ ਵਖਰੇ ਮਜ਼੍ਹਬਾਂ ਦੀਆਂ ਇਖ਼ਲਾਕੀ, ਇਲਮੀ, ਅਦਬੀ, ਤਵਾਰੀਖ਼ੀ, ਧਾਰਮਕ ਅਤੇ ਸਿਆਸੀ ਕਿਤਾਬਾਂ ਦਾ ਉਲਥਾ ਕੀਤਾ ਕਰਦੇ ਸਨ। ਇਨ੍ਹਾਂ ਵਿਚੋਂ ਭਾ: ਨੰਦ ਲਾਲ, ਹੁਸੈਨ ਅਲੀ,

---

*ਮਹਾਨ ਕੋਸ਼ ਵਿਚ ਜ਼ਿਕਰ ਹੈ ਕਿ ਖਾਲਸਾ ਪੰਥ ਦੀ ਸਥਾਪਨਾ ੬ ਵੈਸਾਖ ੧੭੫੬ ਬਿ: ਨੂੰ ਹੋਈ ਸੀ।

Digitized by Panjab Digital Library | www.panjabdigilib.org

ਮੰਗਲ, ਚੰਦਨ, ਈਸ਼ਰ ਦਾਸ, ਖਾਨ ਖ਼ਾਨਾਂ ਆਦਿ ਦਸਣ ਯੋਗ ਹਨ।

ਆਪ ਦਾ ਕਲਾਮ ਦਸਮ ਗ੍ਰੰਥ ਵਿਚ ਛਪਿਆ ਹੋਇਆ ਹੈ। ਆਪ ਦੀ ਲਿਖਤ ਵਿਚ ਬਚਿੱਤ੍ਰ ਨਾਟਕ, ਜ਼ਫ਼ਰ ਨਾਮਾ ਅਤੇ ਚੰਡੀ ਦੀ ਵਾਰ ਉਘੀਆਂ ਚੀਜ਼ਾਂ ਹਨ।

ਆਪ ਦੇ ਚਲਾਣੇ ਬਾਰੇ ਸਰਦਾਰ ਬਹਾਦਰ ਬਿਸ਼ਨ ਸਿੰਘ ਆਪਣੀ ਪੁਸਤਕ 'ਹਿੰਦੁਸਤਾਨ ਦੀ ਕਹਾਣੀ' ਵਿਚ ਇਸ ਤਰ੍ਹਾਂ ਫਰਮਾਂਦੇ ਹਨ ਕਿ ਪੈਂਦੇ ਖਾਂ ਨਾਮੀ ਇਕ ਪੁਰਸ਼ ਆਪ ਪਾਸ ਨੌਕਰ ਸੀ। ਉਸ ਨੇ ਐਨ ਸਮੇਂ ਸਿਰ ਸ਼ਾਹੀ ਫੌਜ ਨਾਲ ਮਿਲ ਕੇ ਆਪ ਨਾਲ ਨਿਮਕ ਹਰਾਮੀ ਕੀਤੀ ਅਤੇ ਉਹ ਆਪ ਦੇ ਹਥਾਂ ਨਾਲ ਕਤਲ ਹੋ ਗਿਆ। ਹੁਣ ਉਸ ਦਾ ਪੋਤਰਾ ਗੁਲ ਖਾਂ ਆਪ ਪਾਸ ਨੌਕਰ ਹੋਇਆ ਅਤੇ ਖਾਸ ਨੌਕਰਾਂ ਵਿਚੋਂ ਗਿਣਿਆ ਜਾਣ ਲਗ ਪਿਆ। ਆਪ ਉਸ ਉਤੇ ਬਹੁਤ ਦਿਆਲੂ ਸਨ ਅਤੇ ਕਦੀ ਕਦੀ ਉਸ ਦੇ ਦਾਦੇ ਦਾ ਕਤਲ ਯਾਦ ਕਰਾਉਂਦੇ ਹੋਏ ਫਰਮਾਂਦੇ ਕਿ ਜਿਸ ਨੇ ਆਪਣੇ ਦਾਦੇ ਦਾ ਬਦਲਾ ਨਹੀਂ ਲਿਆ, ਉਹ ਸਪੁਤ੍ਰ ਨਹੀਂ।

ਇਕ ਵਾਰੀ ਆਪ ਅਬਚਲ ਨਗਰ (ਹੈਦਰਾਬਾਦ ਦਖਣ ਜਿਸ ਨੂੰ ਹੁਣ ਹਜ਼ੂਰ ਸਾਹਿਬ ਕਹਿੰਦੇ ਹਨ) ਵਿਚ ਮੁਕੀਮ ਸਨ ਕਿ ਆਪ ਨੂੰ ਇਕ ਸਿਖ ਨੇ ਦੋ ਕਟਾਰਾਂ ਭੇਟ ਕੀਤੀਆਂ ਜੋ ਬਹੁਤ ਸੋਹਣੀਆਂ ਸਨ। ਆਪ ਨੇ ਇਕ ਗੁਲ ਖਾਂ ਨੂੰ ਦੇ ਦਿਤੀ ਅਤੇ ਆਖਿਆ, ਗੁਲ ਖਾਂ! ਮਰਦ ਹੋਵੇ ਫੇਰ ਉਹਦੇ ਹਥ ਵਿਚ ਐਸੀ ਤੇਜ਼ ਕਟਾਰ ਵੀ ਹੋਵੇ। ਜੇ ਫੇਰ ਵੀ ਉਹ ਪਿਓ ਦਾਦੇ ਦਾ ਬਦਲਾ ਨਾ ਲਏ ਤਾਂ ਉਸ ਦੀ ਜ਼ਿੰਦਗੀ ਤੇ ਅਫਸੋਸ ਹੈ। ਗੁਲ ਖਾਂ ਨੂੰ ਇਹ ਸੁਣ ਕੇ ਤੈਸ਼ ਆ ਗਿਆ ਅਤੇ ਉਸ ਨੇ ਆਪ ਉਤੇ ਵਾਰ ਕਰ ਦਿਤਾ। ਆਪ ਨੂੰ ਜ਼ਖਮ ਡੂੰਘਾ ਲਗਾ ਪਰ ਆਪ ਨੇ ਹਿੰਮਤ ਨ ਹਾਰੀ ਅਤੇ ਐਸਾ ਵਾਰ ਕੀਤਾ ਕਿ ਗੁਲ ਖਾਂ ਦੇ ਦੋ ਟੋਟੇ ਕਰ ਦਿਤੇ।

ਬਹਾਦਰ ਸ਼ਾਹ ਆਪ ਦੇ ਪ੍ਰੇਮੀਆਂ ਵਿਚੋਂ ਸੀ। ਜਦ ਉਸ ਨੂੰ ਖ਼ਬਰ ਹੋਈ ਤਾਂ ਉਸ ਨੇ ਆਪਣਾ ਹਕੀਮ ਘਲਿਆ, ਜਿਸ ਨੇ ਆ ਕੇ ਆਪ ਦੇ ਜ਼ਖ਼ਮ ਸਿਉਂ ਦਿਤੇ ਅਤੇ ਇਲਾਜ ਨਾਲ ਥੋੜੇ ਸਮੇਂ ਵਿਚ ਹੀ ਆਪ ਦੇ ਜ਼ਖਮ ਭਰ ਗਏ ਤੇ ਆਪ ਅਰੋਗ ਹੋ ਗਏ।

ਇਸ ਸਮੇਂ ਕਿਸੇ ਸਿਖ ਨੇ ਇਕ ਸਖ਼ਤ ਕਮਾਨ ਆਪ ਨੂੰ ਪੇਸ਼ ਕੀਤੀ (ਕਈਆਂ ਦਾ ਖਿਆਲ ਹੈ ਕਿ ਇਹ ਕਮਾਨ ਬਹਾਦਰ ਸ਼ਾਹ ਨੇ ਹੀ ਘੱਲੀ ਸੀ)। ਭਾਵੇਂ ਆਪ ਨੂੰ ਸਭ ਨੇ ਮਨ੍ਹਾ ਕੀਤਾ ਪਰ ਆਪ ਨੇ ਇਸ ਜ਼ੋਰ ਨਾਲ ਚਿੱਲਾ ਚੜ੍ਹਾਇਆ ਕਿ ਆਪ ਦੇ ਜ਼ਖ਼ਮਾਂ ਦੇ ਟਾਂਕੇ ਖਿਚ ਖਾ ਕੇ ਖੁਲ੍ਹ ਗਏ। ਹਕੀਮ ਨੇ ਫਿਰ ਟਾਂਕੇ ਲਾਣੇ ਚਾਹੇ ਪਰ ਆਪ ਨੇ ਫ਼ਰਮਾਇਆ, ਅਕਾਲ ਪੁਰਖ ਦਾ ਹੁਕਮ ਹੋਣ ਦਿਉ ਅਤੇ ਆਪ ਗੁਰੂ ਗ੍ਰੰਥ ਸਾਹਿਬ ਨੂੰ ਗੁਰ-ਗੱਦੀ ਤੇ ਅਸਥਾਪਨ ਕਰ ਕੇ ਆਪ ਨੇ ਇਸ਼ਨਾਨ ਕੀਤਾ, ਨਵੀਂ ਪੁਸ਼ਾਕ ਪਾਈ, ਹਥਿਆਰ ਲਾਏ, ਕੜਾਹ ਪ੍ਰਸ਼ਾਦ ਵਰਤਾਇਆ, ਦਾਨ ਕੀਤਾ, ਅਤੇ ਅਰਦਾਸ ਕਰਕੇ ਜੋਤੀ ਜੋਤ ਸਮਾਏ। ਚੰਡੀ ਦੀ ਵਾਰ ਵਿਚੋਂ ਵਨਗੀ:—

ਜੰਗ ਮੁਸਾਫਾ ਬੱਜਿਆ ਰਣ ਘੁਰੇ ਨਗਾਰੇ ਚਾਵਲੇ
ਝੂਲਣ ਨੇਜੇ ਬੈਰਕਾਂ ਨੀਸਾਣੁ ਲਸਣਿ ਲਸਾਵਲੇ
ਢੋਲ ਨਗਾਰੇ ਪਉਣ ਦੇ ਊਂਘਨ ਜਾਣ ਜਟਾਵਲੇ
ਦੁਰਗਾ ਦਾਨੋ ਡਹੇ ਰਣ ਨਾਦ ਵਜਨ ਖੇਤ ਭਾਵਲੇ
ਬੀਰ ਪਰੋਤੇ ਬਰਛੀਏਂ ਜਣ ਡਾਲ ਚਮੁਟੇ ਆਵਲੇ

Digitized by Panjab Digital Library | www.panjabdigilib.org

ਇਕ ਵੱਢੇ ਤੇਗੀਂ ਤੜਫੀਅਨ ਮਦਪੀਤੇ ਲੋਟਨਿ ਬਾਵਲੇ
ਇਕ ਚੁਣ ਚੁਣ ਝਾੜਉ ਕਢੀਅਨ ਰੇਤ ਵਿਚੋਂ ਸੁਇਨਾ ਡਾਵਲੇ
ਗਦਾ ਤ੍ਰਿਸੂਲਾਂ ਬਰਛੀਆਂ ਤੀਰ ਵਗਨ ਖਰੇ ਉਤਾਵਲੇ
ਜਣੁ ਡਸੇ ਭੁਜੰਗ ਮਸਾਵਲੇ
ਮਰ ਜਾਵਨ ਬੀਰ ਰੁਹਾਵਲੇ।

ਖਿਆਲ ਪਾਤਸ਼ਾਹੀ ੧੦

ਮਿਤ੍ਰ ਪਿਆਰੇ ਨੂੰ ਹਾਲੁ ਮੁਰੀਦਾਂ ਦਾ ਕਹਿਣਾ॥
ਤੁਧੁ ਬਿਨ ਰੋਗ ਰਜਾਈਆਂ ਦਾ ਓਢਣ ਨਾਗ ਨਿਵਾਸਾਂ ਦੇ ਰਹਿਣਾ॥
ਸੂਲ ਸੁਰਾਹੀ ਖੰਜਰੁ ਪਿਆਲਾ ਬਿੰਗੁ ਕਸਾਈਆਂ ਦਾ ਸਹਿਣਾ॥
ਯਾਰੜੇ ਦਾ ਸਾਨੂੰ ਸੱਥਰ ਚੰਗਾ ਭੱਠ ਖੇੜਿਆਂ ਦਾ ਰਹਿਣਾ॥ ੧ ॥ ੬ ॥ ੩੦ ॥

ਆਪ ਦੀ ਉਮਰ ਦਾ ਚੋਖਾ ਹਿੱਸਾ ਯੂ.ਪੀ. ਵਿਚ ਗੁਜ਼ਰਿਆ ਜਿਥੇ ਆਪ ਨੂੰ ਬ੍ਰਿਜ ਭਾਸ਼ਾ ਨਾਲ ਹੀ ਵਾਸਤਾ ਪੈਂਦਾ ਸੀ ਇਸ ਦੇ ਬਾਵਜੂਦ ਪੰਜਾਬੀ ਦੀ ਜਿੰਨੀ ਥੋੜੀ ਬਹੁਤ ਰਚਨਾਂ ਆਪ ਨੇ ਕੀਤੀ ਉਹ ਕਮਾਲ ਦੀ ਚੀਜ਼ ਹੈ। ਇਸ ਵੇਲੇ ਜੋ ਅਰਦਾਸ ਸਿਖਾਂ ਵਿਚ ਹਰ ਔਖੇ ਸੌਖੇ ਵੇਲੇ ਕੀਤੀ ਜਾਂਦੀ ਹੈ, ਉਹ ਖਾਲਸ ਪੰਜਾਬੀ ਵਿਚ ਹੈ।

# ਭਾਈ ਗੁਰਦਾਸ ਜੀ

ਆਪ ਦਾ ਜਨਮ ਗੋਇੰਦਵਾਲ ਵਿਚ ੧੫੫੧ ਬਿ: ਵਿਚ ਹੋਇਆ। ਆਪ ਗੁਰੂ ਅਮਰਦਾਸ ਜੀ ਦੇ ਭਤੀਜੇ ਅਤੇ ਜ਼ਾਤ ਦੇ ਭੱਲੇ ਖਤਰੀ ਸਨ। ਆਪ ਜਮਾਂਦਰੂ ਕਵੀ ਸਨ। ਆਪ ਨੂੰ ਵਿਦਿਆ ਪ੍ਰਾਪਤ ਕਰਨ ਦਾ ਬਹੁਤ ਸ਼ੌਕ ਸੀ, ਇਸ ਲਈ ਆਪ ਨੇ ਗੁਰਮੁਖੀ, ਸੰਸਕ੍ਰਿਤ, ਹਿੰਦੀ ਅਤੇ ਫ਼ਾਰਸੀ ਦੀ ਵਿਦਿਆ ਪ੍ਰਾਪਤ ਕੀਤੀ। ਆਪ ਨੇ ਸ੍ਰੀ ਗੁਰੂ ਅਮਰਦਾਸ ਸਾਹਿਬ ਦੇ ਸਮੇਂ ਵਿਚ ਕਵਿਤਾ ਕਹਿਣੀ ਸ਼ੁਰੂ ਕੀਤੀ ਜੋ ਬਹੁਤ ਪਸੰਦ ਕੀਤੀ ਜਾਣ ਲਗ ਪਈ। ਨਾਲ ਹੀ ਆਪ ਪ੍ਰਚਾਰ ਕਾਰਨ ਆਗਰਾ, ਉਜੈਨ ਅਤੇ ਬੁਰਹਾਨ ਪੁਰ ਆਦਿ ਦੀ ਤਰਫ਼ ਤਸ਼ਰੀਫ਼ ਲੈ ਗਏ। ਗੁਰੂ ਅਰਜਨ ਦੇਵ ਜੀ ਜਦ ਗੱਦੀ'ਤੇ ਬਾਜਮਾਨ ਹੋਏ ਤਾਂ ਆਪ ਅੰਮ੍ਰਿਤਸਰ ਆ ਗਏ। ਆਪ ਇਹ ਵੇਖ ਕੇ ਬੜੇ ਦੁਖੀ ਹੋਏ ਕਿ ਗੁਰੂ ਘਰ ਦੀ ਗੱਦੀ ਪ੍ਰਾਪਤ ਕਰਨ ਖਾਤਰ ਗੁਰੂ ਸਾਹਿਬ ਦਾ ਵਡਾ ਭ੍ਰਾਤਾ ਪ੍ਰਿਥੀ ਚੰਦ ਵਖਰਾ ਡੇਰੇ ਜਮਾਈ ਬੈਠਾ ਹੈ ਅਤੇ ਸੰਗਤਾਂ ਦੀ ਮਾਯਾ ਲੰਗਰ ਵਿਚ ਨਹੀਂ ਜਾਣ ਦੇਂਦਾ।

ਆਪ ਨੇ ਗੁਰੂ ਘਰ ਦੇ ਖਾਲਸ ਪ੍ਰੇਮੀਆਂ ਅਤੇ ਸ਼ਰਧਾਲੂਆਂ—ਭਾਈ ਬੁਢਾ, ਲਾਲੋ, ਜੇਠਾ ਅਤੇ ਭਾਈ ਪੈੜਾ ਆਦਿ ਨੂੰ ਸੱਦ ਕੇ ਮੁਆਮਲਾ ਸੁਲਝਾਇਆ।

ਜਦ ਗੁਰੂ ਅਰਜਨ ਦੇਵ ਨੇ ਗੁਰੂ ਗ੍ਰੰਥ ਸਾਹਿਬ ਦੀ ਬੀੜ ਬੰਨ੍ਹੀ ਤਾਂ ਲਿਖਾਈ ਦਾ ਸਾਰਾ ਕੰਮ ਆਪ ਨੇ ਸਿਰੇ ਚਾੜ੍ਹਿਆ।

ਗੁਰੂ ਹਰਗੋਬਿੰਦ ਸਾਹਿਬ ਦੇ ਵੇਲੇ ਆਪ ਬੁਢੇ ਹੋ ਚੁਕੇ ਸਨ। ਗੁਰੂ ਸਾਹਿਬ

Digitized by Panjab Digital Library | www.panjabdigilib.org

ਆਪ ਦਾ ਬਹੁਤ ਆਦਰ ਮਾਨ ਕੀਤਾ ਕਰਦੇ ਸਨ। ਇਹ ਵੇਖ ਕੇ ਆਪ ਦੇ ਦਿਲ ਵਿਚ ਜ਼ਰਾ ਹੰਕਾਰ ਜਿਹਾ ਹੋ ਗਿਆ ਕਿ ਗੁਰੂ ਘਰ ਦੇ ਸੱਚੇ ਭਗਤ ਅਤੇ ਸਿੱਖ ਅਸੀਂ ਹੀ ਹਾਂ।

੧੬੯੬ ਬਿ: ਵਿਚ ਇਕ ਵਾਟੀ ਗੁਰੂ ਦਰਬਾਰ ਵਿਚ ਕੁਝ ਸਿਖਾਂ ਨੇ ਆਪਣੀਆਂ ਕਮਜ਼ੋਰੀਆਂ ਵਰਨਨ ਕੀਤੀਆਂ ਪਰ ਆਪ ਨੇ ਫਰਮਾਇਆ ਕਿ ਕਚੇ ਸਿੱਖ ਡੋਲਦੇ ਹਨ, ਪੱਕੇ ਸਿਖ ਪਹਾੜ ਦੀ ਚਟਾਨ ਵਾਂਗੂ ਹੁੰਦੇ ਹਨ। ਸਿੱਖਾਂ ਨੇ ਆਖਿਆ ਪ੍ਰਮਾਤਮਾਂ ਦੀ ਲੀਲਾ ਅਸਚਰਜ ਹੈ, ਨਾਰਦ, ਬ੍ਰਮਾਂ, ਸ਼ਿਵ ਆਦਿ ਸਾਬਤ ਨ ਰਹੇ, ਅਸੀਂ ਕੀ ਚੀਜ਼ ਹਾਂ। ਭਾਈ ਸਾਹਿਬ ਨੇ ਫਿਰ ਭੀ ਆਪਣੇ ਖਿਆਲ ਦੀ ਤਾਈਦ ਕਰਦੇ ਹੋਏ ਆਖਿਆ ਕਿ ਭੁੰਜਾ ਹੋਇਆ ਦਾਣਾ ਨਹੀਂ ਤਿੜਕਦਾ ਸਗੋਂ ਕੱਚਾ ਹੀ ਤਿੜਕਦਾ ਹੈ, ਭਰਿਆ ਹੋਇਆ ਭਾਂਡਾ ਨਹੀਂ ਉਛਲਦਾ ਸਗੋਂ ਊਣਾ ਹੀ ਉਛਲਦਾ ਹੈ। ਨਾਲ ਹੀ ਭਾਈ ਸਾਹਿਬ ਨੇ ਆਪਣੀਆਂ ਵਾਰਾਂ ਵਿਚੋਂ ਪ੍ਰਮਾਣ ਦਿਤਾ ਕਿ

ਜੇ ਗੁਰ ਸਾਂਗ ਵਰਤਦਾ ਸਿੱਖ ਸਿਦਕ ਨ ਹਾਰੇ

ਗੁਰੂ ਹਰਗੋਬਿੰਦ ਸਾਹਿਬ ਜੀ ਨੇ ਇਹ ਵੇਖ ਕੇ ਗੁਫਤਗੂ ਦਾ ਸਿਲਸਿਲਾ ਬਦਲ ਦਿਤਾ ਅਤੇ ਕੁਝ ਚਿਰ ਚੁਪ ਰਹੇ। ਇਕ ਦਿਨ ਗੁਰੂ ਜੀ ਨੇ ਭਾਈ ਸਾਹਿਬ ਨੂੰ ਬੁਲਾ ਕੇ ਹੁਕਮ ਦਿਤਾ ਕਿ ਆਪ ਘੋੜੇ ਖ਼ਰੀਦਣ ਲਈ ਕਾਬਲ ਜਾਓ। ਹੁਕਮ ਮੰਨ ਕੇ ਆਪ ਤਿਆਰ ਹੋ ਪਏ ਅਤੇ ਗੁਰੂ ਸਾਹਿਬ ਜੀ ਨੇ ਅਸ਼ਰਫੀਆਂ ਨਾਲ ਦੇ ਕੇ ਆਖਿਆ ਕਿ ਘੋੜੇ ਖਰੀਦਣ ਤੋਂ ਪਹਿਲਾਂ ਮੁਆਇਨੇ ਲਈ ਅੰਮ੍ਰਿਤਸਰ ਘਲ ਦੇਣੇ। ਭਾਈ ਸਾਹਿਬ ਜੀ ਕਾਬਲ ਅਪੜੇ ਅਤੇ ਮੁਨਸ਼ੀ ਦੁਨੀ ਚੰਦ ਦੀ ਰਾਹੀਂ ਘੋੜਿਆਂ ਦਾ ਸੌਦਾ ਕਰਕੇ ਮਨਜ਼ੂਰੀ ਲਈ ਅੰਮ੍ਰਿਤਸਰ ਘਲ ਦਿਤੇ। ਇਸ ਸਮੇਂ ਆਪ ਨੂੰ ਪਤਾ ਲੱਗਾ ਕਿ ਆਪ ਦੀ ਵਹੁਟੀ ਚਲਾਣਾ ਕਰ ਗਈ ਅਤੇ ਆਪ ਦੇ ਪੁਤ੍ਰ ਨੂੰ ਕਿਸੇ ਕਤਲ ਕਰ ਦਿਤਾ ਹੈ ਪਰ ਆਪ ਦੇ ਦਿਲ ਨੇ ਗੁਰੂ ਘਰ ਦੀ ਸੇਵਾ ਛਡਣੀ ਯੋਗ ਨ ਸਮਝੀ ਅਤੇ ਆਖ ਘਲਿਆ ਕਿ ਗੁਰੂ ਘਰ ਦਾ ਭਾਣਾ ਪਰਵਾਨ ਹੈ। ਧਨ ਆਉਣ ਜਾਣ ਹੈ। ਅਸੀਂ ਗੁਰੂ ਸਾਹਿਬ ਦੀ ਸੇਵਾ ਨੂੰ ਤੋੜ ਚੜ੍ਹਾ ਕੇ ਆਵਾਂਗੇ।

ਘੋੜੇ ਪਰਵਾਨ ਹੋ ਕੇ ਵਾਪਸ ਆ ਗਏ। ਜਦ ਇਹ ਖ਼ਬਰ ਸੁਦਾਗਰਾਂ ਨੂੰ ਮਿਲੀ ਤਾਂ ਉਹ ਭਾਈ ਜੀ ਪਾਸੋਂ ਮਾਇਆ ਲੈਣ ਲਈ ਆਏ। ਭਾਈ ਸਾਹਿਬ ਮਾਇਆ ਲੈਣ ਲਈ ਤੰਬੂ ਅੰਦਰ ਗਏ ਪਰ ਜਦ ਸੰਦੂਕਾਂ ਨੂੰ ਵੇਖਿਆ ਗਿਆ ਤਾਂ ਅਸ਼ਰਫੀਆਂ ਦੀ ਥਾਂ ਸਭ ਠੀਕਰੀਆਂ ਪ੍ਰਤੀਤ ਹੋਈਆਂ। ਭਾਈ ਸਾਹਿਬ ਬੜੇ ਹੈਰਾਨ ਹੋਏ, ਹਿਰਦਾ ਡੋਲ ਅਤੇ ਸਿਰ ਚਕਰਾ ਗਿਆ, ਅੱਖਾਂ ਅਗੇ ਹਨੇਰਾ ਆ ਗਿਆ, ਸਿਰ ਫੜ ਕੇ ਬਹਿ ਗਏ ਅਤੇ ਸ਼ਰਮਿੰਦਗੀ ਕਾਰਨ ਤੰਬੂ ਪਾੜ ਕੇ ਨਸ ਤੁਰੇ। ਰਾਹ ਵਿਚ ਸਿਖੀ ਦਾ ਪ੍ਰਚਾਰ ਕਰਦੇ ਕਾਂਸ਼ੀ ਪੁਜੇ ਅਤੇ ਕਾਂਸ਼ੀ ਦੇ ਰਾਜੇ ਨੂੰ ਗੁਰੂ ਜੀ ਦਾ ਸਿਖ ਬਣਾਇਆ। ਕੁਝ ਚਿਰ ਪਿਛੋਂ ਗੁਰੂ ਜੀ ਨੇ ਰਾਜੇ ਨੂੰ ਸੁਨੇਹਾ ਘਲਿਆ ਕਿ ਸਾਡਾ ਚੋਰ ਤੇਰੀ ਨਗਰੀ ਵਿਚ ਹੈ। ਇਸ ਲਈ ਉਸ ਦੀਆਂ ਮੁਸ਼ਕਾਂ ਬੰਨ੍ਹ ਕੇ ਸਾਡੇ ਪੇਸ਼ ਕੀਤਾ ਜਾਵੇ। ਹੁਕਮ ਅਨੁਸਾਰ ਏਸੇ ਤਰ੍ਹਾਂ ਹੀ ਹੋਇਆ, ਭਾਈ ਸਾਹਿਬ ਜੀ ਦੀਆਂ ਮੁਸ਼ਕਾਂ ਬੰਨ੍ਹ ਕੇ ਪੇਸ਼ ਕੀਤਾ ਗਿਆ। ਗੁਰੂ ਜੀ ਨੇ ਪੁਛਿਆ ਭਾਈ ਗੁਰਦਾਸ! ਘੋੜੇ ਖ਼ਰੀਦਣ ਗਿਓਂ ਪਰ ਸਾਡਾ ਮਾਲ ਹੀ ਮੁੰਜਾ ਛਡ ਕੇ ਨੱਸ ਗਿਓਂ

Digitized by Panjab Digital Library | www.panjabdigilib.org

ਜੇ ਤੂੰ ਕਾਂਸ਼ੀ ਜਾਣਾ ਸੀ ਤਾਂ ਘੋੜੇ ਖਰੀਦਣ ਕਾਬਲ ਕਿਉਂ ਗਿਆ ? ਭਾਈ ਸਾਹਿਬ ਨੇ ਉੱਤਰ ਦਿੱਤਾ ਕਿ ਆਪ ਅਥਾਹ ਹੋ, ਤੁਹਾਡੀ ਗਤੀ ਕੋਈ ਨਹੀਂ ਜਾਣ ਸਕਦਾ। ਇਸ ਲਈ ਬਖਸ਼ ਲਓ। ਗੁਰੂ ਜੀ ਨੇ ਮੁਸ਼ਕਾਂ ਖੁਲ੍ਹਾ ਦਿਤੀਆਂ, ਛਾਤੀ ਨਾਲ ਲਾਇਆ ਅਤੇ ਫਰਮਾਇਆ:—

ਜੇ ਗੁਰ ਸਾਂਗ ਵਰਤਦਾ ਸਿਖ ਸਿਦਕ ਨ ਹਾਰੇ

ਤਾਂ ਭਾਈ ਜੀ ਨੇ ਕਿਹਾ—

ਜੇ ਗੁਰ ਭਰਮਾਏ ਸਾਂਗ ਕਰ, ਕਿਆ ਸਿਖ ਵਿਚਾਰਾ

ਗੁਰੂ ਜੀ ਸੁਣ ਕੇ ਖੁਸ਼ ਹੋਏ ਅਤੇ ਵਾਪਸ ਆਇਆ ਸਾਰਾ ਧਨ ਭਾਈ ਸਾਹਿਬ ਨੂੰ ਦੇ ਦਿਤਾ। ਭਾਈ ਸਾਹਿਬ ਨੇ ਸਾਰਾ ਧਨ ਲੰਗਰ ਵਿਚ ਘਲ ਦਿਤਾ। ਅੰਤ ਆਪ ੧੭ ਅਸੂ ੧੬੯੬ ਵਿਚ ਗੁਰੂ ਸਾਹਿਬ ਦੇ ਦਰਸ਼ਨ ਕਰਦੇ ਹੋਏ ਗੋਇੰਦਵਾਲ ਸਾਹਿਬ ਵਿਚ ਕੂਚ ਕਰ ਗਏ। ਆਪ ਨੇ ੩੯ ਵਾਰਾਂ ਅਤੇ ੫੫੬ ਕਬਿੱਤ ਸਵਈਏ ਭੀ ਰਚੇ ਹਨ।

ਗੁਰੂ ਸਾਹਿਬ ਨੇ ਆਪ ਦੀ ਬਾਣੀ ਨੂੰ "ਗੁਰੂ ਗ੍ਰੰਥ ਸਾਹਿਬ ਦੀ ਕੁੰਜੀ" ਦਾ ਵਰ ਦਿੱਤਾ।

ਆਪ ਦੀ ਬਾਣੀ ਵਿਚ ਗੁਰ ਉਪਮਾਂ ਤੇ ਸਿੱਖੀ ਸਿਦਕ ਦਾ ਵਿਚਾਰ ਭਰਿਆ ਪਿਆ ਹੈ। ਆਪ ਨੇ ਆਪਣੀਆਂ ਵਾਰਾਂ ਵਿਚ ਪ੍ਰਸਿੱਧ ਅਖਾਣਾਂ ਨੂੰ ਚੰਗੀ ਤਰ੍ਹਾਂ ਪ੍ਰਗਟ ਕੀਤਾ ਹੈ। ਵੇਖੋ ਵਨਗੀ:—

ਲੈਲਾ ਮਜਨੂੰ ਆਸਕੀ ਚਹੁੰ ਚੱਕੀ ਜਾਤੀ
ਸੋਰਠ ਬੀਜਾ ਗਾਵੀਐ ਜਸ ਸੁਘੜਾ ਵਾਤੀ
ਸਸੀ ਪੁੰਨੂੰ ਦੋਸਤੀ ਹੋਇ ਜਾਤ ਅਜਾਤੀ
ਮਹੀਂਵਾਲ ਨੋ ਸੋਹਣੀ ਨੈ ਤਰਦੀ ਰਾਤੀ
ਰਾਂਝਾ ਹੀਰ ਵਖਾਣੀਐ ਓਹ ਪਿਰਮ ਪਰਾਤੀ
ਪੀਰ ਮੁਰੀਦਾਂ ਪਿਰਹੜੀ ਗਾਵਣ ਪਰਭਾਤੀ

ਅਮਲੀ ਅਮਲ ਨ ਛਡਨੀਂ ਹੋਇ ਬਹਿਣ ਇਕੱਠੇ
ਜਿਉਂ ਜੂਏ ਜੁਆਰੀਆ ਲਗ ਦਾਉ ਉਪੱਠੇ
ਚੋਰੀ ਚੋਰ ਨ ਪੱਲਰਹਿ ਦੁਖ ਸਹਿਣ ਗਰੱਠੇ
ਰਹਿਣ ਨ ਗਨਕਾ ਵਾੜਿਅਹੁ ਵਿ ਕਰਮੀਂ ਲੱਠੇ
ਪਾਪੀ ਪਾਪ ਕਮਾਂਵਦੇ ਓਇ ਫਿਰਦੇ ਨੱਠੇ
ਪੀਰ ਮੁਰੀਦਾਂ ਪਿਰਹੜੀ ਸਭ ਪਾਪ ਪਣੱਠੇ

ਦੇਖ ਪਰਾਈਆਂ ਚੰਗੀਆਂ ਮਾਵਾਂ ਭੈਣਾਂ ਧੀਆਂ ਜਾਣੈ
ਉਸ ਸੂਅਰ ਉਸ ਗਾਇ ਹੈ ਪਰ ਧਨ ਹਿੰਦੂ ਮੁਸਲਮਾਣੈ
ਪੁਤ੍ਰ ਕਲਤ੍ਰ ਕੁਟੰਬ ਦੇਖ ਮੋਹੈ ਮੋਹਿਨ ਧੋਹਿ ਧਿਙਾਣੈ
ਉਸਤਤ ਨਿੰਦਾ ਕੰਨ ਸੁਣ ਆਪਹੁ ਬੁਰਾ ਨ ਆਖ ਵਖਾਣੈ
ਵਡ ਪਰਤਾਪ ਨ ਆਪ ਗਣ ਕਰ ਅਹੰਮੇਉ ਨ ਕਿਸੈ ਰਵਾਣੈ
ਗੁਰਮੁਖ ਸੁਖ ਫਲ ਪਾਇਆ ਰਾਜ ਜੋਗ ਰਸ ਰਲੀਆਂ ਮਾਣੈ
ਸਾਧ ਸੰਗਤਿ ਵਿੱਟਹੁ ਕੁਰਬਾਣੈ।

Digitized by Panjab Digital Library | www.panjabdigilib.org

ਸੁਖ ਰਾਜੇ ਹਰੀ ਚੰਦ ਘਰ ਨਾਰਿ ਸੁ ਤਾਰਾ ਲੋਚਨ ਰਾਣੀ
ਸਾਧ ਸੰਗਤਿ ਮਿਲ ਗਾਂਵਦੇ ਰਾਤੀਂ ਜਾਇ ਸੁਣੈ ਗੁਰਬਾਣੀ
ਪਿਛੋਂ ਰਾਜਾ ਜਾਗਿਆ ਅੱਧੀ ਰਾਤ ਨਿਖੰਡ ਵਿਹਾਣੀ
ਰਾਣੀ ਦਿਸ ਨ ਆਂਵਦੀ ਮਨ ਵਿਚ ਵਰਤ ਗਈ ਹੈਰਾਣੀ
ਹੋਰਤ ਰਾਤੀ ਉਠ ਕੇ ਚਲਿਆ ਪਿਛੇ ਤਰਲ ਜੁਆਣੀ
ਰਾਣੀ ਪਹੁਤੀ ਸੰਗਤੀ ਰਾਜੇ ਖੜੀ ਖੜਾਉਂ ਨਿਸਾਣੀ
ਸਾਧ ਸੰਗਤਿ ਆਰਾਧਿਆ ਜੋੜੀ ਜੁੜੀ ਖੜਾਉਂ ਪੁਰਾਣੀ
ਰਾਜੇ ਡਿਠਾ ਚਲਿਤ ਇਹ ਇਹ ਖੜਾਂਵ ਹੈ ਚੋਜ ਵਿਡਾਣੀ
ਸਾਧ ਸੰਗਤ ਵਿਟਹੁ ਕੁਰਬਾਣੀ।

ਮਦ ਵਿੱਚ ਰਿੱਧਾ ਪਾਇ ਕੈ ਕੁੱਤੇ ਦਾ ਮਾਸ
ਧਰਿਆ ਮਾਣਸ ਖੋਪਰੀ ਤਿਸ ਮੰਦੀ ਵਾਸ
ਰਤੂ ਭਰਿਆ ਕਪੜਾ ਕਰ ਕੱਜਣ ਤਾਸ
ਢਕ ਲੈ ਚਲੀ ਚੂਹੜੀ ਕਰ ਭੋਗ ਬਿਲਾਸ
ਆਖ ਸੁਣਾਏ ਪੁਛਿਆ ਲਾਹੇ ਵਿਸਵਾਸ
ਨਦਰੀ ਪਵੇ ਅਕਿਰਤਘਣ ਮਤ ਹੋਇ ਵਿਣਾਸ

# ਬਿਹਾਰੀ ਜੀ !

ਸ੍ਰ: ਬਹਾਦਰ ਸ੍ਰ: ਕਾਹਨ ਸਿੰਘ ਜੀ ਆਫ ਨਾਭਾ ਨੇ ਆਪਣੇ ਕੋਸ਼ ਵਿਚ ਜਿਥੇ ਦਸਮੇਸ਼ ਗੁਰੂ ਦੇ ਪਰ ਕਵੀਆਂ ਦਾ ਹਾਲ ਲਿਖਿਆ ਹੈ, ਓਥੇ ਬਿਹਾਰੀ ਜੀ ਦਾ ਕੋਈ ਜ਼ਿਕਰ ਨਹੀਂ ਕੀਤਾ। ਏਸੇ ਤਰ੍ਹਾਂ, ਭਾਈ ਗਿਆਨ ਸਿੰਘ ਜੀ ਗਿਆਨੀ ਨੇ ਤਵਾਰੀਖ ਗੁਰੂ ਖਾਲਸਾ ਸਤ ਜਿਲਦਾਂ ਵਿਚ ਮੁਕੰਮਲ ਲਿਖੀ ਹੈ, ਓਸ ਵਿਚ ਗੁਰੂ ਸਾਹਿਬ ਦੇ ਕਵੀਆਂ ਦਾ ਜਿਥੇ ਤਜ਼ਕਰਾ ਕੀਤਾ ਹੈ, ਬਿਹਾਰੀ ਜੀ ਦਾ ਕੋਈ ਜ਼ਿਕਰ ਨਹੀਂ ਕੀਤਾ ਪਰ ਭਾ: ਸਾ: ਭਾ: ਵੀਰ ਸਿੰਘ ਜੀ ਨੇ ਕਲਗੀਧਰ ਚਮਤਕਾਰ ਦੀ ਸਾਖੀ ਇਬਰਾਹੀਮ ਅਜਮੇਰ ਸਿੰਘ ਵਿਚ ਲੱਖੀ ਜੰਗਲ ਦੇ ਹੋਏ ਕਵੀ ਦਰਬਾਰ ਵਿਚ ਹੋਰਨਾਂ ਕਵੀਆਂ ਦੇ ਨਾਲ ਬਿਹਾਰੀ ਦਾ ਨਾਂ ਵੀ ਕਈ ਵਾਰੀ ਆਂਦਾ ਹੈ।

ਸ੍ਰ: ਤੇਜਾ ਸਿੰਘ ਜੀ ਐਮ. ਏ. ਪ੍ਰੋਫੈਸਰ ਖਾਲਸਾ ਕਾਲਜ ਨੇ ਭੀ ਚੋਣਵੀਂ ਪੰਜਾਬੀ ਕਵਿਤਾ ਪੁਸਤਕ ਵਿਚ ਕਲਗੀਧਰ ਦੇ ਕਵੀਆਂ ਵਿਚ ਬਿਹਾਰੀ ਦਾ ਨਾਂ ਲਿਆ ਕੇ ਕਵਿਤਾ ਦਾ ਨਮੂਨਾ ਭੀ ਦਿਤਾ ਹੈ।

ਡਾਕਟਰ ਮੋਹਣ ਸਿੰਘ ਜੀ ਦੀਵਾਨਾ ਐਮ. ਏ. ਨੇ ਆਪਣੀ ਅੰਗਰੇਜ਼ੀ ਪੁਸਤਕ 'ਹਿਸਟਰੀ ਆਫ ਪੰਜਾਬੀ ਲਿਟਰੇਚਰ' ਵਿਚ ਬਿਹਾਰੀ ਕਵੀ ਦਾ ਨਾਮ ਤੇ ਉਸ ਦੀ ਕਵਿਤਾ ਦਾ ਨਮੂਨਾ ਦਿਤਾ ਹੈ। ਇਹ ਨਹੀਂ ਦਸਿਆ ਕਿ ਉਹ ਕੌਣ ਸਨ ਅਤੇ

Digitized by Panjab Digital Library | www.panjabdigilib.org

ਕਦੋਂ ਤੇ ਕਿੱਥੇ ਹੋਏ। ਬਿਹਾਰੀ ਜੀ ਭਾਵੇਂ ਗੁਰੂ ਜੀ ਦੇ ਵੇਲੇ ਜਾਂ ਪਿਛੋਂ ਅਗੋਂ ਹੋਏ ਹੋਣ ਉਨ੍ਹਾਂ ਦੇ ਨਾਂ ਨਾਲ ਕਵਿਤਾ ਜ਼ਰੂਰ ਮਿਲਦੀ ਹੈ। ਸੋ ਪਾਠਕਾਂ ਲਈ ਕੁਝ ਵਨਗੀ ਦਿਤੀ ਜਾਂਦੀ ਹੈ:—

ਲਿਖਾਰੀ ਵਿਚੋਂ:—

ਹਾਏ, ਮੁਹੱਬਤ ਕੇਹੀ ਲਾਈ, ਮੇਰੇ ਸੀਨੇ ਅੰਦਰ ਰੜਕੇ
ਜਿਉਂ ੨ ਵੇਖਾਂ ਬਾਗ ਮਾਹੀ ਦਾ, ਮੇਰੇ ਅੰਦਰ ਆਤਸ਼ ਭੜਕੇ
ਅੰਬੜੀ ਝਿੜਕੇ ਮੈਨੂੰ ਬਾਬਲ ਮਾਰੇ, ਮੈਨੂੰ ਵੀਰ ਬੁਲਾਵਨ ਲੜ ਕੇ
ਏਸ ਵਿਛੋੜੇ ਦੀ ਆਤਸ਼ ਕੋਲੋਂ, ਦਮ ਨਿਕਲ ਜਾਏਗਾ ਸੜ ਕੇ

ਡਾ: ਮੋਹਣ ਸਿੰਘ ਜੀ 'ਦੀਵਾਨਾ' ਦੀ ਅੰਗਰੇਜ਼ੀ ਪੁਸਤਕ ਵਿਚੋਂ:—

ਇਕ ਸਨੇਹਾ ਮੁਰਸ਼ਦ ਵਾਲਾ ਸੀਨੇ ਅੰਦਰ ਪੁੜਿਆ
ਹੁਣ ਤਾਂ ਮੁੜਦਿਆਂ ਬਣਦੀ ਨਾਹੀਂ ਸਨਮੁਖ ਮੱਥਾ ਜੁੜਿਆ
ਭੈਂਨੀ ਭੈਂਨੀ ਪਤਣ ਵੈਂਦਾਂ ਅਗਾਹੁ ਬੇੜਾ ਰੁੜਿਆ
ਤਿਨ੍ਹਾਂ ਨਾਲਹੁ ਤੁਟੀ ਚੰਗੀ ਸਿਦਕ ਜਿਨ੍ਹਾਂ ਦਾ ਮੁੜਿਆ

ਚੋਣਵੀਂ ਪੰਜਾਬੀ ਕਵਿਤਾ ਵਿਚੋਂ:—

ਆਸ਼ਕ ਆਸ਼ਕ ਸਭ ਕੋਈ ਆਖੇ ਟੇਢੀ ਪਗੜੀ ਧਰ ਕੇ
ਸਿਰ ਤੇ ਪਰੇ ਸਿਦਕ ਦਾ ਡੇਰਾ ਸਭ ਮੁੜ ਆਏ ਡਰ ਕੇ
ਮਾਣ ਮਣੀ ਤੇ ਖ਼ੁਦੀ ਤਕੱਬਰ ਕੋਈ ਨ ਰਹਿਓ ਜਰ ਕੇ
ਸੱਜਣਾਂ ਦੇ ਉਰ ਮਹਲ ਬਿਹਾਰੀ ਕੋਈ ਆਸ਼ਕ ਪਹੁਤਾ ਮਰ ਕੇ

# ਕਵੀ ਮੰਗਲ

ਆਪ ਗੁਰੂ ਗੋਬਿੰਦ ਸਿੰਘ ਜੀ ਦੇ ਦਰ ਕਵੀਆਂ ਵਿੱਚੋਂ ਸਨ। ਆਪ ਨੇ ਹਿੰਦੀ, ਪੰਜਾਬੀ ਅਤੇ ਪਹਾੜੀ ਬੋਲੀਆਂ ਵਿਚ ਬਚਨ ਆਖੇ ਹਨ ਅਤੇ ੧੭੫੩ ਬਿ: ਵਿਚ ਆਪ ਨੇ ਮਹਾਂ ਭਾਰਤ ਦੇ ਸ਼ੱਲਜ ਪਰਬ ਦਾ ਪੰਜਾਬੀ ਵਿਚ ਉਲਥਾ ਕੀਤਾ।

ਪੁਸਤਕ ਦੇ ਅੰਤ ਵਿਚ ਖ਼ੁਦ ਲਿਖਦੇ ਹਨ ਕਿ ੧੭੫੩ ਬਿ: ਵਿਚ ਮੈਂ ਨੇ ਉਲਥਾ ਕੀਤਾ ਅਤੇ ਗੁਰੂ ਗੋਬਿੰਦ ਸਿੰਘ ਜੀ ਨੇ ਖ਼ੁਸ਼ ਹੋ ਕੇ ਮੈਨੂੰ ਬੁਲਾਇਆ ਅਤੇ ਉਲਥਾ ਕਰਨ ਦਾ ਹੁਕਮ ਦਿਤਾ।

ਸ਼ਲ ਪਰਬ ਭਾਸ਼ਾ ਭਯੋ ਗੁਰ ਗੋਬਿੰਦ ਕੇ ਰਾਜ
ਅਰਬ ਖਰਬ ਭੁਯੋ ੧ਅਰਬ ਦੇਹ ਕਰ ਕਵਿ ਜਨ ਕੋ ਕਾਜ — ੧ ਧਨ
੨ ਜੋ ਲੋ ਧਰਮ, ਅਕਾਸ਼, ਗਿਰ, ਚੰਦ ਸੂਰ ਸੁਰਇੰਦ — ੨ਜਦ ਤਕ
੩ਤੌ ਲੌ ਚਿਰ ਜੀਵੇ ਜਗਤ ਸਾਹਿਬ ਗੁਰੂ ਗੋਬਿੰਦ — ੩ਤਦ ਤਕ

ਪਹਾੜੀ ਪੰਜਾਬੀ ਵਿੱਚ ਲਿਖਦੇ ਹਨ:—

ਅਨੰਦ ਦਾ ਵਾਜਾ ਨਿਤ ਵੱਜਦਾ ਅਨੰਦ ਪੁਰ

Digitized by Panjab Digital Library | www.panjabdigilib.org

ਸੁਣ ਸੁਣ ਸੁਧ ਭੁਲਦੀ ਏ ਖ਼ਨਰ ਨਾਹ ਦੀ ੪ ਗਾਜ਼ੀਆਂ
ਭੌ ਭਇਆ ਭਬੀਖਣੇ ਨੂੰ ਲੰਕਾ ਗੜ੍ਹ ਵੱਸਣੇ ਦਾ
ਫੇਰ ਅਸਵਾਰੀ ਆਵੰਦੀ ਏ ਪਮਹਾਂ ਬਾਹ ਦੀ ਪਵੜੀਆਂ ਬਾਂਹਾਂ ਵਾਲਾ [ਰਾਵਣ]
ਬਲ ਛਡ ਬਲੀ ਜਾਇ ਛੁਪਿਆ ਪਾਤਾਲ ਵਿੱਚ
ਫਤੇ ਦੀ ਨਿਸ਼ਾਨੀ ਜੀਦ੍ਹੇ ਦੁਵਾਰ ਦਰਗਾਹ ਦੀ
ਸਉਣੇ ਨ ਦੇਂਦੀ ਸੁਖੀ ੬ਦੁਜਣਾਂ ਨੂੰ ਰਾਤ ਦਿਨ ੬ਦੁਸ਼ਮਨ
ਨੌਬਤ ਗੋਬਿੰਦ ਸਿੰਘ ਗੁਰੂ ਪਾਤਸ਼ਾਹ ਦੀ ·

ਸ਼ਾਇਦ ਕਵੀ ਨੇ ਇਹ ਕਵਿਤਾ ਉਸ ਵੇਲੇ ਰਚੀ ਹੈ, ਜਦ ਗੁਰੂ ਗੋਬਿੰਦ ਸਿੰਘ ਜੀ ਸਿਖਾਂ ਨੂੰ ਇਕ ਪੰਥ ਦੀ ਸੂਰਤ ਵਿਚ ਤਰਤੀਬ ਦੇ ਚੁਕੇ ਸਨ ਅਤੇ ਸਿਖਾਂ ਨੂੰ ਅੰਮ੍ਰਿਤ ਛਕਾਣ ਦੀ ਰਸਮ ਅਦਾ ਹੋ ਚੁਕੀ ਸੀ। ਕਵੀ ਨੇ ਏਥੇ ਗੁਰੂ ਸਾਹਿਬ ਜੀ ਦਾ ਪਵਿਤ੍ਰ ਨਾਂ ਗੋਬਿੰਦ ਸਿੰਘ ਲਿਖਿਆ ਹੈ ਅਤੇ ਗੋਬਿੰਦ ਸਿੰਘ ਨਾਂ ਉਸ ਵੇਲੇ ਹੋਇਆ ਸੀ ਜਦ ਆਪ ਅੰਮ੍ਰਿਤ ਛਕ ਚੁਕੇ ਸਨ।

# ਕਮਾਲ

ਭਗਤ ਕਬੀਰ ਦੇ ਸਾਹਿਬਜ਼ਾਦੇ ਸਨ। ਭਗਤ ਕਬੀਰ ਬਨਾਰਸ ਦੇ ਰਹਿਣ ਵਾਲੇ ਸਨ। ਉਹ ਹਿੰਦੀ ਦੇ ਬਚਨ ਲਿਖਦੇ ਰਹੇ। ਭਗਤ ਕਮਾਲ ਨੂੰ ਕਿਉਂਕਿ ਪੰਜਾਬ ਵਿਚ ਆਉਣ ਦਾ ਸਮਾਂ ਮਿਲਿਆ, ਇਸ ਲਈ ਆਪ ਨੇ ਪੰਜਾਬੀ ਵਿਚ ਵੀ ਦੋਹੜੇ ਕਹੇ। ਇਨ੍ਹਾਂ ਵਿਚੋਂ ਇਕ ਦੋਹੜਾ ਇਹ ਹੈ ਜਿਸ ਵਿਚ ਕੁਝ ਹਿੰਦੀ ਭੀ ਵਰਤੀ ਹੈ।

ਸਮਝ ਬੂਝ ਦਿਲ ਖੋਜ ਪਿਆਰੇ, ਆਸ਼ਕ ਹੋ ਕੇ ਸੌਣਾ ਕਿਆ।
ਜਿਨ ਨੈਨਾਂ ਨੇ ਨੀਂਦ ਗਵਾਈ ਤਕੀਆ ਲੇਫ ਬਿਛੌਣਾ ਕਿਆ।
ਰੁਖਾ ਸੁਖਾ ਗ਼ਮ ਦਾ ਟੁਕੜਾ, ਚਿਕਣਾ ਅਤੇ ਸਲੋਣਾ ਕਿਆ।
ਪਾਇਆ ਹੈ ਤੋ ਕਰ ਲੇ ਸਾਰੀ, ਪਾਏ ਪਾਏ ਫਿਰ ਖੋਣਾ ਕਿਆ।
ਕਹਿਤ ਕਮਾਲ ਪ੍ਰੇਮ ਕੇ ਮਾਰਗ ਸੀਸ ਦੀਆ ਫਿਰ ਰੋਣਾ ਕਿਆ।

# + ਜਲ੍ਹਣ

ਇਹ ਸੰਧੂ ਜਟ ਸੀ। ਖੇਤੀ ਬਾੜੀ ਦਾ ਕੰਮ ਕਰਦਾ ਸੀ। ਪਿੰਡ ਭੜਾਣਾ ਜ਼ਿਲਾ ਲਾਹੌਰ ਦਾ ਰਹਿਣ ਵਾਲਾ ਸੀ। ਸ਼ਾਹ ਜਹਾਨ ਦੇ ਸਮੇਂ ਹੋਇਆ।।

ਬਾਵਾ ਬੁਧ ਸਿੰਘ ਇਸ ਦੇ ਹਾਲ ਵਿਚ ਲਿਖਦੇ ਹਨ ਕਿ ਇਕ ਵਾਰੀ ਕਿਸੇ ਨੇ ਜਲ੍ਹਣ ਤੋਂ ਰੱਬ ਬਾਰੇ ਪੁਛਿਆ। ਉੱਤਰ ਦਿੱਤਾ--

Digitized by Panjab Digital Library | www.panjabdigilib.org

"ਰੱਬ ਦਾ ਕੀ ਪਾਉਣਾ, ਏਧਰੋਂ ਪੁਟਣਾ ਤੇ ਓਧਰ ਲਾਉਣਾ"

ਪਰ ਇਹ ਹੀ ਉਤਰ ਬੁਲ੍ਹੇ ਸ਼ਾਹ ਦੇ ਹਾਲ ਵਿਚ ਆਉਂਦਾ ਹੈ। ਜਦੋਂ ਬੁਲ੍ਹੇ ਸ਼ਾਹ ਨੇ ਪੀਰ ਇਨਾਇਤ ਸ਼ਾਹ [ਜੋ ਅਰਾਈਂ ਸੀ] ਪਾਸੋਂ ਪੁਛਿਆ ਤਾਂ ਉਨ੍ਹਾਂ ਨੇ ਇਹ ਉਤਰ ਦਿਤਾ:-

"ਰਬ ਦਾ ਕੀ ਪਾਉਣਾ, ਏਧਰੋਂ ਪੁਟਣਾ ਤੇ ਓਧਰ ਲਾਉਣਾ।"

ਪਰ ਬਾਵਾ ਜੀ ਨੇ ਇਸ ਨੂੰ ਜਲ੍ਹਣ ਦਾ ਕਿਹਾ ਹੀ ਦੱਸਿਆ ਹੈ।

ਜਲ੍ਹਣ ਸੂਫੀਆਨਾ ਖਿਆਲਾਂ ਦਾ ਬੰਦਾ ਸੀ। ਰਾਮ ਨਾਮ ਦਾ ਜਾਪ ਕਰਿਆ ਕਰਦਾ ਸੀ। ਆਪ ਦਾ ਗੁਰਦਵਾਰਾ ਢਾਲਾ ਨੁਸ਼ਹਿਰਾ ਮਾਝੇ ਵਿਚ ਬਣਿਆ ਹੋਇਆ ਹੈ। ਜਲ੍ਹਣ ਜੱਟ ਨੇ ਸੋਲ੍ਹਵੀਂ ਸਦੀ ਦੇ ਅਖੀਰ ਵਿਚ ਜਹਾਂਗੀਰ ਦੇ ਸਮੇਂ ਜਨਮ ਲਿਆ ਅਤੇ ੧੬੪੪ ਵਿਚ ਬਹਾਦਰ ਸ਼ਾਹ ਦੇ ਸਮੇਂ ਗੁਰੂ ਗੋਬਿੰਦ ਸਿੰਘ ਦੇ ਚਲਾਣੇ ਤੋਂ ਇਕ ਸਾਲ ਪਹਿਲੋਂ ਚਲ ਬਸੇ।

ਵੰਨਗੀ—ਜਲ੍ਹਣ:—

ਨਿਕੇ ਹੁੰਦਿਆਂ ਢੱਗੇ ਚਾਰੇ, ਵਡੇ ਹੋਏ ਹਲ ਵਾਹਿਆ।
ਬੁਢੇ ਹੋਏ ਮਾਲਾ ਫੇਰੀ, ਰੱਬ ਦਾ ਉਲਾਂਭਾ ਲਾਹਿਆ।

ਵੱਡਾ ਕਿਕਰ ਵਢਕੇ ਜਪ-ਮਾਲ ਬਣਾਇਆ
ਉਚੇ ਟਿਬੇ ਬਹਿ ਕੇ ਠਾਹ ਠਾਹ ਵਜਾਇਆ।

ਲੋਕਾਂ ਦੀਆਂ ਜਪ-ਮਾਲੀਆਂ ਜਲ੍ਹਣ ਦਾ ਜਪ-ਮਾਲ।
ਸਾਰੀ ਉਮਰ ਜਪੇਂਦਿਆਂ ਇਕ ਨ ਖੁੱਥਾ ਵਾਲ।

# ਸ਼ਾਹ ਹੁਸੈਨ

੧ ਪਿਤਾ ਦਾ ਨਾਂ ਸ਼ੇਖ ਉਸਮਾਨ, ਸਾਕਨ ਲਾਹੌਰ। ਆਪ ਦੇ ਪਿਤਾ ਇਕ ਮੁਅਜ਼ਜ਼ ਹਿੰਦੂ ਰਾਜਪੂਤ ਸਨ ਜੋ ਸ਼ਾਹ ਹਮਾਯੂੰ ਦੇ ਸਮੇਂ ਮੁਸਲਮਾਨ ਹੋ ਗਏ ਅਤੇ ਉਹਨਾਂ ਨੇ ਆਪਣਾ ਨਾਂ ਕਲਸ ਰਾਏ ਦੀ ਥਾਂ ਸ਼ੇਖ਼ ਉਸਮਾਨ ਬਦਲ ਲਿਆ।

ਸ਼ਾਹ ਹੁਸੈਨ ਦਾ ਜਨਮ ੯੪੫ ਹਿ: (੧੫੩੯ ਈਸਵੀ) ਵਿਚ ਹੋਇਆ। ਕਰਤਾ ਹਕੀਕਤ ਉਲ ਫਕਰਾ ਲਿਖਦੇ ਹਨ:—

ਚੂੰ ਵਜੂਦਿ ਮੁਬਾਰਕਸ਼ ਬਜਹਾਂ ਆਮਦ ਅਜ਼ ਪਰਦਾਇ ਅਦਮ ਬਵਜੂਦ
ਬੂਦ ਆਂ ਸਾਲ ਦਰ ਸ਼ੁਮਾਰਿ ਅਦਦ ਚਹਿਲੋ (੪੦) ਪੰਜ (੫) ਜ਼ਿਆਦਾ ਬਰ ਨੌ (੯) ਸਦ

ਚੌਥੀ ਤੁਕ ਵਿਚ ਸੰਨ ੯੪੫ ਵਿਚ ਆਪ ਦਾ ਜਨਮ ਦਸਿਆ ਗਿਆ ਹੈ।

ਆਪ ਮੌਲਵੀ ਅਬੂਬਕਰ ਸਾਹਿਬ ਦੀ ਦਰਸਗਾਹ ਵਿਚ ਦਾਖਲ ਹੋਏ ਜੋ ਉਨ੍ਹਾਂ ਦਿਨਾਂ ਵਿਚ ਟਕਸਾਲੀ ਦਰਵਾਜ਼ੇ ਦੇ ਬਾਹਰ ਦਰਯਾ ਦੇ ਕੰਢੇ ਵਾਕਿਆ ਸੀ। ਆਪ ਨੇ ਦਸ਼ ਸਾਲ ਦੀ ਉਮਰ ਵਿਚ ਹੀ ਕੁਰਆਨ ਸ਼ਰੀਫ਼ ਕੰਠ ਕਰ ਲਿਆ।

ਆਪ ਬਾਰੇ ਇਕ ਰਵਾਇਤ ਹੈ ਕਿ ਜਦ ਆਪ ਸਤ੍ਵਾਂ ਪਾਰਾ ਕੰਠ ਕਰ ਰਹੇ

Digitized by Panjab Digital Library | www.panjabdigilib.org

ਸਨ, ਤਾਂ ਇਕ ਬਜ਼ੁਰਗ ਸ਼ੇਖ ਬਹਿਲੋਲ ਨਾਮੀ ਆਪ ਦੇ ਉਸਤਾਦ ਪਾਸ ਆਏ। ਉਨ੍ਹਾਂ ਨੇ ਮੌਲਵੀ ਸਾਹਿਬ ਨੂੰ ਆਖਿਆ ਕਿ ਵੁਜ਼ੂ ਲਈ ਪਾਣੀ ਮੰਗਵਾ ਦਿਓ। ਮੌਲਵੀ ਸਾਹਿਬ ਨੇ ਹੁਸੈਨ ਨੂੰ ਆਖਿਆ ਅਤੇ ਆਪ ਦਰਯਾ ਵਿਚੋਂ ਲੋਟਾ ਭਰ ਲਿਆਏ। ਉਹਨਾਂ ਨੇ ਵੁਜ਼ੂ ਕਰ ਕੇ ਆਪ ਲਈ ਦੁਆਇ ਖ਼ੈਰ ਕੀਤੀ ਅਤੇ ਆਪ ਨੂੰ ਕੁਰਆਨ ਸ਼ਰੀਫ਼ ਛੇਤੀ ਕੰਠ ਹੋ ਗਿਆ। ਇਸ ਪਿਛੋਂ ਸ਼ੇਖ਼ ਬਹਿਲੋਲ ਨੇ ਆਪ ਨੂੰ ਅੰਦਰੂਨੀ ਗਿਆਨ ਦਿੱਤਾ ਅਤੇ ਆਪ ਜ਼ਾਹਰਲੀ ਵਿਦਿਆ ਨਾਲੋਂ ਆਤਮ ਗਿਆਨ ਤੋਂ ਛੇਤੀ ਵਾਕਫ਼ ਹੋ ਕੇ ਨਮਾਜ਼, ਰੋਜ਼ਾ ਅਤੇ ਭਗਤੀ ਮਾਰਗ ਵਿਚ ਦ੍ਰਿੜ੍ਹ ਹੋ ਗਏ।

ਆਪ ਦੇ ਪਿਤਾ ਸ਼ੇਖ ਉਸਮਾਨ ਨੇ ਗਰੀਬੀ ਕਾਰਨ ਜੁਲਾਹਿਆਂ ਦਾ ਪੇਸ਼ਾ ਧਾਰਨ ਕੀਤਾ। ਆਪ ਭੀ ਵਿਹਲੇ ਸਮੇਂ ਕਪੜਾ ਉਣਨ ਦਾ ਕੰਮ ਕਰਦੇ ਰਹੇ। ਸਭ ਲੋਕ ਆਪ ਨੂੰ ਜੁਲਾਹੇ ਜਾਣਦੇ ਸਨ।

ਇਕ ਵਾਰੀ ਆਪ ਸ਼ੇਖ ਅਸਦ ਉਲਾ ਨਾਮੀ ਉਸਤਾਦ ਪਾਸੋਂ ਤਫ਼ਸੀਰ ਮਦਾਰਕ ਪੜ੍ਹਨ ਲਈ ਗਏ। ਇਕ ਦਿਨ ਉਹਨਾਂ ਨੇ ਕਿਸੇ ਆਇਤ ਦਾ ਉਲਥਾ ਕਰਦੇ ਹੋਏ ਫ਼ੁਰਮਾਇਆ ਕਿ ਜ਼ਿੰਦਗੀ ਖੇਡ ਹੈ।

ਸ਼ੇਖ਼ ਹੁਸੈਨ ਨੇ ਆਖਿਆ ਕਿ ਜਦ ਖ਼ੁਦਾ ਨੇ ਦੁਨੀਆਂ ਦੀ ਜ਼ਿੰਦਗਾਨੀ ਨੂੰ ਖੇਡ ਦਸਿਆ ਹੈ ਤਾਂ ਉਸ ਦੀ ਸਾਰੀ ਖਲਕਤ ਭੀ ਖੇਡ ਹੀ ਹੈ। ਫੇਰ ਅਸੀਂ ਭੀ ਖੇਡ ਕਿਉਂ ਨਾ ਕਰੀਏ। ਇਹ ਕਹਿਕੇ ਆਪ ਵਿਦਿਆਲੇ ਵਿਚੋਂ ਬਾਹਰ ਆ ਗਏ। ਵਿਦਿਆ ਛਡ ਕੇ ਆਪ ਨੇ ਗੇਰੂਏ ਕਪੜੇ ਪਾ ਲਏ ਅਤੇ ਫਕੀਰੀ ਧਾਰਨ ਕਰ ਲੀਤੀ। ਇਸ ਗੇਰੂਏ ਲਿਬਾਸ ਕਰ ਕੇ ਆਪ ਲੋਕਾਂ ਵਿਚ ਲਾਲ ਹੁਸੈਨ ਦੇ ਨਾਂ ਤੇ ਉਘੇ ਹੋ ਗਏ। ਉਸ ਵੇਲੇ ਆਪ ਦੀ ਉਮਰ ੧੬ ਸਾਲ ਦੇ ਲਗ ਭਗ ਸੀ।

ਆਪ ਦੇ ਵਲੀ ਅੱਲਾ ਹੋਣ ਬਾਰੇ ਇਕ ਵਾਕਿਆ ਦਸਿਆ ਜਾਂਦਾ ਹੈ ਕਿ ਉਹਨਾਂ ਦਿਨਾਂ ਵਿਚ ਲਾਹੌਰ ਇਕ ਸੂਫ਼ੀ ਬਜ਼ੁਰਗ ਸ਼ੇਖ਼ ਹਸਨ ਸ਼ਾਹ ਉਰਫ਼ ਹੱਸੂ ਤੇਲੀ ਰਹਿੰਦੇ ਸਨ। ਉਨ੍ਹਾਂ ਨੇ ਰੁਜ਼ਗਾਰ ਲਈ ਮੋਤੀ ਦਰਵਾਜ਼ੇ ਲਾਗੇ ਚੌਕ ਝੰਡਾ ਵਿਚ ਤੇਲ ਦੀ ਦੁਕਾਨ ਖੋਲ੍ਹ ਰਖੀ ਸੀ ਅਤੇ ਹੱਸੂ ਤੇਲੀ ਦੇ ਨਾਂ ਤੇ ਉਘੇ ਸਨ। ਇਕ ਦਿਨ ਲਾਲ ਹੁਸੈਨ ਮਸਤੀ ਦੀ ਹਾਲਤ ਵਿਚ ਜਾ ਰਹੇ ਸਨ ਕਿ ਸ਼ੇਖ਼ ਹੱਸੂ ਨੇ ਮਖੌਲ ਨਾਲ ਆਖਿਆ ਕਿ ਰੱਬੀ ਦਰਬਾਰ ਵਿਚ ਤਾਂ ਪਹੁੰਚ ਨਹੀਂ ਇਹ ਉਛਲਣਾ ਕੁਦਣਾ ਕਿਸ ਸ਼ੇਖ਼ੀ ਉਤੇ ? ਪਰ ਲਾਲ ਹੁਸੈਨ ਬਿਨਾਂ ਉਤਰ ਦਿਤੇ ਲੰਘ ਗਏ।

ਸ਼ੇਖ਼ ਹੱਸੂ ਨੇ ਰਾਤ ਸਮੇਂ ਸੁਫ਼ਨੇ ਵਿਚ ਵੇਖਿਆ ਕਿ ਰਸੂਲ ਦਾ ਦਰਬਾਰ ਰੌਣਕ ਨਾਲ ਸਜਿਆ ਹੋਇਆ ਹੈ। ਇਕ ਬੱਚਾ ਹਜ਼ੂਰ ਦੀ ਗੋਦੀ ਵਿਚ ਆ ਬੈਠਦਾ ਹੈ। ਉਥੋਂ ਉਠ ਕੇ ਕਈ ਵਲੀਆਂ ਅਤੇ ਬਜ਼ੁਰਗਾਂ ਦੀ ਗੋਦੀ ਵਿਚ ਬਹਿੰਦਾ ਹੋਇਆ ਰਸੂਲ ਦੀ ਗੋਦ ਵਿਚ ਬੈਠਦਾ ਅਤੇ ਦਾੜ੍ਹੀ ਵਿਚੋਂ ਕੁਝ ਵਾਲ ਖਿਚ ਕੇ ਲੈ ਜਾਂਦਾ ਹੈ।

ਅਗਲੇ ਦਿਨ ਜਦ ਲਾਲ ਹੁਸੈਨ ਮਜ਼ਾਰ ਦਾਤਾ ਗੰਜ ਬਖ਼ਸ਼ ਨੂੰ ਜਾਂਦੇ ਹੋਏ ਦੁਕਾਨ ਪਾਸੋਂ ਲੰਘੇ ਤਾਂ ਹੱਸੂ ਨੇ ਮੁੜ ਉਹੀ ਅੱਖਰ ਦੁਹਰਾਏ। ਸ਼ਾਹ ਹੁਸੈਨ ਨੇ ਬਿਨਾਂ ਕੋਈ ਅੱਖਰ ਆਖੇ ਦਾਹੜੀ ਦੇ ਵਾਲ ਪੇਸ਼ ਕਰ ਦਿਤੇ, ਜਿਸ ਉਤੇ ਉਨ੍ਹਾਂ ਨੇ ਆਪ ਨੂੰ ਛਾਤੀ ਨਾਲ ਲਾ ਲਿਆ। ਇਸ ਤੋਂ ਛੁਟ ਆਪ ਦੀਆਂ ਬੇਸ਼ੁਮਾਰ ਕਰਾਮਾਤਾਂ ਦਾ

Digitized by Panjab Digital Library | www.panjabdigilib.org

ਜ਼ਿਕਰ ਕੀਤਾ ਜਾਂਦਾ ਹੈ, ਜਿਨ੍ਹਾਂ ਨੂੰ ਦੁਹਰਾਇਆਂ ਗਲ ਲੰਮੀਂ ਹੋ ਜਾਂਦੀ ਹੈ।

ਇਸ ਮਸਤੀ ਵਿੱਚ ਹੀ ਆਪ ਨੇ ਇਕ ਹੁਸੀਨ ਬ੍ਰਾਹਮਣ ਲੜਕੇ ਮਾਧੋ ਨੂੰ ਵੇਖਿਆ ਅਤੇ ਉਸ ਉਤੇ ਮੋਹਿਤ ਹੋ ਗਏ। ਮਾਧੋ ਇਕ ਭੋਲਾ ਭਾਲਾ ਤੇ ਸੁੰਦਰ ਸ਼ਕਲ ਵਾਲਾ ਗਰੀਬ ਬ੍ਰਾਹਮਣਾਂ ਦਾ ਪੁਤ੍ਰ ਸੀ। ਉਸ ਦਾ ਪਿਆਰ ਭੀ ਆਪ ਨਾਲ ਬਹੁਤ ਹੋ ਗਿਆ ਅਤੇ ਬਹੁਤ ਸਮਾਂ ਆਪ ਪਾਸ ਬਤੀਤ ਕਰਨ ਲਗ ਪਿਆ। ਜਦ ਉਸ ਦੇ ਮਾਪਿਆਂ ਨੂੰ ਪਤਾ ਲਗਾ ਤਾਂ ਉਨ੍ਹਾਂ ਨੇ ਉਸ ਨੂੰ ਮਨ੍ਹਾਂ ਕੀਤਾ ਅਤੇ ਉਸ ਨੂੰ ਛਾਬੜੀ ਲਾ ਦਿਤੀ ਤਾਂ ਇਸ ਪਾਸੇ ਲਗ ਜਾਵੇ।

ਇਕ ਦਿਨ ਮਾਧੋ ਘੁੰਗਣੀਆਂ ਦੀ ਛਾਬੜੀ ਲੈ ਕੇ ਸ਼ਾਹ ਹੁਸੈਨ ਪਾਸ ਗਿਆ। ਆਪ ਨੇ ਵੇਖਕੇ ਆਖਿਆ, ਮਾਧੋ! ਇਹ ਸੁਟ ਦੇ। ਉਸ ਨੇ ਸਾਰੀ ਛਾਬੜੀ ਬਿਨਾਂ ਨਾਂਹ ਨੁਕਰ ਦੇ ਉਲਟਾ ਦਿਤੀ ਪਰ ਪਿਛੋਂ ਖਿਆਲ ਆਇਆ ਕਿ ਜੇ ਖ਼ਾਲੀ ਹਥ ਵਾਪਸ ਗਿਆ ਤਾ ਮਾਂ ਮਾਰੇਗੀ। ਸ਼ਾਹ ਹੁਸੈਨ ਅਗੇ ਜਦ ਬੇਨਤੀ ਕੀਤੀ ਤਾਂ ਉਨ੍ਹਾਂ ਆਖਿਆ, ਛਾਬੜੀ ਵਿੱਚ ਕੋਲੇ ਭਰ ਕੇ ਲੈ ਜਾ ਅਤੇ ਜਾ ਕੇ ਭਾਂਡੇ ਵਿੱਚ ਰਖ ਦੇ।

ਰਾਤ ਪਈ ਤਾਂ ਮਾਧੋ ਘਰ ਪੁਜਾ। ਚੁਪ ਚਾਪ ਕੋਲਿਆਂ ਨੂੰ ਭਾਂਡੇ ਵਿਚ ਪਾ ਕੇ ਸੌਂ ਗਿਆ। ਦਿਨੇ ਮਾਂ ਨੇ ਪੁਛਿਆ, ਕਲ ਕੀ ਕਮਾ ਕੇ ਲਿਆਇਆ ਸੀ? ਮਾਧੋ ਨੇ ਉਤਰ ਦਿਤਾ, ਭਾਂਡੇ ਵਿਚ ਪਿਆ ਹੈ। ਮਾਂ ਨੇ ਛੇਤੀ ਨਾਲ ਉਠ ਕੇ ਭਾਂਡੇ ਵਿੱਚ ਵੇਖਿਆ ਤਾਂ ਉਸ ਦੀ ਹੈਰਾਨੀ ਦੀ ਹੱਦ ਨਾ ਰਹੀ ਜਦ ਉਸ ਨੇ ਵੇਖਿਆ ਕਿ ਭਾਂਡਾ ਰੁਪੈਆਂ ਨਾਲ ਭਰਿਆ ਪਿਆ ਹੈ। ਮਾਧੋ ਡਰ ਰਿਹਾ ਸੀ ਕਿ ਕੋਲੇ ਵੇਖ ਕੇ ਮਾਂ ਮਾਰੇਗੀ ਪਰ ਜਦ ਰੁਪੈ ਵੇਖੇ ਤਾਂ ਖ਼ੁਸ਼ ਹੋ ਗਿਆ ਅਤੇ ਮਾਂ ਨੂੰ ਛਾਬੜੀ ਡੋਲ੍ਹ ਕੇ ਕੋਲੇ ਲਿਆਉਣ ਦੀ ਸਾਰੀ ਕਹਾਣੀ ਸੁਣਾਈ ਜਿਸ ਕਰਕੇ ਉਸ ਦੀ ਮਾਂ ਸ਼ਾਹ ਹੁਸੈਨ ਦੀ ਸ਼ਰਧਾਲੂ ਹੋ ਗਈ। ਕਿਹਾ ਜਾਂਦਾ ਹੈ ਕਿ ਉਸ ਰੁਪੈ ਨਾਲ ਉਨ੍ਹਾਂ ਨੇ ਲੋਹਾਰੀ ਮੰਡੀ ਵਿਚ ਇਕ ਮਕਾਨ ਖਰੀਦ ਲਿਆ, ਜਿਸ ਕਾਰਨ ਉਨ੍ਹਾਂ ਦੀ ਜ਼ਿੰਦਗੀ ਸੌਖੀ ਬੀਤਣ ਲਗ ਪਈ।

ਹੁਣ ਮਾਧੋ ਬਹੁਤ ਹਦ ਤਕ ਸ਼ਾਹ ਸਹਿਬ ਜੋਗਾ ਹੋ ਗਿਆ ਅਤੇ ਹਰ ਵਕਤ ਉਨ੍ਹਾਂ ਦੇ ਨਾਲ ਜਾਂ ਉਨ੍ਹਾਂ ਪਾਸ ਰਹਿਣ ਲਗ ਪਿਆ।

ਆਪ ਦੇ ਇਸ਼ਕ ਅਤੇ ਪ੍ਰੇਮ ਦੀ ਕਹਾਣੀ ਲੋਕਾਂ ਵਿੱਚ ਉਘੀ ਹੋ ਚੁਕੀ ਸੀ। ਲੋਕ ਭਾਂਤ ੨ ਦੀਆਂ ਗਲਾਂ ਕਰ ਰਹੇ ਸਨ। ਇਸ ਬਦਨਾਮੀ ਤੋਂ ਬਚਣ ਲਈ ਮਾਧੋ ਦੇ ਮਾਪਿਆਂ ਨੂੰ ਖਿਆਲ ਆਇਆ ਕਿ ਇਸ ਨੂੰ ਕੁਝ ਸਮੇਂ ਲਈ ਹਰਦਵਾਰ ਲੈ ਜਾਇਆ ਜਾਏ। ਇਸ ਲਈ ਉਹ ਤਿਆਰ ਹੋ ਗਏ।

ਮਾਧੋ ਸ਼ਾਹ ਹੁਸੈਨ ਪਾਸ ਆਗਿਆ ਲੈਣ ਲਈ, ਆਇਆ। ਆਪ ਨੇ ਆਖਿਆ, ਇਸ ਸ਼ਰਤ ਉਤੇ ਆਗਿਆ ਦਿਤੀ ਜਾ ਸਕਦੀ ਹੈ ਕਿ ਤੇਰੇ ਮਾਪੇ ਪਹਿਲੋਂ ਚਲੇ ਜਾਣ; ਅਸੀਂ ਤੈਨੂੰ ਓਥੇ ਪੁਚਾ ਦਿਆਂਗੇ। ਮਾਧੋ ਦੇ ਮਾਪੇ ਅਕ ਕੇ ਤੁਰ ਗਏ ਅਤੇ ਮਾਧੋ ਆਪ ਪਾਸ ਰਹਿ ਗਿਆ। ਜਿਸ ਦਿਨ ਮਾਧੋ ਦੇ ਮਾਪੇ ਹਰਦਵਾਰ ਅਪੜੇ, ਸ਼ਾਹ ਹੁਸੈਨ ਨੇ ਮਾਧੋ ਦੀ ਬਾਂਹ ਫੜੀ ਅਤੇ ਆਖਿਆ, ਅੱਖਾਂ ਬੰਦ ਕਰਕੇ ਮੇਰੇ ਨਾਲ ਚਲੋ। ਅੱਖਾਂ ਬੰਦ ਕਰਕੇ ਜਦ ਖੋਲ੍ਹੀਆਂ ਤਾਂ ਮਾਧੋ ਮਾਪਿਆਂ ਪਾਸ ਹਰਦਵਾਰ ਸੀ।

ਵਾਪਸ ਆਉਣ ਪਿਛੋਂ ਉਹ ਪਹਿਲੇ ਨਾਲੋਂ ਜ਼ਿਆਦਾ ਆਪ ਪਾਸ ਰਹਿਣ

Digitized by Panjab Digital Library | www.panjabdigilib.org

ਲਗ ਪਿਆ ਜਿਸ ਕਰਕੇ ਲੋਕਾਂ ਦੇ ਸ਼ਕ ਹੋਰ ਵੀ ਵਧ ਗਏ।

ਇਕ ਦਿਨ ਦੀ ਗਲ ਹੈ, ਕਿ ਸ਼ਾਹ ਹੁਸੈਨ ਕਿਸੇ ਲੋਹਾਰ ਦੀ ਦੁਕਾਨ ਤੇ ਬੈਠੇ ਸਨ ਕਿ ਮਾਧੋ ਭੀ ਆ ਗਿਆ। ਲੋਕਾਂ ਨੇ ਇਸ਼ਾਰੇ, ਤਾਹਨੇ ਅਤੇ ਟੋਕਾਂ ਕਰਨੀਆਂ ਸ਼ੁਰੂ ਕਰ ਦਿਤੀਆਂ। ਆਪ ਨੇ ਲੋਹਾਰ ਨੂੰ ਆਖਿਆ ਕਿ ਲੋਹੇ ਦੀ ਇਕ ਲੰਮੀ ਸੀਖ ਤਪਾ ਦੇ। ਜਦ ਸੀਖ ਲਾਲ ਹੋ ਗਈ ਤਾਂ ਆਪ ਨੇ ਮਾਧੋ ਦੇ ਅੰਗਾਂ ਸਾਕਾਂ ਤੇ ਹੋਰ ਲੋਕਾਂ ਨੂੰ ਆਖਿਆ ਕਿ ਮਾਧੋ ਨਾਲ ਮੇਰੀ ਸਚੀ ਅਤੇ ਪਾਕ ਮੁਹਬਤ ਹੈ। ਮੈਂ ਇਮਤਿਹਾਨ ਦੇ ਤੌਰ ਤੇ ਅੱਖਾਂ ਵਿਚ ਇਹ ਤੱਪ ਕੇ ਲਾਲ ਹੋਈ ਸੀਖ ਫੇਰਦਾ ਹਾਂ, ਜੇ ਮੇਰੇ ਪ੍ਰੇਮ ਦਾ ਜ਼ਰਾ ਭਰ ਵੀ ਕਿਸੇ ਨਫ਼ਸਾਨੀ ਖਾਹਿਸ਼ ਨਾਲ ਸੰਬੰਧ ਹੋਵੇ ਤਾਂ ਰਬ ਮੈਨੂੰ ਅੰਨ੍ਹਾਂ ਕਰ ਦੇਵੇ। ਆਪ ਨੇ ਉਹ ਸਲਾਈ ਲੈ ਕੇ ਅੱਖਾਂ ਵਿੱਚ ਫੇਰ ਲਈ ਪਰ ਉਸ ਦਾ ਕੋਈ ਅਸਰ ਨਾ ਹੋਇਆ ਜਿਸ ਕਰ ਕੇ ਲੋਕਾਂ ਦਾ ਆਪ ਤੋਂ ਸ਼ਕ ਦੂਰ ਹੋ ਗਿਆ ਅਤੇ ਆਪ ਦੀ ਦਰਵੇਸ਼ੀ ਅਤੇ ਖੁਦਾ ਪ੍ਰਸਤੀ ਦੀਆਂ ਧੁੰਮਾਂ ਪੈ ਗਈਆਂ।

ਮਾਧੋ ਦੇ ਮਾਪੇ ਇਸ ਪ੍ਰੇਮ ਤੋਂ ਤੰਗ ਆ ਗਏ। ਇਕ ਦਿਨ ਉਸ ਦੀ ਮਾਤਾ ਨੇ ਆਖਿਆ, "ਹੁਣ ਸ਼ਾਹ ਹੁਸੈਨ ਪਾਸ ਉਕਾ ਨ ਜਾਈਂ। ਜੇ ਉਹ ਬੁਲਾਣ ਆਵੇ ਤਾਂ ਅਵਾਜ਼ ਨਾ ਦੇਈਂ।" ਮਾਧੋ ਨੇ ਅਜੇਹਾ ਹੀ ਕੀਤਾ। ਜਦ ਇਹ ਉਨ੍ਹਾਂ ਪਾਸ ਨਾ ਗਿਆ ਤਾਂ ਸ਼ਾਹ ਹੁਸੈਨ ਉਡੀਕ ੨ ਕੇ ਬੇਚੈਨ ਹੋਏ ਆਪ ਆਏ ਅਤੇ ਅਵਾਜ਼ ਦਿਤੀ ਪਰ ਕੁਝ ਉਤਰ ਨ ਆਇਆ। ਅੰਤ ਉਸ ਦੀ ਮਾਤਾ ਨੇ ਆਖਿਆ ਕਿ ਮਾਧੋ ਘਰ ਨਹੀਂ ਹੈ। ਆਪ ਨੇ ਬਾਰ ਬਾਰ ਏਹੀ ਪੁਛਿਆ ਕਿ ਕੀ ਮਾਧੋ ਸਚ ਮੁਚ ਹੀ ਘਰ ਨਹੀਂ? ਜਦ ਕਈ ਵਾਰੀ ਦੁਹਰਾਨ ਤੇ ਇਹੀ ਉਤਰ ਆਇਆ ਤਾਂ ਅੱਕ ਕੇ ਬੋਲੇ ਕਿ ਸਚ ਮੁਚ ਮਾਧੋ ਘਰ ਨਹੀਂ ਹੈ ਤਾਂ 'ਨਾ ਹੋਸੀ'। ਇਹ ਆਖ ਕੇ ਪਿਛਾਂ ਪਰਤ ਗਏ।

ਆਪ ਅਜੇ ਮੁੜੇ ਹੀ ਸਨ ਕਿ ਮਾਧੋ ਨੂੰ ਪੇਟ ਦਰਦ ਸ਼ੁਰੂ ਹੋ ਗਈ ਅਤੇ ਉਹ ਸ਼ਾਮ ਹੋਣ ਤੋਂ ਪਹਿਲਾਂ ਪਹਿਲਾਂ ਇੰਤਕਾਲ ਕਰ ਗਿਆ।

ਲੋਕ ਮਾਧੋ ਨੂੰ ਸ਼ਮਸ਼ਾਨ ਭੂਮੀ ਵਲ ਲੈ ਜਾ ਰਹੇ ਸਨ ਕਿ ਸ਼ਾਹ ਹੁਸੈਨ ਨੂੰ ਉਸ ਦੇ ਮਰਨ ਦਾ ਪਤਾ ਲਗਾ। ਆਪ ਵੀ ਮੁਤਹਿਰਾ ਫੜ ਕੇ ਨਾਲ ਹੋ ਤੁਰੇ। ਸ਼ਮਸ਼ਾਨ ਭੂਮੀ ਵਿਚ ਪੁਜ ਕੇ ਜਦ ਲਾਸ਼ ਨੂੰ ਲੰਬੂ ਲਾਣ ਲਣ ਲਗੇ ਤਾਂ ਸ਼ਾਹ ਹੁਸੈਨ ਆ ਗੱਜੇ ਅਤੇ ਲੰਬੂ ਲਾਣ ਤੋਂ ਮਨ੍ਹਾਂ ਕੀਤਾ।

ਆਪ ਨੇ ਮਾਧੋ ਦੀ ਮਾਂ ਨੂੰ ਆਖਿਆ ਕਿ ਹੁਣ ਮਾਧੋ ਮਰ ਗਿਆ ਹੈ, ਥੋੜੇ ਸਮੇਂ ਨੂੰ ਲਾਸ਼ ਵੀ ਸਵਾਹ ਹੋਸੀ। ਇਸ ਲਈ ਲਾਸ਼ ਸਾਨੂੰ ਦੇ ਦਿਓ। ਉਨ੍ਹਾਂ ਨੇ ਮਜਬੂਰ ਹੋ ਕੇ ਆਖਿਆ ਕਿ ਜੇ ਤੁਸੀਂ ਦੋ ਹਜ਼ਾਰ ਰੁਪਏ ਦੇ ਦਿਓ ਤਾਂ ਲਾਸ਼ ਆਪ ਨੂੰ ਮਿਲ ਜਾਵੇਗੀ। ਇਹ ਸੁਣ ਕੇ ਸ਼ਾਹ ਸਾਹਿਬ ਹੈਰਾਨ ਹੋਏ। ਰੁਪਏ ਫ਼ਕੀਰਾਂ ਪਾਸ ਕਿਥੋਂ! ਆਪ ਏਸੇ ਸੋਚ ਵਿੱਚ ਸਨ ਕਿ ਦੋ ਘੋੜ ਸਵਾਰ ਆਏ। ਉਨ੍ਹਾਂ ਪੁਛਿਆ, ਸ਼ਾਹ ਹੁਸੈਨ ਕਿਥੇ ਹਨ? ਲੋਕਾਂ ਨੇ ਆਪ ਵਲ ਇਸ਼ਾਰਾ ਕੀਤਾ ਤਾਂ ਉਨ੍ਹਾਂ ਨੇ ਹਜ਼ਾਰ ਹਜ਼ਾਰ ਦੀਆਂ ਦੋ ਥੈਲੀਆਂ ਭੇਟਾ ਕੀਤੀਆਂ ਅਤੇ ਆਖਿਆ, ਤੁਹਾਡੀ ਸੁਖਣਾ ਸੁੱਖੀ ਹੋਈ ਸੀ, ਸਾਡਾ ਕੰਮ ਹੋ ਗਿਆ ਹੈ।

ਆਪ ਨੇ ਮਾਧੋ ਦੀ ਮਾਂ ਨੂੰ ਥੈਲੀਆਂ ਫੜਾ ਕੇ ਮਾਧੋ ਦੀ ਬਾਂਹ ਫੜੀ ਅਤੇ ਆਖਿਆ ਚਲ ਮਾਧੋ, ਘਰ ਚਲੀਏ। ਇਹ ਸੁਣਦਿਆਂ ਹੀ ਮਾਧੋ ਅੰਗੜਾਈ ਲੈ ਕੇ ਉਠ ਬੈਠਾ ਅਤੇ

Digitized by Panjab Digital Library | www.panjabdigilib.org

ਉਸੇ ਤਰ੍ਹਾਂ ਸਣੇ ਖਫਣ ਆਪ ਨਾਲ ਤੁਰ ਪਿਆ। ਲੋਕ ਇਹ ਕੌਤਕ ਵੇਖ ਕੇ ਹੈਰਾਨ ਰਹਿ ਗਏ।

ਆਪ ਬਾਬਤ ਇਕ ਹੋਰ ਰਵਾਇਤ ਹੈ ਕਿ ਇਕ ਵਾਰੀ ਕਿਸੇ ਛਾਬੜੀ ਵਾਲੇ ਨੇ ਆਪ ਨੂੰ ਆਖਿਆ ਕਿ ਸ਼ਾਹ ਜੀ, ਮੇਰੇ ਏਨ੍ਹਾਂ ਖਰਬੂਜ਼ਿਆਂ ਦਾ ਧਿਆਨ ਰਖਣਾ, ਮੈਂ ਹੁਣੇ ਆਉਂਦਾ ਹਾਂ। ਆਪ ਬੈਠ ਗਏ ਅਤੇ ਮਸਤਾਨੀ ਲੈ ਵਿੱਚ ਅਵਾਜ਼ ਦੇਣ ਲਗੇ, ਟਕੇ ੨ ਖਰਬੂਜ਼ਾ ਨਾਲੇ ਪੁੱਤ੍ਰ। ਭਾਵ ਦੋ ਪੈਸੇ ਦਾ ਖਰਬੂਜ਼ਾ ਸਣੇ ਪੁਤ੍ਰ। ਕਹਿੰਦੇ ਹਨ, ਉਹ ਖਰਬੂਜ਼ੇ ਜਿਨ੍ਹਾਂ ਤੀਵੀਆਂ ਨੇ ਲਏ, ਸਭ ਦੇ ਘਰ ਪੁਤ੍ਰ ਹੋਏ।

ਆਪ ਦੇ ਕਮਾਲਾਤ ਅਤੇ ਕਰਾਮਾਤ ਦੀਆਂ ਸੈਂਕੜੇ ਕਹਾਣੀਆਂ ਉਘੀਆਂ ਹਨ।

ਆਪ ਦੇ ਸਮਕਾਲੀਆਂ ਵਿਚੋਂ ਗੁਰੂ ਅਰਜਨ ਦੇਵ ਜੀ ਅਤੇ ਛਜੂ ਭਗਤ ਕਾਬਲਿ ਜ਼ਿਕਰ ਹਨ।

ਆਪ ਪੰਜਾਬੀ ਵਿੱਚ ਕਾਫੀਆਂ ਲਿਖਣ ਤੋਂ ਛੁਟ ਫ਼ਾਰਸੀ ਵਿੱਚ ਵੀ ਸ਼ੇਅਰ ਕਹਿੰਦੇ ਰਹੇ ਪਰ ਕਾਫ਼ੀਆਂ ਜ਼ਿਆਦਾ ਉਘੀਆਂ ਹਨ ਆਪ ਨੇ ਦਸ ਸਾਲ ਦੀ ਉਮਰ ਵਿੱਚ ਪੀਰ ਕਮਾਲ ਪਾਇਆ। ੨੬ ਸਾਲ ਦੀ ਉਮਰ ਤਕ ਤਪ ਅਤੇ ਭਗਤੀ ਵਿੱਚ ਲਗੇ ਰਹੇ। ਇਸ ਪਿਛੋਂ ੨੭ ਸਾਲ ਰਿੰਦ ਅਤੇ ਮਸਤਾਨੇ ਰਹਿ ਕੇ ੬੩ ਸਾਲ ਦੀ ਉਮਰ ਭੋਗ ਕੇ ੧੦੦੮ ਹਿ: ਵਿੱਚ ਕੂਚ ਕਰ ਗਏ।

ਕਹਿੰਦੇ ਹਨ, ਆਪ ਆਪਣੇ ਮੁਰੀਦਾਂ ਅਤੇ ਮਿਤ੍ਰਾਂ ਸਣੇ ਦਰਯਾ ਰਵੀ ਦੀ ਸੈਰ ਨੂੰ ਆਏ, ਬੇੜੀ ਵਿੱਚ ਸਵਾਰ ਸਨ ਕਿ ਆਪ ਨੇ ਫਰਮਾਇਆ ਕਿ ਜੇ ਕਿਸੇ ਦਾ ਮਿਤ੍ਰ ਆਪਣੇ ਪਿਆਰੇ ਨੂੰ ਬੁਲਾਵੇ ਤਾਂ ਉਸ ਨੂੰ ਕੀ ਕਰਨਾ ਚਾਹੀਦਾ ਹੈ? ਉਨ੍ਹਾਂ ਉਤ੍ਰ ਦਿਤਾ, ਫ਼ੌਰਨ ਜਾਣਾ ਚਾਹੀਦਾ ਹੈ। ਇਸ ਉਤੇ ਆਪ ਨੇ ਫਰਮਾਇਆ ਕਿ ਮੇਰਾ ਮਿਤ੍ਰ ਰਬ ਮੈਨੂੰ ਬੁਲਾ ਰਿਹਾ ਹੈ। ਇਹ ਕਹਿ ਕੇ ਬੇੜੀ ਉਤੋਂ ਉਤਰੇ ਅਤੇ ਕੰਢੇ ਉਤੇ ਆ ਗਏ। ਆਪ ਚਾਦਰ ਲੈ ਕੇ ਲੇਟ ਗਏ। ਸਾਥੀਆਂ ਨੇ ਉਤਰ ਕੇ ਵੇਖਿਆ ਤਾਂ ਆਪ ਦੀ ਰੂਹ ਸਰੀਰ ਨੂੰ ਛੱਡ ਚੁਕੀ ਸੀ। ਉਨ੍ਹਾਂ ਨੇ ਸਬਰ ਕਰ ਕੇ ਆਪ ਨੂੰ ਆਪ ਦੀ ਨੀਯਤ ਕੀਤੀ ਥਾਂ ਉਤੇ ਦਰਯਾ ਰਾਵੀ ਦੇ ਕੰਢੇ ਦਫਨਾ ਦਿਤਾ।

ਲਗ ਭਗ ਬਾਰਾਂ ਸਾਲ ਪਿਛੋਂ ਦਰਯਾ ਰਾਵੀ ਵਿਚ ਹੜ੍ਹ ਆਇਆ, ਜਿਸ ਕਰ ਕੇ ਆਪ ਦੀ ਕਬਰ ਵਿਚ ਸ਼ਿਗਾਫ਼ ਆ ਗਿਆ। ਆਪ ਦੇ ਮਿਤ੍ਰਾਂ ਨੇ ਚਾਹਿਆ ਕਿ ਲਾਸ਼ ਨੂੰ ਏਥੋਂ ਚੁਕ ਕੇ ਬਾਗਬਾਨ ਪੁਰੇ ਵਿੱਚ ਦਫਨ ਕਰ ਦਿਤਾ ਜਾਵੇ, ਪਰ ਜਦ ਕਬਰ ਪੁੱਟੀ ਤਾਂ ਲੋਕੀਂ ਲਾਸ਼ ਨਾ ਵੇਖ ਕੇ ਹੈਰਾਨ ਰਹਿ ਗਏ। ਇਸ ਉਤੇ ਮੁਹੰਮਦ ਸਾਲੇਹ ਮਜ਼ਾਵਰ ਨੇ ਆਖਿਆ ਕਿ ਮੈਨੂੰ ਇਹ ਗਿਆਨ ਹੋਇਆ ਹੈ ਕਿ ਕਬਰ ਵਿੱਚ ਲਾਸ਼ ਦੀ ਥਾਂ ਗੁਲਦਸਤਾ ਮੌਜੂਦ ਹੈ। ਉਸ ਨੂੰ ਲੈ ਜਾ ਕ ਉਥੇ ਦਬ ਦਿੱਤਾ ਜਾਏ। ਜਦ ਕਬਰ ਨੂੰ ਚੰਗੀ ਤਰ੍ਹਾਂ ਪੁਟਿਆ ਗਿਆ ਤਾਂ ਸਚ ਮੁਚ ਉਸ ਵਿਚੋਂ ਗੁਲਦਸਤਾ ਮਿਲ ਗਿਆ ਜਿਸ ਨੂੰ ਦੋਬਾਰਾ ਨਿਮਾਜ਼ ਜਨਾਜ਼ਾ ਪੜ੍ਹ ਕੇ ਮੌਜੂਦਾ ਮਜ਼ਾਰ ਵਿੱਚ ਦਫਨ ਕੀਤਾ ਗਿਆ।

ਸ਼ਾਹ ਹੁਸੈਨ ਦੇ ਚਲਾਣੇ ਪਿਛੋਂ ਮਾਧੋ ਲਾਲ ਮਜ਼ਾਵਰ ਦੀ ਹੈਸੀਅਤ ਵਿੱਚ ਰਹੇ। ਅੰਤ ੯੪ ਸਾਲ ਦੀ ਲੰਮੀ ਜੁਦਾਈ ਪਿਛੋਂ ਆਪਣੇ ਪਿਆਰੇ ਨਾਲ ਜਾ ਰਲੇ ਅਤੇ ਉਨ੍ਹਾਂ ਨੂੰ ਆਪ ਦੇ ਮਜ਼ਾਰ ਦੇ ਕੋਲ ਦਫਨ ਕੀਤਾ ਗਿਆ।

ਕਹਿੰਦੇ ਹਨ ਕਿ ਇਕ ਵਾਰੀ ਸ਼ਾਹ ਹੁਸੈਨ ਨੇ ਮਾਧੋ ਲਾਲ ਨੂੰ ਆਖਿਆ ਸੀ ਕਿ

Digitized by Panjab Digital Library | www.panjabdigilib.org

ਜਿਸ ਤਰ੍ਹਾਂ ਸੀਤਾ ਰਾਮ ਵਿੱਚ ਸੀਤਾ ਦਾ ਨਾਂ ਅਤੇ ਰਾਧੇ ਕ੍ਰਿਸ਼ਨ ਵਿੱਚ ਰਾਧਾਂ ਦਾ ਨਾਂ ਕ੍ਰਿਸ਼ਨ ਨਾਲੋਂ ਪਹਿਲੋਂ ਆਉਂਦਾ ਹੈ ਇਸੇ ਤਰ੍ਹਾਂ ਲੋਕੀਂ ਮੇਰੇ ਨਾਂ ਨਾਲ ਪਹਿਲੋਂ ਤੇਰਾ ਨਾਂ ਲਿਆ ਕਰਨਗੇ। ਏਸੇ ਤਰ੍ਹਾਂ ਹੀ ਹੋਇਆ ਅਤੇ ਆਪ ਮਾਧੋ ਲਾਲ ਹੁਸੈਨ ਦੇ ਨਾਂ ਤੇ ਉਘੇ ਹੋ ਗਏ। ਇਹ ਨਾਂ ਏਨਾਂ ਪਰਚਲਤ ਹੋਇਆ ਕਿ ਲੋਕ ਇਸ ਨਾਂ ਨੂੰ ਕੇਵਲ ਇਕ ਪੁਰਸ਼ ਦਾ ਨਾਂ ਸਮਝਣ ਲਗ ਪਏ।

ਆਪ ਦਾ ਮਜ਼ਾਰ ਇਕ ਖਾਨਗਾਹ ਦੀ ਸ਼ਕਲ ਵਿਚ ਸ਼ਾਲਾ ਮਾਰ ਬਾਗ ਦੇ ਨੇੜੇ ਵਾਕਿਆ ਹੈ। ਇਸ ਦੇ ਤਿੰਨ ਦਰਵਾਜ਼ੇ ਹਨ। ਚੜ੍ਹਦੇ ਵਾਲਾ ਦਰਵਾਜ਼ਾ 'ਸੁਰਗੀ ਬੂਹਾ' ਦੇ ਨਾਂ ਤੇ ਉਘਾ ਹੈ।

ਆਪ ਦਾ ਉਰਸ ਹਰ ਸਾਲ ਹੁੰਦਾ ਹੈ। ਪਹਿਲਾਂ ਚੰਦ੍ਰਮਾਂ ਦੇ ਹਿਸਾਬ ਨਾਲ ਸੀ ਪਰ ੧੯੬੩ ਈ: ਤੋਂ ਹਰ ਚੇਤਰ ਦੀ ਚੌਧਵੀਂ ਨੂੰ ਮੁਕਰਰ ਹੋ ਗਿਆ ਹੈ। ਦੀਵਿਆਂ ਦੀ ਰੌਸ਼ਨੀ ਨਾਲ ਮਜ਼ਾਰ ਜਗਮਗਾ ਉਠਦਾ ਹੈ। ਇਹ ਉਰਸ ਮੇਲਾ ਚਰਾਗਾਂ ਦੇ ਨਾਂ ਤੇ ਹਰ ਥਾਂ ਉਘਾ ਹੈ।

ਇਸ ਮਜ਼ਾਰ ਉਤੇ ਮੁਸਲਮਾਨ ਬਾਦਸ਼ਾਹ, ਅਤੇ ਇਸ ਪਿਛੋਂ ਸਿੱਖ ਰਾਜੇ ਬਾਕਾਇਦਾ ਆ ਕੇ ਭੇਟਾ ਚੜ੍ਹਾਂਦੇ ਰਹੇ।

ਸਿਖਾਂ ਦੇ ਸਮੇਂ ਵਿਚ ਏਥੇ ਬਸੰਤ ਦਾ ਸ਼ਾਹੀ ਮੇਲਾ ਲਗਿਆ ਕਰਦਾ ਸੀ। ਮਹਾਰਾਜਾ ਰਣਜੀਤ ਸਿੰਘ ਅਤੇ ਇਸ ਪਿਛੋਂ ਮਹਾਰਾਜਾ ਸ਼ੇਰ ਸਿੰਘ ਆ ਕੇ ਸੈਂਕੜੇ ਰੁਪੈ ਵੰਡਿਆ ਕਰਦੇ ਸਨ। ਆਪ ਦੇ ਮਿਜ਼ਾਰ ਉਥੇ ਹਰ ਸਾਲ ਬਸੰਤੀ ਗਲਾਫ਼ ਚੜ੍ਹਾਇਆ ਜਾਂਦਾ ਸੀ। ਮਾਧੋ ਲਾਲ ਹੁਸੈਨ ਦੇ ਚਲਾਣੇ ਪਿਛੋਂ ਆਪ ਦੇ ਸੋਲਾਂ ਖ਼ਲੀਫੇ ਹੋਏ।

ਕਵਿਤਾ ਦੀ ਵੰਨਗੀ :–

ਸਜਨ ਬਿਨ ਰਾਤੀਂ ਹੋਈਆਂ ਵਡੀਆਂ
ਮਾਸ ਝੜੇ ਝੜ ਪਿੰਜਰ ਹੋਇਆ ਕਣਕਣ ਹੋਈਆਂ ਹੱਡੀਆਂ
ਇਸ਼ਕ ਛੁਪਾਇਆਂ, ਛਿਪਦਾ ਨਾਹੀਂ ਬ੍ਰਿਹੁੰ ਤਣਾਵਾਂ ਗੱਡੀਆਂ
ਰਾਂਝਾ ਜੋਗੀ ਮੈਂ ਜੁਗਿਆਣੀ ਕਮਲੀ ਕਰ ਕਰ ਸਦੀਆਂ
ਕਹੇ ਹੁਸੈਨ ਫਕੀਰ ਸਾਈਂ ਦਾ ਦਾਮਨ ਤੇਰੇ ਲਗੀਆਂ

ਇਸ਼ਕ ਫਕੀਰਾਂ ਦਾ ਕਾਇਮ ਦਾਇਮ ਕਬਹੂੰ ਨ ਥੀਵੇ ਬੇਹਾ
ਤੈਨੂੰ ਰੱਬ ਕਦੇ ਨਾ ਭੁਲੇ ਦੁਆ ਫ਼ਕੀਰਾਂ ਦੀ ਏਹਾ
ਹੋਰਨਾਂ ਨਾਲ ਹਸੰਦੀ ਖਿਡੰਦੀ ਸ਼ਾਹਾਂ ਤੋਂ ਘੁੰਗਟ ਕੇਹਾ
ਸ਼ਹੁ ਨਾਲ ਤੂੰ ਮੂਲ ਨ ਬੋਲੇਂ ਏਹ ਗੁਮਾਨ ਕਿਵੇਹਾ
ਚਾਰੇ ਨੈਣ ਗਡਾਵਡ ਹੋਏ ਵਿੱਚ ਵਿਚੋਲਾ ਕੇਹਾ
ਉਛਲ ਨਦੀਆਂ ਤਾਰੂ ਹੋਈਆਂ ਵਿੱਚ ਬੇੜਾ ਕੇਹਾ
ਆਪ ਖਾਨੀ ਏਂ ਦੁਧ ਮਲੀਦਾ ਸ਼ਾਹਾਂ ਨੂੰ ਚੁਕਰ ਬੇਹਾ
ਕਹੇ ਹੁਸੈਨ ਫਕੀਰ ਸਾਈਂ ਦਾ ਮਰ ਜਾਣਾ ਤਾਂ ਮਾਣ ਕੇਹਾ

ਗੱਲ ਵੇ ਕੀਤੀ ਅਸਾਡੇ ਖਿਆਲ ਪਈ
ਗਲ ਪਈ ਵੇ ਨਿਭਾਈ ਲੋੜੀਏ
ਸ਼ਮ੍ਹਾਂ ਦੇ ਪਰਵਾਨੇ ਵਾਂਗੂੰ
ਜਲਦਿਆਂ ਅੰਗ ਨ ਮੋੜੀਏ

Digitized by Panjab Digital Library | www.panjabdigilib.org

ਹਾਥੀ ਇਸ਼ਕ ਮਹਾਵਤ ਰਾਂਝਾ
ਅੰਕਸ ਦੇ ਦੇ ਹੋੜੀਏ
ਕਹੇ ਹੁਸੈਨ ਫਕੀਰ ਸਾਈਂ ਦਾ
ਲਗੜੀ ਪ੍ਰੀਤ ਨ ਤੋੜੀਏ

ਮਨ ਅਟਕਿਆ ਬੇ ਪਰਵਾਹ ਦੇ ਨਾਲ
ਉਸ ਦੀਨ ਦੁਨੀ ਦੇ ਸ਼ਾਹ ਦੇ ਨਾਲ

ਕਾਜ਼ੀ ਮੁਲਾਂ ਮਤੀਂ ਦੇਂਦੇ, ਖਰੇ ਸਿਆਣੇ ਰਾਹ ਦਸੇਂਦੇ
ਇਸ਼ਕ ਨੂੰ ਕੀ ਲਗੇ ਰਾਹ ਦੇ ਨਾਲ

ਨਦੀਓਂ ਪਾਰ ਰਾਂਝਣ ਦਾ ਠਾਣਾ ਕੀਤੇ ਕੌਲ ਜ਼ਰੂਰੀ ਜਾਣਾ
ਮਿਨਤਾਂ ਪਈ ਕਰਾਂ ਮਲਾਹ ਦੇ ਨਾਲ

ਕਹੇ ਹੁਸੈਨ ਫਕੀਰ ਨਮਾਣਾ ਦੁਨੀਆਂ ਛੋੜ ਆਖਰ ਚਲ ਜਾਣਾ
ਓੜਕ ਕੰਮ ਅੱਲਾਹ ਦੇ ਨਾਲ

ਕਿਤ ਗੁਣ ਲਗੇਂਗੀ ਸ਼ੋਹ ਨੂੰ ਪਿਆਰੀ॥
ਕਤਣ ਸਿਖ ਨੀ ਵਲਲੀਏ ਕੁੜੀਏ, ਚੜ੍ਹਿਆ ਲੋੜੇਂ ਖਾਰੀ।
ਤੰਦ ਤੁਟੀ ਅਟੇਰਨ ਭੰਨਾਂ ਚਰਖੇ ਦੀ ਕਰ ਕਾਰੀ
ਕਹੇ ਹੁਸੈਨ ਫਕੀਰ ਸਾਈਂ ਦਾ ਅਮਲਾਂ ਬਾਝ ਖੁਆਰੀ

ਨੀਂ ਸਈਓ ਅਸੀਂ ਨੈਣਾਂ ਦੇ ਆਖੇ ਲਗੇ
ਜਿਨ੍ਹਾਂ ਪਾਕ ਨਿਗਾਹਾਂ ਹੋਈਆਂ ਸੇ ਕਹੀਂ ਨ ਜਾਂਦੇ ਠੱਗੇ
ਕਾਲੇ ਪਟ ਨ ਚੜ੍ਹੇ ਸਫੇਦੀ ਕਾਗ ਨ ਥੀਂਦੇ ਬੱਗੇ
ਸ਼ਾਹ ਹੁਸੈਨ ਸ਼ਹਾਦਤ ਪਾਵਨ ਜੋ ਮਰਨ ਮਿਤ੍ਰਾਂ ਦੇ ਅਗੇ

ਸ਼ਾਹ ਹੁਸੈਨ ਦੀਆਂ ਕਾਫੀਆਂ ਛਪੀਆਂ ਹੋਈਆਂ ਭੀ ਹਨ ਪਰ ਬਹੁਤ ਸਾਰਾ ਕਲਾਮ ਆਪ ਦਾ ਕਵਾਲੀਆਂ ਕਥਕਾਂ ਦੇ ਸੀਨਿਆਂ ਵਿਚ ਚਲਾ ਆਉਂਦਾ ਹੈ॥

# ਲਾਲਾ ਦਮੋਦਰ ਦਾਸ

ਉਪਨਾਮ "ਦਮੋਦਰ" ਕੌਮ ਅਰੋੜਾ ਗੁਲ੍ਹਾਟੀ। ਵਸਨੀਕ ਝੰਗ॥

ਸਰ ਰਿਚਰਡ ਟੈਂਪਲ ਨੇ ਲਿਖਿਆ ਹੈ ਕਿ ਦਮੋਦਰ ਇਕ ਪਟਵਾਰੀ ਸੀ ਪਰ ਦਮੋਦਰ ਨੇ ਆਪਣਾ ਹਾਲ ਹੀਰ ਵਿਚ ਜੋ ਕੁਝ ਆਪ ਦਸਿਆ ਹੈ ਉਸ ਵਿੱਚ ਪਟਵਾਰੀ ਹੋਣ ਦਾ ਕੋਈ ਜ਼ਿਕਰ ਨਹੀਂ। ਉਸ ਦਾ ਆਪਣਾ ਬਿਆਨ ਹੈ ਕਿ ਚੂਚਕ ਅਕਬਰ ਦੇ ਸਮੇਂ ਇਕ ਰਈਸ ਸੀ। ਉਹ ਚੂਚਕ ਪਾਸ ਗਿਆ ਅਤੇ ਆਪਣੀ ਤੰਗੀ ਦੀ ਹਾਲਤ ਬਿਆਨ ਕੀਤੀ। ਮਹਿਰ ਚੂਚਕ ਨੇ ਜੋ ਸਿਆਲ ਕੌਮ ਦਾ ਅਮੀਰ ਸੀ ਉਸ ਨੂੰ ਦਿਲਾਸਾ ਦਿਤਾ ਅਤੇ ਉਸ ਦੇ ਰਹਿਣ ਲਈ ਥਾਂ ਅਤੇ ਗੁਜ਼ਾਰੇ ਆਦਿ ਦਾ ਪ੍ਰਬੰਧ ਕਰ ਦਿਤਾ। ਇਸ ਪਿਛੋਂ ਉਸ ਨੇ ਦਮੋਦਰ ਨੂੰ ਤਸੱਲੀ

Digitized by Panjab Digital Library | www.panjabdigilib.org

ਦੇ ਕੇ ਦੁਕਾਨ ਖੁਲ੍ਹਵਾ ਦਿਤੀ ਅਤੇ ਦਮੋਦਰ ਨੇ ਆਪਣੀ ਉਮਰ ਉਥੇ ਹੀ ਬਤੀਤ ਕੀਤੀ। ਲਿਖਦੇ ਹਨ:–

ਨਾਉਂ ਦਮੋਦਰ ਜ਼ਾਤ ਗੁਲ੍ਹਾਟੀ ਆਇਆ ਸਿਕ ਸਿਆਲੀਂ
ਆਪਣੇ ਮਨ ਵਿੱਚ ਮਸਲਤ ਕੀਤੀ ਬਹਿਕਿ ਉਥਾਈਂ ਜਾਲੀਂ
ਵੜਿਆ ਝੰਗ ਚੂਚਕ ਦੇ ਵੇਹੜੇ ਜਿਥੇ ਸਿਆਲ ਅਬਦਾਲੀਂ
ਆਖ ਦਮੋਦਰ ਖੁਸ਼ੀ ਹੋਈਅਸ ਵੇਖ ਇਨ੍ਹਾਂ ਦੀ ਚਾਲੀਂ

ਓਥੇ ਕੀਤਾ ਰਹਿਣ ਦਮੋਦੱਰ ਉਹ ਵਸਤੀ ਖੁਸ਼ ਆਹੀ
ਚੂਚਕ ਤੇ ਝੰਗ ਮਿਲਿਆ ਸੀ ਨਾਲੇ ਕੰਧੀ ਤਾਈ
ਚੂਚਕ ਬਹੁੰ ਦਿਲਾਸਾ ਕੀਤਾ ਤਾਂ ਦਲਗੀਰੀ ਲਾਹੀ
ਆਖ ਦਮੋਦਰ ਹੋਇਆ ਦਿਲਾਸਾ ਹਟੀ ਓਥੇ ਬਣਾਈ

ਪੇਂਡੂ ਲੋਕ ਬਹੁਤ ਕਰਕੇ ਅਨਪੜ੍ਹ ਹੁੰਦੇ ਹਨ। ਦਮੋਦਰ ਪੜ੍ਹਿਆ ਲਿਖਿਆ ਸੀ। ਸ਼ਾਇਦ ਸਿਆਲਾਂ ਨੇ ਉਸ ਨੂੰ ਆਪਣਾ ਹਿਸਾਬ ਕਿਤਾਬ ਅਤੇ ਖਤ ਪੜ੍ਹ ਲਿਖਣ ਵਾਸਤੇ ਓਥੇ ਹੀ ਰਖ ਲਿਆ ਹੋਵੇਗਾ। ਅਜ ਕਲ ਪੇਂਡੂ ਲੋਕ ਪੜ੍ਹੇ ਲਿਖੇ ਨੂੰ 'ਬਾਬੂ' ਕਰ ਕੇ ਸਦਦੇ ਹਨ ਪਰ ਪਹਿਲਾਂ ਪੜ੍ਹੇ ਲਿਖੇ ਆਦਮੀ ਨੂੰ ਮੁਨਸ਼ੀ, ਕਾਜ਼ੀ ਜਾਂ ਪਟਵਾਰੀ ਆਖਿਆ ਜਾਂਦਾ ਸੀ। ਇਸ ਲਈ ਹੋ ਸਕਦਾ ਹੈ ਕਿ ਓਦੋਂ ਪਟਵਾਰੀ ਪਦ ਨੂੰ ਪੜ੍ਹੇ ਲਿਖੇ ਕਾਰਦਾਰ ਆਖਦੇ ਹੋਣ ਜਾਂ ਮੁਨਸ਼ੀ ਦੇ ਅਰਥਾਂ ਵਿੱਚ ਬੋਲਦੇ ਹੋਣ ਅਤੇ ਇਸ ਤਰ੍ਹਾਂ ਸਰ ਰਿਚਰਡ ਟੈਂਪਲ ਨੇ ਦਮੋਦਰ ਨੂੰ ਪਟਵਾਰੀ ਸਮਝ ਲਿਆ ਹੋਵੇ। ਇਹ ਕਿਵੇਂ ਹੋ ਸਕਦਾ ਸੀ ਕਿ ਦਮੋਦਰ ਆਪਣੇ ਇਸ ਅਹੁਦੇ ਦਾ ਜ਼ਿਕਰ ਨ ਕਰਦਾ। ਉਸ ਦਾ ਆਪਣਾ ਬਿਆਨ ਤਾਂ ਇਹ ਹੈ ਕਿ ਆਖ ਦਮੋਦਰ ਹੋਇਆ ਦਿਲਾਸਾ ਹਟੀ ਓਥੇ ਬਣਾਈ। ਲਫਜ਼ "ਹੋਇਆ ਦਿਲਾਸਾ" ਤੋਂ ਭੀ ਸਾਫ਼ ਪ੍ਰਗਟ ਹੈ ਕਿ ਉਹ ਬੇਰੁਜ਼ਗਾਰ ਅਤੇ ਬੇਯਾਰੋ ਮਦਦਗਾਰ ਸੀ ਅਤੇ ਚਾਹੁੰਦਾ ਸੀ ਕਿ ਕੋਈ ਚੰਗਾ ਵਸੀਲਾ ਮਿਲ ਜਾਏ।

ਦਮੋਦਰ ਦੀ ਸ਼ਾਇਰੀ:– ਦਮੋਦਰ ਦੀ ਬੋਲੀ ਲਹਿੰਦੀ, ਪੋਠੋਹਾਰੀ ਅਤੇ ਲਾਹੌਰੀ ਰਲੀ ਮਿਲੀ ਹੈ। ਬਿਆਨ ਸਾਫ਼ ਅਤੇ ਸਾਦਾ ਹੈ। ਅਖਰ ਅਸਰ ਨਾਲ ਭਰੇ ਹੋਏ ਹਨ। ਉਸ ਦਾ ਬਿਆਨ ਹੈ ਕਿ ਹੀਰ ਰਾਂਝੇ ਦਾ ਵਾਕਿਆ ਉਸ ਦਾ ਅਖੀਂ ਡਿੱਠਾ ਹੈ। ਘੜੀ ਮੁੜੀ ਲਿਖਦਾ ਹੈ "ਆਖ ਦਮੋਦਰ ਮੈਂ ਅਖੀਂ ਡਿੱਠਾ" ਇਕ ਹੋਰ ਥਾਂ ਲਿਖਦਾ ਹੈ:–

ਅਖੀਂ ਡਿੱਠਾ ਕਿੱਸਾ ਕੀਤਾ ਮੈਂ ਤਾਂ ਗੁਣੀ ਨ ਕੋਈ
ਜ਼ੌਕ ਸ਼ੌਕ ਉਠੀ ਹੈ ਮੈਂਡੀ ਤਾਂ ਦਿਲ ਉਮਕ ਹੋਈ
ਅਸਾਂ ਮੂੰਹੋਂ ਅਲਾਇਆ ਓਹੋ, ਜੋ ਕੁਝ ਨਜ਼ਰ ਪਿਓ ਈ
ਆਖ ਦਮੋਦਰ ਕਰ ਕੇ ਕਿੱਸਾ ਜੋ ਸੁਣੇ ਸਭ ਕੋਈ

ਹੀਰ ਦੀ ਰਚਨਾ ਦਾ ਸੰਨ ਪੁਸਤਕ ਦੇ ਅੰਤ ਵਿਚ ਇਉਂ ਦਰਜ ਕੀਤਾ ਹੋਇਆ ਹੈ:–

ਪੰਦਰਾਂ ਸੌ ਅਤੇ ਉਨਤਰੀ ਸੰਮਤ ਬਿਕ੍ਰਮ ਰਾਏ
ਹੀਰ ਤੇ ਰਾਂਝਾ ਹੋਏ ਇਕਠੇ ਝਗੜੇ ਰਬ ਚੁਕਾਏ

Digitized by Panjab Digital Library | www.panjabdigilib.org

ਪਾਤਸ਼ਾਹੀ ਜੋ ਅਕਬਰ ਸੰਦੀ ਦਿਨ ਦਿਨ ਚੜ੍ਹੇ ਸੁਵਾਏ
ਆਖ ਦਮੋਦਰ ਦੇ ਅਸੀਸਾਂ ਸ਼ਹਿਰੋਂ ਬਾਹਰ ਆਏ

ਮਾਲੂਮ ਹੁੰਦਾ ਹੈ ਕਿ ਕਾਤਬ ਨੇ ਗਲਤੀ ਨਾਲ ਸੋਲਾਂ ਸੌ ਉੱਨਤਰੀ (੧੬੨੯) ਦੀ ਥਾਂ ਪੰਦਰਾਂ ਸੌ ਉੱਨਤਰੀ ਲਿਖ ਦਿਤਾ ਹੈ।

ਅਕਬਰ ਸਵਾ ਤੇਰ੍ਹਾਂ ਸਾਲ ਦੀ ਉਮਰ ਵਿਚ ੧੫੫੬ ਈ: ਮੁਤਾਬਕ ੧੬੧੩ ਬਿ: ਵਿਚ ਤਖ਼ਤ ਤੇ ਬੈਠਦਾ ਹੈ ਅਤੇ ੪੯ ਸਾਲ ਹਕੂਮਤ ਕਰਨ ਉਪ੍ਰੰਤ ੧੬੦੫ ਈ: ਮੁਤਾਬਕ ੧੬੬੨ ਬਿ: ਵਿਚ ਕੂਚ ਕਰਦਾ ਹੈ। ਇਸ ਹਿਸਾਬ ੧੬੨੯ ਬਿ: ਠੀਕ ਹੋ ਸਕਦਾ ਹੈ ਅਤੇ ਇਹ ਹੀ ਸੰਨ ਠੀਕ ਨਜ਼ਰ ਆਉਂਦਾ ਹੈ ਕਿਉਂ ਜੋ ਉਸ ਸਮੇਂ ਅਕਬਰ ਦਾ ਰਾਜ ਚੜ੍ਹਦੀਆਂ ਕਲਾਂ ਵਿਚ ਸੀ। ਕਵੀ ਬਾਰ ੨ ਅਕਬਰ ਦੀ ਉਪਮਾਂ ਕਰਦਾ ਲਿਖਦਾ ਹੈ:—ਪਾਤਸ਼ਾਹੀ ਜੋ ਅਕਬਰ ਸੰਦੀ ਦਿਨ ਦਿਨ ਚੜ੍ਹੇ ਸਵਾਏ।

ਭਾਈ ਗੁਰਦਾਸ ਜੀ ਨੇ ਆਪਣੀਆਂ ਵਾਰਾਂ ਵਿਚ ਆਸ਼ਕਾਂ ਮਸ਼ੂਕਾਂ ਦਾ ਜ਼ਿਕਰ ਕਰਦਿਆਂ ਹੀਰ ਰਾਂਝੇ ਦਾ ਨਾਮ ਭੀ ਵਰਤਿਆ ਹੈ। ਭਾਈ ਗੁਰਦਾਸ ਦਾ ਵੇਲਾ ੧੬੬੧ ਈ: ਦਾ ਹੈ। ਇਸ ਤੋਂ ਭੀ ਇਹੋ ਸਾਬਤ ਹੁੰਦਾ ਹੈ ਕਿ ਦਮੋਦਰ ਭਾਈ ਗੁਰਦਾਸ ਤੋਂ ਪੁਰਾਣਾ ਸੀ।

ਦਮੋਦਰ ਦੀ ਬੋਲੀ ਵਿਚ ਬਾਰ ਦੇ ਜਾਂਗਲੀਆਂ ਦੇ ਬਹੁਤ ਸਾਰੇ ਪਦ ਮਿਲਦੇ ਹਨ ਜਿਵੇਂ—ਬਾਰਾਂ ਵਰ੍ਹਿਆਂ ਦੀ ਛੋਹਰ ਹੋਈ ਤਾਂ ਰਾਂਝੇ ਅੱਖੀਂ ਲਾਈਆਂ।

ਖੇੜਿਆਂ ਦੀ ਜੰਵ ਅਤੇ ਮਿਲਣੀ ਦਾ ਜ਼ਿਕਰ ਕਰਦੇ ਹੋਏ ਲਿਖਦੇ ਹਨ:—

ਖਾਣਾ ਖਾ ਤਿਆਰੀ ਕੀਤੀ ਘਿਨਣ ਤਿਸਾਉਂ ਆਏ
ਮਿਲਣ ਮੁਹੱਬਤ ਨਾਲ ਹਸ ਕਰ ਹਿਕੋ ਹਿਕ ਮਿਲਾਏ
ਸੂਰਤ ਸ਼ਕਲ ਬਹੂੰ ਚਤਰਾਈ ਮਾਵਾਂ ਪੁਤ੍ਰ ਕਿਹਾ ਜਾਏ
ਆਖ ਦਮੋਦਰ ਚੰਦ ਸੂਰਜ ਦੋ ਜਨ ਜਾਲੀ ਆਨ ਵਹਾਏ

ਹੀਰ ਆਪਣੇ ਪ੍ਰੇਮ ਦਾ ਹਾਲ ਇਉਂ ਵਰਨਣ ਕਰਦੀ ਹੈ:—

ਨਾ ਕੋਈ ਆਖੇ ਹੀਰੇ ਮੈਨੂੰ ਨਾ ਕਹੁ ਕੋਈ ਸਲੇਟੀ
ਜ਼ਾਤ ਸਨਾਤ ਪਛਾਣੋ ਨਾਹੀਂ, ਮੈਂ ਚਾਕੇ ਨਾਲ ਚਕੇਟੀ
ਕਿਦਨ ਚੂਚਕ ਮਾਂ ਪਿਉ ਮੈਂਡਾ ਮੈਂ ਕਦ ਇਨ੍ਹਾਂ ਦੀ ਬੇਟੀ
ਦਾਵਨ ਆਏ ਲਗੀ ਲੜ ਤੈਂਡੇ ਜੇ ਪਵਾਂ ਕਬੂਲ ਜਟੇਟੀ

ਕੁੜੀਆਂ ਦੇ ਨਿਤ ਕਰਮ ਨੂੰ ਇਉਂ ਵਰਨਣ ਕਰਦੇ ਹਨ:—

ਤਾਂ ਪਹਿਲੇ ਪਹਿਰੇ ਕੁਲ ਆਤਨ, ਸਾਗ ਰੋਟੀ ਮਖਣ ਖਾਵੇ
ਦੂਜੇ ਪਹਿਰੇ ਪੀਂਘਾਂ ਤੇ ਪੀਂਘਣ ਘੁੰਘਣੀਆਂ ਘਿੰਨ ਆਵੇ
ਤੀਜੇ ਪਹਿਰੇ ਬੇਲੇ ਦੇ ਵਿੱਚ ਰੋਂਡੀ *ਖਖੜੀ ਖਾਵੇ
ਚੌਥੇ ਪਹਿਰੇ ਬੇੜੀ ਦੇ ਵਿੱਚ ਆਤਨ ਛੋੜ ਚਨਾਵੇ

*ਖਤੂਬੂਜ਼ਾ

ਹੋਰ ਵੇਖੋ:—

ਖੂੰਡੀ ਤੇ ਹਥ ਵੰਝਲੀ ਲੀਤੀ, ਚਲਨ ਤੇ ਚਿਤ ਚਾਇਆ
ਚੀਰਾ ਲਾਲ ਤੇ ਉਚੀ ਅਮਰੀ ਲਕ ਨੀਲਾ ਖੇਸ ਬਨ੍ਹਾਇਆ

Digitized by Panjab Digital Library | www.panjabdigilib.org

ਨਕ ਬੁਲਾਕ ਤੇ ਕੰਨੀਂ ਲੁੜਕੇ, ਚੂੜੀਆਂ ਰੁਣ ਝੁਣ ਲਾਇਆ
ਘਿਨ ਘੜਾ ਸਿਰ ਉਤੋਂ ਮਾਏ ਨਹੀਂ ਤਾਂ ਭੋਇੰ ਮਰੇਂਦੀ
ਵਿਚ ਮਸੀਤੇ ਚੰਨ ਫਬਿਓਈ, ਮੈਂ ਵਰ ਨੀਹੇ ਵੇਂਦੀ
ਹਸ ਰਸ ਸਿਰ ਰਖ ਅਸਾਡੇ, ਨਹੀਂ ਆਪੇ ਨਿਕਲ ਵੈਂਦੀ

ਸੁਣ ਮਾਏ ਤੈਂਡੇ ਜੀਵਨ ਜਾਏ, ਕੈ ਤੈਨੂੰ ਆਖ ਸੁਣਾਈ
ਪੁਤ ਪਰਾਇਆ ਕਿਸਮਤ ਆਇਆ ਇੱਜ਼ਤ ਇਸ ਨ ਕਾਈ
ਚਾਕੇ ਚਾਕ ਸਦੇਂਦੇ ਸਭੇ, ਸਿਆਲਾਂ ਲਜ ਨ ਕਾਈ
ਸੁਣ ਵਣ ਮਾਏ ਤੈਂਡੇ ਜੀਵਨ ਜਾਏ ਹੀਰੇ ਗਲ ਸੁਣਾਈ

ਜੋਗ ਦਾ ਜਾਲਣ ਖਰਾ ਉਖੇਰਾ, ਤੂੰ ਕੇ ਜਾਣੇਂ ਬਾਤਾਂ
ਜੋਗ ਦਾ ਜਾਲਣ ਔਖਾ ਹੈ ਈ ਔਖੀਆਂ ਜੋਗ ਦੀਆਂ ਘਾਤਾਂ
ਮੰਗ ਕਰ ਟੁਕਰ ਸਬਰ ਸੌਣਾ ਏਹ ਅਸਾਡੀਆਂ ਦਾਤਾਂ
ਆਖ ਦਮੋਦਰ ਜੋਗ ਦਿਵਾਊਂ ਜੇ ਸਚ ਦਸਾਏਂ ਬਾਤਾਂ।

ਤਖਤ ਹਜ਼ਾਰਾ ਮੈਂਡਾ ਵਤਨ ਹੈ ਚੰਦਲ ਵਹਿੰਦੀ ਠੰਡੇ ਨੀਰ
ਮਿਨੂੰ ਸਿਖ ਬਗਾਈ ਦੀ ਥਾਪਨਾ ਜਿਹੜਾ ਟਿਲੇ ਦਾ ਪੀਰ
ਅੱਖੀਂ ਵੇਖ ਸਿਵਾਣ ਲੈ ਮੈਂ ਉਹੋ ਰਾਂਝਾ ਤੂੰ ਉਹਾ ਹੀਰ
ਆਇਉਮ ਕਪਰ ਝਾਗ ਕੇ ਨੈਂ ਬੂਟੇ ਝਲ ਚੀਰ।

## ਪੀਲੂ

( ਕਹਿੰਦੇ ਹਨ ਕਿ ਆਪ ਮੁਸਲਮਾਨ ਜਟ ਸਨ ਅਤੇ ਮਾਝੇ ਦੇ ਰਹਿਣ ਵਾਲੇ ਸਨ। ਆਪ ਫਕੀਰਾਨਾ ਤਬੀਅਤ ਦੇ ਮਾਲਕ ਸਨ, ਜਦ ਜ਼ਰਾ ਜਵਾਨ ਹੋਏ ਤਾਂ ਸੈਰ ਦੇ ਸ਼ੌਕ ਕਾਰਨ ਘਰ ਤੋਂ ਨਿਕਲੇ।)

( ਗੁਰੂ ਅਰਜਨ ਦੇਵ ਦੇ ਦੀਦਾਰ ਕਰਨ ਅਤੇ ਸੂਫ਼ੀਆਨਾ ਕਲਾਮ ਸੁਣਨ ਪਿਛੋਂ ਆਪ ਫਕੀਰਾਨਾ ਭੇਸ ਵਿਚ ਇਲਾਕਾ ਬਾਰ ਵਲ ਚਲੇ ਗਏ।

ਜਦ ਰਾਵੀ ਤੋਂ ਪਾਰ ਹੋਏ ਤਾਂ ਦਾਨਾਬਾਦ ਖਰਲਾਂ ਵਿਚ ਗਏ, ਜਿਹੜਾ ਮਿੰਟਗੁਮਰੀ ਤੋਂ ੪੦ ਕੋਹ ਦੀ ਵਿਥ ਤੇ ਹੈ, ਤੇ ਜਿਸ ਤਰ੍ਹਾਂ ਮਿਰਜ਼ਾ ਸਾਹਿਬਾਂ ਦਾ ਚਰਚਾ ਸੁਣਿਆ, ਕਵਿਤਾ ਵਿਚ ਲਿਖ ਦਿਤਾ। ਬੋਲੀ ਵਿਚ ਅਸਰ ਤੇ ਬਿਆਨ ਵਿਚ ਸੋਜ਼ ਸੀ। ਇਸ ਲਈ ਕਿੱਸੇ ਨੇ ਛੇਤੀ ਸ਼ੁਹਰਤ ਹਾਸਲ ਕਰ ਲਈ। ਇਸ ਤੋਂ ਪਿਛੋਂ ਸੈਂਦਲ ਬਾਰ ਵਲ ਚਲੇ ਗਏ ਤੇ ਓਧਰ ਹੀ ਕਾਲ ਵਸ ਹੋ ਗਏ। ਆਪ ਤੋਂ ਕੁਝ ਸਮਾਂ ਪਿਛੋਂ ਹਾਫ਼ਜ਼ ਬਰਖੁਰਦਾਰ ਹੋਏ। ਉਨ੍ਹਾਂ ਨੇ ਭੀ ਇਸ ਕਿੱਸੇ ਨੂੰ ਕਵਿਤਾ ਵਿਚ ਲਿਖਿਆ ਅਤੇ ਬਿਆਨ ਵਿਚ ਉਨ੍ਹਾਂ ਨਾਲੋਂ ਕੁਝ ਫਰਕ ਰਖਿਆ। ਹਾਫ਼ਜ਼ ਲਿਖਦਾ ਹੈ, ਕਿ ਜਦ ਮਿਰਜ਼ੇ ਨੂੰ ਉਨ੍ਹਾਂ ਨੇ ਸਾੜ ਦਿਤਾ ਤਾਂ ਸਾਹਿਬਾਂ ਨੇ ਇਕ ਕਾਂ ਹੱਥ ਪੀਲੂ ਨੂੰ ਕਿੱਸਾ ਲਿਖਣ ਲਈ ਸੁਨੇਹਾ ਘਲਿਆ। ਕਾਂ ਪੀਲੂ ਦੇ ਘਰ ਅਪੜਿਆ ਅਤੇ ਆਖਿਆ ਕਿ ਆਪ ਨੇ ਸੁਣਿਆ ਸੁਣਾਇਆ ਕਿੱਸਾ ਲਿਖਿਆ ਹੈ, ਪਰ ਜਦ ਉਸ ਨੂੰ ਪਤਾ ਲਗਾ ਕਿ ਆਪ ਚਲਾਣਾ ਕਰ ਚੁਕੇ ਹਨ ਤਾਂ ਕਾਂ ਨੇ ਸਾਹਿਬਾਂ ਦੀ ਰੂਹ ਨੂੰ ਆ ਕੇ ਦਸਿਆ ਅਤੇ ਸਾਹਿਬਾਂ ਦੇ ਇਸ਼ਾਰੇ ਉਤੇ ਕਾਂ ਪੀਲੂ ਦੀ ਕਬਰ ਉਤੇ ਜਾ ਕੇ ਵੈਣ ਪਾਉਣ ਲਗਾ—

Digitized by Panjab Digital Library | www.panjabdigilib.org

ਜਾਂ ਰੁੰਨਾ ਪੀਲੂ ਦੀ ਗੋਰ ਤੇ ਬਾਣਾ ਬੱਤਰ ਸਿਆਹ
ਅਗੋਂ ਪੀਲੂ ਮੂੰਹ ਚੜ੍ਹ ਬੋਲਿਆ ਕਾਗਾ ਮੁਸਲਮਾਨੀ ਜਾਹ।

ਇਹ ਕਾਂ ਫੇਰ ਹਾਫ਼ਜ਼ ਬਰਖੁਰਦਾਰ ਵਲ ਆਉਂਦਾ ਹੈ ਅਤੇ ਉਸ ਦੇ ਦਸਣ ਉਤੇ ਹਾਫ਼ਜ਼ ਉਸ ਕਿੱਸੇ ਨੂੰ ਲਿਖਦਾ ਹੈ। ਹਾਫ਼ਜ਼ ਜੀ ਪੀਲੂ ਦੀ ਸ਼ਾਇਰੀ ਵਲ ਇਸ਼ਾਰਾ ਕਰਦੇ ਲਿਖਦੇ ਹਨ:—

ਯਾਰੋ ਪੀਲੂ ਨਾਲ ਬਰਾਬਰੀ ਸ਼ਾਇਰ ਭੁਲ ਕਰੇਣ
ਜਿਸ ਨੂੰ ਪੰਜਾਂ ਪੀਰਾਂ ਦੀ ਥਾਪਣਾ ਕੰਧੀ ਦਸਤ ਧਰੇਣ

ਮਿਰਜ਼ਾ ਸਾਹਿਬਾਂ ਦਾ ਵਾਕਿਆ ਜਹਾਂਗੀਰ ਦੇ ਸਮੇਂ ਦੀ ਯਾਦ ਹੈ। ਇਸ ਤੋਂ ਪਤਾ ਯਗਦਾ ਹੈ ਕਿ ਇਹ ਵਾਕਿਆ ਪੀਲੂ ਨੇ ਸਭ ਤੋਂ ਪਹਿਲੋਂ ਲਿਖਿਆ ਅਤੇ ਇਹ ਰਚਨਾ ਤਾਜ਼ੀ ਤਾਜ਼ੀ ਹੀ ਸੀ।

ਪੀਲੂ ਤੋਂ ਪਿਛੋਂ ਬਰਖੁਰਦਾਰ ਦਾ ਨਾਂ ਹੈ, ਜਿਸ ਨੇ ੧੦੯੦ ਹਿ: ਵਿੱਚ ਯੂਸਫ ਜ਼ੁਲੈਖਾਂ ਲਿਖਿਆ ਅਤੇ ਇਸ ਦੇ ਨੇੜੇ ਤੇੜੇ ਹੀ ਮਿਰਜ਼ਾ ਸਾਹਿਬਾਂ ਲਿਖਿਆ।

ਪੀਲੂ ਬਾਬਤ ਬਰਖੁਰਦਾਰ ਤੋਂ ਛੁਟ ਹੋਰ ਕਵੀਆਂ ਨੇ ਭੀ ਆਪਣੇ ਖਿਆਲ ਪ੍ਰਗਟ ਕੀਤੇ ਹਨ।ਮੀਆਂ ਮੁਹੰਮਦ ਆਪਣੀ ਪੁਸਤਕ ਸੈਫੁਲ ਮਲੂਕ ਵਿੱਚ ਲਿਖਦੇ ਹਨ:—

ਛੜੀ ਛੜੀ ਗਲ ਆਖੀ ਲੇਕਨ ਜੋ ਆਖੀ ਸੋ ਅੱਛੀ
ਪੀਲੂ ਸੁਥਰਾ ਪਹਿਲੇ ਹੋਏ ਬਹੁਤ ਜ਼ਿਮੀਂ ਜਦ ਕੱਛੀ

ਮੀਆਂ ਅਹਿਮਦ ਯਾਰ ਆਪਣੀ ਪੁਸਤਕ ਯੂਸਫ਼ ਜ਼ੁਲੈਖਾਂ ਵਿੱਚ ਲਿਖਦੇ ਹਨ:—

ਪੀਲੂ ਨਾਲ ਨ ਰੀਸ ਕਿਸੇ ਦੀ ਉਸ ਵਿੱਚ ਸੋਜ਼ ਅਲੈਹਦੀ।
ਮਸਤ ਨਿਗਾਹ ਕੀਤੀ ਉਸ ਪਾਸੇ ਕਿਸੇ ਫਕੀਰ ਵਲੀ ਦੀ।

ਮਸਤ ਨਿਗਾਹ ਦਾ ਇਸ਼ਾਰਾ ਗੁਰੂ ਅਰਜਨ ਦੇਵ ਦੀ ਮੁਲਾਕਾਤ ਵਲ ਹੈ।

ਪੀਲੂ ਦੀ ਬੋਲੀ ਨਿਰੋਲ ਮਾਝੇ ਦੀ ਬੋਲੀ ਹੈ। ਬਾਰ ਵਿੱਚ ਢੇਰ ਚਿਰ ਰਹਿੰਦਿਆਂ ਭੀ ਉਸ ਤੇ ਕੋਈ ਅਸਰ ਨਹੀਂ ਹੋਇਆ।

ਪੀਲੂ ਇਕ ਖੂਹ ਦਾ ਜ਼ਿਕਰ ਕਰਦਾ ਲਿਖਦਾ ਹੈ:—

ਕਾਂਜਨ ਬੱਧਾ ਤੱਕਲਾ ਤੱਕਲੇ ਬੱਧਾ ਤੀਰ
ਲਠ ਪਲਾਣਾ ਮੇਲਿਆ ਕਰੜੀ ਘਤ ਜ਼ੰਜੀਰ
ਕੁਬਿਆਂ ਮੁਢ ਧਤੂਰੀਆਂ ਜਿਉਂ ਬਾਦਸ਼ਾਹ ਮੁਢ ਵਜ਼ੀਰ
ਕੁੱਤਾ ਹਟ ਹਟ ਕਰ ਰਿਹਾ ਜਿਉਂ ਦਰ ਵਿਚ ਖਲਾ ਫਕੀਰ
ਟਿੰਡਾਂ ਗੇੜਨ ਗੇੜਿਆ ਭਰ ਭਰ ਡੋਲ੍ਹਣ ਨੀਰ।

ਵੇਖੋ ਵਨਗੀ:—ਮਿਰਜ਼ਾਂ ਸਾਹਿਬਾਂ ਵਿਚੋਂ:—

ਘਰ ਖੀਵੇ ਦੇ ਸਾਹਿਬਾਂ ਜੰਮੀ ਮੰਗਲ ਵਾਰ
ਡੂਮ ਸੋਹਿਲੇ ਗਾਂਵਦੇ ਖਾਨ ਖੀਵੇ ਦੇ ਬਾਰ
ਰੱਜ ਦੁਆਈਂ ਦਿਤੀਆਂ ਸੋਹਣੇ ਪਰਵਾਰ
ਰਲ ਤਦਬੀਰਾਂ ਬੰਦੀਆਂ ਛੈਲ ਹੋਈ ਮੁਟਿਆਰ

Digitized by Panjab Digital Library | www.panjabdigilib.org

ਸਾਹਿਬਾਂ ਨਾਲ ਸਹੇਲੀਆਂ ਕੁੜੀ ਰਿਆਕਾਰ
ਘਰ ਬਿੱਜਲ ਦੇ ਜੰਮਿਆਂ ਵਿੱਚ ਕਰਾੜ ਬਾਰ
ਜਨਮ ਦਿਤਾ ਮਾਈ ਬਾਪ ਨੇ ਰੂਪ ਦਿਤਾ ਕਰਤਾਰ
ਐਸਾ ਮਿਰਜ਼ਾ ਸੂਰਮਾ ਖੁਰਲਾਂ ਦਾ ਸਰਦਾਰ
ਸਾਹਿਬਾਂ ਪੜ੍ਹੇ ਪਟੀਆਂ ਮਿਰਜ਼ਾ ਪੜ੍ਹੇ ਕੁਰਆਨ
ਵਿੱਚ ਮਸੀਤ ਦੇ ਲਗੀਆਂ ਜਾਣੇ ਕੁਲ ਜਹਾਨ
ਨਾ ਮਾਰ ਕਾਜ਼ੀ ਛਮਕਾਂ ਨਾ ਦੇਹ ਤਤੀ ਨੂੰ ਤਾਇ
ਪੜ੍ਹਨਾ ਸਾਡਾ ਰਹਿ ਗਿਆ ਲੈ ਗਏ ਇਸ਼ਕ ਲਖਾਏ
ਸਾਹਿਬਾਂ ਗਈ ਤੇਲ ਨੂੰ ਗਈ ਪਸਾਰੀ ਦੀ ਹੱਟ
ਫੜ ਨ ਜਾਣੇ ਤਕੜੀ ਹਾੜ ਨ ਜਾਣੇ ਵੱਟ
ਤੇਲ ਭੁਲਾਵੇ ਭੁਲਾ ਬਾਣੀਆਂ ਦਿਤਾ ਸ਼ਹਿਦ ਉਲੱਟ
ਵਣਜ ਗਵਾ ਲਏ ਬਾਣੀਆਂ ਬਲਦ ਗਵਾਏ ਜਟ
ਤਿੰਨ ਸੈ ਨਾਂਗਾ ਫਿਰ ਰਿਹਾ ਹੋਰ ਗਏ ਚੌੜ ਚੁਪੱਟ
ਮਿਰਜ਼ਾ ਸਾਹਿਬਾਂ ਦੀ ਦੋਸਤੀ ਰਹੂ ਵਿੱਚ ਜਤੱਤ
ਘਰ ਤੋਂ ਸਾਹਿਬਾਂ ਟੁਰ ਪਈ ਕਰ ਕੇ ਪੜ੍ਹਨ ਦੀ ਨੀਤ
ਕਾਜ਼ੀ ਸਾਡਾ ਮਰ ਗਿਆ ਸੁੰਨੀ ਪਈ ਮਸੀਤ

ਸਾਹਿਬਾਂ ਬਾਹਮਣ ਨੂੰ ਸੱਦ ਕੇ ਆਖਦੀ ਹੈ—

ਤੂੰ ਸੁਣ ਕਮੂ ਬਾਹਮਣਾ ਕਦੀ ਨ ਆਇਆ ਕਾਮ
ਘੋੜੀ ਦਿਆਂ ਤੇਰੇ ਚੜ੍ਹਨ ਨੂੰ ਕਾਠੀ ਸਣੇ ਲਗਾਮ
ਹਥੋਂ ਦੇ ਦੇਵਾਂ ਚੂੜੀਆਂ ਸੋਨਾ ਕਰਦੀ ਦਾਨ
ਝੋਟੀ ਦਿਆਂ ਦੁਧ ਪੀਣ ਨੂੰ ਹਲ ਦੀ ਜ਼ਿਮੀਂ ਇਨਾਮ
ਜਦ ਲਗ ਜੀਵੇ ਸਾਹਿਬਾਂ ਰਖੇ ਤੇਰਾ ਅਹਿਸਾਨ
ਚੌਥੇ ਨੂੰ ਚੰਧੜ ਵਿਆਹ ਲੈ ਜਾਣਗੇ ਫੇਰ ਕੀ ਕਰੇਂਗਾ ਆਨ।

ਉਤਰ ਕੰਮੂ—

ਅੱਗੋਂ ਕੰਮੂ ਬੋਲਦਾ ਸਚੀ ਦਿਆਂ ਸੁਣਾ
ਪੈਂਡਾ ਹੈ ਚਾਲੀਆਂ ਕੋਹਾਂ ਦਾ ਕੌਣ ਆਵੇ ਕੌਣ ਜਾ
ਘਰ ਮਿਰਜ਼ੇ ਦੇ ਹੋਰ ਇਸਤ੍ਰੀ ਸੁਣੀਦੀ ਬੁਰੀ ਬਲਾ
ਸੌਂਕਣ ਉਤੇ ਸੌਂਕਣ ਪਈ ਮਰੇ ਲੈਂਵੇ ਅੱਧ ਵੰਡਾ
ਛਡ ਦੇ ਪੁਰਾਣੇ ਜਟ ਦੀ ਦੋਸਤੀ ਨਵੀਂ ਕੰਮੂ ਵਲ ਲਾ
ਘਰ ਵਿਚ ਲਾ ਲੈ ਦੋਸਤੀ ਬਹਿ ਕੇ ਇਸ਼ਕ ਕਮਾ

ਸਾਹਿਬਾਂ—ਅਗੋਂ ਸਾਹਿਬਾਂ ਬੋਲਦੀ ਤੇਰੇ ਮੂੰਹ ਸੁਆਹ
ਮਾਰਾਂ ਚਪੇੜ ਤੇਰੇ ਗਜ਼ਬ ਦੀ ਦੇਵਾਂ ਅਕਲ ਗਵਾ
ਖਬਰ ਹੋ ਜਾਇ ਮੇਰੇ ਬਾਪ ਨੂੰ ਤੈਨੂੰ ਬੋਹਰੋਂ ਦੇਣ ਉਜਾੜ
ਖਬਰ ਹੋ ਜਾਇ ਵੀਰ ਸ਼ਮੀਰ ਨੂੰ ਤੈਨੂੰ ਕਰਸਨ ਮਾਰ
ਜੇ ਖਬਰ ਹੋ ਜਾਏ ਪਿੰਡ ਦੇ ਮੁੰਡਿਆਂ ਨੂੰ ਕਰਦੇ ਛੀਮਾਂ ਦੀ ਮਾਰ
ਭਲਕੇ ਸਰਾਧ ਦਾਦਾ ਆਉਣਗੇ ਨਿਓਂਦਾ ਖਾਣ ਤੇ ਜਾ
ਲਗਨੀ ਆਂ ਮੈਂ ਤੇਰੀ ਪੋਤਰੀ ਬਹਿ ਗਿਓਂ ਰੰਨ ਬਣਾ

Digitized by Panjab Digital Library | www.panjabdigilib.org

ਲਗੂ ਕਚਹਿਰੀ ਖੀਵੇ ਬਾਪ ਦੀ ਤੈਨੂੰ ਬੰਨ੍ਹ ਕੇ ਲਊਂ ਮੰਗਵਾ

ਕੰਮੂ–ਇਹ ਗੁਨਾਹ ਮੇਰਾ ਬਖ਼ਸ਼ ਲੈ ਸਾਹਿਬਾਂ ਜਿਥੇ ਘਲੇਂ ਓਥੇ ਜਾਂ
ਤੇਰਾ ਲਗਾ ਹਫੀਮ ਦਾ ਸਾਡੀ ਅਕਲ ਟਿਕਾਣੇ ਨਾ
ਮੈਂ ਤਾਂ ਭੋਲਾ ਗਰੀਬ ਹਾਂ, ਮੇਰੀ ਰੱਖ ਧੌਲਿਆਂ ਦੀ ਲਾਜ
ਵੱਡੀ ਰਾਤੇ ਉਠ ਕੇ ਤੁਰ ਪਵਾਂ ਖਰਲਾਂ ਦੀ ਰਾਹ

ਮਿਰਜ਼ੇ ਦੀ ਮਾਂ ਮਿਰਜ਼ੇ ਨੂੰ ਹੋੜਦੀ ਹੈ:–

ਚੜ੍ਹਦੇ ਮਿਰਜ਼ੇ ਖ਼ਾਨ ਨੂੰ ਮੱਤਾਂ ਦੇਵੇ ਮਾਂ
ਬੁਰੇ ਸਿਆਲਾਂ ਦੇ ਮਾਮਲੇ ਬੁਰੀ ਸਿਆਲਾਂ ਦੀ ਰਾਹ
ਬੁਰੀਆਂ ਸਿਆਲਾਂ ਦੀਆਂ ਔਰਤਾਂ ਜਾਦੂ ਲੈਂਦੀਆਂ ਪਾ
ਕਢ ਕਲੇਜੇ ਖਾਂਦੀਆਂ ਮੇਰੇ ਝਾਟੇ ਧੂੜ ਨਾ ਪਾ
ਰੰਨ ਦੀ ਖ਼ਾਤਰ ਚਲਿਆ ਆਵੇਂ ਜਾਨ ਗਵਾ
ਆਖੇ ਮੇਰੇ ਲਗ ਜਾ, ਅਗੇ ਪੈਰ ਨਾ ਪਾ

ਚੜ੍ਹਦੇ ਮਿਰਜ਼ੇ ਖਾਨ ਨੂੰ ਵੰਝਲ ਦੇਂਦਾ ਮੱਤ
ਛੱਡ ਰੰਨਾਂ ਦੀ ਦੋਸਤੀ ਖੁਰੀ ਜਿਨ੍ਹਾਂ ਦੀ ਮੱਤ
ਹਸ ਕੇ ਲਾਵਣ ਯਾਰੀਆਂ ਰੋ ਕੇ ਦੇਵਣ ਦੱਸ
ਪੁਤ ਮਰਵਾਨ ਬਿਗਾਨੜੇ ਧੌਣੇ ਦੇ ਕੇ ਲੱਤ
ਲਖੀਂ ਹਥ ਨ ਆਂਵਦੀ ਦਾਨਸ਼ਮੰਦਾਂ ਦੀ ਪਤ

ਰਾਜਾ ਬੁਰੇ ਰਾਜ ਨੂੰ ਬੰਧਨ ਨੂੰ ਬੁਰੇ ਚੋਰ
ਚੋਗੀ ਬੁਰੇ ਰੂਪ ਨੂੰ ਪੈਰਾਂ ਨੂੰ ਬੁਰੇ ਮੋਰ

ਚੜ੍ਹਦੇ ਮਿਰਜ਼ੇ ਖਾਨ ਨੂੰ ਮਾਂ ਮਤ ਦੇਂਦੀ ਖੜੀ
ਸੱਪਾਂ ਸ਼ੀਹਾਂ ਦੀ ਦੋਸਤੀ ਨਾ ਕਰ ਭਾਈ ਅੜੀ
ਤਪੀ ਕੜਾਹੀ ਤੇਲ ਦੀ ਸਿਰ ਤੇ ਲਾਟ ਜਲੀ
ਮੂਸਾ ਭਜਿਆ ਮੌਤ ਤੋਂ ਉਸ ਦੇ ਅਗੇ ਮੌਤ ਖਲੀ

ਹੋਰ ਦੇਖੋ–ਮਿਰਜ਼ੇ ਦੀ ਬੀਰਤਾ

ਮਿਰਜ਼ਾ ਆਖੇ ਕੋਈ ਨ ਦੀਹਦਾ ਸੂਰਮਾ ਜੇਹੜਾ ਮੈਨੂੰ ਹਥ ਕਰੇ
ਕਟਕ ਭਿੜਾ ਦਿਆਂ ਟੱਕਰੀਂ ਮੈਥੋਂ ਭੀ ਰਾਠ ਡਰੇ
ਵਲ ਵਲ ਵਢ ਦਿਆਂ ਸੂਰਮੇ ਜਿਉਂ ਖੇਤੀ ਨੂੰ ਪੈਣ ਗੜੇ
ਸਿਰ ਸਿਆਲਾਂ ਦੇ ਵੱਢ ਕੇ ਸਿਟੂੰਗਾ ਵਿਚ ਰੜੇ

ਮੰਦਾ ਕੀਤਾ ਈ ਸਾਹਿਬਾਂ ਮੇਰਾ ਤਰਕਸ਼ ਟੰਗਿਆ ਜੰਡ
ਤਿੰਨ ਸੌ ਕਾਨੀ ਮਿਰਜ਼ੇ ਜਵਾਨ ਦੀ ਦੇਂਦਾ ਸਿਆਲਾਂ ਨੂੰ ਵੰਡ
ਪਹਿਲੋਂ ਮਾਰਦਾ ਵੀਰ ਸ਼ਮੀਰ ਦੇ ਦੂਜੀ ਕਲੇ ਦੇ ਤੰਗ
ਤੀਜੀ ਮਾਰਾਂ ਜੋੜ ਕੇ ਜੈਂਹਦੀ ਹੋਈ ਤੂੰ ਮੰਗ

ਏਸ ਗੱਲ ਦੀ ਲੋੜ ਪ੍ਰਤੀਤ ਹੋ ਰਹੀ ਹੈ ਕਿ ਪੀਲੂ ਦੀ ਵਾਰ ਸੋਧ ਕੇ ਦੂਜੀ ਛਪਵਾਈ ਜਾਏ, ਕਿਉਂਕਿ ਇਹ ਪੰਜਾਬੀ ਦੀ ਇਕ ਅਮੋਲ ਸ਼ੈ ਹੈ।

Digitized by Panjab Digital Library | www.panjabdigilib.org

# ਮੌਲਾਨਾ ਅਬਦੁੱਲਾ

ਪਿਤਾ ਦਾ ਨਾਂ ਜਾਨ ਮੁਹੰਮਦ। ਆਪ ਹਾਂਸੀ ਇਲਾਕਾ ਮਿੰਟਗੁਮਰੀ ਦੇ ਵਸਨੀਕ ਸਨ। ਮੀਆਂ ਮੁਹੰਮਦ ਨੇ ਸੈਫੁਲਮਲੂਕ ਵਿਚ ਇਸ ਪੁਰਾਣੇ ਮੁਸਲਮਾਨੀ ਕਵੀ ਬਾਰੇ ਜੋ ਹਾਲ ਲਿਖੇ ਹਨ, ਉਹ ਇਓਂ ਹਨ :–

ਆਪ ਕੁਰਾਨ ਸ਼ਰੀਫ਼ ਦੇ ਹਾਫ਼ਿਜ਼ ਅਤੇ ਨੇਕ ਖਿਆਲ ਬਜ਼ੁਰਗ ਸਨ। ਜਵਾਨੀ ਦੀ ਅਵਸਥਾ ਵਿਚ ਆਪ ਇੱਜੜ ਚਾਰਦੇ ਰਹੇ। ਇਕ ਵਾਰੀ ਆਪ ਜੰਗਲ ਵਿਚ ਬੈਠੇ ਸਨ ਜੁ ਆਪ ਨੂੰ ਰਸੂਲ ਮਕਬੂਲ ਦੇ ਦਰਸ਼ਨ ਹੋਏ। ਹਜ਼ੂਰ ਨੇ ਆਪ ਨੂੰ ਲਾਹੌਰ ਵਿਚ ਰਹਿ ਕੇ ਲੋਕਾਂ ਵਿਚ ਗਿਆਨ ਉਪਦੇਸ਼ ਤੇ ਪ੍ਰਚਾਰ ਕਰਨ ਲਈ ਹੁਕਮ ਕੀਤਾ।

ਆਪ ਲਾਹੌਰ ਆ ਗਏ ਅਤੇ ਚੌਕ ਝੰਡਾ ਵਿਚ ਡੇਰਾ ਲਾ ਦਿਤਾ। ਏਥੇ ਆਪ ਚੱਕੀ ਪੀਹ ਕੇ ਆਪਣਾ ਅਤੇ ਆਪਣੇ ਟੱਬਰ ਦਾ ਨਿਰਬਾਹ ਕੀਤਾ ਕਰਦੇ ਅਤੇ ਬਾਕੀ ਸਮੇਂ ਵਿਚ ਉਪਦੇਸ਼ ਅਤੇ ਕੁਰਾਨ ਸ਼ਰੀਫ਼ ਦੇ ਸਬਕ ਪੜ੍ਹਾਂਦੇ ਰਹਿੰਦੇ। ਏਥੇ ਆ ਕੇ ਹੀ ਆਪ ਨੇ ਆਪਣੀ ਉਘੀ ਪੁਸਤਕ ਬਾਰਾਂ ਅਨਵਾਅ ਨੂੰ ਜੋ ਬਾਰਾਂ ਕਿਸਮ ਦੇ ਵਖ ਵਖ ਦੀਨੀ ਰਸਾਲਿਆਂ ਦਾ ਇਕੱਠ ਹੈ, ਸੋਧ ਕੇ ਲਿਖਵਾਇਆ।

ਇਕ ਵਾਰੀ ਇਕ ਆਦਮੀ ਆਪ ਪਾਸ ਆਪਣੀ ਪੁਸਤਕ ਦੀ ਸੁਧਾਈ ਲਈ ਆਇਆ। ਆਪ ਉਸ ਵੇਲੇ ਆਪਣੇ ਨਿਜੀ ਕੰਮ ਵਿਚ ਰੁੱਝੇ ਚੱਕੀ ਪੀਹ ਰਹੇ ਸਨ। ਆਪ ਬਾਹਰ ਆਏ ਤਾਂ ਆਪ ਦੇ ਚੇਹਰੇ ਅਤੇ ਦਾੜ੍ਹੀ ਨੂੰ ਆਟੇ ਨਾਲ ਭਰਿਆ ਵੇਖ ਕੇ ਉਹੀ ਪੁਰਸ਼ ਆਖਣ ਲਗਾ ਕਿ ਆਪ ਕੀ ਕਰ ਰਹੇ ਸੀ ? ਆਪ ਨੇ ਉਤਰ ਦਿੱਤਾ ਕਿ ਮੈਂ ਆਪਣੇ ਰੁਜ਼ਗਾਰ ਖਾਤਰ ਚੱਕੀ ਪੀਸਿਆ ਕਰਦਾ ਹਾਂ। ਉਹ ਪੁਰਸ਼ ਸੁਣ ਕੇ ਹੈਰਾਨ ਹੋਇਆ ਅਤੇ ਕਹਿਣ ਲਗਾ ਕਿ ਮੈਂ ਆਪ ਨੂੰ ਇਕ ਅਜਿਹਾ ਵਜ਼ੀਫ਼ਾ ਦਸਦਾ ਹਾਂ, ਜਿਸ ਦੇ ਪੜ੍ਹਨ ਨਾਲ ਦੋ ਰੁਪੈ ਆਪ ਨੂੰ ਰੋਜ਼ ਸਹਿਜ ਹੀ ਹੱਥ ਆ ਜਾਇਆ ਕਰਨਗੇ। ਆਪ ਨੇ ਇਨਕਾਰ ਕਰਦੇ ਹੋਏ ਆਖਿਆ, ਇਹ ਬੰਦਗੀ ਬੰਦਗੀ ਨਹੀਂ ਸਗੋਂ ਵਪਾਰ ਹੈ, ਜਿਸ ਨਾਲ ਪੈਸਿਆਂ ਦੀ ਆਸ ਰਖੀ ਜਾਏ। ਇਸ ਲਈ ਮੈਂ ਇਸ ਨੂੰ ਯੋਗ ਨਹੀਂ ਸਮਝਦਾ। ਆਪ ਦੇ ਬਚਿਆਂ ਨੇ ਜਦ ਵਜ਼ੀਫ਼ਾ ਸਿਖਣ ਲਈ ਜ਼ਿੱਦ ਕੀਤੀ ਤਾਂ ਆਪ ਨੇ ਫ਼ੁਰਮਾਇਆ:–

ਜ਼ਬਾਨੀ ਮੀਆਂ ਮੁਹੰਮਦ

ਕਹਿਣ ਲਗੇ ਅਬਦੁੱਲਾ ਹੋਰੀਂ ਸੁਣੋਂ ਮੇਰੇ ਦਿਲਬੰਦੋ
ਮੈਨੂੰ ਸ਼ਰਮ ਰਬੇ ਥੀਂ ਆਇਆ ਪੜ੍ਹਿਆ ਨਾ ਫ਼ਰਜ਼ੰਦੋ
ਇਤਨੀ ਉਮਰ ਗੁਜ਼ਸ਼ਤਾ ਹੋਈ ਰੋਜ਼ੀ ਰਿਹਾ ਪੁਚਾਂਦਾ
ਰੋਜ਼ੀ ਕਾਰਨ ਕਰਾਂ ਨਾ ਸਿਜਦੇ ਇਹ*ਰਿਆ ਹੋ ਜਾਂਦਾ

*ਫ਼ਰੇਬ

ਮੌਲਵੀ ਸਾਹਿਬ ਦੇ ਇਕ ਸਪੁੱਤ੍ਰ ਨੂਰ ਮੁਹੰਮਦ ਨਾਮੀ ਸਨ, ਜੋ ਆਪਣੇ ਪਿਤਾ ਦੀ ਤਰ੍ਹਾਂ ਸਿਆਣੇ ਅਤੇ ਆਲਮ ਸਨ। ਇਸ ਨੇ ਫ਼ਾਰਸੀ ਦੀਆਂ ਕਈ ਪੁਸਤਕਾਂ ਉਤੇ ਆਪਣੇ ਨੋਟ ਆਦਿ ਚਾੜ੍ਹੇ ਹਨ। ਆਪ ਦੀ ਇਸ ਲਿਆਕਤ ਨੂੰ ਵਡਿਆਂਦੇ ਹੋਏ, ਔਖੀਆਂ ਗੱਲਾਂ ਨੂੰ ਸਾਦੇ ਲਫ਼ਜ਼ਾਂ ਵਿਚ ਵਰਨਨ ਕਰਨ ਦੀ ਖ਼ੂਬੀ ਕਾਰਨ ਆਪ ਨੂੰ

Digitized by Panjab Digital Library | www.panjabdigilib.org

ਮੁਦੱਕਕ ਭਾਵ ਡੂੰਘੀ ਸੂਝ ਵਾਲਾ ਖਤਾਬ ਦਿਤਾ ਗਿਆ। ਆਪ ਇਸੇ ਨਾਂ ਤੇ ਹੀ ਉਘੇ ਹਨ। ਮੌਲਵੀ ਨੂਰ ਮੁਹੰਮਦ ਸਾਹਿਬ ਦੇ ਦੋ ਸਪੁੱਤ੍ਰ ਮੁਹੰਮਦ ਨਕੀ ਅਤੇ ਮੁਹੰਮਦ ਤਕੀ ਹੋਏ। ਮੁਹੰਮਦ ਨਕੀ ਚਲਾਣਾ ਕਰ ਗਏ। ਮੁਹੰਮਦ ਤਕੀ ਦਾ ਇਕ ਸਪੁੱਤ੍ਰ ਮੁਹੰਮਦ ਆਸ਼ਕ ਹੋਇਆ, ਜਿਸ ਨੇ ਲੋਹਾਰੀ ਮੰਡੀ ਅੰਦਰ ਇਕ ਬੜੀ ਵਡੀ ਹਵੇਲੀ ਅਤੇ ਕਈ ਮਕਾਨ ਬਣਵਾਏ। ਉਨ੍ਹਾਂ ਦੇ ਨਾਂ ਤੇ ਹੀ ਕੂਚਾ ਮੀਆਂ ਆਸ਼ਕ ਉਘਾ ਹੋਇਆ।

ਮੌਲਾਨਾ ਸਾਹਿਬ ਦੀ ਹਲੀਮੀ ਅਤੇ ਪ੍ਰਾਹੁਣਚਾਰੀ ਦੂਰ ਦੂਰ ਤੱਕ ਉੱਘੀ ਸੀ। ਹੁਜਰਾ ਸ਼ਰੀਫ਼ ਦੇ ਪੀਰ ਸਾਹਿਬ ਜਦ ਕਦੀ ਲਾਹੌਰ ਆਉਂਦੇ ਤਾਂ ਆਪ ਪਾਸ ਹੀ ਬਿਸਰਾਮ ਕਰਦੇ। ਪੀਰ ਸਾਹਿਬ ਕਹਿੰਦੇ ਹੁੰਦੇ ਸਨ ਕਿ ਇਹ ਘਰ ਵਡਿਆਈ, ਮਾਣ ਤੇ ਬਰਕਤ ਵਾਲਾ ਹੈ।

ਆਪ ਅਖੀਰ ਉਮਰ ਤਕ ਲਾਹੌਰ ਹੀ ਰਹੇ ਅਤੇ ਏਥੇ ਹੀ ਕੂਚ ਕਰ ਗਏ।

ਆਪ ਦੀਆਂ ਲਿਖੀਆਂ ਪੁਸਤਕਾਂ ਇਹ ਹਨ –

(੧) ਰਸਾਲਾ ਮਹਿੰਦੀ ਜੋ ੯੯੭ ਹਿ: ਵਿੱਚ ਲਿਖਿਆ ਗਿਆ।

(੨) ਨਸ ਫਰਾਇਜ਼ ੱ੧੦੩੨ ਹਿ: ਵਿੱਚ ਲਿਖੀ ਗਈ।

ਇਸ ਵਿੱਚ ਵੁਜ਼ੂ, ਗੁਸਲ, ਨਮਾਜ਼ ਆਦਿ ਮੁਸਲਮਾਨੀ ਨਿਯਮ ਲਿਖੇ ਹੋਏ ਹਨ। ਫਰਮਾਂਦੇ ਹਨ:–

ਕਰੋ ਦੁਆ ਫਕੀਰ ਨੂੰ ਜੁਮਲੇ ਨਾਉਂ ਖੁਦਾ
ਰਬ ਫ਼ਜ਼ਲ ਕਰੇਹੀ ਮੋਮਨਾਂ ਈਮਾਨ ਰਹੇ ਬਕਾ
(੩੨) ਬੜ੍ਹੀ ਵਰਹੇ ਹਜ਼ਾਰ ਯਕ ਮਾਹ ਅਤੇ ਸ਼ਬਰਾਤ
ਇਹ ਹਿਜਰਤ ਬਹਦ ਰਸਾਲ-ਤਮ ਝੁਝੋ ਹੋ ਨਜਾਤ

(੩) ਅਨਵਾਅ ਅਲੂਮ:–ਇਸ ਪੁਸਤਕ ਵਿਚ ਭੀ ਕਈ ਹੋਰ ਮੁਸਲਮਾਨੀ ਨਿਯਮ ਹਨ। ਪੁਸਤਕ ਇਉਂ ਸਮਾਪਤ ਕਰਦੇ ਹਨ।

ਆਸੀ ਤਮੂੰਾਂ ਦੁਆ ਦਾ ਕਰੇ ਰਜ਼ਾ ਖੁਦਾ
ਆਸੀ ਆਖੇ ਮੋਮਨਾ ਰਬ ਰਖ ਈਮਾਨ ਬਕਾ
(੧੦੪੪) ਹਜ਼ਾਰ ਹਿਕੋਂ ਚੌਤਾਲੀਆ ਵਰਹਿਆਂ ਮਾਂਹ ਅਤੇ ਦਹ ਜ਼ਮ
ਹਿਜਰਤ ਬਾਹਦ ਪਛਾਣ ਤੂੰ ਇਹ ਰਸਾਲਾ ਤਮ

ਭਾਵ ਇਹ ਰਸਾਲਾ ਈਦ ਦੇ ਮਹੀਨੇ ੧੦੪੪ ਵਿੱਚ ਲਿਖਿਆ ਗਿਆ।

(੪) ਖੁਲਾਸਾ ਮੁਆਮਲਾਤ:–ਇਹ ਪੁਸਤਕ ੧੦੪੩ ਹਿ: ਨੂੰ ਖਤਮ ਹੋਈ:– ਵੇਖੋ ਵਨਗੀ:–

ਹਜ਼ਾਰ ਹਿਕੋਂ ਤਿਰਤਾਲੀਆ ਵਰਿਹਾਂ ਸਾਵੇ ਦਹ ਮਹੀਨੇ
ਇਹ ਹਿਜਰਤ ਬਾਦ ਰਸਾਲਾ ਤੰਮ ਕੀਤਾ ਰਬ ਨਗੀਨੇ
ਚੇਤ ਮਹੀਨਾ ਬੁਧਵਾਰ ਵਕਤ ਪੇਸ਼ੀ ਦਾ ਆ
ਆਸੀ ਤਾਕਤ ਸਹਿਲ ਕਜ ਹੋਇਆ ਫ਼ਜ਼ਲ ਖੁਦਾ

(੫) ਸਰਾਜੀ:–ਅਰਬੀ ਦੀ ਉਘੀ ਪੁਸਤਕ ਸਰਾਜੀ ਫਿਲਮੀਰਾਸ ਦਾ ਪੰਜਾਬੀ

Digitized by Panjab Digital Library | www.panjabdigilib.org

ਉਲਥਾ ਹੈ। ਇਹ ਰਸਾਲਾ ਆਪ ਨੇ ੭ ਮੁਹੱਰਮ੧੦੫੮ ਹਿ: ਵਿੱਚ ਸੰਪੂਰਨ ਕੀਤਾ:-

ਹਜ਼ਾਰ ਹਿਕੋਂ ਅਠਵੰਜਾ ਵਰਿਹਾ ਹਿਕੋ ਮਾਹ ਫਨਾ
ਛੇ ਰੋਜ਼ ਹੋਰ ਸਤਵਾਂ ਦਹਿ ਵਕਤ ਪੇਸ਼ੀ ਦਾ ਆ
ਇਹ ਹਿਜਰਤ ਬਾਦ ਕਤਾਬ ਤਮ ਕੀਤਾ, ਫਜ਼ਲ ਖੁਦਾ
ਇਹ ਬੁਝ ਆਸੀ ਦਵਾ ਕਰੇ ਤਿਸ ਦੇਵੇ ਅਜਰ ਖੁਦਾ

(੬) ਹਿਸਾਰਉਲਈਮਾਨ:–ਇਸ ਵਿੱਚ ਭੀ ਮੁਲਮਾਨੀ ਨਿਯਮ ਹਨ। ਇਸ ਦੇ ਅੰਤ ਵਿੱਚ ਆਪ ਨੇ ਲਿਖਣ ਦਾ ਸੰਨ ਨਹੀਂ ਦਿਤਾ।

(੭)ਤੁਹਫ਼ਾ:–ਇਸ ਵਿੱਚ ਸਿਜਦਾ ਅਤੇ ਨਮਾਜ਼ ਆਦਿ ਦੇ ਢੰਗ ਵਰਨਨ ਕੀਤੇ ਹੋਏ ਹਨ। ਏਸ ਪੁਸਤਕ ਦੇ ਅੰਤ ਵਿੱਚ ਆਪ ਨੇ ਆਪਣਾ ਉਪਨਾਮ ਅਬਦੁਲਾ ਲਿਖਿਆ ਹੈ। ਇਹ ਪੁਸਤਕ ੧੦੨੫ ਵਿੱਚ ਖਤਮ ਕੀਤੀ ਗਈ ਸੀ।

ਅਬਦੁਲਾ ਆਖੇ ਮੋਮਨਾ ਈਮਾਨ ਬਖਸ਼ ਖੁਦਾ
ਹਿਜਰਤ ਬਹਦ ਹਜ਼ਾਰ ਹਿਕ ਪੰਜੀਵੇ ਸਾਲ ਫਨਾ
ਸਾਲ ਸ਼ੁਰੂ ਇਸ ਥੀਂ ਪਿਛੇ ਹਿਕ ਰੋਜ਼ ਗਿਆ ਹਜ਼ਰਾਤ
ਹੋਰ ਰੋਜ਼ ਦੂਜਾ ਬੁਧਵਾਰ ਦਾ ਹੋਇਆ ਤਮ ਨਜਾਤ

(੮) ਖੈਰਉਲ ਆਸ਼ਕੀਨ ਕਲਾਂ:–ਇਹ ਪੁਸਤਕ ੧੦੫੪ ਵਿੱਚ ਖਤਮ ਹੋਈ

(੯) ਮਾਰਫਤ ਇਲਾਹੀ:–ਇਹ ਰਸਾਲਾ ੧੦੪੫ ਹਿ: ਵਿੱਚ ਖਤਮ ਹੋਇਆ।

(੧੦) ਸਕਲ ਪਹਿਲੀ ਅਤੇ ਦੂਜੀ:-

(੧੧) ਹਮਦੋ ਸਨਾ:–ਕੇਵਲ ਦੋ ਸਫਿਆਂ ਦਾ ਛੋਟਾ ਜਿਹਾ ਰਸਾਲਾ। ਬਾਰਾਂ ਅਨਵਾਹ ਦੇ ਅੰਤ ਵਿਚ ਲਿਖਿਆ ਹੋਇਆ ਹੈ:–

ਮੌਤ ਅਬਦੁੱਲਾ ਨੇੜੇ ਆਈ ਸਾਇਤ ਘੜੀ ਟਿਕਾਣਾ
ਜੋ ਫਰਮਾਇਆ ਪਾਕ ਮਨੱਜ਼ਾ ਇਜ਼ਰਾਈਲ ਵਖਾਣਾ

(੧੨) ਰਸਾਲਾ ਫਿਕਾ ਹਿੰਦੀ:–ਇਹ ਰਸਾਲਾ ਆਪ ਨੇ ੧੦੭੪ ਹਿ: ਵਿੱਚ ਲਿਖਿਆ। ੨ ਤੋਂ ੧੩ ਤਕ ਇਹ ਰਸਾਲੇ ਇਕ ਅਕੱਠ ਦੀ ਸ਼ਕਲ ਵਿੱਚ ਛਪੇ ਹੋਏ ਹਨ, ਜਿਨ੍ਹਾਂ ਦਾ ਨਾਂ ਬਾਰਾਂ ਅਨਵਾਅ ਹੈ। ਉਥੇ ਕਵੀ ਮੌਲਾਨਾ ਮੁਹੰਮਦ ਵਲਦ ਮੌਲਾਨਾ ਬਾਰਕ ਅੱਲਾ ਸਾਹਿਬ ਲਿਖਾਰੀ ਅਹਿਵਾਲ ਆਖ਼ਰਤ ਨੇ ਫਾਰਸੀ ਵਿੱਚ ਹਾਸ਼ੀਆ ਚੜ੍ਹਾਇਆ, ਜੋ ਪੁਸਤਕ ਦੇ ਪੰਨਿਆਂ ਦੇ ਆਸੇ ਪਾਸੇ ਦਰਜ ਹੈ। ਲਿਖਤ ਦੀ ਵਨਗੀ:–ਕਵਿਤਾ ਬਾਬਤ ਲਿਖਦੇ ਹਨ।

ਨਜ਼ਮ ਜਿਨ੍ਹਾਂ ਦਾ ਨਾਮ ਹੈ ਬਾਝੋਂ ਫਿਕਾ ਅਸੂਲ
ਉਹ ਅੱਲਾ ਦੀ ਦਰਗਾਹ ਵਿਚ ਨਾਹੀਂ ਨਜ਼ਮ ਕਬੂਲ
ਮੁੱਲਾ ਸੇਤੀ ਪੁਛ ਤੂੰ ਜੋ ਜਾਨਣ ਫਿਕਾ ਅਸੂਲ
ਅਲਾ ਦੀ ਦਰਗਾਹ ਵਿੱਚ ਉਹ ਆਲਮ ਸਭ ਮਕਬੂਲ

ਪਾਠਕਾਂ ਨੂੰ ਮਲੂਮ ਰਹੇ ਕਿ ਪਹਿਲਾ ਰਸਾਲਾ ਮਹਿੰਦੀ ੯੯੭ ਵਿੱਚ ਲਿਖਿਆ ਤੇ ਹੋਰ ਰਸਾਲੇ ਪੰਜਾਬੀ ਕਵਿਤਾ ਵਿੱਚ ਅੱਸੀ ਸਾਲ ਤਕ ਲਿਖਦੇ ਰਹੇ। ਜਿਸ ਦਾ ਵੇਰਵਾ ਉਤੇ ਦਸਿਆ ਗਿਆ ਹੈ।

Digitized by Panjab Digital Library | www.panjabdigilib.org

# ਮੌਲਵੀ ਹਬੀਬੁੱਲਾ

ਆਪ ਦਾ ਜਨਮ ਚੌਧੂ ਵਾਲ ਪਰਗਨਾ ਗੁਜਰਾਤ (ਪੰਜਾਬ) ਵਿੱਚ ਹੋਇਆ। ਆਪ ਆਪਣੇ ਪਿੰਡ ਵਿੱਚ ਬਚਿਆਂ ਨੂੰ ਕੁਰਆਨ ਮਜੀਦ ਅਤੇ ਇਸਲਾਮੀ ਪੁਸਤਕਾਂ ਪੜ੍ਹਾਇਆ ਕਰਦੇ ਸਨ। ਇਸ ਤੋਂ ਛੁਟ ਆਪ ਦਰਜ਼ੀਆਂ ਦਾ ਕੰਮ ਕੀਤਾ ਕਰਦੇ ਸਨ ਅਤੇ ਕਪੜੇ ਸੀ ਕੇ ਰੋਟੀ ਕਮਾਉਂਦੇ ਸਨ।

ਆਪ ਨੇ ਲਗ ਭਗ ੧੬੦੦ ਬੈਂਤਾਂ ਦੀ ਇਕ ਪੁਸਤਕ ਅਖਬਾਰ-ਉਲ-ਆਖਰਤ ਲਿਖੀ, ਜਿਸ ਵਿੱਚ ਪਰਲੋ ਦੇ ਮਸਲਿਆਂ ਨੂੰ ਪੰਜਾਬੀ ਕਵਿਤਾ ਵਿੱਚ ਵਰਨਣ ਕੀਤਾ ਗਿਆ ਹੈ। ਇਹ ਪੁਸਤਕ ੧੧੦੪ ਹਿ: ਵਿੱਚ ਔਰੰਗਜ਼ੇਬ ਆਲਮਗੀਰ ਦੇ ਸਮੇਂ ਲਿਖੀ ਗਈ। ਵੇਖੋ ਵਨਗੀ:—

ਪਿਛੇ ਹਿਜਰਤ ਮੁਸਤਫ਼ਾ ਯਾਰਾਂ ਸੈ ਵਰ੍ਹਿਆਂ ਚਾਰ  
ਚਾਰ ਮਹੀਨੇ ਹੋਰ ਭੀ ਤਿਦਨ ਥੀਆ ਤਿਆਰ  
ਬਾਦਸ਼ਾਹੀ ਔਰੰਗਜ਼ੇਬ ਦੀ ਛੱਤ੍ਰੀ ਸਾਲ ਤਮਾਮ  
ਤਮ ਤਾਰੀਖ ਚੌਧਵੀਂ ਰਬੀ ਉਲ ਸਾਨੀ ਮਾਹ  
ਫ਼ਾਰਗ ਹੋਇਆ ਲਿਖ ਕੇ ਪੁਰ ਤਕਸੀਰ ਗੁਨਾਹ

ਅਖ਼ਬਾਰ ਉਲ ਆਖਰਤ ਵਿਚੋਂ ਵਨਗੀ:—

ਪਹਿਲਾਂ ਮੰਨ ਖ਼ੁਦਾਏ ਨੂੰ ਬਖ਼ਸ਼ਨ ਹਾਰਾ ਸੋ  
ਕਹਾਰ ਤਿਸੰਦਾ ਨਾਮ ਹੈ ਤਿਸ ਥੀਂ ਕੀਜੇ ਭੋ  
ਦੂਜੇ ਮੰਨ ਫ਼ਰਿਸ਼ਤੇ ਰਬੇ ਦੇ ਮਕਬੂਲ  
ਹਰ ਦਮ ਉਸ ਦੀ ਬੰਦਗੀ ਵਿੱਚ ਰਹਿਣ ਮਸ਼ਗੂਲ  
ਰੋਜ਼ ਕਿਆਮਤ ਆਵਸੀ ਉਹ ਦੇਂਹ ਹੋਸੀ ਸਖਤ  
ਆਸੀ ਬਹਿ ੨ ਰੋਬਨੀਂ ਸ਼ਾਦ ਹੋਸਨ ਨੇਕ ਬਖ਼ਤ  
ਹਭੇ ਜਾਨ ਮਰੇਸਨੀ ਪਿਛੋਂ ਜੀਵਨ ਹਕ  
ਤਿਸ ਦਿਨ ਲੇਖਾ ਦੇਂਦਿਆਂ ਸੀਨੇ ਹੋਸਨ ਸ਼ੱਕ  
ਕੀਤੇ ਮਸਲੇ ਆਖਸਨ ਰੋਜ਼ ਕਿਆਮਤ ਦੇ  
ਉਹ ਦਿਹਾੜਾ ਹੱਕ ਹੈ ਮਤ ਕੋ ਸ਼ੱਕ ਕਰੇ  
ਲਹਿੰਦੇ ਦਾਉ ਚੜ੍ਹੇਸੀਆ ਸੂਰਜ ਬਾਝ ਕਮਾਨ  
ਪੇਸ਼ ਕਿਆਮਤ ਹੋਸੀਆ ਵਡਾ ਇਹ ਨਿਸ਼ਾਨ  
ਦੋਜ਼ਖ਼ ਤੱਤਾ ਉਬਲਸੀ ਅਗ ਕਰਸੀ ਫ਼ਰਯਾਦ  
ਆਪੀ ਖਾਦੀਅਮ ਯਾ ਰੱਬਾ ਜੋ ਪੀੜੀਅਮ ਵਾਂਗ ਕਮਾਦ

Digitized by Panjab Digital Library / www.panjabdigilib.org

# ਸੁਥਰਾ ਸ਼ਾਹ

ਰਿਆਸਤ ਪਟਿਆਲਾ ਦੇ ਇਕ ਪਿੰਡ ਵਿੱਚ ਗੁਰੂ ਹਰ ਗੋਬਿੰਦ ਜੀ ਦੇ ਅੰਤਲੇ ਸਮੇਂ ੧੬੧੫ ਈ: ਨੂੰ ਆਪ ਦਾ ਜਨਮ ਹੋਇਆ। ਬਾਵਾ ਬੁਧ ਸਿੰਘ ਜੀ ਸੁਥਰੇ ਦੇ ਜਨਮ ਬਾਰੇ ਦਸਦੇ ਹਨ ਕਿ ਜਦ ਸੁਥਰੇ ਦਾ ਜਨਮ ਹੋਇਆ ਤਾਂ ਉਸ ਦੇ ਮੂੰਹ ਵਿੱਚ ਦੰਦ ਸਨ। ਘਰ ਵਾਲਿਆਂ ਨੇ ਸਮਝਿਆ ਕਿ ਸਾਡੇ ਘਰ ਕੋਈ ਬਲਾ ਪੈਦਾ ਹੋਈ ਹੈ। ਉਨ੍ਹਾਂ ਨੇ ਆਪ ਨੂੰ ਕਪੜੇ ਵਿੱਚ ਵਲ੍ਹੇਟ ਕੇ ਜੰਗਲ ਵਿੱਚ ਸੁਟਵਾ ਦਿਤਾ। ਰਬ ਦੀ ਸ਼ਾਨ ਉਥੇ ਇਕ ਕੁੱਤੀ ਨੇ ਬਚੇ ਦਿਤੇ ਹੋਏ ਸਨ। ਕੁਤੀ ਇਨ੍ਹਾਂ ਨੂੰ ਭੀ ਆਪਣਾ ਬੱਚਾ ਸਮਝ ਕੇ ਦੁਧ ਪਿਲਾਂਦੀ ਰਹੀ ਅਤੇ ਆਪ ਉਸ ਦੇ ਬਚਿਆਂ ਨਾਲ ਹੀ ਪਰਵਰਿਸ਼ ਪਾਂਦੇ ਰਹੇ।

ਇਕ ਦਿਨ ਗੁਰੂ ਹਰ ਗੋਬਿੰਦ ਸਾਹਿਬ ਜੀ ਉਸ ਪਾਸਿਓਂ ਲੰਘੇ। ਉਨ੍ਹਾਂ ਵੇਖਿਆ ਕਿ ਕੁੱਤੀ ਦੇ ਬਚਿਆਂ ਵਿੱਚ ਇਕ ਮਨੁੱਖ ਦਾ ਬਚਾ ਹੈ ਤਾਂ ਉਸ ਨੂੰ ਚੁਕਵਾ ਕੇ ਉਸ ਦੀ ਪਾਲਣਾ ਮਨੁਖੀ ਹੱਥਾਂ ਵਿੱਚ ਕਰਵਾਈ। ਆਪ ਦੇ ਜਨਮ ਬਾਬਤ ਹੋਰ ਲੋਕ ਵੀ ਅਜੇਹੀ ਰਵਾਇਤ ਹੀ ਦਸਦੇ ਹਨ।

ਸੁਥਰਾ ਬਾਲ ਅਵਸਥਾ ਤੋਂ ਹੀ ਸ਼ੋਖ ਅਤੇ ਮਖੌਲੀਆ ਸੀ। ਆਪ ਦੀ ਉਮਰ ਬਹੁਤ ਲੰਮੀ ਹੋਈ ਹੈ ਅਤੇ ਆਪ ਨੇ ਗੁਰੂ ਹਰਗੋਬਿੰਦ ਜੀ ਤੋਂ ਲੈਕੇ ਸ੍ਰੀ ਗੁਰੂ ਗੋਬਿੰਦ ਸਿੰਘ ਤਕ ਦਰਸ਼ਨ ਕੀਤੇ ਹਨ ਅਤੇ ਸਭ ਗੁਰੂਆਂ ਦੀ ਸੰਗਤ ਵਿਚ ਰਿਹਾ ਹੈ।

ਕਹਿੰਦੇ ਹਨ, ਇਕ ਵਾਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਿੱਖ ਹੋਲੇ ਦਾ ਪੁਰਬ ਮਨਾ ਰਹੇ ਸਨ ਅਤੇ ਗੁਰੂ ਸਾਹਿਬ ਜੀ ਇਸ ਅਦਭੁਤ ਨਜ਼ਾਰੇ ਨੂੰ ਵੇਖ ਕੇ ਪ੍ਰਸੰਨ ਹੋ ਰਹੇ ਸਨ ਕਿ ਸੁਥਰਾ ਭੀ ਮੂੰਹ ਸਿਰ ਕਾਲਾ ਕਰ ਕੇ ਅਤੇ ਕਾਲੇ ਕਪੜੇ ਪਾਈ ਦੀਵਾਨ ਵਿੱਚ ਆ ਬੈਠਾ। ਸਿਖਾਂ ਨੇ ਗੁਰੂ ਸਾਹਿਬ ਪਾਸ ਸ਼ਕਾਇਤ ਕੀਤੀ ਅਤੇ ਗੁਰੂ ਜੀ ਨੇ ਸੁਥਰੇ ਨੂੰ ਬੁਲਾ ਘਲਿਆ। ਸੁਥਰੇ ਨੇ ਚਰਨਾਂ ਵਿੱਚ ਹਾਜ਼ਰ ਹੋ ਕੇ ਬੇਨਤੀ ਕੀਤੀ ਕਿ ਮੇਰੇ ਬੜੇ ਧੰਨ ਭਾਗ ਹਨ ਜੋ ਆਪ ਦੇ ਦਰਸ਼ਨਾਂ ਦਾ ਸਮਾਂ ਅਜ ਨਸੀਬ ਹੋਇਆ ਹੈ। ਮੈਂ ਕਈ ਵਾਰੀ ਆਪ ਦੇ ਦਰਸ਼ਨਾਂ ਨੂੰ ਤਰਸਦਾ ਰਿਹਾ ਹਾਂ ਪਰ ਮੇਰੇ ਭਾਗ ਕਿਥੋਂ। ਇਸ ਲਈ ਮੈਂ ਨੇ ਇਹ ਤਰੀਕਾ ਧਾਰਨ ਕੀਤਾ ਸੀ ਤਾਂ ਜੋ ਆਪ ਦੇ ਦੀਦਾਰ ਕਰ ਸਕਾਂ। ਸੁਥਰੇ ਨੇ ਜਦ ਇਹ ਦਸਿਆ ਕਿ ਮੇਰੀ ਪਾਲਣਾ ਗੁਰੂ ਹਰਿਗੋਬਿੰਦ ਜੀ ਦੇ ਪਵਿਤਰ ਹਥਾਂ ਵਿੱਚ ਹੋਈ ਹੈ ਤਾਂ ਸਤਿਗੁਰੂ ਜੀ ਬਹੁਤ ਖੁਸ਼ ਹੋਏ ਅਤੇ ਫ਼ਰਮਾਇਆ 'ਕੁਝ ਮੰਗ ਲੈ' ਤਾਂ ਸੁਥਰੇ ਨੇ ਬੇਨਤੀ ਕੀਤੀ ਕਿ ਸਚੇ ਪਾਤਸ਼ਾਹ ਮੈਨੂੰ ਇਹ ਦਾਨ ਦਿਓ ਕਿ ਆਪ ਦੇ ਸੇਵਕ ਮੇਰੇ ਸੇਵਕਾਂ ਨੂੰ ਜਦ ਉਹ ਮੰਗਣ ਆਇਆ ਕਰਨ ਤਾਂ ਦੋ ਨਾਨਕ ਸ਼ਾਹੀ ਪੈਸੇ ਦੇ ਦਿਤਾ ਕਰਨ।

ਇਹ ਰਵਾਜ ਹੋ ਗਿਆ ਕਿ ਸਾਲ ਵਿਚ ਇਕ ਅੱਧ ਵਾਰੀ ਜਦ ਸੁਥਰੇ ਸ਼ਾਹੀ ਫ਼ਕੀਰ ਡੰਡੇ ਵਜਾਉਂਦੇ ਆਉਂਦੇ ਤਾਂ ਹਰ ਸਿਖ ਪਹਿਲਾਂ ਦੋ ਨਾਨਕ ਸ਼ਾਹੀ ਪੈਸੇ ਦਿਤਾ ਕਰਦਾ ਅਤੇ ਹੁਣ ਇਕ ਪੈਸਾ ਦੇ ਦਿੰਦੇ ਹਨ।

Digitized by Panjab Digital Library | www.panjabdigilib.org

ਕਹਿੰਦੇ ਹਨ ਸੁਥਰੇ ਨੇ ੧੪੦ ਸਾਲ ਦੀ ਉਮਰ ਭੋਗੀ।

ਸੁਥਰਿਆਂ ਦੀਆਂ ਧਰਮਸਾਲਾਂ ਲਾਹੌਰ, ਅੰਮ੍ਰਿਤਸਰ ਅਤੇ ਹੋਰ ਥਾਵਾਂ ਵਿੱਚ ਬਹੁਤ ਹਨ। ਜਿਥੇ ਇਹ ਲੋਕ ਆਪਣਾ ਨਿਰਬਾਹ ਕਰਦੇ ਹਨ।

ਸੁਥਰੇ ਦੇ ਬਚਨ ਬਹੁਤ ਉਘੇ ਹਨ, ਕੁਝ ਫ਼ਕੀਰਾਨਾ ਰੰਗ ਵਿੱਚ ਅਤੇ ਕੁਝ ਮਸਖਰੇ ਰੰਗ ਵਿੱਚ ਹਨ। ਵੇਖੋ ਵਨਗੀ।

ਆਰ ਗੰਗਾ ਪਾਰ ਗੰਗਾ ਵਿੱਚ ਮੈਂ ਤੇ ਤੂੰ
ਲਹਿਣਾ ਲੈਣਾ ਸੁਥਰਿਆ ਨਾਸੀਂ ਦੇ ਕੇ ਧੂੰ

ਲੋਕ ਡਰਾਵਨ ਕਾਰਨੇ ਕੀ ਤੈਂ ਭੇਖ ਬਣਾਇਆ
ਨਿਰ ਉਦਮ ਟੁਕੜਾ ਖਾਵਣਾ ਬਾਬਾ ਨਾਮ ਸਦਾਇਆ
ਜਿਉਂ ੨ ਚੜ੍ਹਨ ਬਰੀਣੀਆਂ ਤਿਉਂ ੨ ਵਧਦਾ ਜਾ
ਦੇ ਦੁਆਈਂ ਖੁੱਲ੍ਹੀਆਂ ਅਗਲੀ ਗੱਲ ਨ ਕਾ

ਉਤਰ:-

ਸੁਥਰਿਆ ਜੇ ਬਾਬੇ ਨੂੰ ਅਕਲ ਹੋਵੇ ਤਾਂ ਪੂਜਾ ਉਹ ਕਿਉਂ ਖਾਏ
ਬਾਬਾ ਬਪੁੜਾ ਕੀ ਕਰੇ ਜਿ ਦਿਤੋਸੁ ਰਿਜਕ ਖਿੰਡਾਇ
ਜਿਉਂ ਦੇਵੇ ਤਿਉਂ ਖਾਵਣਾ ਭਾਵੇ ਦੀ ਸਤ ਰਜਾਇ

ਢੋਲ ਵਜੇ ਘਰ ਲੁਟਿਓ ਲੋਕੀ ਕੇਹਣ ਵਿਆਹ
ਸਾਹਿਬ ਅਰਥ ਨ ਬੀਜਿਓ ਹੋਇਆ ਮੁਖ ਸਿਆਹ
ਜਿਤ ਦਿਨ ਲੇਖਾ ਮੰਗੀਏ ਗਲ ਪਲ ਮੂੰਹ ਘਾਹ
ਸੁਥਰਿਆ ਰਾਹੋਂ ਘੁਥਿਆ ਵਡਾ ਤਿੰਨ੍ਹਾਂ ਨੂੰ ਦਾਹ

## ਹਜ਼ਰਤ ਸੁਲਤਾਨ ਬਾਹੂ

ਆਪ ਦੇ ਪਿਤਾ ਦਾ ਨਾਂ ਬਾਜੈਦ ਮਹੰਮਦ ਸੀ। ਆਪ ਦਾ ਜਨਮ ਕਸਬਾ ਸ਼ੋਰ ਕੋਟ ਇਲਾਕਾ ਮੁਲਤਾਨ ਵਿੱਚ ੧੦੩੯ ਹਿ: ਵਿੱਚ ਹੋਇਆ। ਆਪ ਜਮਾਂਦਰੂ ਵਲੀ ਸਨ। ਆਪ ਬਾਰੇ ਇਕ ਕਹਾਣੀ ਉਘੀ ਹੈ ਕਿ ਆਪ ਦੀ ਬਾਲ ਅਵਸਥਾ ਵਿੱਚ ਜਦ ਪਹਿਲੀ ਵਾਰੀ ਰਮਜ਼ਾਨ ਮੁਬਾਰਕ ਆਇਆ ਤਾਂ ਆਪ ਨੇ ਸਵੇਰ ਤੋਂ ਸ਼ਾਮ ਤਕ ਸਾਰਾ ਦਿਨ ਦੁਧ ਨਾ ਪੀਤਾ, ਜਿਸ ਤੋਂ ਆਪ ਦੇ ਘਰ ਵਾਲਿਆਂ, ਗੁਆਂਢੀਆਂ ਅਤੇ ਦੂਜੀਆਂ ਤੀਵੀਆਂ ਨੂੰ ਪਤਾ ਲਗ ਗਿਆ ਕਿ ਆਪ ਰਬ ਵਲੋਂ ਕਬੂਲ ਹੋਈਆਂ ਹਸਤੀਆਂ ਵਿਚੋਂ ਹਨ। ਜਦੋਂ ਜਵਾਨ ਹੋਏ ਤੇ ਮਾਪਿਆਂ ਨੇ ਜਤਨ ਕੀਤਾ ਕਿ ਇਹ ਭੀ ਸਾਡੇ ਵਾਂਗ ਖੇਤੀ ਬਾੜੀ ਦਾ ਕੰਮ ਕਰਨ, ਉਨ੍ਹਾਂ ਦੇ ਕਹਿਣ ਸੁਣਨ ਤੇ ਇਹ ਕੰਮ ਕਰਨ ਲਗ ਪਏ। ਕਿਉਂਕਿ ਤਬੀਅਤ ਫਕੀਰਾਨਾ ਸੀ ਇਸ ਲਈ ਸਭ ਕੁਝ ਛਡ ਕੇ ਹਜ਼ਰਤ ਬਹਾਉਲ ਹੱਕ ਮੁਲਤਾਨੀ ਦੇ ਮਜ਼ਾਰ ਤੇ ਜਾ ਕੇ ਚਿੱਲਾ ਕਮਾਉਂਦੇ ਰਹੇ। ਉਥੋਂ ਸ਼ਾਹ ਹਦੀਬ(ਗਾਲਬਨ ਰਮਦਾਸ ਜਿਲਾ ਅੰਮ੍ਰਿਤਸਰ ਵਾਲੇ) ਦੇ ਪਾਸ ਆਏ। ਉਨ੍ਹਾਂ ਨੇ ਦੁਨੀਆਂ ਤਿਆਗਣ ਦਾ ਹੁਕਮ ਦਿਤਾ ਤੇ ਆਪ ਫਕੀਰ ਹੋ ਕੇ ੩੦ ਵਰ੍ਹਿਆਂ ਦੀ ਉਮਰ ਵਿੱਚ ਦਿੱਲੀ ਚਲੇ ਗਏ। ਉਥੇ ਪਹੁੰਚ ਕੇ ਪੀਰ ਅਬਦੁਲ ਰਹਿਮਾਨ ਦੇ ਚੇਲੇ ਹੋ ਗਏ। ਆਪ ਨੂੰ

Digitized by Panjab Digital Library / www.panjabdigilib.org

ਕੁਦਰਤ ਨੇ ਦਿਮਾਗ ਬਖਸ਼ਿਆ ਸੀ।

ਆਪ ਨੇ ਬਹੁਤ ਛੋਟੀ ਮੁੱਢਲੀ ਵਿੱਦਿਆ ਪ੍ਰਾਪਤ ਕਰ ਲਈ ਅਤੇ ਮਾਰਫ਼ਤ ਦੇ ਮੈਦਾਨ ਵਿੱਚ ਆਪਣੇ ਖਿਆਲਾਂ ਨੂੰ ਦੁੜਾਉਣਾ ਅਰੰਭ ਕੀਤਾ। ਆਪ ਨੇ ਆਤਮ ਖੋਜੀ ਪੁਰਸ਼ਾਂ ਲਈ ਫਾਰਸੀ ਬੋਲੀ ਵਿੱਚ ਮਾਰਫਤ ਦੀਆਂ ਲਗ ਪਗ੧੪੦ ਪੁਸਤਕਾਂ ਲਿਖੀਆਂ, ਜਿਨ੍ਹਾਂ ਵਿਚੋਂ ਕੁਝ ਇਹ ਹਨ—ਸ਼ਮਸਉਲਆਰਫੀਨ, ਮਿਫ਼ਤਾਹੁਲ ਆਰਫੀਨ, ਮੁਹਕਮ-ਉਲ ਫਕਰ, ਐਨਉਲ ਫ਼ਕਰ, ਦੀਵਾਨ ਬਾਹੂ, ਅਕਲਬੇਦਾਰ ਆਦਿ।

ਫਾਰਸੀ ਕਵਿਤਾ ਅਤੇ ਵਾਰਤਕ ਤੋਂ ਛੁਟ ਆਪ ਨੇ ਪੰਜਾਬੀ ਬੋਲੀ ਰਾਹੀਂ ਆਪਣੇ ਖਿਆਲਾਂ ਨੂੰ ਪ੍ਰਗਟ ਕੀਤਾ ਹੈ। ਵਨਗੀ ਲਈ ਵੇਖੋ:—

ਅਲਫ ਅੱਲਾ ਚੰਬੇ ਦੀ ਬੂਟੀ ਮੁਰਸ਼ਦ ਮੇਰੇ ਮਨ ਲਾਈ ਹੂ
ਨਫ਼ੀ ਅਸਬਾਤ ਦਾ ਪਾਣੀ ਮਿਲਿਆ ਹਰ ਰਗ ਹਰ ਜਾਈ ਹੂ
ਅੰਦਰ ਬੂਟੀ ਮੁਸ਼ਕ ਮਚਾਇਆ ਜਾਂ ਫੁੱਲਣ ਪਰ ਆਈ ਹੂ
ਜੀਵੇ ਮੁਰਸ਼ਦ ਕਾਮਲ ਬਾਹੂ ਜੈਂ ਇਹ ਬੂਟੀ ਲਾਈ ਹੂ
ਬੇ ਬਿਸਮਿੱਲਾ ਇਸਮ ਅੱਲਾ ਦਾ ਇਹ ਭੀ ਰਹਿਣਾ ਭਾਰਾ ਹੂ
ਨਾਲ ਸ਼ਫ਼ਾਇਤ ਸਰਵਰ ਆਲਮ ਛੁਟਸੀ ਆਲਮ ਸਾਰਾ ਹੂ
ਹੱਦੋਂ ਬੇਹਦ ਦਰੂਦ ਨਬੀ ਨੂੰ ਜਿਸਦਾ ਐਡ ਪਸਾਰਾ ਹੂ
ਮੈਂ ਕੁਰਬਾਨ ਤਿਨ੍ਹਾਂ ਥੀਂ ਬਾਹੂ ਜਿਨ੍ਹਾਂ ਮਿਲਿਆ ਨਬੀ ਸਹਾਰਾ ਹੂ
ਪੇ ਪੜ੍ਹ ਪੜ੍ਹ ਇਲਮ ਹਜ਼ਾਰ ਕਤਾਬਾਂ ਆਲਮ ਹੋਏ ਸਾਰੇ ਹੂ
ਇਕ ਹਰਫ਼ ਇਸ਼ਕ ਦਾ ਨਾ ਪੜ੍ਹ ਜਾਨਣ ਭੁਲੇ ਫਿਰਨ ਬਿਚਾਰੇ ਹੂ
ਇਕ ਨਿਗਾਹ ਜੇ ਆਸ਼ਕ ਵੇਖੇ ਲਖ ਹਜ਼ਾਰਾਂ ਤਾਰੇ ਹੂ
ਲਖ ਨਿਗਾਹ ਜੇ ਆਲਮ ਵੇਖੇ ਨ *ਕੱਧੀ ਚਾੜ੍ਹੇ ਹੂ
ਇਸ਼ਕ ਅਕਲ ਵਿਚ ਮੰਜ਼ਲ ਭਾਰੀ ਸੈਆਂ ਕੁਹਾਂ ਦੇ ਪਾੜੇ ਹੂ
ਇਸ਼ਕ ਨ ਜਿਨ੍ਹਾਂ ਖਰੀਦਿਆ ਬਾਹੂ ਉਹ ਦੋਹੀਂ ਜਹਾਨੀਂ ਮਾੜੇ ਹੂ
ਸੇ ਸਾਬਤ ਇਸ਼ਕ ਤਿਨ੍ਹਾਂ ਨੇ ਲੱਧਾ ਜਿਨ੍ਹਾਂ ਤ੍ਰੁੱਟੀ ਚੋੜ ਚਾ ਕੀਤੀ ਹੂ
ਨਾ ਉਹ ਸੂਫ਼ੀ ਨਾ ਉਹ ਭੰਗੀ ਨਾ ਸਿਜਦਾ ਕਰਨ ਮਸੀਤੀ ਹੂ
ਖਾਲਸ ਨੀਲ ਪੁਰਾਣੇ ਉਤੇ ਨਹੀਂ ਚੜ੍ਹਦਾ ਰੰਗ ਮਜੀਠੀ ਹੂ
ਕਾਜ਼ੀ ਆਨ ਸ਼ਰਹ ਵਲ ਬਾਹੂ ਕਦੀ ਇਸ਼ਕ ਨਮਾਜ਼ ਨ ਨੀਤੀ ਹੂ
ਚੇ ਚੜ੍ਹ ਚੰਨਾ ਤੂੰ ਕਰ ਰੁਸ਼ਨਾਈ ਜ਼ਿਕਰ ਕਰੇਂਦੇ ਤਾਰੇ ਹੂ
ਗਲੀਆਂ ਦੇ ਵਿੱਚ ਫਿਰਨ ਨਮਾਣੇ ਲਾਲਾਂ ਦੇ ਵਣਜਾਰੇ ਹੂ
ਸ਼ਾਲਾ ਮੁਸਾਫ਼ਰ ਕੋਈ ਨ ਥੀਵੇ ਤੇ ਕੱਖ ਜਿਨ੍ਹਾਂ ਤੇ ਭਾਰੇ ਹੂ
ਤਾੜੀ ਮਾਰ ਉਡਾ ਨ ਬਾਹੂ ਅਸੀਂ ਆਪੇ ਉੱਡਣ ਹਾਰੇ ਹੂ

*ਕੱਧੀ = ਕੰਢੀ, ਕਿਨਾਰਾ।

ਆਪ ਦੀ ਸਾਰੀ ਲਿਖਤ ਇਸ ਯੋਗ ਹੈ ਕਿ ਛਾਪ ਦਿਤੀ ਜਾਏ ਪਰ ਵਨਗੀ ਵਜੋਂ ਏਨ ਸ਼ਿਅਰ ਹੀ ਮੁਨਾਸਬ ਸਮਝੇ ਗਏ ਹਨ।

ਆਪ ੧੧੦੨ ਹਿ: ਵਿੱਚ ਚਲਾਣਾ ਕਰ ਗਏ ਅਤੇ ਆਪਣੇ ਪਿਛੇ ਚਾਰ ਤੀਵੀਆਂ ਤੇ ਅੱਠ ਬਚਿਆਂ ਤੋਂ ਛੁਟ ਮਾਰਫ਼ਤ ਦਾ ਕੀਮਤੀ ਖਜ਼ਾਨਾ ਯਾਦਗਾਰ ਵਜੋਂ ਛਡ ਗਏ। ਆਪ ਦੀ ਲੜੀ ਬਗ਼ਦਾਦ ਵਾਲੇ ਪੀਰ ਸ਼ੇਖ ਅਬਦੁਲ ਕਾਦਰ ਜੀ ਨਾਲ ਮਿਲਦੀ ਹੈ।

ਪੰਜਾਬੀ ਵਿੱਚ ਆਪ ਦਾ ਕਲਾਮ "ਅਬਯਾਤ ਬਾਹੂ" ਛਪਿਆ ਹੋਇਆ ਹੈ।

Digitized by Panjab Digital Library | www.panjabdigilib.org

# ਹਕੀਮ ਦਰਵੇਸ਼

ਵਸਨੀਕ ਕੈਲਾਸ਼ ਗੜ੍ਹ। ਕਾਜ਼ੀ ਫ਼ਜ਼ਲ ਹਕ ਸਾਹਿਬ ਐਮ. ਏ. ਦੀ ਖੋਜ ਹੈ, ਕਿ ਹਕੀਮ ਦਰਵੇਸ਼, ਸ਼ਾਹ ਜਹਾਨ ਦੇ ਸਮੇਂ ਇਕ ਮੁਸਲਮਾਨ ਦਰਵੇਸ਼ ਅਤੇ ਹਕੀਮ ਸਨ। ਗੜ੍ਹ ਕੈਲਾਸ਼ (ਪਿੰਡ ਕਲਾਸ ਕੇ ਜ਼ਿਲਾ ਗੁਜਰਾਂਵਾਲੇ ਦੇ ਨੇੜੇ) ਦੇ ਵਸਨੀਕ ਸਨ। ਆਪ ਬਾਬਤ ਰਵਾਇਤ ਹੈ ਕਿ ਆਪ ਬੜੀ ਸਾਦਾ ਅਤੇ ਦਰਵੇਸ਼ਾਨਾ ਜ਼ਿੰਦਗੀ ਬਤੀਤ ਕਰਦੇ ਸਨ। ਆਪਣੇ ਕੰਮ ਦੇ ਬੜੇ ਸਿਆਣੇ, ਕਾਮਲ ਅਤੇ ਲਾਇਕ ਹਕੀਮ ਸਨ। ਆਪ ਆਪਣੇ ਵਤਨ ਦਾ ਜ਼ਿਕਰ ਕਰਦੇ ਹੋਏ ਲਿਖਦੇ ਹਨ:—

ਜਬ ਦਰਵੇਸ਼ ਹਕੀਮ ਪਛਾਣੇ ਰਾਜ਼
ਤਬ ਗੜ੍ਹ ਕੈਲਾਸ਼ ਬਹੇ ਸ਼ੀਰਾਜ਼

ਗੜ੍ਹ ਕੈਲਾਸ਼ ਕੀ ਐਸੀ ਗੀਤਾ
ਬੋਲਣ ਸਾਂਚ ਝੂਠ ਨਹੀਂ ਰੀਤਾ

ਹਕੀਮ ਸਾਹਿਬ ਦੀ ਇਕ ਪੁਸਤਕ ੧੦੬੬ ਹਿ: ਮੁਤਾਬਕ ੧੬੧੨ ਇ: ਦੀ ਤਸਨੀਫ਼ ਕੀਤੀ ਹੋਈ ਹੈ। ਲਿਖਦੇ ਹਨ:—

ਸੰਮਤ ਚੌਥੀ ਵੇਖ ਕਰ ਲਿਖਿਆ ਘਣੋ ਗੰਭੀਰ
ਵਾਰੀ ਸ਼ਾਹ ਜਹਾਨ ਕੇ ਹਾਕਮ ਯੂਸਫ਼ ਬੀਰ

ਇਕ ਹਜ਼ਾਰ ਛਿਆਠ ਸੰਨ ਨਬੀ ਕਾ ਆ
ਸਤਾਰਾਂ ਸੈ ਤੇ ਬਾਰਵ੍ਹਾਂ ਸੰਮਤ ਵਿਕਰਮ ਰਾ

ਆਪ ਦੇ ਉਚੇ ਵਿਦਵਾਨ ਹੋਣ ਬਾਰੇ ਇਕ ਰਵਾਇਤ ਦਸੀ ਜਾਂਦੀ ਹੈ ਕਿ ਇਕ ਵਾਰੀ ਸ਼ਾਹੀ ਮਹਲਾਂ ਵਿੱਚ ਇਕ ਬੇਗਮ ਨੂੰ ਥਣ ਸੁਜਣ ਦੀ ਬੀਮਾਰੀ ਹੋ ਗਈ। ਦਰਬਾਰੀ ਤਬੀਬਾਂ, ਹਕੀਮਾਂ ਅਤੇ ਵੈਦਾਂ ਨੇ ਲਖਾਂ ਜਤਨ ਕੀਤੇ ਪਰ ਸਭ ਨਿਸਫਲ।

ਅੰਤ ਕਿਸੇ ਨੇ ਸ਼ਾਹ ਜਹਾਨ ਪਾਸ ਹਕੀਮ ਦਰਵੇਸ਼ ਦਾ ਜ਼ਿਕਰ ਕੀਤਾ। ਆਪ ਨੂੰ ਦਰਬਾਰ ਵਿੱਚ ਸੱਦ ਕੇ ਸੱਦਣ ਦਾ ਕਾਰਣ ਦਸਿਆ ਗਿਆ ਪਰ ਮੁਸ਼ਕਲ ਇਹ ਸੀ ਕਿ ਪਰਦੇ ਦੇ ਕਾਰਨ ਮਰਜ਼ ਦੀ ਪਛਾਣ ਹੋਣੀ ਕਠਿਨ ਸੀ। ਹਕੀਮ ਸਾਹਿਬ ਨੇ ਇਕ ਬਾਰੀਕ ਰੇਸ਼ਮੀ ਧਾਗਾ ਮੰਗਵਾਇਆ। ਪਰਦੇ ਦੇ ਬਾਹਿਰ ਬੈਠ ਕੇ ਧਾਗੇ ਦਾ ਇਕ ਸਿਰਾ ਬੇਗਮ ਦੀ ਕਲਾਈ ਨਾਲ ਬੰਧਵਾਇਆ ਅਤੇ ਦੂਜਾ ਆਪਣੇ ਹਥ ਵਿੱਚ ਲੈ ਕੇ ਮਰਜ਼ ਅਤੇ ਉਸ ਦੀਆਂ ਨਿਸ਼ਾਨੀਆਂ ਬਾਰੇ ਪੂਰੀ ਖੋਜ ਕਰ ਲਈ।

ਬੇਗਮ ਦੇ ਪੈਰ ਦੀ ਨਾੜ ਵਿਚੋਂ ਖੂਨ ਕਢਣਾ ਜ਼ਰੂਰੀ ਸੀ, ਪਰ ਬੇਗਮ ਦੀ ਨਾਜ਼ਕ ਤਬੀਅਤ ਪਾਸੋਂ ਇਹ ਕੰਮ ਲੈਣਾ ਔਖਾ ਸੀ ਇਸ ਲਈ ਆਪ ਨੇ ਇਕ ਤਰਕੀਬ ਕੀਤੀ। ਇਕ ਕਮਰੇ ਅੰਦਰ ਬਾਰੀਕ ਸੁਆਹ ਵਿਛਵਾ ਦਿਤੀ ਅਤੇ ਬੇਗਮ ਨੂੰ ਉਸ ਕਮਰੇ ਵਿਚੋਂ ਲੰਘਾਇਆ। ਫਿਰ ਆਪ ਨੇ ਅੰਦਰ ਜਾ ਕੇ ਪੈਰਾਂ ਦੇ ਚਿੰਨ ਡਿਠੇ ਅਤੇ ਪੈਰ ਦੇ ਇਕ ਨਿਸ਼ਾਨ ਵਿੱਚ ਬਾਰੀਕ ਤੇ ਤੇਜ਼ ਨਿਸ਼ਤਰ ਲੁਕਾ ਕੇ ਰਖ ਦਿਤੀ। ਫਿਰ

Digitized by Panjab Digital Library | www.panjabdigilib.org

ਬੇਗਮ ਨੂੰ ਅਖਵਾਇਆ ਕਿ ਉਹ ਬੜੀ ਇਹਤਿਆਤ ਨਾਲ ਪਹਿਲੇ ਪੈਰਾਂ ਤੇ ਪੈਰ ਰਖ ਕੇ ਪਿਛਲੇ ਕਮਰੇ ਵਿੱਚ ਵਾਪਸ ਚਲੀ ਜਾਏ। ਸੋ ਦੂਜੇ ਕਮਰੇ ਵਿੱਚ ਅਪੜਦਿਆਂ ਹੀ ਬੇਗਮ ਦੇ ਪੈਰ ਵਿਚੋਂ ਲਹੂ ਵਗਣ ਲਗ ਪਿਆ। ਜਿਉਂ ੨ ਲਹੂ ਨਿਕਲਦਾ ਗਿਆ, ਸੋਜ ਘਟ ਹੁੰਦੀ ਗਈ ਅਤੇ ਇਸ ਤਰ੍ਹਾਂ ਮਿੰਟਾਂ ਵਿੱਚ ਸ਼ਿਕਾਇਤ ਦੂਰ ਹੋ ਗਈ। ਬਾਦਸ਼ਾਹ ਨੇ ਖੁਸ਼ ਹੋ ਕੇ ਆਪ ਨੂੰ ਇਕ ਪਿੰਡ ਜਗੀਰ ਵਜੋਂ ਦਿੱਤਾ, ਜੋ ਅਜ ਕਲ ਭੀ ਦਰਵੇਸ਼ ਦੇ ਨਾਂ ਤੇ ਉਘਾ ਹੈ ਅਤੇ ਜ਼ਿਲਾ ਗੁਜਰਾਂ ਵਾਲੇ ਵਿਚ ਕਲਾਸ ਕੇ ਦੇ ਕੋਲ ਹੈ।

ਲਾ: ਘਨਈਆ ਲਾਲ ਕਰਤਾ ਤਾਰੀਖ ਲਾਹੌਰ ਨੇ ਇਹ ਵਾਕਿਆ ਹਕੀਮ ਦਰਵੇਸ਼ ਦੀ ਥਾਂ ਹਕੀਮ ਇਲਮ ਦੀਨ ਬਾਨੀ ਮਸਜਦ ਵਜ਼ੀਰ ਖਾਂ ਨਾਲ ਜੋੜਿਆ ਹੈ। ਪਤਾ ਨਹੀਂ ਪਹਿਲੇ ਨਾਲ ਸੰਬੰਧ ਠੀਕ ਹੈ ਜਾਂ ਦੂਜੇ ਨਾਲ ਫੇਰ ਵੀ ਵਾਕਿਆ ਸਵਾਦਲਾ ਹੈ ਅਤੇ ਇਸ ਗੱਲ ਨੂੰ ਪ੍ਰਗਟ ਕਰਦਾ ਹੈ ਕਿ ਪੁਰਾਣੇ ਸਮੇਂ ਦ ਹਕੀਮ ਜਾਂ ਵੈਦ ਕਿੰਨੇ ਕਾਬਲ ਅਤੇ ਮਾਹਿਰ ਫ਼ਨ ਹੁੰਦੇ ਸਨ।

ਆਪ ਦੇ ਸਪੁਤ੍ਰ ਮੀਤਾ ਨਾਮੀ ਫ਼ਾਰਸੀ ਦੇ ਚੰਗੇ ਕਵੀ ਸਨ। ਉਨ੍ਹਾਂ ਨੇ ੧੧੧੦ ਹਿ: ਵਿੱਚ ਔਰੰਗਜ਼ੇਬ ਦੇ ਸਮੇਂ ਕਿੱਸਾ ਹੀਰ ਵਾ ਮਾਹੀ ਫ਼ਾਰਸੀ ਕਵਿਤਾ ਵਿੱਚ ਲਿਖਿਆ ਜਿਸ ਦਾ ਜ਼ਿਕਰ ਏਥੇ ਦਿਲਚਸਪੀ ਤੋਂ ਖਾਲੀ ਨਹੀਂ। ਮੀਤਾ ਨੇ ਬਹੁਤ ਕਰ ਕੇ ਚਨਾਬੀ ਉਪਨਾਮ ਵਰਤਿਆ ਹੈ। ਪੁਸਤਕ ਲਿਖਣ ਦੇ ਸੰਨ ਵਿੱਚ ਲਿਖਦੇ ਹਨ:—

ਤਾਰੀਖ ਦੁਆਸਤ ਬਹਿਰੇ ਈਂ ਬਾਗ਼
ਬੁਦ ਦੂਰ ਚਨਾਬੀ ਅਜ਼ ਚੁਨੀਂ ਬਾਗ਼

(ਨੋਟ) ਜੇ "ਚੁਨੀਂ ਬਾਗ਼" ਦੇ ਅਖਰਾਂ ਵਿਚੋਂ 'ਬੁਦ' ਦੇ ਅਖਰ ਖਾਰਜ ਕਰੀਏ ਤਾਂ ੧੧੧੦ ਹਿ: ਹੁੰਦਾ ਹੈ। ਚਨਾਬੀ ਆਪਣੀ ਉਪਮਾ ਕਰਦੇ ਲਿਖਦੇ ਹਨ—

ਸਅਦੀ ਅਜ਼ ਸ਼ੀਰਾਜ਼ ਅਮੀਰ ਅਜ਼ ਦੇਹਲੀ ਓ ਜਾਮੀ ਜ਼ਿ ਜਾਮ
ਸਾਇਬ ਅਜ਼ ਈਰਾਂ ਚਨਾਬੀ ਤਾਜ਼ਾ ਜ਼ੂਏ ਅਜ਼ ਚਨਾਬ।

(ਨੋਟ) ਅਮੀਰ ਅਜ਼ ਦੇਹਲੀ ਤੋਂ ਭਾਵ ਅਮੀਰ ਖੁਸਰੋ ਹੈ:—

ਆਪਣੇ ਪਿੰਡ ਦਾ ਜ਼ਿਕਰ ਕਰਦੇ ਹੋਏ ਲਿਖਦੇ ਹਨ:

ਦਰ ਦੇਹ ਕਲਾਸ ਨਾਮ ਆਂ ਜਾ
ਕਰਦੰਦ ਮਜ਼ਾਰ ਆਂ ਦਿਲ ਆ ਰਾ

ਆਪਣੇ ਹਕੀਮ ਹੋਣ ਬਾਰੇ ਲਿਖਦੇ ਹਨ:—

ਜ਼ਿ ਖ਼ਾਕੇ ਰਾਹੇ ਓ ਸੁਰਮਾਂ ਬਰਾਏ ਚਸ਼ਮੇ ਖ਼ੁਦ ਸਾਜ਼ਮ
ਹਕੀਮਮ ਕਦਰ ਮੀ ਦਾਨਮ ਮਨ ਈਂ ਦਾਰੂਏ ਆਲੀ ਰਾ

ਆਪਣੇ ਪਿਉ ਬਾਬਤ ਲਿਖਦੇ ਹਨ:—

ਹਮਾਂ ਬੂਦਮ ਮੁਸ਼ਤਹਰ ਅਜ਼ੀਂ ਪੇਸ਼
ਕਿ ਮੀਤਾ ਪਿਸਰੇ ਹਕੀਮ ਦਰਵੇਸ਼

ਮੀਤਾ ਨੇ ਜਿਸ ਸਮੇਂ ਇਹ ਕਿੱਸਾ ਲਿਖਿਆ, ਉਸ ਵੇਲੇ ਉਹ ਕਾਫ਼ੀ ਬੁੱਢੇ ਸਨ। ਲਿਖਦੇ ਹਨ:—

Digitized by Panjab Digital Library | www.panjabdigilib.org

ਖਮੀਦਾ ਪੁਸ਼ਤ ਜ਼ੇ ਪੀਰੀਏ ਖ਼ੁਦ ਚਨਾਬੀ ਨੇਸਤ
ਬਖ਼ਾਕਿ ਕੂਏ ਤੋ ਗੁਮ ਕਰਦਾ ਉਮਰ ਮੀ ਜੋਯਦ

ਹਕੀਮ ਦਰਵੇਸ਼ ਦੀ ਪੁਸਤਕ ਪਰਾਣ ਸੁਖ ਵਿਚੋਂ ਵਨਗੀ:—
ਪੁਸਤਕ ਨੂੰ ਇਉਂ ਅਰੰਭ ਕਰਦੇ ਹਨ:—

ਸ਼ਾਫ਼ੀ ਹਿਕੋ ਰਬ ਪਛਾਣਾ, ਦਾਰੂ ਹਿਕਮਤ ਕੀਆ ਬਹਾਨਾ

ਨਬਜ਼ ਸ਼ਨਾਖਤ ਦੇ ਸਿਰਲੇਖ ਹੇਠਾਂ ਲਿਖਦੇ ਹਨ:—

ਇਸ ਕੋ ਪਾਛੇ*ਨਾੜੀ ਚਾਲ, ਸਿਖ ਰੇ ਬੈਦ ਬਚਾਵੀਂ ਕਾਲ — *ਨਬਜ਼
ਮੇਂਡਕ †ਕੌਣ, ‡ਪਿੱਤ ਕੀ ਕੌਣ, ਬਾਝੋਂ §ਪੰਤਤ ਬੂਝੇ ਕੌਣ — †ਚਾਲ ‡ਗਰਮੀ §ਦਾਨਾ

ਬੋਲ ਸ਼ਨਾਖਤ ਦੇ ਸਿਰਲੇਖ ਹੇਠਾਂ ਲਿਖਦੇ ਹਨ:—

ਪੀਲਾ *ਬਰਨ ਜੇ ਹੋਵੇ ਮੂਤ, ਕੋਬ †ਪਿਤ ਕਾ ਬੂਝੋ ਪੂਤ — *ਰੰਗ †ਗਰਮੀ
*ਸ਼ਾਮ †ਬਰਨ ਭਏ ਬੂਝ ਬਾਈ, ਰਕਤ ਰਕਤ ਨਹੀਂ ਲੀਤੇ ਭਾਈ — *ਕਾਲਾ †ਰੰਗ
*ਸੇਤਾ †ਬਰਨ ਅਸਲੇਖਮ ਜੋਗ, ਸਿਖ ਰੇ ਬੈਦ ਪਛਾਣੀ ਰੋਗ — *ਚਿਟਾ †ਰੰਗ

# ਮੌਲਵੀ ਅਬਦੁਲ ਕਰੀਮ

ਆਪ ਮਘਿਆਣਾ ਜ਼ਿਲਾ ਝੰਗ ਦੇ ਵਸਨੀਕ ਸਨ। ਆਪ ਦੇ ਹਾਲਾਤ ਲਭ ਨਹੀਂ ਸੱਕੇ। ਆਪ ਦੀ ਲਿਖੀ ਹੋਈ ਪੁਸਤਕ ਨਜਾਤਉਲ ਮੋਮਨੀਨ ਦੇ ਅੰਤ ਵਿਚ ਜਿਸ ਦੇ ਲਿਖਣ ਦਾ ਸੰਨ ੧੦੮੬ ਹਿ: (੧੬੭੫ ਈ:) ਹੈ। ਇਉਂ ਹੀ ਲਿਖਿਆ ਹੈ। (ਨਜਾਤ ਉਲ ਮੋਮਨੀਨ ਪੰਜਾਬੀ ਵਿੱਚ ਫਿਕਾ ਦੇ ਮਸਲਿਆਂ ਉਤੇ ਮੁਖਤਸਰ ਰਸਾਲਾ ਹੈ) ਲਿਖਦੇ ਹਨ:—

ਹਿਜਰਤ ਹਿੱਕ ਹਜ਼ਾਰ ਭੀ ਉਪਰ ਛਿਆਸੀ ਜਾਨ
ਇਹ ਰਸਾਲਾ ਫ਼ਿਕਾ ਦਾ ਕੀਤਾ ਰਬ ਆਸਾਨ
ਨਾਮ ਨਜਾਤ ਉਲ ਮੋਮਨੀਨ ਏਸ ਕਤਾਬੇ ਜਾਨ
ਪੜ੍ਹ ਕੇ ਕਰਸੀ ਅਮਲ ਕੋ ਰਹਿਸੀ ਵਿਚ ਅਮਾਨ
ਫ਼ਰਜ਼ ਮਸਾਇਲ ਫ਼ਿਕਾ ਦੇ ਹਿੰਦੀ ਕਰ ਤਅਲੀਮ
ਕਾਰਨ ਮਰਦਾਂ ਉੱਮੀਆਂ ਜੋੜੇ ਅਬਦੁਲ ਕਰੀਮ
ਬਖ਼ਸ਼ ਇਲਾਹੀ ਓਸ ਨੂੰ ਰਹਿਮਤ ਨਾਲ ਈਮਾਨ
ਵਿੱਚ ਬਹਿਸ਼ਤ ਲਕਾ ਭੀ ਦੋਜ਼ਖ਼ ਕਨੂੰ ਅਮਾਨ

ਇਸ ਤੋਂ ਸਾਬਤ ਹੁੰਦਾ ਹੈ ਕਿ ਯਾਰ੍ਹਵੀਂ ਸਦੀ ਹਿਜਰੀ ਤਕ ਪੰਜਾਬੀ ਨੂੰ ਹਿੰਦੀ ਹੀ ਆਖਿਆ ਜਾਂਦਾ ਸੀ।

Digitized by Panjab Digital Library | www.panjabdigilib.org

# ਹਜ਼ਰਤ ਬੁਲ੍ਹੇ ਸ਼ਾਹ

ਪਿਤਾ ਦਾ ਨਾਂ ਸਾਈਂ ਮੁਹੰਮਦ ਦਰਵੇਸ਼। ਆਪਦਾ ਜਨਮ ਕਸੂਰ ਦੇ ਨੇੜੇ ਪੰਡੋਕ ਜ਼ਿਲਾ ਲਾਹੌਰ ਵਿੱਚ ੧੬੮੦ ਈ: ਵਿੱਚ ਹੋਇਆ। ਆਪ ਨੇ ਜਦੋਂ ਹੋਸ਼ ਸੰਭਾਲੀ ਤਾਂ ਹਜ਼ਰਤ ਗੁਲਾਮ ਮੁਰਤਜ਼ਾ ਸਾਹਿਬ ਕਸੂਰੀ ਅਤੇ ਮੌਲਾਨਾ ਗੁਲਾਮ ਮਹੀਉ-ਦੀਨ ਸਾਹਿਬ ਕਸੂਰੀ ਦੇ ਕੋਲ ਵਿਦਿਆ ਪ੍ਰਾਪਤੀ ਲਈ ਕਸੂਰ ਗਏ।ਆਪ ਜਦੋਂ ਵਿਦਿਆ ਵਿੱਚ ਸਿਆਣੇ ਹੋਏ ਤਾਂ ਆਤਮ ਗਿਆਨ ਦੀ ਪ੍ਰਾਪਤੀ ਲਈ ਮੁਰਸ਼ਦ ਦੀ ਖੋਜ ਵਿੱਚ ਨਿਕਲੇ। ਆਪ ਲਾਹੌਰ ਆਏ ਅਤੇ ਹਜ਼ਰਤ ਸ਼ਾਹ ਅਨਾਇਤ ਕਾਦਰੀ ਸ਼ਤਾਰੀ ਕਸੂਰੀ ਦੇ ਮੁਰੀਦ ਹੋ ਗਏ।

ਹਜ਼ਰਤ ਸ਼ਾਹ ਅਨਾਇਤ ਸਾਹਿਬ ਜ਼ਾਤ ਦੇ ਅਰਾਈਂ ਅਤੇ ਕਸੂਰ ਦੇ ਵਸਨੀਕ ਸਨ। ਕਸੂਰ ਦੇ ਅਫਗਾਨੀ ਗਵਰਨਰ ਹੁਸੈਨ ਖਾਂ ਦੀ ਈਰਖਾ ਕਾਰਨ ਆਪ ਘਰ ਬਾਰ ਛਡ ਕੇ ਲਾਹੌਰ ਆ ਰਹੇ ਸਨ ਅਤੇ ਏਥੇ ਹੀ ਆਪਣਾ ਕੰਮ ਕਰਦੇ ਰਹੇ ਸਨ।

[ਤਜ਼ਕਰਾ ਬੁਲ੍ਹੇ ਸ਼ਾਹ ਬਰਨੀ ਵਿਚੋਂ

—ਬੁਲ੍ਹੇ ਸ਼ਾਹ ਜਦੋ ਅਨਾਇਤ ਸ਼ਾਹ ਸਾਹਿਬ ਪਾਸ ਲਾਹੌਰ ਪੁਜੇ ਤਾਂ ਉਸ ਵੇਲੇ ਹਜ਼ਰਤ ਸਾਹਿਬ ਗੰਢਿਆਂ ਦੀ ਪਨੀਰੀ ਲਾ ਰਹੇ ਸਨ। ਬੁਲ੍ਹੇ ਨੇ ਕਿਹਾ, 'ਹਜ਼ਰਤ ਮੈਂ ਖੁਦਾ ਦਾ ਰਾਹ ਪੁਛਣ ਆਇਆ ਹਾਂ'। ਆਪ ਨੇ ਉੱਤਰ ਦਿਤਾ—

"ਰਬ ਦਾ ਕੀ ਪਾਉਣਾ, ਇਧਰੋਂ ਪੁਟਣਾ ਤੇ ਇਧਰ ਲਾਉਣਾ।"

ਹੁਣ ਆਪ ਦਾ ਭਰਮ ਦੂਰ ਹੋ ਗਿਆ ਅਤੇ ਆਪ ਨੇ ਆਪਣਾ ਪੀਰ ਧਾਰਨ ਕਰ ਲਿਆ। ਆਪ ਲਿਖਦੇ ਹਨ:—

ਬੁਲ੍ਹੇ ਸ਼ਾਹ ਦੀ ਸੁਣੋਂ ਹਕਾਇਤ, ਹਾਦੀ ਪਕੜਿਆ ਹੋਈ ਹਦਾਇਤ
ਮੇਰਾ ਮੁਰਸ਼ਦ ਸ਼ਾਹ ਅਨਾਇਤ, ਉਹ ਲੰਘਾਏ ਪਾਰ।

ਆਪ ਆਪਣੇ ਪੀਰ ਦੇ ਆਸਰੇ ਬੜੀ ਛੇਤੀ ਉਚੇ ਦਰਜੇ ਤਕ ਪੁਜ ਗਏ ਅਤੇ ਸੂਫੀਆਨਾ ਕਲਾਮ ਕਹਿਣ ਲਗ ਪਏ। ਇਨ੍ਹਾਂ ਵਿਚ ਬਹੁਤ ਥਾਵਾਂ ਤੇ ਮਜ਼੍ਹਬ, ਮਸੀਤ, ਮੁਲਾਂ ਆਦਿ ਦੇ ਖਿਲਾਫ ਲਿਖਿਆ ਹੋਇਆ ਹੈ। ਆਪ ਲਿਖਦੇ ਹਨ—

ਫੂਕ ਮੁਸੱਲਾ ਭੰਨ ਸੁਟ ਲੋਟਾ,
ਨਾ ਫੜ ਤਸਬੀ ਆਸਾ ਸੋਟਾ,
ਆਸ਼ਕ ਕਹਿੰਦਾ ਦੇ ਦੇ ਹੋਕਾ,
ਤਰਕ ਹਲਾਲੋਂ ਖਾ ਮੁਰਦਾਰ।
ਇਸ਼ਕ ਦੀ ਨਵੀਓਂ ਨਵੀਂ ਬਹਾਰ।

ਜਾਂ ਮੈਂ ਸਬਕ ਇਸ਼ਕ ਦਾ ਪੜ੍ਹਿਆ,
ਜਿਊੜਾ ਮਸਜਦ ਕੋਲੋਂ ਡਰਿਆ।
ਡੇਰੇ ਜਾ ਠਾਕਰ ਦੇ ਵੜਿਆ,
ਜਿਥੇ ਵਜਦੇ ਨਾਦ ਹਜ਼ਾਰ।
ਇਸ਼ਕ ਦੀ ਨਵੀਓਂ ਨਵੀਂ ਬਹਾਰ।

Digitized by Panjab Digital Library | www.panjabdigilib.org

ਵੇਦ ਪੁਰਾਣਾਂ ਪੜ੍ਹ ਪੜ੍ਹ ਥੱਕੇ,
ਸਿਜਦੇ ਕਰਦਿਆਂ ਘਸ ਗਏ ਮੱਥੇ,
ਨਾ ਰਬ ਤੀਰਥ ਨਾ ਰਬ ਮੱਕੇ,
ਜਿਸ ਪਾਇਆ ਤਿਸ ਨੂਰ ਜਮਾਲ।
ਇਸ਼ਕ ਦੀ ਨਵੀਂਓਂ ਨਵੀਂ ਬਹਾਰ।

ਹਾਜੀ ਲੋਕ ਮਕੇ ਨੂੰ ਜਾਂਦੇ ਅਸਾਂ ਜਾਣਾ ਤਖਤ ਹਜ਼ਾਰੇ
ਜਿਤ ਵਲ ਯਾਰ ਉਤੇ ਵਲ ਕਾਬ੍ਹਾ ਭਾਵੇਂ ਵੇਖ ਕਿਤਾਬਾਂ ਚਾਰੇ
ਹਾਜੀ ਲੋਕ ਮੱਕੇ ਨੂੰ ਜਾਂਦੇ ਮੇਰੇ ਘਰ ਵਿੱਚ ਤੂੰ ਸ਼ਹੁ ਮੱਕਾ
ਵਿੱਚੇ ਹਾਜੀ ਤੇ ਵਿੱਚੇ ਗ਼ਾਜ਼ੀ ਵਿੱਚੇ ਚੋਰ ਉਚੱਕਾ
ਭੱਠ ਨਮਾਜ਼ਾਂ ਚਿੱਕੜ ਰੋਜ਼ੇ ਕਲਮੇ ਤੇ ਫਿਰ ਗਈ ਸਿਆਹੀ
ਬੁਲ੍ਹਾ ਸ਼ਾਹ ਸ਼ਹੁ ਅੰਦਰ ਮਿਲਿਆ ਭੁੱਲੀ ਫਿਰੇ ਲੁਕਾਈ

ਬੁਲ੍ਹੇ ਸ਼ਾਹ ਦੇ ਇਸ ਵਤੀਰੇ ਨੂੰ ਵੇਖ ਕੇ ਸ਼ਾਹ ਅਨਾਇਤ ਗੁੱਸੇ ਹੋ ਗਏ ਅਤੇ ਉਨ੍ਹਾਂ ਨੂੰ ਆਪਣੇ ਦਾਇਰੇ ਵਿੱਚੋਂ ਕਢ ਦਿਤਾ। ਹੁਣ ਬੁਲ੍ਹੇ ਸ਼ਾਹ ਨੇ ਵਿਛੋੜੇ ਭਰੀਆਂ ਕਾਫੀਆਂ ਕਹਿਣੀਆਂ ਅਰੰਭ ਦਿਤੀਆਂ:—

ਮੈਂ ਨਾਤ੍ਹੀ ਧੋਤੀ ਰਹਿ ਗਈ, ਕਾਈ ਗੰਢ ਮਾਹੀ ਦਿਲ ਪੈ ਗਈ
ਦੁਖ ਸੂਲਾਂ ਨੇ ਕੀਤਾ ਏਕਾ, ਨਾ ਕੋਈ ਸਹੁਰਾ ਨਾ ਕੋਈ ਪੇਕਾ
ਦਰਦ ਵਿਹੂਣ ਪਈ ਦਰ ਤੇਰੇ, ਤੂੰ ਹੀ ਦਰਦ ਰਿੰਵਾਣੀ ਦਾ
ਕੋਠੇ ਚੜ੍ਹ ਮੈਂ ਦੇਵਾਂ ਹੋਕਾ, ਇਸ਼ਕ ਵਿਹਾਝੋ ਕੋਈ ਨ ਲੋਕਾ
ਇਸ ਦਾ ਮੂਲ ਨ ਖਾਣਾ ਧੋਖਾ, ਜੰਗਲ ਬਸਤੀ ਮਿਲੇ ਨ ਠੌਰ
ਦੇ ਦੀਦਾਰ ਹੋਇਆ ਜਦ ਰਾਹੀ, ਅਚਣਚੇਤ ਪਈ ਗਲ ਫਾਹੀ
ਡਾਢੀ ਕੀਤੀ ਬੇ ਪਰਵਾਹੀ, ਮੈਨੂੰ ਮਿਲਿਆ ਠੱਗ ਲਾਹੌਰ

ਜਦੋਂ ਮੁਰਸ਼ਦ ਨੇ ਕਢ ਦਿਤਾ ਤਾਂ ਆਪਦੇ ਦਿਲ ਵਿਚ ਵਿਛੋੜੇ ਦੀ ਅਗ ਭੜਕ ਉਠੀ। ਆਪ ਨੇ ਸਾਰੰਗੀ ਫੜ ਲਈ। ਉਮਰ ਜਵਾਨ, ਹਡ ਨਰੋਏ ਤੇ ਅਵਾਜ਼ ਸੁਰੀਲੀ ਸੀ। ਆਪ ਨੇ ਕਾਫੀਆਂ ਗਾਉਣੀਆਂ ਅਰੰਭ ਦਿਤੀਆਂ ਅਤੇ ਕੁਝ ਗਵਈਆਂ ਨੂੰ ਸਾਥੀ ਰਲਾ ਕੇ ਥੋੜੇ ਚਿਰ ਵਿਚ ਕਵਾਲਾਂ ਦਾ ਇਕ ਜਥਾ ਬਣਾ ਲਿਆ।

ਜਿਸ ਰਾਹੋਂ ਸ਼ਾਹ ਅਨਾਇਤ ਮਸੀਤ ਵਿੱਚ ਨਮਾਜ਼ ਪੜ੍ਹਨ ਜਾਇਆ ਕਰਦੇ ਸਨ ਉਸ ਰਾਹ ਦਾ ਬੁਲ੍ਹੇ ਸ਼ਾਹ ਨੂੰ ਪਤਾ ਸੀ। ਕਹਿੰਦੇ ਹਨ ਕਿ ਇਕ ਦਿਨ ਆਪ ਆਪਣੇ ਜਥੇ ਸਣੇ ਉਸ ਰਸਤੇ ਵਿਚ ਬਹਿ ਗਏ। ਆਪ ਨੇ ਠਟ ਬੰਨ੍ਹ ਕੇ ਇਹ ਕਾਫੀ ਗਾਉਣੀ ਸ਼ੁਰੂ ਕੀਤੀ:—

ਉਹ ਅਜਿਹਾ ਕੌਣ ਹੈ, ਜਾ ਆਖੇ ਜੇਹੜਾ
ਮੈਂ ਵਿੱਚ ਕਿਆ ਤਕਸੀਰ ਹੈ, ਮੈਂ ਬਰਦਾ ਤੇਰਾ
ਤੈਂ ਬਾਝੋਂ ਮੇਰਾ ਕੌਣ ਹੈ, ਦਿਲ ਢਾਹ ਨ ਮੇਰਾ
ਮੈਂ ਉਡੀਕਾਂ ਕਰ ਰਹੀ, ਕਦੀ ਆ ਕਰ ਫੇਰਾ

Digitized by Panjab Digital Library | www.panjabdigilib.org

ਮੈਂ ਜੋ ਤੈਨੂੰ ਆਖਿਆ, ਕੋਈ ਘੱਲ ਸਨਿਹੁੜਾ
ਚਸ਼ਮਾਂ ਸੇਜ ਵਿਛਾਈਆਂ ਦਿਲ ਕੀਤਾ ਡੇਰਾ
ਆਓ ਅਨਾਇਤ ਕਾਦਰੀ ਜੀ ਚਾਹੇ ਮੇਰਾ
ਮੈਂ ਉਡੀਕਾਂ ਕਰ ਰਹੀ ਕਦੀ ਆ ਕਰ ਫੇਰਾ

ਬੌਹੜੀਂ ਵੇ ਤਬੀਬਾ ਮੇਰੀ ਜਿੰਦ ਗਈ ਆ
ਤੇਰੇ ਇਸ਼ਕ ਨਚਾਈ ਆਂ ਕਰਕੇ ਥਈਆ ਥਈਆ
ਇਸ਼ਕ ਡੇਰਾ ਮੇਰੇ ਅੰਦਰ ਕੀਤਾ, ਭਰ ਕੇ ਜ਼ਹਿਰ ਪਿਆਲਾ ਪੀਤਾ,
ਝਬਦੇ ਆਵੀਂ ਵੇ ਤਬੀਬਾ ਨਹੀਂ ਤੇ ਮੈਂ ਮਰ ਰਹੀਆ
ਤੇਰੇ ਇਸ਼ਕ ਨਚਾਈ ਆਂ ਕਰ ਕੇ ਥਈਆ ਥਈਆ
ਭਾਵੇਂ ਜਾਣ ਨ ਜਾਣ ਵੇ ਵੇਹੜੇ ਆ ਵੜ ਮੇਰੇ
ਮੈਂ ਤੇਰੇ ਕੁਰਬਾਨ ਵੇ ਵੇਹੜੇ ਆ ਵੜ ਮੇਰੇ

ਸਾਡੇ ਵਲ ਮੁਖੜਾ ਮੋੜ ਵੇ ਪਿਆਰੇ ਸਾਡੇ ਵਲ ਮੁਖੜਾ ਮੋੜ

ਜਦ ਹਜ਼ਰਤ ਸ਼ਾਹ ਅਨਾਇਤ ਮੋਢੇ ਤੇ ਕੰਬਲ ਅਤੇ ਹਥ ਵਿੱਚ ਸੋਟੀ ਲਈ ਮਹਿਫਲ ਵਲ ਤੁਰੇ ਆਉਂਦੇ ਵੇਖੇ ਤਾਂ ਬੁੱਲ੍ਹੇ ਨੇ ਖੁਸ਼ੀ ਵਿੱਚ ਮਸਤ ਹੋ ਕੇ ਇਉਂ ਕਾਫੀ ਗਾਉਣੀ ਅਰੰਭੀ :–

ਬਸ ਕਰ ਜੀ ਹੁਣ ਬਸ ਕਰ ਜੀ
ਕਾਈ ਗੱਲ ਅਸਾਂ ਨਾਲ ਹਸ ਕਰ ਜੀ
ਤੂੰ ਮੋਇਆਂ ਨੂੰ ਮਾਰ ਨ ਮੁਕਦਾ ਸੈਂ
ਫੜ ਖਿਦੋ ਵਾਂਗੂੰ ਸੁਟਦਾ ਸੈਂ
ਗੱਲ ਕਰਦੇ ਸਾਂ ਗਲ ਘੁਟਦਾ ਸੈਂ
ਹੁਣ ਤੀਰ ਲਾਇਓ ਹੀ ਕਸ ਕਰ ਜੀ
ਤੁਸੀਂ ਛਪਦੇ ਸੀ ਅਸੀਂ ਪਕੜੇ ਹੋ
ਤੁਸੀਂ ਅਜੇ ਛਪਨ ਨੂੰ ਤਕੜੇ ਹੋ
ਅਸੀਂ ਹਿਰਦੇ ਅੰਦਰ ਜਕੜੇ ਹੋ
ਹੁਣ ਕਿਧਰ ਜਾਸੇ ਨਸ ਕਰ ਜੀ
ਬੁਲ੍ਹੇ ਸ਼ਾਹ ਅਸੀਂ ਤੇਰੇ ਬਰਦੇ ਹਾਂ
ਤੇਰਾ ਮੁਖ ਵੇਖਣ ਨੂੰ ਮਰਦੇ ਹਾਂ
ਤੇਰੀਆਂ ਅਰਜ਼ਾਂ ਮਿੰਨਤਾਂ ਕਰਦੇ ਹਾਂ
ਹੁਣ ਬੈਠ ਪਿੰਜਰ ਵਿੱਚ ਕਸ ਕਰ ਜੀ

ਆਓ ਸਈਓ ਰਲ ਦਿਓ ਨੀ ਵਧਾਈ, ਮੈਂ ਵਰ ਪਾਇਆ ਰਾਂਝਾ ਮਾਹੀ
ਅਜ ਦਾ ਰੋਜ਼ ਮੁਬਾਰਕ ਚੜ੍ਹਿਆ, ਰਾਂਝਾ ਸਾਡੇ ਵੇਹੜੇ ਵੜਿਆ
ਹਥ ਖੂੰਡੀ ਮੋਢੇ ਕੰਬਲ ਧਰਿਆ, ਚਾਕਾਂ ਵਾਲੀ ਸ਼ਕਲ ਬਣਾਈ
ਆਓ ਸਈਓ ਰਲ ਦਿਓ ਨੀ ਵਧਾਈ, ਮੈਂ ਵਰ ਪਾਇਆ ਰਾਂਝਾ ਮਾਹੀ

Digitized by Panjab Digital Library | www.panjabdigilib.org

ਜਦੋਂ ਆਪ ਉਕਾ ਨੇੜੇ ਆ ਗਏ ਤਾਂ ਬੁਲ੍ਹੇ ਨੇ ਇਹ ਕਾਫੀ ਅਰੰਭੀ:—

ਵਤ ਨ ਕਰਸਾਂ ਮਾਣ ਰੰਝੇਟੇ ਯਾਰ ਦਾ ਵੇ ਅੜਿਆ
ਅਜ ਅਜੋਕੀ ਰਾਤ ਮੇਰੇ ਘਰ ਰਹੀਂ ਵੇ ਅੜਿਆ
ਦਿਲ ਦੀਆਂ ਘੁੰਡੀਆਂ ਖੋਲ੍ਹ ਅਸਾਂ ਨਾਲ ਹਸ ਖਾਂ ਵੇ ਅੜਿਆ
ਦਿਲਬਰ ਯਾਰ ਕਰਾਰ ਕੀਤੋਈ, ਕੀ ਇਤਬਾਰ ਹੋਤੇ ਯਾਰ ਦਾ ਵੇ ਅੜਿਆ
ਵੱਤ ਨ ਕਰਸਾਂ ਮਾਣ ਰੰਝੇਟੇ ਯਾਰ ਦਾ ਵੇ ਅੜਿਆ

ਇਹ ਸੁਣ ਕੇ ਹਜ਼ਰਤ ਸ਼ਾਹ ਅਨਾਇਤ ਨੇ ਫਰਮਾਇਆ 'ਓਏ ਤੂੰ ਬੁਲ੍ਹਾ ਏਂ ?' ਆਪ ਨੇ ਉੱਤਰ ਦਿੱਤਾ "ਨਹੀਂ ਹਜ਼ਰਤ ਭੁਲਾ ਹਾਂ" ਫੇਰ ਕੀ ਸੀ ਹਜ਼ਰਤ ਸਾਹਿਬ ਨੇ ਛਾਤੀ ਨਾਲ ਲਾ ਲਿਆ ਅਤੇ ਬੁਲ੍ਹੇ ਸ਼ਾਹ ਨੇ ਖੁਸ਼ੀ ਵਿਚ ਗਾਉਣਾ ਸ਼ੁਰੂ ਕੀਤਾ:—

ਘੜਿਆਲੀ ਦਿਓ ਨਿਕਾਲ ਨੀ, ਅਜ ਪੀ ਘਰ ਆਇਆ ਲਾਲ ਨੀ
ਘੜੀ ਘੜੀ ਘੜਿਆਲ ਵਜਾਵੇ, ਰਾਤ ਵਸਲ ਦੀ ਪਿਆ ਘਟਾਵੇ,
ਮੇਰੇ ਦਿਲ ਦੀ ਬਾਤ ਜੋ ਪਾਵੇ , ਹੱਥੋਂ ਚਾ ਸੁਟੇ ਘੜਿਆਲ ਨੀ
ਘੜਿਆਲੀ ਦਿਓ ਨਿਕਾਲ ਨੀ, ਅਜ ਪੀ ਘਰ ਆਇਆ ਲਾਲ ਨੀ

ਕਈਆਂ ਨੇ ਲਿਖਿਆ ਹੈ ਕਿ ਜਦੋਂ ਬੁਲ੍ਹੇ ਸ਼ਾਹ ਨੂੰ ਸ਼ਾਹ ਅਨਾਇਤ ਨੇ ਕਢ ਦਿਤਾ ਤਾਂ ਉਨ੍ਹਾਂ ਨੇ ਵੇਸਵਾ ਪਾਸ ਨੌਕਰ ਹੋ ਕੇ ਗਾਉਣਾ ਆਦਿ ਸਿਖਿਆ ਅਤੇ ਜਦੋਂ ਸੁਰ ਤਾਲ ਆ ਗਿਆ ਤਾਂ ਇਕ ਦਿਨ ਤੀਵੀਆਂ ਵਾਲੇ ਕਪੜੇ ਪਾ, ਘੁੰਗਰੂ ਆਦਿ ਬੰਨ੍ਹ ਕੇ ਨਚਣਾ ਸ਼ੁਰੂ ਕੀਤਾ । ਸ਼ਾਹ ਅਨਾਇਤ ਵੀ ਫਿਰਦੇ ਫਿਰਾਂਦੇ ਉਥੇ ਆ ਪੁਜੇ। ਇਹ ਗਲ ਠੀਕ ਨਹੀਂ ਜਾਪਦੀ, ਕਿਉਂ ਜੋ ਮੌਲਵੀ ਅਨਵਰ ਅਲੀ ਰੋਹਤਕੀ ਨੇ ਆਪਣੀ ਪੁਸਤਕ 'ਕਾਨੂਨਿ ਇਸ਼ਕ' ਵਿੱਚ ਘੁੰਡ ਕਢਣ ਅਤੇ ਘੁੰਗਰੂ ਪਾਣ ਦਾ ਕੋਈ ਹਵਾਲਾ ਨਹੀਂ ਦਿਤਾ। ਕਹਾਣੀ ਨੂੰ ਉਪਰ ਲਿਖੇ ਅਨੁਸਾਰ ਹੀ ਪੇਸ਼ ਕੀਤਾ ਹੈ। ਇਹੋ ਜ਼ਿਆਦਾ ਸੱਚੀ ਮੰਨੀ ਜਾ ਸਕਦੀ ਹੈ। ਜ਼ਿਆਉਦੀਨ ਅਹਿਮਦ ਬਰਨੀ ਬੀ. ਏ. ਨੇ 'ਤਜ਼ਕਰਾ ਬੁਲ੍ਹੇਸ਼ਾਹ' ਵਿਚ ਅਤੇ ਲਾ: ਤੀਰਥ ਰਾਮ ਫੀਰੋਜ਼ਪੁਰੀ ਨੇ ਆਪਣੇ ਇਕ ਲੇਖ "ਬੁਲ੍ਹੇ ਸ਼ਾਹ ਅਤੇ ਉਨ੍ਹਾਂ ਦਾ ਕਲਾਮ" ਜੋ ਰਸਾਲਾ ਸੂਫੀ ਪਿੰਡੀ ਬਹਾਉਦੀਨ ਵਿਚ ਛਪਿਆ, ਉਸ ਵਿਚ ਇਸ ਗਲ ਦਾ ਕੋਈ ਜ਼ਿਕਰ ਨਹੀਂ। ਸੁਆਦਲੀ ਗਲ ਇਹ ਕਿ ਡਾ: ਮੋਹਣ ਸਿੰਘ ਜੀ ਨੇ ਆਪਣੀ ਪੁਸਤਕ ਵਿੱਚ ਇਹ ਹਵਾਲਾ ਹੀ ਨਹੀਂ ਦਿਤਾ ਕਿ ਬੁਲ੍ਹੇ ਸ਼ਾਹ ਨੇ ਮੁਢਲੀ ਵਿਦਿਆ ਕਸੂਰ ਵਿੱਚ ਪ੍ਰਾਪਤ ਕੀਤੀ ਜਾਂ ਨਹੀਂ, ਹਾਲਾਂ ਕਿ ਵਾਰਸ ਸ਼ਾਹ ਦਾ ਤਜ਼ਕਰਾ ਲਿਖਣ ਵਾਲਿਆਂ ਨੇ ਵਾਰਸ ਸ਼ਾਹ ਤੇ ਬੁਲ੍ਹੇ ਸ਼ਾਹ ਦੇ ਉਸਤਾਦ ਮੌਲਵੀ ਗੁਲਾਮ ਮੁਰਤਜ਼ਾ ਦੇ ਇਹ ਵਾਕ ਦਰਜ ਕੀਤੇ ਹਨ ਜੋ ਵਾਰਸ ਸ਼ਾਹ ਵਲ ਇਸ਼ਾਰਾ ਕਰਕੇ ਕਹਿੰਦੇ ਹਨ ਕਿ ਬੁਲ੍ਹੇ ਸ਼ਾਹ ਨੂੰ ਪੜ੍ਹਾਇਆ ਤਾਂ ਉਸ ਸਾਰੰਗੀ ਫੜ ਲਈ ਤੈਨੂੰ ਪੜ੍ਹਾਇਆ ਤਾਂ ਤੂੰ ਹੀਰ ਚੁਕ ਬਣਾਈ। ਇਸ ਤੋਂ ਸਿਧ ਹੁੰਦਾ ਹੈ ਕਿ ਬੁਲ੍ਹੇ ਸ਼ਾਹ ਕਸੂਰ ਵਿੱਚ ਪੜ੍ਹਦੇ ਰਹੇ।

ਜਦ ਗੁਰੂ ਚੇਲੇ ਵਿੱਚ ਮੁੜ ਪਿਆਰ ਹੋ ਗਿਆ, ਤਾਂ ਆਪ ਦੀਆਂ ਕਾਫ਼ੀਆਂ ਦਾ ਰੰਗ ਬਦਲਿਆ ਅਤੇ ਆਪ ਨੇ ਇਉਂ ਕਹਿਣਾ ਸ਼ੁਰੂ ਕੀਤਾ:—

Digitized by Panjab Digital Library | www.panjabdigilib.org

ਸਈਓ ਹੁਣ ਸਾਜਨ ਮੈਂ ਪਾਇਓ ਈ
ਹਰ ਹਰ ਦੇ ਵਿੱਚ ਸਮਾਇਓ ਈ।
ਅਹਦ ਅਹਦ ਦਾ ਗੀਤ ਸੁਣਾਇਆ,
ਅਨਾ ਅਹਿਦ ਹੂੰ ਫੇਰ ਵਸਾ ਇਆ,
ਪਰਦੇ ਵਿੱਚ ਇਕ ਮੀਮ ਰਖਾਇਆ,
ਅਤੇ ਨਾਮ ਰਸੂਲ ਧਰਾਇਓ ਈ
ਸਈਓ ਹੁਣ ਸਾਜਨ ਮੈਂ ਪਾਇਓ ਈ
ਹਰ ਹਰ ਦੇ ਵਿੱਚ ਸਮਾਇਓ ਈ
ਨਹਨ ਅਕਬਰ ਲਿਖ ਦਿਤੇ ਈ
੧ਹੋਵਾ ਮਾਆਕੁਮ ਦਾ ਸਬਕ ਕਿਹੋ ਈ
੨ਫੀਅਨਫ਼ੋਸੇਕੁਮ ਦਾ ਹੁਕਮ ਕੀਤੋ ਈ
ਫਿਰ ਕਿਆ ਘੁੰਗਟ ਪਾਇਓ ਈ
ਸਈਉ ਹੁਣ ਸਾਜਨ ਮੈਂ ਪਾਇਓ ਈ
ਹਰ ਹਰ ਦੇ ਵਿਚ ਸਮਾਇਓ ਈ

ਕਹਿੰਦੇ ਹਨ ਇਕ ਦਿਨ ਆਪ ਨੇ ਆਪਣੇ ਮੁਰਸ਼ਦ ਅਗੇ ਮਕੇ ਅਤੇ ਮਦੀਨੇ ਦੀ ਯਾਤ੍ਰਾ ਲਈ ਬੇਨਤੀ ਕੀਤੀ। ਹਜ਼ਰਤ ਜੀ ਨੇ ਕਿਹਾ ਕਿ ਅਜ ਤੋਂ ਤੀਜੇ ਦਿਨ ਆਪ ਨੂੰ ਮੁਕਤੀ ਦਾ ਸਿਧਾ ਰਾਹ ਦਸਿਆ ਜਾਏਗਾ। ਅਗਲੇ ਦਿਨ ਬੁਲ੍ਹੇ ਨੇ ਰਾਤ ਨੂੰ ਖਾਬ ਵਿੱਚ ਵੇਖਿਆ ਕਿ ਇਕ ਮਜਲਸ ਵਿੱਚ ਰਸੂਲ ਕਬੂਲ ਅਤੇ ਨਾਲ ਹੀ ਸ਼ਾਹ ਅਨਾਇਤ ਬੈਠੇ ਹਨ। ਦਿਨੇ ਆ ਕੇ ਆਪ ਨੇ ਸੁਫ਼ਨੇ ਦਾ ਹਾਲ ਆਪਣੇ ਮੁਰਸ਼ਿਦਾਂ ਨੂੰ ਦਸਿਆ ਅਤੇ ਮੁੜ ਯਾਤ੍ਰਾ ਦਾ ਨਾਂ ਤਕ ਨਾ ਲਿਆ।

ਸ਼ਾਹ ਅਨਾਇਤ ਜਿਨ੍ਹਾਂ ਦਿਨਾਂ ਵਿੱਚ ਬੁਲ੍ਹੇ ਸ਼ਾਹ ਨਾਲ ਨਾਰਾਜ਼ ਸਨ ਉਨ੍ਹਾਂ ਦਿਨਾਂ ਦੀ ਗੱਲ ਹੈ ਕਿ ਬੁਲ੍ਹੇ ਸ਼ਾਹ ਇਕ ਵਾਰੀ ਵਟਾਲੇ ਗਏ ਅਤੇ ਓਥੇ ਮਸਤੀ ਵਿੱਚ ਕਹਿਣਾ ਸ਼ੁਰੂ ਕੀਤਾ ਕਿ ਮੈਂ ਅੱਲਾ ਹਾਂ। ਲੋਕ ਉਨ੍ਹਾਂ ਨੂੰ ਮੀਆਂ ਸਾਹਿਬ ਗੱਦੀ ਵਾਲੇ ਪਾਸ ਲੈ ਗਏ। ਜਦ ਓਥੇ ਭੀ ਆਪ ਨੇ ਏਹੋ ਅਖਰ ਆਖੇ ਤਾਂ ਉਨ੍ਹਾਂ ਨੇ ਫਰਮਾਇਆ ਕਿ ਸਚ ਕਹਿੰਦਾ ਹੈਂ ਤੂੰ ਅੱਲਾ ਭਾਵ ਕੱਚਾ ਹੈਂ। ਸ਼ਾਹ ਅਨਾਇਤ ਪਾਸ ਜਾ ਤੇ ਪੱਕ ਕੇ ਆ।

ਇਸੇ ਮਸਤੀ ਦੀ ਹਾਲਤ ਵਿੱਚ ਇਕ ਵਾਰੀ ਆਪ ਆਲਮ ਪੁਰ ਕੋਟਲਾ ਗਏ। ਜਦ ਜੁਮੇਂ ਦੀ ਨਮਾਜ਼ ਦਾ ਸਮਾਂ ਹੋਇਆ ਤਾਂ ਆਪ ਤਕਬੀਰ ਕਹਿਣ ਲਈ ਖੜੇ ਹੋਏ ਅਤੇ ਹੌਲੀ ਜਹੀ ਆਖਿਆ—ਅੱਲਾ!

ਸ਼ਾਹ ਅਨਾਇਤ ਕਾਦਰੀ ੧੧੪੧ ਹਿ: ਵਿਚ ਕੂਚ ਕਰ ਗਏ ਅਤੇ ਬੁਲ੍ਹਾ ਸ਼ਾਹ ੩੦ ਵਰ੍ਹੇ ਉਨ੍ਹਾਂ ਦੀ ਗੱਦੀ ਦੇ ਸੇਵਾਦਾਰ ਹੋ ਕੇ ਲੋਕਾਂ ਨੂੰ ਗਿਆਨ ਤੇ ਉਪਦੇਸ਼ ਦਾ ਪ੍ਰਚਾਰ ਕਰਦੇ ਹੋਏ ੧੧੭੧ ਹਿ: ਵਿੱਚ ਆਪ ਭੀ ਆਪਣੇ ਮੁਰਸ਼ਦ ਦੀ ਗੋਦੀ ਵਿਚ ਜਾ ਬੈਠੇ।

ਖਜ਼ੀਨਾਂਤੁਲ ਅਸ਼ਫੀਆ ਦੇ ਲਿਖਾਰੀ ਨੇ ਆਪਣੀ ਪੁਸਤਕ ਦੇ ਸਫ਼ਾ ੨੦੯ ਉਤੇ

---

੧ਰਬ ਤੇਰੇ ਨਾਲ ਹੈ। ੨ਰਬ ਤੁਹਾਡੇ ਦਿਲ ਵਿਚ ਹੈ।

Digitized by Panjab Digital Library | www.panjabdigilib.org

ਆਪ ਦੇ ਚਲਾਣੇ ਦੀ ਤਾਰੀਖ ਇਉਂ ਦਿਤੀ ਹੈ:-

ਚੂ ਬੁਲ੍ਹੇ ਸ਼ਾਹ ਸ਼ੈਖ਼ਿ ਹਰ ਦੋ ਆਲਮ
ਮੁਕਾਮਿ ਖੇਸ਼ ਅੰਦਰ ਖੁਲਦ ਵਰਜ਼ੀਦ
ਰਕਮ ਕੁਨ ਸ਼ੈਖ਼ ਅਕਰਮ ਇਰਤਹਾਲਸ਼
ਦਿਗਰ *"ਹਾਦੀਏ ਅਕ ਰ ਮਸਤ ਤੌਹੀਦ" *੧੨੭੧ ਹਿ:

ਚੌਥੀ ਤੁਕ ਦੇ "ਹਾਦੀਏ ਅਕਬਰ ਮਸਤ ਤੌਹੀਦ" ਦੇ ਅਖਰਾਂ ਚੋਂ ੧੧੭੧ ਹਿ: ਨਿਕਲਦਾ ਹੈ। ਇਸ ਤੁਕ ਵਿਚ ਅਖਰ 'ਦਿਗਰ' ਵਾਧੂ ਹੈ ਜੇ ਇਸ ਨੂੰ ਰਲਾ ਲਿਆ ਜਾਵੇ ਤਾਂ ੧੩੯੫ ਹੋ ਜਾਂਦਾ ਹੈ ਜੋ ਠੀਕ ਨਹੀਂ। ਲਾ: ਤੀਰਥ ਰਾਮ ਨੇ ਆਪਣੇ ਲੇਖ ਵਿੱਚ ਅਤੇ ਅਨਵਰ ਰੁਹਤਕੀ ਨੇ ਕਾਨੂਨਿ ਇਸ਼ਕ ਵਿੱਚ ਇਸ ਮਾਦਾ ਤਾਰੀਖ਼ ਨੂੰ ਲਿਖਿਆ ਹੈ। ਪਰ ਦਿਗਰ ਦੇ ਵਾਧੂ ਹੋਣ ਵਲ ਕਿਸੇ ਧਿਆਨ ਨਹੀਂ ਦਿਤਾ। ਕਾਨੂਨਿ ਇਸ਼ਕ ਦੇ ੨੫੦ ਸਫ਼ੇ ਉਤੇ ਅਨਵਰ ਸਾਹਿਬ ਲਿਖਦੇ ਹਨ ਕਿ "ਮੈਂ ਉਹ ਥਾਂ ਜਿਸ ਨੂੰ ਕਬੀਰ ਕਹਿੰਦੇ ਹਨ, ਵੇਖਿਆ ਹੈ। ਉਹ ਪਾਕਪਟਨ ਦੇ ਕੋਲ ਹੈ ਅਤੇ ਉਜੜਿਆ ਹੋਇਆ ਪਿੰਡ ਹੈ। ਇਹ ਪਿੰਡ ਹਜ਼ਰਤ ਬੁਲ੍ਹੇ ਸ਼ਾਹ ਦੇ ਸਰਾਪ ਕਰ ਕੇ ਉਜੜਿਆ ਸੀ। ਪਰ ਅਮੋਲ ਸਾਹਿਬ ਦਾ ਬਿਆਨ ਹੈ ਕਿ ਮੈਂ ਹੁਣ ਉਹ ਪਿੰਡ ਵੇਖਿਆ ਹੈ, ਜੋ ਵੱਸ ਰਿਹਾ ਹੈ। ਹੋ ਸਕਦਾ ਹੈ ਕਿ ਪਹਿਲਾਂ ਉਜੜਿਆ ਹੋਵੇ ਤੇ ਹੁਣ ਫੇਰ ਵੱਸ ਗਿਆ ਹੋਵੇ।

ਆਪ ਦੀਆਂ ਕਾਫੀਆਂ ਵਿਚੋਂ ਵਨਗੀ ਲਈ ਦੋ ਦੋ ਸ਼ੇਅਰ ਦਿੰਦੇ ਹਾਂ ਤਾਂ ਜੋ ਪਤਾ ਲਗ ਜਾਏ ਕਿ ਆਪ ਦੇ ਖਿਆਲ ਕਿੰਨੇ ਉਚੇ ਤੇ ਕਵਿਤਾ ਵਿੱਚ ਕਿੰਨਾ ਜ਼ੋਰ ਸੀ। ਆਪ ਫਰਮਾਂਦੇ ਹਨ:-

ਮੂੰਹ ਆਈ ਬਾਤ ਨ ਰਹਿੰਦੀ ਏ
ਝੂਠ ਆਖਾਂ ਤੇ ਕੁਝ ਬਚਦਾ ਏ, ਸਚ ਆਖਿਆਂ ਭਾਂਬੜ ਮਚਦਾ ਏ
ਜੀ ਦੋਹਾਂ ਗਲਾਂ ਤੋਂ ਜਚਦਾ ਏ, ਜਚ ਜਚ ਕੇ ਜੀਭਾ ਕਹਿੰਦੀ ਏ
ਮੂੰਹ ਆਈ ਬਾਤ ਨ ਰਹਿੰਦੀ ਏ
ਮਨਸੂਰ ਨੇ ਅਨਲਹਕ ਕਿਹਾ, ਤੇ ਮੈਂ ਭੀ ਹੁਣ ਇਹ ਕਹਿਨਾ ਹਾਂ।

ਮੌਲਵੀ ਗੁਲਾਮ ਰਸੂਲ ਕਰਤਾ ਯੂਸਫ਼ ਜ਼ੁਲੈਖਾ ਭੀ ਓਥੇ ਹੀ ਸਨ, ਉਹ ਸ਼ੇਅਰ ਸੁਣ ਕੇ ਮੁਸਕਰਾਏ ਅਤੇ ਫਰਮਾਇਆ:-

ਤੂੰ ਅੱਕਾਂ ਦਾ ਟਿਡਾ ਹੋ ਕੇ, ਨਾਲ ਪਤੰਗੀ ਖਹਿਨਾ ਏਂ।

ਆਪ ਇਹ ਸੁਣ ਕੇ ਸ਼ਰਮਿੰਦੇ ਹੋਏ ਅਤੇ ਬਾਂਗ ਕਹਿਕੇ ਚੁਪ ਹੋ ਗਏ।

ਹੋਏ ਨੈਣਾਂ ਨੈਣਾਂ ਦੇ ਬਰਦੇ, ਦਰਸ਼ਨ ਸੈਆਂ ਕੋਹਾਂ ਤੋਂ ਕਰਦੇ
ਪਲ ਪਲ ਦੌੜਨ ਜ਼ਰਾ ਨਾ ਡਰਦੇ, ਤੈਂ ਕੋਈ ਲਾਲਚ ਘਤ ਭਰਮਾਈ
ਮੈਂ ਵਿੱਚ ਮੈਂ ਨਹੀਂ ਰਹੀ ਆ ਕਾਈ
ਬੁਲ੍ਹਾ ਸ਼ੌਹ ਅਸੀਂ ਤੇਰੇ ਪਿਆਰੇ ਹਾਂ, ਮੁਖ ਵੇਖਣ ਦੇ ਵਣਜਾਰੇ ਹਾਂ।
ਕੁਝ ਅਸੀਂ ਭੀ ਤੈਨੂੰ ਪਿਆਰੇ ਹਾਂ, ਕਿ ਮੈਹੀਉਂ ਘੋਲ ਘੁਮਾਈ।
ਮੈਂ ਵਿੱਚ ਮੈਂ ਨਹੀਂ ਰਹੀ ਆ ਕਾਈ

Digitized by Panjab Digital Library | www.panjabdigilib.org

ਹਥੀ ਢਿਲਕ ਪਈ ਮੇਰੇ ਚਰਖੇ ਦੀ, ਮੈਥੋਂ ਕਤਿਆ ਮੂਲ ਨ ਜਾਵੇ।
ਹੁਣ ਦਿਨ ਚੜ੍ਹਿਆ ਕਦ ਗੁਜ਼ਰੇ, ਮੈਨੂੰ ਰਾਤੀਂ ਮੂੰਹ ਦਿਖਲਾਵੇ।
ਤਕਲੇ ਨੂੰ ਵਲ ਘੇ ਪੈ ਜਾਂਦੇ, ਕੌਣ ਲੁਹਾਰ ਲਿਆਵੇ।
ਤਕਲੇ ਤੋਂ ਵਲ ਲਾਹ ਲੁਹਾਰਾ; ਮੈਂਡਾ ਤੰਦ ਟੁਟ ਟੁਟ ਜਾਵੇ।
ਘੜੀ ਘੜੀ ਇਹ ਝੋਲੇ ਖਾਂਦਾ, ਛੱਲੀ ਹਿਕ ਨ ਲਾਵੇ।
ਫੀਤਾ ਨਾਹੀਂ ਜੋ ਬੀੜੀ ਬੰਨ੍ਹਾਂ, ਬਾਇੜ ਹਥ ਨ ਆਵੇ।
ਚਮੜਿਆਂ ਨੂੰ ਚੋਪੜ ਨਾਹੀਂ, ਮੇਤੀ ਮਾਹਲ ਪਈ ਭਰੜਾਵੇ।
ਤੀਲੀ ਨਾਹੀਂ ਜੋ ਪੂਣੀ ਵੱਟਾਂ, ਪਿਛੋਂ ਵਛਾ ਗੋਹੜੇ ਖਾਵੇ।
ਤ੍ਰਿੰਜਣ ਕਤਣ ਸਦਣ ਸਈਆਂ, ਬ੍ਰਿਹੋਂ ਢੋਲ ਵਜਾਵੇ।
ਮਾਹੀ ਛਿੜ ਗਿਆ ਨਾਲ ਮਝੀਂ ਦੇ, ਹੁਣ ਕਤਣ ਕਿਸ ਨੂੰ ਭਾਵੇ।
ਜੋ ਮਣਾਂ ਦਾ ਕਤ ਲਿਆ ਬੁਲ੍ਹਿਆ, ਜੇ ਸੁਣ ਮੈਨੂੰ ਗਲ ਲਾਵੇ।

ਭੈਣਾਂ ਮੈਂ ਕਤਦੀ ਕਤਦੀ ਹੁਟੀ,
ਪੜੀ ਪਛੀ ਪਛਵਾੜੇ ਰਹਿ ਗਈ, ਹਥ ਵਿਚ ਰਹਿ ਗਈ ਜੁਟੀ।
ਅਗੇ ਚਰਖਾ ਪਿਛੇ ਪੀੜ੍ਹਾ, ਹਥ ਮੇਰਿਓਂ ਤੰਦ ਟੁਟੀ।
ਰਲ ਮਿਲ ਸਈਆਂ ਪਾਣੀ ਗਈਆਂ ਮੈਂ ਵਿੱਚ ਢੁਘਰ ਫੁਟੀ।
ਜੋ ਵਰਿਹਾਂ ਪਿਛੋਂ ਛੱਲੀ ਲਾਹੀ, ਕਾਗ ਮਰੇਂਦਾ ਝੁਟੀ।
ਭੌਂਦਾ ਭੌਂਦਾ ਉਗਾ ਡਿਗਾ, ਛਿਬ ਉਲਝੀ ਤੰਦ ਟੁਟੀ।
ਆਸ਼ਕ ਬਕਰੀ ਮਾਸ਼ੂਕ ਕਸਾਈ, ਮੈਂ ਮੈਂ ਕਰਦੀ ਕੁਠੀ।
ਭਲਾ ਹੋਇਆ ਮੇਰਾ ਚਰਖਾ ਟੁਟਾ, ਮੇਰੀ ਜਿੰਦ ਅਜ਼ਾਬੋਂ ਛੁਟੀ।
ਚੋਰ ਉਹੀ ਮੇਰਾ ਪਕੜ ਮੰਗਾਓ, ਜਿਸ ਮੇਰੀ ਜਿੰਦ ਘੁਟੀ।
ਬੁਲ੍ਹਾ ਸ਼ੋਹ ਨੇ ਨਾਚ ਨਚਾਏ, ਉਥੇ ਧੁੰਮ ਪਈ ਕੜਕੁਟੀ।

## ਹਾਫ਼ਜ਼ ਮੁਅਜ਼ੁੱਦੀਨ ਸਾਹਿਬ

ਸਾਕਨ ਲਾਹੌਰ। ਆਪ ਮਸਜਦ ਸਭਰਾਵਾਂ ਦੇ ਇਮਾਮ ਸਨ। ਅਖਾਂ ਵਲੋਂ ਹੀਣੇ ਸਨ। ਬਚਿਆਂ ਨੂੰ ਕੁਰਆਨ ਮਜੀਦ ਪੜ੍ਹਾਇਆ ਕਰਦੇ ਸਨ।

ਆਪ ਨੇ ਹਾਫਜ਼ ਨੇਕ ਆਲਮ ਅਤੇ ਖਾਨ ਸਾਦੁੱਲਾ ਖਾਂ ਵਜ਼ੀਰ ਸ਼ਾਹਜਹਾਨ ਦੀ ਫ਼ਰਮਾਇਸ਼ ਉਤੇ ਕਸੀਦਾ ਅਮਾਲੀ ਨੂੰ ਪੰਜਾਬੀ ਵਿੱਚ ਨਜ਼ਮ ਕੀਤਾ। ਉਸ ਸਮੇਂ 'ਪੰਜਾਬੀ' ਨੂੰ 'ਹਿੰਦੀ' ਆਖਿਆ ਜਾਂਦਾ ਸੀ। ਆਪ ਫਰਮਾਂਦੇ ਹਨ:—

ਹਿੰਦੀ ਸ਼ਰ੍ਹਾ ਕਿਸੇ ਨਾ ਕੀਤੀ, ਗੱਲ ਇਨ੍ਹਾਂ ਦੀ ਮੈਂ ਮੰਨ ਲੀਤੀ
ਫਿਕਰ ਮੈਂ ਇਸ ਦੇ ਅੰਦਰ ਕੀਤਾ ਜ਼ਾਤਮ ਬਹੁਤ ਮੁਹਾਲੀ ਹੈ

ਲਾਹੌਰ ਵਿੱਚ ਪਥਰਾਂ ਵਾਲੀ ਹਵੇਲੀ ਖਾਨ ਸਈਦ ਉਲਾ ਵਜ਼ੀਰ ਦੇ ਪੁਤ੍ਰ ਨੇ ਬਣਵਾਈ ਸੀ ਜਿਥੇ ਉਹ ਅਕਸਰ ਅਪਣੇ ਲੜਕੇ ਪਾਸ ਆਉਂਦੇ ਜਾਂਦੇ ਰਹਿੰਦੇ ਅਤੇ ਉਥੇ

Digitized by Panjab Digital Library | www.panjabdigilib.org

ਹੀ ਹਾਫ਼ਜ਼ ਸਾਹਿਬ ਨਾਲ ਮੇਲ ਹੋਇਆ ਕਰਦਾ। ਉਨ੍ਹਾਂ ਨੇ ਹਾਫ਼ਜ਼ ਸਾਹਿਬ ਦੀ ਲਿਆਕਤ ਅਤੇ ਵਿਦਿਅਕ ਕਾਬਲੀਅਤ ਨੂੰ ਵੇਖ ਕੇ ਖੁਸ਼ੀ ਪ੍ਰਗਟ ਕੀਤੀ ਅਤੇ ਆਪ ਪਾਸ ਕਸੀਦਾ ਅਮਾਲੀ ਦਾ ਉਲਥਾ ਕਰਨ ਦੀ ਫਰਮਾਇਸ਼ ਕੀਤੀ। ਇਹ ਪੁਸਤਕ ੧੦੯੮ ਹਿ: ਦੀ ਬਣੀ ਹੋਈ ਹੈ ਯਾਨੀ ਅੱਜ ਤੋਂ ਠੀਕ ਢਾਈ ਸੌ ਸਾਲ ਪਹਿਲੇ ਦੀ ਹੈ। ਵੇਖੋ ਵਨਗੀ:—

ਦੋ ਸਾਲਾਂ ਕਮ ਸਦੀਆਂ ਯਾਰਾਂ, ਬਹਦ ਨਬੀ ਦੇ ਸਾਲ ਸ਼ੁਮਾਰਾਂ,
ਵਾਰ ੧ਅਦੀਨਾਂ ਤਮ ਕਸੀਦਾ, ਵਕਤ ਦੁਪਹਿਰ ਛਵਾਲੀ ਹੈ ੧ਸ਼ੁਕਰਵਾਰ
ਇਸ ਅਰਬੀ ਥੀਂ ਹਿੰਦੀ ਕੀਜੇ, ਸਭੇ ਖਲਕ ਸੁਚੱਲੇ ਲੀਜੇ,
ਖਾਨ ਸਦੁੱਲਾ ਨੇ ਫਰਮਾਇਆ, ਕਸੀਦਾ ਸ਼ਰਹ ਅਮਾਲੀ ਹੈ
ਤਾਂ ਮੈਂ ਇਹ ਤਸਨੀਫ ਜੋ ਕੀਤੀ, ਸਭਰਾਵਾਂ ਦੀ ਬੈਠ ਮਸੀਤੀ,
ਇਹ ਅਹਿਸਾਨ ਹੋਈ ਮੈਂ ਉਤੇ, ਕੀਤਾ ਕਰਮ ਤਆਲੀ ਹੈ

ਕਸੀਦਾ ਦੇ ਉਲਥੇ ਵਿਚੋਂ ਦੋ ਬੰਦ:—

ਰਬ ਮਰੇਸੀ ਖਲਕਤ ਸਾਰੀ, ਫੇਰ ਜਵੇਸੀ ਦੂਜੀ ਵਾਰੀ,
ਹਰ ਇਕ ਨਾਲ ਹਿਸਾਬ ਕਰੇਸੀ, ਮੂਜਬ ਅਮਲ ਸਜ਼ਾ ਉਹ ਦੇਸੀ
ਤੇਹੀ ਮਿਲਦੀ ਜਜ਼ਾ ਹਰ ਇਕ ਨੂੰ ਜੇਹਾ ਕਸਬ ਖਸਾਲੀ ਹੈ
ਹੈ ਉਹ ਬੇਪਰਵਾਹ ਇਲਾਹੀ, ਨਾ ਉਸ ਦੀ ਕੋਈ ਔਰਤ ਆਹੀ,
ਨਾ ਉਸ ਪੁੱਤਰ ਧੀ ਨ ਕਾਈ, ਨਾ ਰਬ ਬਾਬਾ ਨਾ ਰਬ ਮਾਈ,
ਨਾ ਰਬ ਖੇਸ਼ ਕਬੀਲਾ ਕੋਈ, ਨਾ ਰਬ ਅਹਿਲ ਅਯਾਲੀ ਹੈ।

# ਹਾਫ਼ਜ਼ ਬਰਖ਼ੁਰਦਾਰ

ਆਪ ਦਾ ਪਿੰਡ ਮੁਸਮਾਨੀ, ਪਰਗਨਾ ਚੀਮਾ ਚੱਠਾ, ਇਲਾਕਾ ਲਾਹੌਰ ਦੇ ਵਸਨੀਕ ਸਨ।

ਆਪ ਔਰੰਗਜ਼ੇਬ ਆਲਮਗੀਰ ਦੇ ਵੇਲੇ ਦੇ ਕਵੀ ਹਨ। ਭਾਵੇਂ ਆਪ ਦਾ ਜਨਮ ਸ਼ਾਹ ਜਹਾਨ ਦੇ ਵੇਲੇ ਹੋਇਆ ਪਰ ਆਪ ਦੀ ਕਵਿਤਾ ਦੀਆਂ ਖ਼ੂਬੀਆਂ ਆਦਿ ਔਰੰਗਜ਼ੇਬ ਆਲਮਗੀਰ ਦੇ ਵੇਲੇ ਲੋਕਾਂ ਦੀਆਂ ਨਜ਼ਰਾਂ ਵਿਚ ਆਈਆਂ। ਇਸ ਲਈ ਹੀ ਆਪ ਔਰੰਗਜ਼ੇਬ ਦੇ ਵੇਲੇ ਮਸ਼ਹੂਰ ਹੋਏ।

ਆਪ ਦੇ ਬਣਾਏ ਕਿੱਸੇ ਜੋ ਛਪੇ ਹੋਏ ਹਨ:—

ਯੂਸਫ ਜ਼ੁਲੈਖਾਂ, ਸੱਸੀ ਪੁੰਨੂੰ, ਮਿਰਜ਼ਾ ਸਾਹਿਬਾਂ ਤੇ ਕਿੱਸਾ ਖੇੜ੍ਹੀ। ਕਾਜ਼ੀ ਫ਼ਜ਼ਲ ਹੱਕ ਸਾਹਿਬ ਲਿਖਦੇ ਹਨ ਕਿ ਇਨ੍ਹਾਂ ਤੋਂ ਬਿਨਾਂ ਅਨਵਾਅ ਹਾਫ਼ਜ਼ ਬਰਖ਼ੁਰਦਾਰ ਜਿਸ ਵਿਚ ਪੰਦਰਾਂ ਛੋਟੀਆਂ ਵੱਡੀਆਂ ਕਿਤਾਬਾਂ ਹਨ ਤੇ ਆਪ ਨੇ ਉਲਥਾ ਕਸੀਦਾ ਗੌਸੀਆ ਆਦਿ ਲਿਖੇ ਹਨ।

Digitized by Panjab Digital Library | www.panjabdigilib.org

ਕਿੱਸਾ ਯੂਸਫ਼ ਜ਼ਲੈਖਾਂ ਆਪ ਨੇ ਨਵਾਬ ਜਾਫਰ ਖਾਂ ਦੇ ਕਹਿਣ ਤੇ ੧੦੯੦ ਹਿ: (੧੬੮੭ ਈ:) ਵਿਚ ਔਰੰਗਜ਼ੇਬ ਦੇ ਸਮੇਂ ਲਿਖਿਆ। ਇਸ ਦੇ ਬਦਲੇ ਨਵਾਬ ਸਾਹਿਬ ਨੇ ਆਪ ਨੂੰ ਸੱਤ ਵਿਘੇ ਜ਼ਮੀਨ, ਇਕ ਘੋੜਾ, ਇਕ ਸਿਰੇਪਾ ਤੇ ਸੌ ਰੁਪਿਆ ਨਕਦ ਇਨਾਮ ਵਜੋਂ ਦਿਤਾ। ਆਪ ਲਿਖਦੇ ਹਨ:–

ਦੇ ਤਰਤੀਬ ਮੁਰੱਤਬ ਕੀਤਾ ਹਾਫ਼ਜ਼ ਇਹ ਰਸਾਲਾ।
ਗ਼ਮ ਯਾਕੂਬੇ ਹਿਜਰ ਯੂਸਫ਼ ਦੇ ਸੋਜ਼ ਜ਼ਲੈਖਾਂ ਵਾਲਾ।
ਕਿੱਸਾ ਜੋੜ ਮੁਰੱਤਬ ਕੀਤਾ ਬਰਖੁਰਦਾਰ ਵਿਚਾਰੇ।
ਜਾਂ ਨੱਵੇ ਸਾਲ ਹਜ਼ਾਰੋਂ ਉਤੇ ਕਾਮਲ ਗੁਜ਼ਰੇ ਸਾਰੇ।
ਮੈਂ ਨੈਣਾਂ ਦੇ ਨਾਲ ਪਰੋਤੇ ਚੁਣ ਚੁਣ ਦੁਰਰ ਯਗਾਨੇ।
ਤਾਂ ਇਹ ਹਾਰ ਮੁਰੱਤਬ ਹੋਇਆ ਆਲਮਗੀਰ ਜ਼ਮਾਨੇ।
ਨਵਾਬ ਜਾਫਰ ਖਾਂ ਇਹ ਖਾਹਸ਼ ਕੀਤੀ ਤਾਂ ਇਹ ਕਿੱਸਾ ਬਣਿਆ।
ਜ਼ਾਹਰ ਬਾਤਨ ਰਾਜ਼ੀ ਹੋਇਆ ਜਾਂ ਇਹ ਪੜ੍ਹਿਆ ਸੁਣਿਆ।
ਇਕ ਜ਼ਮੀਨ ਅਤਾਇਤ ਕੀਤੀ ਬੀਗ੍ਹਾ ਸਤ ਪਛਾਣੀ।
ਜੋੜਾ ਘੋੜਾ ਨਕਦ ਦਿਵਾਇਆ ਸੌ ਰੁਪਿਆ ਜਾਨੀ।

ਵਨਗੀ ਯੂਸਫ਼ ਜ਼ੁਲੈਖਾਂ ਵਿਚੋਂ:–

ਖੂਹੇ ਅੰਦਰ ਤ੍ਰੈ ਦਿਨ ਰਾਤੀਂ ਯੂਸਫ਼ ਬੈਠ ਲੰਘਾਏ।
ਹੋਇਆ ਹੁਕਮ ਇਲਾਹੀ ਜ਼ਾਹਰ ਸੈ ਕਰਵਾਣੀ ਆਏ।
ਉਥੇ ਆ ਕਿਆਮ ਕੀਤੋ ਨੇ ਖੂਹ ਡਿਠੋ ਨੇ ਪਾਣੀ।
ਗਿਰਦ ਬਿਗਿਰਦੇ ਖੂਹ ਕਿਨਾਰੇ ਆਣ ਲਥੇ ਕਰਵਾਣੀ।
ਜਿਨ੍ਹਾਂ ਸੀ ਦਰਵੇਸ਼.........ਪਾਣੀ ਬੋਕਾ ਖੂਹ ਵਹਾਇਆ।
ਜਬਰਾਈਲ ਚਲਾਕੀ ਕਰਕੇ ਯੂਸਫ਼ ਵਿਚ ਬਹਾਇਆ।
ਕੀਤੇ ਜ਼ੋਰ ਨ ਹਿੱਲੇ ਬੋਕਾ ਅਜਬ ਤਮਾਸ਼ਾ ਬਣਿਆ।
ਰਲ ਕੇ ਜਮ੍ਹਾ ਹੋਏ ਕਰਵਾਣੀ ਜ਼ੋਰ ਕੀਤਾ ਚਾ ਜਣਿਆ।
ਜਿਉਂ ਜਿਉਂ ਨੇੜੇ ਆਂਦੇ ਉਹ ਖੂਹੇ ਵਿਚ ਲਗੇ।
ਦੇਖ ਹੋਏ ਮੁਤਹੱਈਅਰ ਸਾਰੇ ਭੱਜ ਭੱਜ ਹੋਵਣ ਅਗੇ।
ਅਸੀਂ ਕੁਦਰਤ ਤੇਰੀ ਥੀਂ ਕੁਰਬਾਨ ਹੋਏ ਆਂ ਬਾਰ ਖੁਦਾਇਆ।
ਇਹ ਤਾਂ ਚੰਨ ਆਹਾ ਅਸਮਾਨੀ ਖੂਹ ਅੰਦਰ ਕਿਵੇਂ ਆਇਆ।
ਅਸੀਂ ਮੁਲਕੀਂ ਫਿਰਦੇ ਬੁਢੇ ਹੋਏ ਅਜਿਹੇ ਇਨਸਾਨ ਨ ਡਿਠੇ।
ਉੱਚਾ ਸ਼ੋਰ ਕਰਾਰਾ ਕਰ ਕੇ ਹੋਏ ਕੁਲ ਇਕੱਠੇ।

ਹਾਫ਼ਜ਼ ਬਰਖੁਰਦਾਰ ਦੀ ਦੂਜੀ ਲਿਖਤ ਸੱਸੀ ਪੁੰਨੂੰ ਦੀ ਵੰਨਗੀ

ਹਾਫ਼ਜ਼ ਵਾਲੀ ਸ਼ਹਿਰ ਭੰਬੋਰ ਦਾ ਆਹਾ ਆਦਮ ਜਾਮ।
ਉਸ ਨੂੰ ਰਬ ਨਵਾਜ਼ੀ ਪਿਰਥਮੀ, ਨਿਉਂ ਨਿਉਂ ਕਰੇ ਸਲਾਮ।
ਧੁਰੋਂ ਅਤਾਯਤ ਅਮਰ ਦੀ ਲਿਖੀ ਵਿਚ ਕਲਾਮ।
ਅਤੇ ਸ਼ਾਹ ਨਮੂਨਾ ਰੱਬ ਦਾ ਤਿਸਨੂੰ ਕਰਦੀ ਖਲਕ ਕਿਆਮ।

Digitized by Panjab Digital Library | www.panjabdigilib.org

ਅਗਣ ਆਦਮ ਜਾਮ ਦਾ ਰੋਸ਼ਨ ਥੀਵੇ ਕਿਤਾ।
ਨਿਤ ਘਰ ਤਿਸ ਦੇ ਅੰਧੇਰ ਹੈ ਬਾਲ ਨਾ ਖੇਡੇ ਜਿਤ।
ਇਹ ਤੱਤੀ ਸੁਤੀ ਸੇਜ ਤੇ ਹੰਝੂ ਰੋਵੇ ਨਿੱਤ।
ਰਬਾ ਸਿਪ ਨਾ ਮੁਖ ਪਸਾਰਿਆ ਬੂੰਦ ਨਾ ਪਿਆ ਤਿੱਤ।
ਹਾਫ਼ਜ਼ ਜੇ ਰਬ ਆਵੇ ਮੇਹਰ ਤੇ ਕੱਲਰ ਕੌਲ ਕਰੇ।
ਸੁੱਕੇ ਢੀਂਗਰ ਕੁਦਰਤੀ ਕਰਦਾ ਰਬ ਹਰੇ।

ਤੀਜੀ ਲਿਖਤ ਮਿਰਜ਼ਾ ਸਾਹਿਬਾਂ ਵਿਚੋਂ ਵੰਨਗੀ:-

ਚੜ੍ਹਦੇ ਮਿਰਜ਼ਾ ਖਾਨ ਨੂੰ, ਵੰਝਲ ਦੇਵੇ ਮੱਤ।
ਜਾਇ ਬਿਗਾਨੀ ਨਾਰ ਨੂੰ, ਮੂਰਖ ਪਾਂਦੇ ਹੱਥ।
ਲਖੀਂ ਹੱਥ ਨ ਆਂਵਦੀ, ਦਾਨਸ਼ਮੰਦਾਂ ਦੀ ਪੱਤ।
ਮੈਂ ਬੱਕਰਾ ਦੇਸਾਂ ਪੀਰ ਦਾ ਜੇ ਘਰ ਆਵੇਂ ਵੱਤ।
ਸੁਤੀ ਸੁਪਨਾ ਵਾਚਿਆ, ਸੁਪਨਾ ਬੁਰੀ ਬਲਾ
ਕਾਲੀ ਜੇਹੀ ਇਸਤ੍ਰੀ, ਖੁਲ੍ਹੇ ਮੂੰਹਾਂ ਦੀ ਆ।
ਛਜਾ ਮਾੜੀ ਡਾਹਡ ਹੈ ਜਿਸ ਚੜ੍ਹ ਲਏਂ ਹਵਾ।
ਮੇਰਾ ਥੰਮ ਕੜਕਾ ਮਾਰ ਕੇ, ਪਿਆ ਧਰਤੀ ਤੇ ਆ।
ਕੈਂਡਾ ਸੰਡਾ ਡੁਬ ਮੁਇਆ, ਮੰਗੂ ਮੁਗਲਾਂ ਦੀ ਜਾ।
ਮੈਂ ਵਾਸਤਾ ਘਤਿਆ ਰਬ ਦਾ ਖੀਵੇ ਸ਼ਹਿਰ ਨ ਜਾ।
ਜੇ ਮੈਂ ਰਹਿਸਾਂ ਜੀਊਂਦੀ ਤੇਰੇ ਕਰਸਾਂ ਲੱਖ ਵਿਆਹ।

ਕਿੱਸਾ ਮਿਰਜ਼ਾ ਸਾਹਿਬਾਂ ਵਿਚ ਆਪ ਪੀਲੂ ਕਵੀ ਬਾਬਤ ਇਉਂ ਲਿਖਦੇ ਹਨ:-

ਹਾਫਜ਼ ਜੋ ਸਿਰ ਮਿਰਜ਼ੇ ਵਰਤਿਆ, ਸਾਹਿਬਾਂ ਡਿਠੀ ਇਸ਼ਕ ਮੁਰਾਦ।
ਸੋ ਪੀਲੂ ਸਮਝ ਗਿਆ ਸਭ ਕਾਰਨੇ ਜਾਂ ਕੀਤੀ ਕਾਗ ਫਰਿਆਦ।
ਅਤੇ ਮੋਇਆਂ ਗਿਆਂ ਦੇ ਸੁਖਨ ਨੂੰ ਆਕਲ ਦੇਂਦੇ ਦਾਦ।
ਪਰ ਮੋਏ ਗਏ ਹਾਫਜ਼ਾ ਨਾ ਕਿਸੇ ਨੂੰ ਫਿਰ ਯਾਦ।
ਹੁਣ ਸਾਹਿਬਾਂ ਦਾ ਰੂਹ ਪੀਲੂ ਦੀ ਗੋਰ ਤੇ ਰੁੰਨਾ ਨੀਰ ਪਲੱਟ।
ਜੇ ਪੀਲੂ ਮੁਨਸਫ ਗਏ ਜਹਾਨ ਤੋਂ ਸੁਤਿਆ ਪਿਆ ਕੁਸੱਤ।
ਕਿਉਂ ? ਰਲ ਮਿਲ ਹਾਫਜ਼ ਨੂੰ ਆਖਿ ਜਗ ਵਿਚ ਨੇਕੀ ਖੱਟ।
ਸਾਡੇ ਘਾ ਵਿਗਾੜੇ ਸ਼ਾਇਰਾਂ, ਜੋ ਲੋੜੇਂ ਕਿਤ ਫਟ।
ਜਿਉਂ ਵਰਤੀ ਕਾਗ ਪੁਕਾਰਿਆ ਸੋ ਪੀਲੂ ਗਾਂਵਿਆ ਸੀ ਗਾਹ।
ਅਤੇ ਗੱਲਾਂ ਡੂਮਾਂ ਥੀਂ ਸੁਣ ਕੇ ਹੋਇਆ ਜਗ ਗਵਾਹ।
ਜਾ ਰੁੰਨਾਂ ਪੀਲੂ ਦੀ ਗੋਰ ਤੇ ਬਾਣਾ ਬਤਰ ਸਿਆਹ,
ਅਗੋਂ ਪੀਲੂ ਮੂੰਹ ਚੜ੍ਹ ਬੋਲਿਆ, ਕਾਗਾ *ਮੁਸਮਾਨੀ ਜਾਹ।
ਉਥੇ ਹਾਫਜ਼ ਬਰਖੁਰਦਾਰ ਨੂੰ ਰਲ ਮਿਲ ਪੈਰੀਂ ਪਾ।
ਜਟ ਵੈਰੀ ਹੋਇਆ ਜਟ ਦਾ ਹਾਫਜ਼ ਕਹੋ ਸੌ ਵਾਰ।
ਜੋ ਦੁਸ਼ਮਨ ਹੁੰਦੇ ਆਸ਼ਕਾਂ ਲਾਨ੍ਹਤ ਤਿਨ੍ਹਾਂ ਹਜ਼ਾਰ।

*ਪਿੰਡ

Digitized by Panjab Digital Library | www.panjabdigilib.org

ਯਾਰੋ ਇਧਰ ਖੰਡੇ ਦੀ ਧਾਰ ਤੇ ਹਥ ਰੱਖਣ ਖਰਾ ਮੁਹਾਲ।
ਹਾਫਜ਼ ਜਾਂ ਕਿਸ਼ਮਾਂ ਹੋਵਨ ਚਾਰ ਜੋ ਨਾ ਕੁਝ ਖੋਫ਼ ਰਵਾਲ।

ਯਾਰੋ ਪੀਲੂ ਨਾਲ ਬਰਾਬਰੀ ਸ਼ਾਇਰ ਭੁਲ ਕਰੇਨ।
ਜਿਸ ਨੂੰ ਪੰਜਾਂ ਪੀਰਾਂ ਦੀ ਥਾਪਨਾ ਕੰਧੀ ਦਸਤ ਧਰੇਣ।

ਇਸ ਤੋਂ ਪਤਾ ਲਗਦਾ ਹੈ ਕਿ ਪੀਲੂ ਸ਼ਾਇਰ ਨੇ ਮਿਰਜ਼ਾ ਸਾਹਿਬਾਂ ਦੀ ਵਾਰ ਮਰਾਸੀਆਂ ਤੇ ਭੱਟਾਂ ਤੋਂ ਸੁਣ ਕੇ ਲਿਖੀ। ਜਿਸ ਦੀਆਂ ਕੁਝ ਗੱਲਾਂ ਸਾਹਿਬਾਂ ਨੂੰ ਬੁਰੀਆਂ ਲਗੀਆਂ ਅਤੇ ਇਸ ਨੇ ਹਾਫ਼ਜ਼ ਨੂੰ ਸੁਫਨੇ ਵਿਚ ਆ ਕੇ ਇਹ ਕਿੱਸਾ ਲਿਖਣ ਲਈ ਕਿਹਾ। ਹਾਫਜ਼ ਬਰਖ਼ੁਰਦਾਰ ਦੇ ਲਿਖੇ ਹਾਲ ਤੋਂ ਪਤਾ ਲਗਦਾ ਹੈ ਕਿ ਪੀਲੂ ਜਟ ਸੀ; ਪਰ ਉਸ ਨੇ ਮਿਰਜ਼ਾ ਤੇ ਸਾਹਿਬਾਂ (ਦੋਹਾਂ ਨੂੰ ਰਾਜਪੂਤ ਕਿਹਾ ਹੈ, ਹਾਂ ਖਰਲ ਜਟ ਭੀ ਕਹਿਲਾਂਦੇ ਹਨ) ਦੇ ਉਲਟ ਲਿਖਿਆ ਇਸ ਤੇ ਹਾਫਜ਼ ਬਰਖੁਰਦਾਰ ਕਹਿੰਦਾ ਹੈ:—

ਜਟ ਵੈਰੀ ਹੋਇਆ ਜਟ ਦਾ ਹਾਫ਼ਜ਼ ਕਹੇ ਸੌ ਵਾਰ।
ਜੋ ਦੁਸ਼ਮਨ ਹੁੰਦੇ ਆਸ਼ਕਾਂ ਲਾਨ੍ਹਤ ਤਿਨ੍ਹਾਂ ਹਜ਼ਾਰ।

ਕਾਜ਼ੀ ਫਜ਼ਲ ਹੱਕ ਸਾਹਿਬ ਨੇ ਇਸ ਸ਼ੇਅਰ ਕਰ ਕੇ ਹੀ ਹਾਫਜ਼ ਸਾਹਿਬ ਨੂੰ ਜੱਟ ਲਿਖਿਆ ਹੈ। ਹਾਲਾਂ ਕਿ ਇਸ ਸ਼ੇਅਰ ਤੋਂ ਹਾਫਜ਼ ਸਾਹਿਬ ਦਾ ਜਟ ਹੋਣਾ ਸਾਬਤ ਨਹੀਂ ਹੁੰਦਾ ਸਗੋਂ ਪੀਲੂ ਦਾ ਜਟ ਹੋਣਾ ਸਾਬਤ ਹੈ।

ਕਿਸਾ ਖੇਤ੍ਰੀ ਨੂੰ ਇਸ ਤਰ੍ਹਾਂ ਸ਼ੁਰੂ ਕਰਦੇ ਹਨ:—

ਦੁਨੀਆਂ ਖੇਤੀ ਆਖਰ ਸੇਤੀ ਖੁਦ ਸਰਵਰ ਫਰਮਾਵੇ
ਜੇਹਾ ਇਸ ਵਿਚ ਬੀਜੇ ਕੋਈ ਤੇਹਾ ਹੀ ਫਲ ਪਾਵੇ
ਇਸ ਖੇਤੀ ਜੇਡ ਨਾ ਖੇਤੀ ਕਾਈ ਜਿਸ ਨੂੰ ਵੇਚ ਕਮਾਵੇਂ
ਸੋਨਾ ਰੁਪਾ ਪੈਦਾ ਹੋਵੇ ਖੁਸ਼ੀਆਂ ਕਰ ਕਰ ਖਾਵੇਂ

ਮੌਲਵੀ ਦਿਲ ਪਜ਼ੀਰ ਆਪਣੀ ਕਿਤਾਬ ਯੂਸਫ ਜ਼ੁਲੈਖਾਂ ਵਿਚ ਦੋ ਹਾਫਜ਼ ਬਰਖੁਰਦਾਰਾਂ ਦਾ ਹਾਲ ਦਸਦੇ ਹਨ:—

ਦੋਵੇਂ ਹਾਫ਼ਜ਼ ਬਰਖ਼ੁਰਦਾਰ ਤੇ ਦੋਵੇਂ ਹਾਫਜ਼ ਕਾਰੀ
ਦੋਹਾਂ ਲਿਖ ਯੁਸਫ ਦੇ ਕਿੱਸੇ ਪਾਈ ਬਰਖੁਰਦਾਰੀ
ਅਬਦੁਲ ਹਕੀਮ ਜ਼ੁਲੈਖਾਂ ਹਿੰਦੀ ਵਾਂਗ ਜ਼ੁਲੈਖਾਂ ਜੋੜੀ
ਹਾਫਜ਼ ਬਰਖੁਰਦਾਰਾਂ ਵਾਲੀ ਹੋਰ ਹੋਈ ਇਕ ਜੋੜੀ

ਮੀਆਂ ਮੁਹੰਮਦ ਭੀ ਆਪਣੀ ਕਿਤਾਬ ਸੈਫ਼ੁਲਮਲੂਕ ਵਿਚ ਦੋ ਬਰਖੁਰਦਾਰਾਂ ਦਾ ਜ਼ਿਕਰ ਕਰਦੇ ਹੋਏ ਲਿਖਦੇ ਹਨ:—

ਰਾਂਝਾ ਬਰਖੁਰਦਾਰ ਸੁਣੀਦਾ ਬੁਲਬੁਲ ਬਾਗ਼ ਸੁਖਨ ਦੀ।
ਸ਼ੇਅਰ ਉਹਦਾ ਜਿਉਂ ਵਾ ਫਜਰ ਦੀ ਆਏ ਬਾਸ ਸਜਨ ਦੀ।

ਇਸ ਤੋਂ ਅਗਾਂਹ ਚਲ ਕੇ ਲਿਖਦੇ ਹਨ:—

ਹਾਫਜ਼ ਬਰਖ਼ੁਰਦਾਰ ਮੁਸੱਨਫ ਗੋਰ ਜਿਨ੍ਹਾਂ ਦੀ ਚਿੱਟੀ।

Digitized by Panjab Digital Library | www.panjabdigilib.org

ਹਰ ਹਰ ਬੈਂਤ ਉਨ੍ਹਾਂ ਦਾ ਮਿੱਠਾ ਜਿਉਂ ਮਿਸਰੀ ਦੀ ਖਿੱਟੀ।

ਮੀਆਂ ਅਹਿਮਦਯਾਰ ਆਪਣੀ ਕਿਤਾਬ ਯੂਸਫ ਜ਼ੁਲੈਖਾਂ ਵਿਚ ਇੰਜ ਲਿਖਦੇ ਹਨ:— ਇਕ ਹਾਫਜ਼ ਬਰਖੁਰਦਾਰ ਪਿੰਡ ਚਿੱਟੀ ਸ਼ੇਖਾਂ ਸਿਆਲ ਕੋਟ ਦੇ ਲਾਗੇ ਦਾ ਸੀ। ਦੂਜਾ ਹਾਫਜ਼ ਬਰਖੁਰਦਾਰ ਪਿੰਡ ਮੁਸਲਮਾਨੀ ਲਾਹੌਰ ਦੇ ਨੇੜੇ ਦਾ ਸੀ, ਪਰ ਸਾਨੂੰ ਦੂਜੇ ਹਾਫ਼ਜ਼ ਬਰਖੁਰਦਾਰ ਦੇ ਕਲਾਮ ਨਹੀਂ ਲਭੇ ਇਸ ਲਈ ਅਸਾਂ ਇਕ ਦਾ ਹੀ ਜ਼ਿਕਰ ਕੀਤਾ ਹੈ।

## ਸੱਯਦ ਅਲੀ ਹੈਦਰ

ਆਪ ਦਾ ਜਨਮ ੧੧੦੧ ਹਿ: ਮੁਤਾਬਕ ੧੬੯੦ ਈਸਵੀ ਵਿੱਚ ਚੌਂਤਰਾ ਜ਼ਿਲਾ ਮੁਲਤਾਨ ਵਿੱਚ ਹੋਇਆ। ਆਪ ਗੀਲਾਨੀ ਸਯਦ ਸਨ ਅਤੇ ਔਰੰਗਜ਼ੇਬ ਆਲਮਗੀਰ ਅਤੇ ਮੁਹੰਮਦ ਸ਼ਾਹ ਦੇ ਅਹਿਦ ਵਿੱਚ ਹੋਏ। ਆਪ ਬੜੇ ਆਲਮ ਅਤੇ ਸੂਫ਼ੀ ਬਜ਼ੁਰਗ ਸਨ। ਅਫਸੋਸ ਹੈ ਕਿ ਪਿਛਲੇ ਸਮੇਂ ਦੇ ਲਗ ਪਗ ਹਰ ਇਕ ਸ਼ਾਇਰ ਦੇ ਜੀਵਨ ਨਾਲ਼ ਘਾਉਲ ਅਤੇ ਲਾਪਰਵਾਹੀ ਵਰਤੀ ਗਈ ਹੈ। ਇਹ ਹੀ ਸਲੂਕ ਆਪ ਨਾਲ ਭੀ ਕੀਤਾ ਗਿਆ ਹੈ।

ਆਪ ਦੀ ਸ਼ਾਇਰੀ ਚੋਟੀ ਦੇ ਕਵੀਆਂ ਦੀ ਸ਼ਾਇਰੀ ਨਾਲੋਂ ਜ਼ਿਆਦਾ ਕਾਮਯਾਬ, ਬਾ ਅਸੂਲ ਅਤੇ ਤੋਲ ਬਹਿਰ ਦੇ ਲਿਹਾਜ਼ ਅਨੁਸਾਰ ਦਰੁਸਤ ਹੈ। ਆਪ ਦੇ ਸ਼ੇਅਰ ਵਿੱਚ ਜਲਨ ਅਤੇ ਤੜਪ ਮੌਜੂਦ ਹੈ। ਆਪ ਦੀ ਸ਼ਾਇਰੀ ਇਸ਼ਕ ਮਜ਼ਾਜ਼ੀ ਦੀ ਮੰਜ਼ਲ ਤੋਂ ਲੰਘ ਕੇ ਇਸ਼ਕ ਹਕੀਕੀ ਵਿੱਚ ਰੰਗੀ ਹੋਈ ਹੈ। ਇਸ ਦੇ ਮੁਤਾਲਿਆ ਨਾਲ ਰੂਹਾਨੀ ਜ਼ਿੰਦਗੀ ਵਿੱਚ ਤਾਜ਼ਗੀ ਆ ਜਾਂਦੀ ਹੈ। ਇਹ ਹੀ ਕਾਰਨ ਹੈ ਕਿ ਸੂਫ਼ੀ ਤਬੀਅਤ ਲੋਕਾਂ ਵਿੱਚ ਆਪ ਦਾ ਕਲਾਮ ਬੇਹੱਦ ਪਸੰਦ ਤੇ ਉੱਚਾ ਗਿਣਿਆ ਗਿਆ ਹੈ। ਬਹੁਤ ਕਰਕੇ ਕਵਾਲ ਅਤੇ ਫ਼ਕੀਰ ਆਪ ਦੀਆਂ ਕਾਫੀਆਂ ਗਾਉਂਦੇ ਹਨ। ਆਪ ਦਾ ਇਕ ਸ਼ੇਅਰ ਪੜ੍ਹਿਆਂ, ਹੋਰ ਪੜ੍ਹਨ ਨੂੰ ਖਾਹਮਖਾਹ ਦਿਲ ਕਰਦਾ ਹੈ। ਕਦਰਦਾਨ ਆਪ ਦੇ ਕਲਾਮ ਨੂੰ ਜਵਾਹਰਾਤ ਨਾਲੋਂ ਭੀ ਕੀਮਤੀ ਖਿਆਲ ਕਰਦੇ ਹਨ।

ਆਪ ਦੀਆਂ ਲਿਖੀਆਂ ਹੋਈਆਂ ਪੁਸਤਕਾਂ ਸੀਹਰਫ਼ੀਆਂ, ਹੀਰ, ਬਾਰਾਂ ਮਾਂਹ ਅਤੇ ਕੁਝ ਕਾਫ਼ੀਆਂ ਉਪਲੀਆਂ ਚੀਜ਼ਾਂ ਹਨ।

ਆਪ ਦੀ ਉਲਾਦ ਵਿਚੋਂ ਇਸ ਵੇਲੇ ਹਜ਼ਰਤ ਗੁਲਾਮ ਮੀਰਾਂ ਮੌਜੂਦ ਹਨ। ਕਈਆਂ ਨੇ ਸਯਦ ਸਾਹਿਬ ਦਾ ਰਿਹਾਇਸ਼ੀ ਥਾਂ ਚਕ ਕਾਜ਼ੀਆਂ (ਮੁਲਤਾਨ) ਲਿਖਿਆ ਹੈ, ਪਰ ੧੮੮੫ ਈ: ਦੇ ਛਪੇ ਹੋਏ ਕਲਾਮ ਤੋਂ ਚਕ ਚੌਂਤਰਾ ਪਤਾ ਲਗਦਾ ਹੈ।

ਆਪ ੮੭-੮੮ ਸਾਲ ਦੀ ਉਮਰ ਭੋਗ ਕੇ ੧੧੬੧ ਹਿ: ਜਾਂ ੧੭੭੭ ਈ: ਵਿੱਚ ਕੂਚ ਕਰ ਗਏ। ਵੇਖ ਵਨਗੀ—

ਅਲਫ਼: ਏਥੇ ਓਥੇ ਅਸਾਂ ਆਸ ਤੈਂਡੜੀ, ਅਤੇ ਆਸਰਾ ਤੈਂਡੜੇ ਜ਼ੋਰ ਦਾ ਈ।
ਮਹੀਂ ਸਭ ਹਵਾਲੜੇ ਤੈਂਡੜੇ ਨੀ, ਅਸਾਂ ਖੌਫ ਨ ਖੰਜ਼ੜੇ ਚੋਰ ਦਾ ਈ।

Digitized by Panjab Digital Library | www.panjabdigilib.org

ਤੂੰਹੀ ਜਾਣ ਸਵਾਲ ਜਵਾਬ ਸਭੇ, ਸਾਨੂੰ ਹੋਲ ਨਾ ਔਖੜੀ ਗੋਰ ਦਾ ਈ।
ਅਲੀ ਹੈਦਰ ਨੂੰ ਸਿਕ ਤੈਂਡੜੀ ਏ, ਤੈਂਡੋਂ ਬਾਝ ਨਾ ਸੁਾਇਲ ਹੋਰ ਦਾ ਈ।

ਹੇ ਹਰਫ਼ ਕਹੇ ਇਹ ਨਾਗ ਅਵਾਣੇ, ਵਲ ੨ ਕੁੰਡਲ ਘਤਦੇ ਨੀਂ।
ਉਹ ਮੁਲਾਂ ਵੇਹਣ ਇਹ ਸ਼ੇਖ਼ ਕਲੰਦਰ ਬਗਲੀਂ ਪਾਏ ਵਤਦੇ ਨੀਂ।
ਇਹ ਨਾਗ ਕਹੇ ਕਈ ਕਾਲੀਆਂ ਸੇਹਲੀਆਂ ਹਥਦੇ ਵਿੱਚ ਘਤਦੇ ਨੀਂ।
ਹੈਦਰ ਕਮਲੀ ਕਮਲੀਆਂ ਨੂੰ, ਮੰਤਰ ਮਰੇਂਦੜੇ ਵਤਦੇ ਨੀਂ।
ਨੂਨ ਨਿਗਾਹ ਚੁਰਾ ਕੇ ਦਿਲ ਨੂੰ ਨੈਣ ਤੈਂਡੇ ਕਿਹੇ ਕਾਲੜੇ ਨੀਂ।
ਕਾਠੇ ਗਾਠ ਅਵੱਲੜੇ ਨੀਂ, ਕਹੇ ਜ਼ਾਲਮ ਝੋਕਾਂ ਵਾਲੜੇ ਨੀਂ।
ਇਹ ਮੂੰਹ ਤੈਂਡਾ ਦਿਹੁੰ ਥੀਂ ਰੋਸ਼ਨ, ਦਿਹੁੰ ਵਿੱਚ ਦੀਵੇ ਬਾਲੜੇ ਨੀਂ।
ਖਸ ਲੈਣ ਦਿਲ, ਦਿਲ ਨਾ ਦੇਵਣ, ਹੈਦਰ ਨੈਣ ਦੁਵਾਲੜੇ ਨੀਂ।
ਤੇ ਤਲਵਾਰ ਨਿਗਾਹ ਨੈਣਾਂ ਦੀ, ਪਲਕਾਂ ਤੀਰ ਖਦੰਗ ਦੇ ਨੀਂ।
ਮੋਰਚੇ ਬੰਨ੍ਹਣ ਪਿਪਲੀਆਂ ਦੇ, ਗਮਜ਼ੇ ਤੀਰ ਤੁਫੰਗ ਦੇ ਨੀਂ।
ਇਹ ਈਰਾਨੀ ਨਾਦਰ ਜ਼ਾਲਮ ਕਹਿੰਦੇ ਮੂਲ ਨਾ ਸੰਗਦੇ ਨੀਂ।
ਦਿਲ ਦੀ ਦਿੱਲੀ ਲੁੱਟ ਲਈ ਹੈਦਰ, ਹੋਰ ਕੀ ਸਾਥੋਂ ਮੰਗਦੇ ਨੀਂ।

ਸੀ ਹਰਫ਼ੀ ਹੀਰ ਰਾਂਝੇ ਵਿਚੋਂ:-

ਸੇ ਸਾਬਤ ਸਿਦਕ ਅਸਾਡੜਾ ਏ, ਤੈਂਦੇ ਜੀਉ ਦੀ ਖਬਰ ਨਾ ਕਾ ਰਾਂਝਾ।
ਮਝੀਂ ਛੋੜ ਕੇ ਝਲ ਦੇ ਵਿੱਚ ਸਾਈਆਂ ਅਤੇ ਹੀਰ ਨਿਮਾਣੀ ਥੇ ਆ ਰਾਂਝਾ।
ਛੋੜ ਕੇ ਮੁਰਲੀ ਵਹਦਤ ਵਾਲੀ, ਅਤੇ ਗਾਵਣ ਸੋਹਣੇ ਗਾ ਰਾਂਝਾ।
ਅਲੀ ਹੈਦਰ ਬੈਠ ਤਮਾਸ਼ੜਾ ਵੇਖੇ, ਅਤੇ ਰੁਠੜਾ ਯਾਰ ਮਨਾ ਰਾਂਝਾ।

ਰੇ ਰਖ ਮੁਲਾਂ ਕਨਜ਼ ਕਾਫੀਆਂ ਨੂੰ, ਏਥੇ ਮੁਨੀਏਂ ਤੇ ਕੁਨੀਏਂ ਦੀ ਜਾ ਨਾਹੀਂ।
ਏਥੇ ਇਸ਼ਕ ਦਾ ਮਸਅਲਾ ਖੁਲ੍ਹਦਾ ਏ, ਪੜ੍ਹ ਆਇਤਾਂ ਬਸ ਸੁਣਾ ਨਾਹੀਂ।
ਅਸਾਂ ਇਸ਼ਕ ਦੇ ਕੋਂਦਿਓਂ ਸਬਕ ਪੜ੍ਹਿਆ, ਮੁਲਾਂ ਹੋਰ ਕੋਈ ਵਾਇਦਾ ਪਾ ਨਾਹੀਂ।
ਹੈਦਰ ਮਜ਼ੂਬ ਰੰਝੇਟੇ ਦੇ ਹੋ ਰਹੀਆਂ, ਐਥੇ ਖੇੜਿਆਂ ਦੀ ਕੋਈ ਵਾਹ ਨਾਹੀਂ।

ਗੈਨ-ਗਰੀਬ ਨਿਮਾਨੜੀ ਗੋਲੀ, ਰਾਂਝੇ ਦੇ ਦਸਤ ਵਿਕਾਣੀਆਂ ਮੈਂ।
ਰਾਂਝਾ ਮਹੀਆਂ ਨੂੰ ਚਾਰ ਲਿਆਵੇ, ਤਾਂ ਰਿੜਕਾਂ ਮੱਟ ਮਧਾਣੀਆਂ ਮੈਂ।
ਮੈਨੂੰ ਤਾਂ ਤੈਂਡੜੇ ਨਾਉਂ ਦੀ ਇਜ਼ਤ, ਨਹੀਂ ਤਾਂ ਕੌਣ ਨਿਮਾਣੀ ਆਂ ਮੈਂ।
ਔਗਣ ਭੀ ਗੁਣ ਜੇਹੇ ਵੇ ਹੈਦਰ, ਜੇ ਰਾਂਝਣ ਮਨ ਭਾਣੀਆਂ ਮੈਂ।

ਹੀਰ ਦਾ ਮਾਂ ਨੂੰ ਕਹਿਣਾ: -

ਲਿਖਿਆ ਲੇਖ ਅਜ਼ਲ ਦਾ ਆਹਾ, ਦਰਦ ਰੰਝੇਟੇ ਵਾਲਾ ਮਾਂ।
ਮੈਨੂੰ ਜ਼ਹਿਰ ਪਿਆਲਾ ਪੀਵਣ, ਲੋਕਾਂ ਇਸ਼ਕ ਸੁਖਾਲਾ ਮਾਂ।
ਇਕਸੇ ਵਾਰ ਲਈ ਜਿਤ ਬਾਜ਼ੀ, ਵੇਖ ਬਿਰਹੁੰ ਦਾ ਚਾਲਾ ਮਾਂ।
ਹੈਦਰ ਵੱਲੀਂ ਖੇਡਨ ਕੇਹਾ, ਹਾਰ ਮੰਨੀਂ ਕਰ ਮਾਲਾ ਮਾਂ।

ਮਾਂ:-

ਚਾਲਾ ਤੁਧ ਸੁਖਾਲਾ ਜਾਤਾ, ਭਾਹ ਮੱਚੀ ਮਨ ਮੇਰੇ ਧੀ।

Digitized by Panjab Digital Library | www.panjabdigilib.org

ਗੈਰਤ ਖਿਚ ਕਟਾਰ ਗ਼ਜ਼ਬ ਦੀ, ਕੀਤੋਸੁ ਦਿਲ ਦੇ ਬੇਰੇ ਧੀ।
੧ਅਸੋਂ ਕਾਤੇਉਨ ਜਾਂ ਗੁਜ਼ਰਿਆ ਵੇਲਾ, ਹੁੰਦੀ ਖਬਰ ਅਗੇਰੇ ਧੀ।
ਹੈਦਰ ਸੁਣਦੀ ਕਿਉਂ ਇਹ ਗੱਲਾਂ, ਵੇਖਦੀ ਨਾ ਦੁਖ ਤੇਰੇ ਧੀ।

ਹੋਰ ਵੇਖੋ:—

ਕਾੜ ਕੜੀਆਂ ਦੀ ਕੜ ਕੜ ਕਾਨੀ ਨੀਂ ਸਈਓ,
ਇਹ ਕੜੀਆਂ ਕਾਲੇਜੇ ਵਿੱਚ ਅੜੀਆਂ ਕੜੀਆਂ।
ਇਕ ਆਪ ਜ਼ਾਲਮ ਦੂਜਾ ਕੜੀਆ ਜ਼ਾਲਮ;
ਤੀਜਾ ਜ਼ਾਲਮਾਂ ਦੀ ਪੈਰੀਂ ਰੜ੍ਹੀਆਂ ਕੜੀਆਂ।
ਇਹ ਛਣਕਾਰ ਕਲੇਜੇ ਨੂੰ ਖਾ ਜਾਂਦਾ,
ਕਿਸੇ ਜ਼ਾਲਮ ਸੁਨਿਆਰੇ ਨੇ ਘੜੀਆਂ ਕੜੀਆਂ।
ਅਲੀ ਹੈਦਰਾ ਵੇ ਤੈਨੂੰ ਕਿਉਂ ਨਾ ਸਾੜਨ,
ਜੇਹੜੀਆਂ ਅਗੇ ਕੁਠਾਲੀ ਵਿੱਚ ਸੜੀਆਂ ਕੜੀਆਂ।

ਅਖੀਆਂ ਮੇਰੀਆਂ ਬਦਲ ਹੋਈਆਂ, ਤੇ ਹੰਝੂਆਂ ਦਾ ਮੀਂਹ ਬਰੱਸਦੀਆਂ।
ਕਹੀ ਰੋਣੇ ਦੀ ਚਾਟ ਪਈਓ ਨੇ, ਕਦੀ ਨ ਭੈੜੀਆਂ ਹੱਸਦੀਆਂ।
ਵਤ ਕਾਹੇ ਤੋਂ ਰੋਂਦੀਆਂ ਲਾਲ ਹੋਈਆਂ, ਹੁਣ ਜੀ ਦਾ ਭੇਤ ਨ ਦੱਸਦੀਆਂ।
ਅਲੀ ਹੈਦਰ ਪੁਛ ਤੂੰ ਅਖੀਆਂ ਨੂੰ, ਹੁਣ ਲਾ ਪਰੀਤ ਕਿਉਂ ਨੱਸਦੀਆਂ।
ਆਪ ਭੀ ਕਾਲਾ ਤੇ ਲੋਈ ਭੀ ਕਾਲੀ, ਤੇ ਮਝੀਂ ਭੀ ਰੋਲੀਂ ਕਾਲੀਆਂ ਨੀ।
ਚਾਕ ਸਦੀਵੇਂ ਤੇ ਗੁਸੇ ਨ ਥੀਵੇਂ, ਸਭੇ ਸਿਆਲੀਆਂ ਸਾਲੀਆਂ ਨੀਂ।

ਉਠ ਸਵਾਣੀ ਤੇ ਘਤ ਮਧਾਣੀ, ਵੇਲਾ ਪਿਛਲੀ ਰਾਤ ਦਾ ਈ।
ਉਤੋਂ ਹੋਈ ਧੰਮੀਂ ਦਹੀਂ ਨਾ ਜੰਮੀਂ, ਰਿੜਕਣਾ ਵੀ ਕਿਸੇ ਘਾਤ ਦਾ ਈ।
ਜੁਟ ਨ ਟੁਟੇ ਤੇ ਦੁਧ ਨ ਵਟੇ, ਵੇਲਾ ਵਕਤ ਬਰਾਤ ਦਾ ਈ।
ਜਿਵੇਂ ਦੁਧ ਥੀਂ ਦਹੀਂ ਤੇ ਮਖਣ ਵੇ ਹੈਦਰ, ਤਿਵੇਂ ਫ਼ਰਕਨ ਰੱਬ ਦੀ ਜ਼ਾਤਦਾਈ।

# ਸ਼ਾਹ ਜ਼ਰੀਫ

ਆਪ ਲਾਹੌਰ ਦੇ ਰਹਿਣ ਵਾਲੇ ਸਨ। ਤਬੀਅਤ ਦਰਵੇਸ਼ ਤੇ ਬਜ਼ੁਰਗ ਸਨ। ਆਪ ਦੀ ਬਣਾਈ ਹੋਈ ਮਦਹ ਜ਼ਰੀਫ ਬਹੁਤ ਮਸ਼ਹੂਰ ਹੈ। ਆਪ ਦੇ ਇਕ ਸ਼ਾਗਿਰਦ ਰੁਕਨ ਦੀਨ ਨੇ ਲਿਖਿਆ ਹੈ:—

ਮੁਰਸ਼ਦ ਸ਼ਾਹ ਜ਼ਰੀਫ ਹੈ ਮੇਰਾ ਵਾਲੀ ਮੁਲਕ ਵਲਾਇਤ।
ਐਨ ਅਨਾਇਤ ਮੈਂ ਪਰ ਹੋਈ ਖੋਲੀ ਨਜ਼ਰ ਹਿਦਾਇਤ।

੧ ਤਲਵਾਰ ਕਾਟ ਕਰ ਗਈ

Digitized by Panjab Digital Library | www.panjabdigilib.org

ਆਪ ਸ਼ਾਹ ਜਹਾਨ ਦੇ ਸਮੇਂ ਵਿਚ ਹੋਏ। ਅਤੇ ਅੰਦਾਜ਼ਨ ੭੬ ਵਰ੍ਹੇ ਦੀ ਆਯੂ ਭੋਗ ਕੇ ੧੧੧੦ ਹਿਜਰੀ ਵਿਚ ਕਾਲ ਵਸ ਹੋਏ।

ਵੰਨਗੀ–

ਕਾਫ–ਕੋੜ੍ਹਿਆਂ ਦੇ ਦੁਖ ਦੂਰ ਹੁੰਦੇ, ਜਦੋਂ ਅਲੀ ਦਾ ਨਾਮ ਧਿਆਂਵਦੇ ਜੀ।
ਰੋਸ਼ਨ ਹੁੰਦੀਆਂ ਅਖੀਆਂ ਉਨ੍ਹਾਂਦੀਆਂ ਜੋ ਸੁਰਮਾ ਅਲੀ ਦੀ ਧੂੜਦਾ ਪਾਂਵਦੇ ਜੀ।
ਬੇਟੇ ਬਖਸ਼ਦਾ ਔਤਰ ਨਖਤ੍ਰਿਆਂ ਨੂੰ, ਲੋਰੀ ਦੇਂਦੇ ਤੇ ਗੋਦ ਖਿਡਾਂਵਦੇ ਜੀ।
ਫ਼ਰੀਫਾ ਕਪੜੇ ਬਖਸ਼ਦਾ ਨੰਗਿਆਂ ਨੂੰ, ਭੁਖੇ ਰੱਜ ਕੇ ਤਾਮ ਨੂੰ ਖਾਂਵਦੇ ਜੀ।

ਆਪ ਦੇ ਸ਼ਾਗਿਰਦ ਰੁਕਨ ਦੀਨ ਦਾ ਜ਼ਿਕਰ ਭੀ ਨਾਲ ਹੀ ਦੇਂਦੇ ਹਾਂ।

# ਰੁਕਨ ਦੀਨ

ਆਪ ਦੇ ਪਿਤਾ ਦਾ ਨਾਮ ਖਾਨ ਮੁਹੰਮਦ ਸੀ। ਆਪ ਸ਼ਾਹ ਸ਼ਰੀਫ ਦੇ ਸ਼ਾਗਿਰਦ ਤੇ ਲਾਹੌਰ ਦੇ ਵਸਨੀਕ ਸਨ। ਆਪ ਨੇ ਇਮਾਮ ਹਸਨ ਹੁਸੈਨ ਦਾ ਜੰਗ ਨਾਮਾ ਲਿਖਿਆ ਤੇ ਨਾਂ ਰੌਜ਼ਾਤੁਲਸ਼ੁਹਦਾ ਰਖਿਆ। ਆਪ ਨੇ ਜੰਗ ਨਾਮਾ ਹਸਨ ਹੁਸੈਨ ੧੧੩੬ ਹਿ: ਵਿਚ ਲਿਖਿਆ।

ਹਿੰਦੀ ਬਹਿਰ ਸੁਖੱਲਾ ਕਰ ਕੇ ਲਿਖੀ ਦੇਖ ਕਿਤਾਬੋਂ।
ਜੇ ਕੋਈ ਹਰਫ ਖ਼ਤਾਈ ਹੋਵੇ, ਬਾਹਰ ਹਦ ਹਿਸਾਬੋਂ।
ਯਾਰਾਂ ਸੈ ਔਰ ਛੱਤੀ ਸਾਲਾਂ ਪਿਛੇ ਸੰਨ ਹਿਜਰਤ ਥੀਂ।
ਖਾਸ ਜ਼ਬਾਨ ਪੰਜਾਬੀ ਅੰਦਰ, ਕੀਤਾ ਸੁਖਨ ਫ਼ਿਕਰ ਥੀਂ।

ਵੰਨਗੀ:–

ਇਹ ਗਲ ਮੰਨ ਖਲੋਤੇ ਸਤੇ ਉਮਰ ਸਾਅਦ ਲਲਕਾਰੇ।
ਸਾਮਰ ਨਾਉਂ ਇਕ ਮਰਦ ਬਹਾਦਰ ਆ ਮੈਦਾਨ ਪੁਕਾਰੇ।
ਸਣ ਹਥਿਆਰਾਂ ਕੜ ਕੜ ਕਰਦਾ ਵਿਚ ਮੈਦਾਨੇ ਆਇਆ।
ਸੱਜੇ ਖੱਬੇ ਕਰ ਲਲਕਾਰਾ, ਘੋੜਾ ਓਸ ਹਿਲਾਇਆ।
ਜ਼ਹੀਰ ਹਸਾਨੇ ਆਹਾ ਉਸ ਵੇਲੇ, ਪਾਸ ਇਮਾਮ ਖਲੋਤਾ।
ਰੂਹ ਉਸ ਦਾ ਸੀ ਨਾਲ ਸ਼ਹਿਜ਼ਾਦੇ, ਇਕੋ ਲੜੀ ਪਰੋਤਾ।
ਕਹੇ ਅਮਾਮ ਹੁਸੈਨ ਦੇ ਤਾਈਂ, ਫੇਰ ਜ਼ਹੀਰ ਹਸਾਨੀ।
ਇਹ ਜੋ ਆਣ ਮੈਦਾਨ ਖਲੋਤਾ, ਹੈ ਇਹ ਮਰਦ ਤੁਰਕਾਨੀ।
ਦੇ ਇਜਾਜ਼ਤ ਸ਼ਾਹਾ ਮੈਨੂੰ, ਲਾਵਾਂ ਇਸ ਦੀਆਂ ਭੰਨਾਂ।
ਜਾ ਮੈਦਾਨ ਕਰਾਂ ਦੋ ਟੁਕੜੇ, ਵਾਹ ਫੌਲਾਦੀ ਖੰਨਾ।

Digitized by Panjab Digital Library | www.panjabdigilib.org

# ਮੌਲਵੀ ਕਮਾਲ ਦੀਨ ਸਾਹਿਬ

ਉਪਨਾਮ "ਕਮਾਲ" ਪਿਤਾ ਦਾ ਨਾਂ ਮੀਆਂ ਖੈਰਦੀਨ ਸਾਕਨ ਹਜ਼ਾਰਾ। ਆਪ ਕਮਾਲ ਦੀਨ ਉਰਫ਼ ਭੰਬ ਦੇ ਨਾਂ ਤੇ ਉਘੇ ਸਨ। ਆਪ ਖੁਦ ਲਿਖਦੇ ਹਨ:-

ਉਰਫ਼ ਭੰਬ ਕਮਾਲ ਦੀਨ ਸਾਕਨ ਸੀ ਹਜ਼ਾਰਾ।
ਖ਼ਾਬੇ ਵਿੱਚ ਇਸ਼ਾਰਤ ਹੋਈ ਦਿਲ ਕੀਤਾ ਖ਼ੂਬ ਉਤਾਰਾ।

ਆਪ ਸ਼ਾਇਦ ਇਮਾਮ ਮਸਜਿਦ ਸਨ ਅਤੇ ਬਚਿਆਂ, ਬੁਢਿਆਂ ਨੂੰ ਇਸਲਾਮੀ ਵਿਦਿਆ ਦਿਤਾ ਕਰਦੇ ਸਨ ਕਿਉਂ ਜੋ ਇਕ ਥਾਂ ਉਸਤਾਦੀ ਸ਼ਾਨ ਨਾਲ ਫੁਰਮਾਂਦੇ ਹਨ-

ਕਹੇ ਕਮਾਲ ਦੀਨ ਭੰਭ ਜ਼ਾਤੇ ਦਾ, ਜੀਹਦਾ ਵਤਨ ਹਜ਼ਰਾ।
ਬਾਪ ਖੈਰਦੀਨ ਉਸ ਦਾ ਏਹੀ ਤੂੰ ਸੁਣ ਬਰਖ਼ੁਰਦਾਰਾ।

ਆਪ ਦੀ ਲਿਖੀ ਹੋਈ ਪੁਸਤਕ "ਇੰਤਖ਼ਾਬਉਲਕੁਤਬ" ਛਪੀ ਹੋਈ ਹੈ। ਲਿਖਣ ਦਾ ਸੰਨ ੧੧੧੨ ਹਿ: ਹੈ ਅਤੇ ਇਸ ਵਿੱਚ ਇਸਲਾਮੀ ਮਸਲਿਆਂ ਦਾ ਬਿਆਨ ਹੈ।

ਯਾਰਾਂ ਸੈ ਤੇ ਬਾਰਾਂ ਵਰ੍ਹੇ ਜਾਂ ਗੁਜ਼ਰੇ, ਵਿੱਚ ਸ਼ੁਮਾਰ।
ਪਿਛੇ ਹਜ਼ਰਤ ਮੁਸਤਫ਼ਾ ਤਿਦਨ, ਥੀਆ ਤਿਆਰ।

ਛੇ ਸੈ ਤੇ ਪੰਜਾਹ ਬੈਂਤ ਹੋਏ, ਸਭ ਤਮਾਮ।
ਜੋੜੇ ਫ਼ਕੀਰ ਕਮਾਲ ਦੀਨ, ਕੀਤੇ ਰੱਬ ਤਮਾਮ।

ਵੇਖ ਕਤਾਬਾਂ ਮਸਲੇ ਜੋੜੇ, ਨਾਲ ਜ਼ਬਾਨ ਪੰਜਾਬੀ।
ਯਾਦ ਕਰੋ ਤੁਸੀਂ ਪੜ੍ਹੋ ਹਮੇਸ਼ਾਂ, ਨਾਲ ਤਬੀਅਤ ਤਾਜ਼ੀ।

# ਮੀਆਂ ਚਿਰਾਗ਼

ਕੌਮ ਅਵਾਣ ਵਸਨੀਕ ਖੇੜ ਨੇੜੇ ਸ਼ਹਿਰ ਹਰੰਡ, ਡੇਰਾ ਗਾਜ਼ੀ ਖਾਂ।

ਆਪ ਨੇ ਸੱਯਦ ਵਾਰਸ ਸ਼ਾਹ ਸਾਹਿਬ ਤੋਂ ਲਗ ਭਗ ੬੦ ਸਾਲ ਪਹਿਲਾਂ ੧੧੨੧ ਹਿ: ਵਿੱਚ ਜਦ ਕਿ ਔਰੰਗਜ਼ੇਬ ਆਲਮਗੀਰ ਦਾ ਪੁਤ੍ਰ ਮੁਅਜ਼ਮ ਖਾਂ ਉਰਫ਼ ਬਹਾਦਰ ਸ਼ਾਹ ਹੁਕਮਰਾਨ ਸੀ, ਕਿੱਸਾ ਹੀਰ ਰਾਂਝਾ ਲਿਖਿਆ। ਇਸ ਕਿੱਸੇ ਵਿੱਚ ਖੁਦ ਲਿਖਦੇ ਹਨ:-

Digitized by Panjab Digital Library | www.panjabdigilib.org

ਪੁੰਨੀ ਹੀਰ ਤਮਾਮ ਥਈ ਤਾਰੀਖ, ਪੰਜਮ ਸ਼ਅਬਾਨੀ।
ਯਾਰਾਂ ਸੈ ਸੰਨ ਸਾਲ ਇਕੀਵੇਂ, ਵਿੱਚ ਸੁਣ ਮੋਮਨ ਦਿਲ ਜਾਨੀ।
ਜ਼ਮਾਨਾ ਸ਼ਾਹ ਮੁਅਜ਼ਮ ਸਚਾ, ਸਜਾਵਲ ਮਲਕ ਦੋ ਮਾਨੀ।
ਆਲਮ, ਫ਼ਾਜ਼ਲ, ਆਦਲ, ਗ਼ਾਜ਼ੀ ਰਈਅਤ ਵਿੱਚ ਅਹਸਾਨੀ।

ਇਸ ਕਿੱਸੇ ਨੂੰ ਵੇਖਣ ਤੋਂ ਪਤਾ ਲਗਦਾ ਹੈ ਕਿ ਹੀਰ ਰਾਂਝੇ ਦੇ ਇਸ਼ਕ ਮੁਹੱਬਤ ਦੇ ਹਾਲ ਦੂਰ ਦੂਰ ਤਕ ਖਿੱਲਰ ਗਏ ਸਨ। ਮੁਕਬਲ ਅਤੇ ਵਾਰਸ ਸ਼ਾਹ ਤੋਂ ਪਹਿਲਾਂ ਲੋਕ ਹੀਰ ਰਾਂਝਾ ਦੇ ਹਾਲਾਤ ਤੋਂ ਜਾਣੂ ਸਨ। ਡੇਰ੍ਹਾ ਗਾਜ਼ੀ ਖਾਂ ਜਹੀ ਦੁਰਾਡੀ ਥਾਂ ਉਤੇ ਭੀ ਇਸ ਦੀ ਸ਼ੁਹਰਤ ਪਹੁੰਚ ਗਈ ਸੀ, ਜਿਥੇ ਕਿ ਅਜ ਕਲ ਭੀ ਰੇਲ ਅਤੇ ਮੋਟਰਾਂ ਦੀ ਹੋਂਦ ਵਿੱਚ ਭੀ ਸਫਰ ਔਖਾ ਹੈ।

ਆਪ ਦਾ ਇਹ ਕਿੱਸਾ ਭਾਵੇਂ ਛੋਟਾ ਹੈ ਪਰ ਹਾਲਾਤ ਪੂਰੇ ਹਨ। ਵੇਖੋ ਵਨਗੀ:–

ਡਾਬੀ ਲਾਲ ਪਲਾਨ ਕਚਾਵੇ, ਸ਼ੁਤਰ ਸ਼ਿੰਗਾਰ ਭਰੇਂਦੇ।
ਜਿਤ ਝੁਲੇ ਕਰ ਹੱਥ ਮੁਹਾਰਾਂ, ਖ਼ੂਬ ਸੰਭਾਲ ਛਕੇਂਦੇ।
ਬੈਂਕੀ ਚਾਲ ਦਿਸਨ ਸਭ ਖੇੜੇ, ਸੂਰਾਂ ਖਾਨ ਵਲੇਂਦੇ।
ਡਿੰਗੀ ਪੇਚ ਬਧਨ ਦਸਤਾਰਾਂ, ਕਮਰ ਬੰਦ ਰਿਲਕੇਂਦੇ।
ਸ਼ਮਲੇ ਖ਼ੂਬ ਦੁਪਟੇ ਚੀਰੇ, ਸਹਿਜ ਕਨੋਂ ਵਲ ਦੇਂਦੇ।
ਕੰਗਣ ਦਸਤ ਭਵੱਟੇ ਅੜੇ, ਸੋਹਣੀ ੧ਵਿਗ ਚਲੇਂਦੇ। ੧ਚਾਲ
ਸੱਦੇ ਖਾਨ ਅਮੀਰ ਮੁਸੱਦੀ ਮੱਲਾਂ ਮੁਫਤੀ ਕਾਜ਼ੀ।
ਮੋਹਰ ਅਸੀਲ ਅਸੀਲਾਂ ਦੇ, ਖ਼ੁਸ਼ ਰੀਤ ਬਧੋ ਨੇ ਮਾਜ਼ੀ। ਪੁਰਾਣਾ
ਵਕਤ ਸੁਬ੍ਹਾ ਪ੍ਰਭਾਤ ਨੂਰਾਨੀ, ਪੜ੍ਹਿਆ ਨਕਾਹ ਮੁਮਤਾਜ਼ੀ।
ਮਿਲ ਖੜੇ ਖਿਨ ਮਲ ਭੁੱਟੇ ਤੁਲ ਖਾਂ ਸਿਆਲ ਨਿਆਜ਼ੀ।
ਸ਼ਾਦੀ ਵਿੱਚ ਮੁਬਾਰਕ ਬਾਦੀ, ਖੇੜੇ ਝਲਨ ਤਰਾਜ਼ੀ।
ਵੇਖ ਚਰਾਗ ਘਰਾਂ ਦੀ ਸ਼ਾਦੀ ਫ਼ਲਕ ਕਰੇਂਦਾ ਬਾਜ਼ੀ।

# ਸ਼ਾਹ ਸ਼ਰਫ

ਸ਼ਾਹ ਸ਼ਰਫ ਹੁਰੀਂ ਸੱਯਦ ਸਨ। ਆਪ ਵਟਾਲੇ ਦੇ ਰਹਿਣ ਵਾਲੇ ਸਨ। ਆਪ ਦਾ ਕਲਾਮ, ਖਿਆਲ ਆਦਿ ਸਭ ਸੂਫ਼ੀਆਨਾ ਸਨ। ਮੀਆਂ ਮੁਹੰਮਦ (ਸੈਫੁਲਮੁਲੂਕ ਦੇ ਲਿਖਣ ਵਾਲਾ) ਨੇ ਭੀ ਆਪ ਦਾ ਜ਼ਿਕਰ ਕੀਤਾ ਹੈ। ਲਗ ਪਗ ੬੬ ਵਰ੍ਹੇ ਦੀ ਆਯੂ ਭੋਗ ਕੇ ਆਪ ੧੧੩੭ ਹਿਜਰੀ (ਸੰਨ ੧੭੨੫ ਈ:) ਵਿਚ ਕਾਲ ਵੱਸ ਹੋ ਗਏ। ਆਪ ਦਾ ਮਜ਼ਾਰ ਲਾਹੌਰ ਵਿਚ ਬਣਿਆ ਹੋਇਆ ਹੈ।

ਆਪ ਦੇ ਕਲਾਮ ਦਾ ਜ਼ਿਕਰ ਡਾਕਟਰ ਮੋਹਣ ਸਿੰਘ ਜੀ ਦੀਵਾਨਾ ਦੀ ਰਚਨਾ "ਸੂਫ਼ੀਆਂ ਦਾ ਕਲਾਮ" ਵਿਚ ਹੈ; ਪਰ ਇਸ ਤੋਂ ਸਿਵਾਇ ਸ਼ੁਤਰ ਨਾਮਾ ਸ਼ਾਹ ਸ਼ਰਫ ਭੀ

Digitized by Panjab Digital Library | www.panjabdigilib.org

ਸਾਡੇ ਦੇਖਣ ਵਿਚ ਆਇਆ ਹੈ, ਜੋ ਹੇਠ ਦਿਤਾ ਜਾਂਦਾ ਹੈ–

ਜੇਕਰ ਸ਼ੁਤਰ ਕਬੂਲ ਨ ਕਰਦਾ, ਸੱਤੇ ਰੋਜ਼ ਅਜ਼ਲ।
ਵਾਕਫ ਰਮਜ਼ ਨ ਹੁੰਦਾ ਮੁੜ ਕੇ, ਇਸ਼ਕ ਹਮੇਲ ਨ ਪਾਂਦਾ ਗਲ।
ਸ਼ੌਕ ਨਕੇਲ ਅਲਫ ਵਿਚ ਬੀਨੀ, ਸੀਸ ਸਜੂਦ ਝੁਕਾਂਦਾ ਦਿਲ!
ਇਸ਼ਕ ਮੁਰਾਦ ਮੁਹਾਰ ਹਿਜਰ ਦੀ, ਪਕੜੀ ਲਈ ਜਾਵੇ ਜਿਤ ਵਲ।
ਸਾਲਕ ਤੀਰ ਚਲਾਉਣ ਮੁਹਕਮ, ਨਾਲ ਇਰਾਦਤ ਚੇਨ ਮਜ਼ਲ।
ਦੇਵੇ ਕਦਮ ਨ ਮੁੜੇ ਪਿਛਾਹਾਂ, ਮਸਤੀ ਥੀਂ ਨਹੀਂ ਕਰੇ ਅਮਲ।
ਭਾਰੇ ਭਾਰ ਸਿੰਗਾਰ ਕਚਾਵੇ, ਪੀੜ ਪਲਾਣ ਧਰੇ ਮਖਮਲ।
ਸ਼ੁਗਲ ਪਹਾੜ ਸਫਰ ਦੇ ਸਿਰ ਤੇ, ਰੋਗ ਜਾੜੀਂ ਰੋਦ ਜਬਲ।
ਗੋਡੂੰ ਮਾਰ ਬਹੇ ਝੁਕ ਨੀਵਾਂ, ਹਰਦਮ ਵਹਦਤ ਵਿਚ ਅਮਲ।
ਚੜ੍ਹ ਮਹਬੂਬ ਕਚਾਵੇ ਬਹਿੰਦਾ, ਮੁਕੇ ਜਿਵੇਂ ਖਤੀਬ ਅਦਲ।
ਦਿਲ ਦਾ ਖੂਨ ਪਿਲਾਵਣ ਆਸ਼ਕ,ਲਾ ਨਾ ਜਿਕਰ ਕਰਨ ਚਾ ਛਲ।
ਓਹ ਕਿਉਂ ਕਰੇ ਹਵਾ ਜ਼ਿ ਮਸਤੀ, ਚੁਕਦਾ ਚੰਦਨ ਬੂਰ ਸੰਦਲ!
ਵਿਚੇ ਛੁਰੇ ਉਜਾੜਾਂ ਬਾਰਾਂ, ਵਿਚੇ ਵਸਦਿਆਂ ਮਾਰੂ ਥਲ।
ਪਰ ਜਿਤ ਵਲ ਫਿੱਕੇ ਛਰਫ ਮੁਹਾਰਾਂ,ਹਰ ਜਾ ਦਿਸਦਾ ਯਾਰ ਮਿਸਲ।

## ਸਦੀਕ ਲਾਲੀ

ਪਤਾ ਨਹੀਂ ਲਗ ਸਕਿਆ ਕਿ ਆਪ ਕਿਥੋਂ ਦੇ ਵਸਨੀਕ ਅਤੇ ਕੀ ਕੰਮ ਕਰਦੇ ਸਨ ਤੇ ਆਪ ਦੇ ਜਨਮ ਅਤੇ ਚਲਾਣੇ ਦਾ ਸੰਨ ਕੀ ਸੀ। ਹਾਂ ਏਨਾ ਪਤਾ ਲਗਾ ਹੈ ਕਿ ਆਪ ਨੇ ਮੁਹੰਮਦ ਸ਼ਾਹ ਬਾਦਸ਼ਾਹ ਦੇ ਸਮੇਂ ਕਿੱਸਾ ਯੂਸਫ਼ ਜ਼ੁਲੈਖਾਂ ੧੧੩੮ ਹਿ: ਵਿੱਚ ਲਿਖਿਆ। ਪੰਜਾਬੀ ਕਵਿਤਾ ਵਿਚ ਯੂਸਫ਼ ਜ਼ੁਲੈਖਾਂ ਦਾ ਸਭ ਤੋਂ ਪੁਰਾਣਾ ਕਿੱਸਾ ਇਹ ਹੀ ਹੈ। ਬੋਲੀ ਨਿਹਾਇਤ ਸਾਦੀ, ਠੇਠ ਅਤੇ ਦਿਲ ਖਿਚਵੀਂ ਹੈ।

ਮੌਲਵੀ ਅਹਿਮਦ ਯਾਰ ਆਪਣੇ ਕਿੱਸਾ ਯੂਸਫ਼ ਜ਼ੁਲੈਖਾਂ ਵਿੱਚ ਸਦੀਕ ਲਾਲੀ ਦਾ ਜ਼ਿਕਰ ਕਰਦੇ ਹੋਏ ਫਰਮਾਂਦੇ ਹਨ:–

ਸਦੀਕ ਲਾਲੀ ਯੂਸਫ ਦਾ ਕਿੱਸਾ ਸਿਰਫ਼ ਤਸੱਵਫ ਕਹਿਆ।
ਕਿੱਸਾ ਖੋਲ ਸੁਨਾਵਨ ਦਿਲ ਦਾ,ਉਸ ਨੇ ਫਿਕਰ ਨ ਰਹਿਆ।
ਜੋ ਕਲਾਮ ਉਸ ਮਰਦ ਖੁਦਾ ਦੇ, ਕੀਤੀ ਅਦਾ ਜ਼ਬਾਨੋਂ।
ਖਬਰ ਸਲੂਕ ਫ਼ਿਕਾ ਤਫ਼ਸੀਰੋਂ, ਅਯਾਤੋਂ ਕੁਰਆਨੋਂ।
ਬੈਂਤ ਬਨਾਵਣ ਦੀ ਉਸ ਮੂਵੋਂ, ਮੂਲ ਸਲਾਹ ਨ ਕੀਤੀ।
ਨਿਕੇ ਮੋਟੇ ਮਾਰੇ ਡੰਗੇ ਗਲ ਦੀ ਕਥਨੀ ਸੀਤੀ।

ਮੀਆਂ ਮੁਹੰਮਦ ਕਰਤਾ ਸੈਫੁਲ ਮਲੂਕ ਫ਼ਰਮਾਂਦੇ ਹਨ:–

Digitized by Panjab Digital Library | www.panjabdigilib.org

ਹਿੱਕ ਸਦੀਕ ਕਹਾਵੇ ਲਾਲੀ. ਮਰਦ ਭਲਾ ਕੋਈ ਹੋਇਆ।
ਮੇਹਤਰ ਯੂਸਫ ਦਾ ਉਸ ਸੇਹਰਾ, ਚੁਣ ਕੇ ਫੁਲ ਪਰੋਇਆ।
ਆਇਤ ਅਤੇ ਹਦੀਸ ਪਰੋਤੇ, ਵਿਚ ਵਿਚ ਵਾਂਗ ਗੁਲਾਬਾਂ।
ਸਭਨਾਂ ਨੂੰ ਰਬ ਸਾਹਿਬ ਬਖਸ਼ੇ, ਨਾਲੇ ਅਸਾਂ ਖਰਾਬਾਂ।

ਸਦੀਕ ਸਾਹਿਬ ਪੁਸਤਕ ਦੇ ਲਿਖਨ ਦਾ ਸੰਨ ਇਉਂ ਲਿਖਦੇ ਹਨ:—

ਹਿਕ ਸੌ ਹਿਕ ਹਜ਼ਾਰ ਤੇਤੀ, ਸੰਨ ਪੈਗੰਬਰ ਹਿਜਰੀ।
ਆਹੰਦੇ ਅੰਮਾ ਬਾਬਾ ਉਮਰ, ਜ਼ਾਇਆ ਸਭ ਗੁਜ਼ਰੀ।
ਸਤਵਾਂ ਸੰਨ ਮੁਹੰਮਦ ਸ਼ਾਹ, ਚੁਗੱਤੇ ਦੀ ਬਾਦਸ਼ਾਹੀ।
ਜੋੜਨ ਦੀ ਰਬ ਹਿੰਮਤ ਬਖਸ਼ੀ, ਹੋਇਆ ਕਰਮ ਇਲਾਹੀ।

ਮਾਲੂਮ ਹੁੰਦਾ ਹੈ ਕਿ ਏਥੇ ਕਾਤਬ ਨੇ ਗ਼ਲਤੀ ਖਾਧੀ ਹੈ ਅਤੇ ੧੧੩੮ ਦੀ ਥਾਂ ੧੧੩੩ ਲਿਖ ਦਿਤਾ ਹੈ ਕਿਉਂਕਿ ੧੧੩੧ ਹਿਜਰੀ ਵਿੱਚ ਮੁਹੰਮਦ ਸ਼ਾਹ ਤਖਤ ਉਤੇ ਬਹਿੰਦਾ ਹੈ ਅਤੇ ਇਸ ਹਿਸਾਬ ੧੧੩੮ ਹਿ: ਠੀਕ ਹੁੰਦਾ ਹੈ। ਆਪ ਦੇ ਬਿਆਨ ਤੋਂ ਇਹ ਮਾਲੂਮ ਹੁੰਦਾ ਹੈ ਕਿ ਜਿਸ ਸਮੇਂ ਆਪ ਨੇ ਇਹ ਕਿੱਸਾ ਲਿਖਿਆ, ਆਪ ਉਸ ਸਮੇਂ ਅਧੇੜ ਉਮਰ ਦੇ ਸਨ ਅਤੇ ਬੁਢਾਪੇ ਵਲ ਆਪ ਦੇ ਕਦਮ ਵੱਧ ਰਹੇ ਸਨ। ਫਰਮਾਂਦੇ ਹਨ:—

ਗੁਜ਼ਰ ਗਈ ਸਰਦਾਰ ਹਯਾਤੀ, ਅੰਗ ਕਿਰੇਂਦੇ ਜਾਵੇ।
ਬਾਝ ਵਸਾਲ਼ ਜਮਾਲ ਯਾਰਾਂ ਦੇ, ਜ਼ਾਇਆ ਉਮਰ ਵਿਹਾਵੇ।
ਰੰਗ ਸਿਆਹ ਹਯਾਤੀ ਵਾਲਾ, ਚਲਿਆ ਖਾ ਤਫ਼ਸੀਰੀ।
ਹਿਕੇ ਤੇ ਛੋ ਹਵਾ ਸਦੀਕ, ਹਿਕੇ ਛਪਾਈ ਪੀਰੀ।

ਯੂਸਫ ਜ਼ੁਲੈਖਾਂ ਵਿਚੋਂ ਵਨਗੀ:—

ਕੀਤੀ ਤਲਬ ਜ਼ੁਲੈਖਾਂ ਬੀਬੀ, ਵੇਖਣ ਯੂਸਫ਼ ਚਲੀ।
ਮਿਲਿਆ ਇਜ਼ਨ ਅਜੀਜ਼ ਕਿਹਾ, ਜਾਹ ਨਾਲ ਸਹੇਲੀਆਂ ਰਲੀ।

ਨਾਲ ਹਜ਼ਾਰ ਅਰਦ ਬੇਗਮਾਂ ਦੀ, ਚੜ੍ਹ ਤੁਰ ਨਾਲ ਤਜੱਮਲ।
ਨਾਲ ਹਜ਼ਾਰ ਗੁਲਾਮੀ ਦਿਸੇ, ਕੁਲ ਜ਼ੇਵਰ ਝਿਲਮਿਲ ਝਿਲ ਮਿਲ।

ਗਈ ਮੁਕਾਬਲ ਮੇਹਤਰ ਯੂਸਫ, ਚਸ਼ਮਾਂ ਚਾਰ ਹੋਈਆਂ ਨੀਂ।
ਮਾਰੀ ਅਸਹਾਕ ਢਿਠੀ ਵਿੱਚ ਆਸੁਨ, ਅਗੋਂ ਲੋਥੀਆਂ ਨੀਂ।

ਮਾਰੀ ਇਸ਼ਕ ਜੀ ਸੂਰਤ ਬਾਤਨ, ਲਾਹ ਕਦੀਮ ਵਿਖਾਈ।
ਓਸੀ ਇਸ਼ਕ ਸ਼ਕਾਰੀ ਉਸ ਨੂੰ, ਕੀਤਾ ਮਾਰ ਲਤਾਈ।

ਤਰਫ਼ ਜ਼ੁਲੈਖਾਂ ਸਦਾ ਪਹੁੰਚਿਆ, ਮਲਕ ਛਤੀਫੂਰ।
ਆਈ ਮਹਿਲ ਜ਼ੁਲੈਖਾਂ ਬੈਠੀ, ਕਸਰ ਮੁਅਲਾ ਮਹਮੂਰ।

ਮੁਢੋਂ ਚਾਹ ਯੂਸਫ ਦੀ ਉਸ ਨੂੰ, ਕਿਉਂ ਕਰ ਲਗੀ ਆਹੀ।
ਨਾਉਂ ਤੈਮੂਸ ਆਹਾ ਪਿਉ ਉਸ ਦਾ, ਮਗਰਬ ਦੀ ਬਾਦਸ਼ਾਹੀ।

Digitized by Panjab Digital Library | www.panjabdigilib.org

ਕਿਸੀ ਨ ਹੁਸਨ ਜ਼ੁਲੈਖਾਂ ਜਿਹਾ, ਜਦੋਂ ਆਈ ਘਰ ਬਾਬੇ।
ਮਿਹਤਰ ਯੂਸਫ ਨਜਰੀ ਆਇਸ, ਕੋਲ ਖਲਾ ਵਿੱਚ ਖ਼ਾਬੇ।

ਵੇਖ ਜਮਾਲ ਯੂਸਫ ਦਾ ਜ਼ਾਰੀ, ਕਿਆ ਸਮ੍ਹਾਲਾ ਸੋਝਾ।
ਰੰਗ ਤਗ਼ਈਅਰ ਜ਼ਰਦ ਹੋਇਆ, ਵਿੱਚ ਤਨ ਦੇ ਮਿਲਿਆ ਹੋਝਾ।

ਦਾਇਮ ਹੁਬ ਸੂਰਤ ਯੂਸਫ ਦੇ, ਦਿਲ ਤੋਂ ਵੰਞਸ ਨਾਹੀਂ।
ਮਿਸਰ ਸ਼ੈਹਰ ਥੀਂ ਸ਼ੇਹਰ ਜ਼ੁਲੈਖਾਂ, ਆਹਾ ਪੰਧਾ ਰਹੀਂ ਮਾਹੀਂ।

# ਹਾਜੀ ਨੂਰ ਮੁਹੰਮਦ ਸਾਹਿਬ

ਆਪ ਸ਼ੇਰ ਗੜ੍ਹ (ਸਿੰਧ) ਦੇ ਵਸਨੀਕ ਸਨ। ਆਪ ਨੇ ਇਕ ਮੁਖਤਸਿਰ ਜਿਹਾ ਰਸਾਲਾ ਮਈਅਤ ਨਾਮਾ ਲਿਖਿਆ ਹੈ, ਜਿਸ ਵਿਚ ਮੁਰਦੇ ਦੇ ਕਫਨ ਦਫ਼ਨ ਅਤੇ ਦੁਆ ਆਦਿ ਦੇ ਮਸਲੇ ਬਿਆਨ ਕੀਤੇ ਗਏ ਹਨ। ਮਈਅਤ ਨਾਮਾ ੧੧੪੦ ਹਿ: ਦੀ ਲਿਖਤ ਹੈ। ਫਰਮਾਂਦੇ ਹਨ:—

ਸਨ ਯਾਰਾਂ ਸੈ ਆਹੀ ਚਾਲੀ, ਤਿਦਨ ਅਸਾਂ ਇਹ ਗੱਲ ਸੰਭਾਲੀ।
ਚੌਦਾਂ ਵੀਹਾਂ ਬੈਂਤ ਬਣਾਏ, ਮਸਲੇ ਜ਼ਾਹਰ ਆਖ ਸੁਣਾਏ।

ਲਿਖਣ ਦੇ ਕਾਰਨ ਵਿੱਚ ਨੀਮ ਇਲਮ ਮੁਲਾਂ ਬਾਬਤ ਲਿਖਦੇ ਹਨ। ਵੇਖੋ:—

ਵਸਤੀਆਂ ਵਿੱਚ ਮੁਲਾਂ ਰਹਾਂਦੇ,ਘਿਨ ਖਲਕਤ ਥੀਂ ਠੱਗਾਂ ਖਾਂਦੇ।
ਨ ਜਾਨਣ ਹੀਲਾ ਨ ਅਸਕਾਤ,ਨ ਜਾਨਣ ਗੁਸਲ ਕਫਨ ਦੀ ਬਾਤ।
ਪਾੜ ਨਾ ਜਾਨਣ ਮਿਕਦਾਰ ਕਫ਼ਨ ਦਾ,ਨ ਕੁਝ ਜਾਨਣ ਹੱਕ ਦਫਨ ਦਾ।
ਲੇਖਾ ਰੋਖਾ ਸਭ ਕੁਝ ਜਾਨਣ, ਪਰ ਮਸਲੇ ਦਿਲ ਥੀਂ ਮੂਲ ਨ ਆਨਣ।
ਮੁਲਾਂ ਕਾਜ਼ੀ ਹੋ ਕਰ ਬਹਿੰਦੇ, ਨਾਲ ਮਗਰੂਰੀ ਜਾਹਲ ਰਹਿੰਦੇ।
ਆਪੇ ਜੋੜਵੇਂ ਮਸਲੇ ਕਹਿੰਦੇ, ਵਬਾਲ ਕਿਆਮਤ ਸਿਰ ਤੇ ਲੈਂਦੇ।
ਉਨ੍ਹਾਂ ਵਾਸਤੇ ਫਿਕਰ ਕੀਤੇ ਸੇ, ਜਿਵੇਂ ਵਿੱਚ ਕਿਤਾਬਾਂ ਡਿਠੇ ਸੇ।

# ਕਾਦਰਯਾਰ

ਕੌਮ ਸੰਧੂ ਜਟ। ਆਪ ਦਾ ਜਨਮ ਪਿੰਡ ਮਾਛੀ ਕੇ ਜ਼ਿਲਾ ਗੁਜਰਾਂਵਾਲੇ (ਹਾਲ ਜ਼ਿਲਾ ਸ਼ੇਖੂਪੁਰਾ) ਵਿੱਚ ਹੋਇਆ। ਕੌਮ ਦੇ ਜੱਟ ਅਤੇ ਖੇਤੀ ਬਾੜੀ ਕਰਦੇ ਸਨ। ਆਪ ਖੁਦ ਲਿਖਦੇ ਹਨ:-

"ਮੈਂ ਦਹਿਕਾਨ, ਬੇਇਲਮ ਵਿਚਾਰਾ, ਦੋਸ਼ ਨ ਚਾਹੀਏ ਧਰਿਆ"।

Digitized by Panjab Digital Library | www.panjabdigilib.org

ਆਪ ਦੀ ਵਿਦਿਆ ਭਾਵੇਂ ਮਾਮੂਲੀ ਸੀ ਪਰ ਕਵਿਤਾ ਸਾਫ਼, ਦਿਲ ਖਿਚਵੀਂ ਪੁਰ ਸੋਜ਼ ਹੈ ਅਤੇ ਪਿੰਗਲ ਅਨੁਸਾਰ ਭੀ ਠੀਕ ਹੈ।

ਆਪ ਦੀ ਲਿਖਤ ਵਿਚੋਂ ਪੂਰਨ ਭਗਤ, ਮਹਿਰਾਜ ਨਾਮਾ, ਰੋਜ਼ਾ ਨਾਮਾ, ਰਾਜਾ ਰਸਾਲੂ, ਸੋਹਣੀ ਮਹੀਵਾਲ, ਹਰੀ ਸਿੰਘ ਨਲੂਆ ਉਘੀਆਂ ਅਤੇ ਛਪੀਆਂ ਹੋਈਆਂ ਪੁਸਤਕਾਂ ਹਨ।

ਮਹਿਰਾਜ ਨਾਮੇ ਦੇ ਲਿਖਣ ਦਾ ਸੰਨ ੧੨੪੭ ਹਿ: (੧੮੩੨ ਈ:) ਲਿਖਿਆ ਹੈ।

ਡਾ: ਬਨਾਰਸੀ ਦਾਸ ਐਮ. ਏ. ਨੇ ਕਾਦਰਯਾਰ ਨੂੰ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਦਾ ਕਵੀ ਮੰਨਿਆ ਹੈ। ਪਰ ਨਾਲ ਹੀ ਮਿਰਾਜ ਨਾਮੇ ਦੇ ਲਿਖਣ ਦਾ ਸੰਨ ੧੧੪੭ ਹਿ: (੧੭੩੫ ਈ:) ਲਿਖਿਆ ਹੈ,ਸਗੋਂ੧੧੪੭ ਹਿ: ਵਿੱਚ ਮੁਹੰਮਦਸ਼ਾਹ ਦਾ ਸਮਾਂ ਹੈ ਅਤੇ ਇਸ ਦੇ ਚਾਰ ਸਾਲ ਪਿਛੋਂ ੧੧੫੧ ਹਿ: ਮੁਤਾਬਕ ੧੭੩੮ ਈ: ਵਿੱਚ ਨਾਦਰਸ਼ਾਹ ਹਿੰਦੁਸਤਾਨ ਤੇ ਹਮਲਾ ਕਰਦਾ ਹੈ।

ਕਾਦਰ ਯਾਰ ਦਾ ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਹੋਣਾ ਜ਼ਿਆਦਾ ਠੀਕ ਹੈ ਇਸ ਲਈ ਕਿ ਆਪ ਨੇ ਹਰੀ ਸਿੰਘ ਨਲਵਾ ਦੀ ਵਾਰ ਭੀ ਲਿਖੀ ਹੈ।

ਪੂਰਨ ਭਗਤ ਵਿਚੋਂ ਵਨਗੀ:-

ਅਲਫ ਆਖਦੇ ਅੱਲਾ ਦੀ ਪਾਕ ਸੂਰਤ,ਅੱਲਾ ਪਾਕ ਸੂਰਤ ਜਿਹਨੂੰ ਚਾ ਦੇਵੇ।
ਸੂਰਤਵੰਦ ਨ ਕਿਸੇ ਦੇ ਵੱਲ ਵੇਖੇ, ਹਰ ਕੋਈ ਬੁਲਾਂਵਦਾ ਹੱਸ ਕੇ ਵੇ।
ਮਾਰੇ ਸੂਰਤਾਂ ਦੇ ਮਰ ਗਏ ਆਸ਼ਕ, ਇਕ ਸਾੜ ਫਰਾਕ ਦੀ ਅੱਗ ਦੇਵੇ।
ਕਾਦਰ ਯਾਰ ਮੀਆਂ ਸੂਰਤ ਵਾਲਿਆਂ ਨੂੰ ਅਣਮੰਗੀਆਂ ਦੌਲਤਾਂ ਰਬ ਦੇਵੇ।
ਲਾਮ-ਲਈ ਅਵਾਜ਼ ਪਛਾਣ ਮਾਤਾ, ਆਖੇ ਦੱਸ ਬੇਟਾ ਕਿਥੋਂ ਆਇਆ ਏਂ।
ਕਿਹੜਾ ਮੁਲਕ ਤੇਰਾ ਪੁੱਤ੍ਰ ਕਿਸ ਦਾ ਏਂ, ਕਿਸ ਮਾਂ ਕਰਮਾਂ ਵਾਲੀ ਜਾਇਆ ਏਂ।
ਅਖੀਂ ਦਿਸੇ ਤਾਂ ਸ਼ਕਲ ਪਛਾਣ ਲਵਾਂ, ਬੋਲੀ ਵਲੋਂ ਮੈਂ ਪੁਤ ਅਜ਼ਮਾਇਆ ਏਂ।
ਕਾਦਰ ਯਾਰ ਆਤੇ ਦਸੀਂ ਸਾਰ ਮੈਨੂੰ, ਜਾਈਂ ਭਾਲ ਮੈਂ ਪੁਤ ਮਿਲਾਇਆ ਏਂ।
ਅਲਫ ਆਖਦਾ ਪੂਰਨ ਗੁਰੂ ਤਾਈਂ, ਕਿੱਸਾ ਦਰਦ ਫ਼ਰਾਕ ਦਾ ਖੋਲ੍ਹ ਕੇ ਜੀ।
ਨੇਕੀ ਮਾਂ ਤੇ ਬਾਪ ਦੀ ਯਾਦ ਕਰ ਕੇ, ਸਭ ਗੁਰੂ ਨੂੰ ਦਸਦਾ ਫੋਲ ਕੇ ਜੀ।
ਗੁਰੂ ਨਾਥ ਸੁਣ ਉਸ ਦਾ ਦਰਦ ਰੋਇਆ,ਅਖੀਂ ਦਰਦ ਆਇਆ ਹੰਝੂ ਡੋਲ੍ਹ ਕੇ ਜੀ।
ਕਾਦਰ ਯਾਰ ਸੁਣਾਂਵਦਾ ਗੱਲ ਸਾਰੀ, ਹਾਲ ਦਸਿਆ ਮੁਖ ਥੀਂ ਬੋਲ ਕੇ ਜੀ।

ਸੋਹਣੀ ਮਹੀਂਵਾਲ ਵਿਚੋਂ:-

ਪਾਣੀ ਇਸ਼ਕ ਬਨਾਂ ਦਾ, ਜਾਦੂਗੀਰ ਵਹੇ।
ਇਸ਼ਕ ਝਨਾਓਂ ਲੱਭਦਾ, ਜੇ ਕੋਈ ਮੁਲ ਲਵੇ।
ਸਭ ਆਸ਼ਕ ਉਸ ਦੇ ਬਾਲਕੇ ਕੰਢੇ ਉਪਰ ਰਹੇ।
ਹੁਣ ਤਸੱਲੀ ਕਾਦਰਾ, ਮਿਰਜ਼ਾ ਪਹੁੰਚਾ ਹੇ।
ਰੋਂਦੀ ਨਾਲ ਫਰਾਕ ਦੇ ਕਰ ਕੇ ਖਲੀਆਂ ਬਾਹਾਂ।
ਪ੍ਰੀਤ ਨਾ ਹੋਵੇ ਕਾਦਰਾ ਜੇ ਮੈਂ ਮੁੜਾਂ ਪਿਛਾਹਾਂ।
ਘੜਾ ਉਠਾਵਣ ਵਾਲੀਏ ਭਲਾ ਨ ਹੋਵੀ ਮੂਲ।
ਅਜ ਵਿੱਚ ਯਾਰੀ ਕਾਦਰਾ ਪਾਇਆ ਹਈ ਫਤੂਰ।

Digitized by Panjab Digital Library | www.panjabdigilib.org

ਮਹਿਰਾਜ ਨਾਮੇ ਵਿਚੋਂ ਵਨਗੀ:—

ਹਜ਼ਰਤ ਕਰ ਮੁਲਾਕਾਤ ਉਨ੍ਹਾਂ ਦੀ, ਟੁਰਿਆ ਵੰਞ ਅਗਾਹਾਂ।
ਹੋਰ ਮਕਾਨ ਅਜਾਇਬ ਆਇਆ, ਨਜ਼ਰ ਕੀਤੀ ਬਾਦਸ਼ਾਹਾਂ।
ਮੇਕਾਈਲ ਫਰਿਸ਼ਤਾ, ਜਿਥੇ ਦਾਇਮ ਰਹਿੰਦਾ ਬੈਠਾ।
ਤਾਬੇ ਛੇ ਲਖ ਖਾਸ ਫਰਿਸ਼ਤਾ, ਅਗੇ ਇਸ ਦੇ ਡਿਠਾ।
ਫਿਰ ਅਗੇ ਹਰ ਇਕ ਦੇ ਅੱਗੇ, ਛੇ ਛੇ ਲਖ ਫਰਿਸ਼ਤਾ।
ਵੱਲਾ ਆਲਮ ਰਬ ਨੂੰ ਮਾਲਮ ਓੜਕ ਏਹ ਨਵਿਸ਼ਤਾ।

ਰੋਜ਼ਾ ਨਾਮਾ ਵਿਚੋਂ:—

ਅਗੋਂ ਰੋਜ਼ਾ ਆਇਆ ਤ੍ਰਿਹਵਾਂ, ਮੇਰੇ ਪਿਆ ਕਲੇਜੇ ਖੇਰਵਾਂ।
ਮੇਰੇ ਜੁੱਸੇ ਕੁੱਵਤ ਨਾ ਰਹੀ, ਮੇਰੀ ਜਾਨ ਲਬਾਂ ਪਰ ਅੜ ਰਹੀ।
ਮੈਂ ਬਹੁਤ ਬੀਮਾਰ ਹਾਂ ਕਾਦਰਾ, ਇਸ ਜ਼ਾਲਮ ਘੜੀ ਦੁਪਹਿਰ ਦੀ।

ਆਪ ਦਾ ਰਚਿਆ ਕਿੱਸਾ ਪੂਰਨ ਭਗਤ ਕਈ ਲਖ ਦੀ ਗਿਣਤੀ ਵਿਚ ਛਪ ਚੁਕਾ ਹੈ ਤੇ ਘਰ ਘਰ ਪੜ੍ਹਿਆ ਤੇ ਭਰਾਈਆਂ ਪਾਸੋਂ ਸੁਣਿਆ ਜਾਂਦਾ ਹੈ।

# ਹਜ਼ਰਤ ਖਾਜਾ ਫਰਦ ਫ਼ਕੀਰ

ਸਾਕਨ ਗੁਜਰਾਤ। ਆਪ ਬਾਰ੍ਹਵੀਂ ਸਦੀ ਹਿ: ਦੇ ਆਲਮ ਅਤੇ ਉਘੇ ਕਵੀ ਸਨ। ਆਪ ਬੱਚਿਆਂ ਨੂੰ ਵਿਦਿਆ ਪੜ੍ਹਾਇਆ ਕਰਦੇ ਸਨ। ਆਪ ਦੀਆਂ ਲਿਖੀਆਂ ਹੋਈਆਂ ਪੁਸਤਕਾਂ ਰੋਸ਼ਨ ਦਿਲ, ਕਸਬ ਨਾਮਾ ਬਾਫ਼ਿੰਦਗਾਨ, ਸੀਹਰਫੀ ਅਤੇ ਬਾਰਾਂ ਮਾਹ ਛਪੀਆਂ ਹੋਈਆਂ ਹਨ। ਮੀਆਂ ਮੁਹੰਮਦ ਕਰਤਾ ਸੈਫੁਲਮਲੂਕ ਆਪ ਦੀ ਧਾਰਮਕ ਕਵੀਸ਼ਰੀ ਦੀ ਉਪਮਾਂ ਕਰਦੇ ਹੋਏ ਲਿਖਦੇ ਹਨ।

ਫਰਦ ਫ਼ਕੀਰ ਹੋਇਆ ਕੋਈ ਖਾਸਾ ਮਰਦ ਸਫ਼ਾਈ ਵਾਲਾ।
ਫ਼ਿਕਾ ਅੰਦਰ ਭੀ ਚੁਸਤ ਸੁਖਨ ਹੈ ਇਸ਼ਕ ਅੰਦਰ ਖੁਸ਼ਹਾਲਾ।

ਆਪ ਦੀ ਲਿਖਤ ਕਸਬ ਨਾਮਾ ਬਾਫ਼ਿੰਦਗਾਨ ਵਿਚ ੧੧੬੩ ਹਿ: ਲਿਖਿਆ ਹੋਇਆ ਹੈ।

ਰੋਸ਼ਨ ਦਿਲ ਵਿਚ ਇਸਲਾਮੀ ਮਸਲੇ, ਨਿਮਾਜ਼ ਰੋਜ਼ਾ ਅਤੇ ਖਰਾਇਤ ਦੇ ਹੁਕਮ ਦਰਜ ਹਨ। ਬੋਲੀ ਸਾਫ ਤੇ ਦਿਲ ਖਿਚਵੀਂ ਹੈ।

ਇਕ ਥਾਂ ਤੇ ਇਨਸਾਨ ਅਤੇ ਸ਼ੈਤਾਨ ਦੇ ਤਅਲੁਕਾਤ ਲਿਖੇ ਹਨ, ਜੋ ਬੜੇ ਸੁਆਦਲੇ ਹਨ। ਵੇਖੋ:—

ਹਿਕ ਵੈਰੀ ਆਹਾ ਤੋੜ ਦਾ, ਧੁਰੋਂ ਖਿਆਲ ਪਿਆ।
ਪਿੱਛਾ ਸਾਡਾ ਛੋੜ ਕੇ, ਕਦੀ ਨ ਮੂਲ ਗਿਆ।

Digitized by Panjab Digital Library | www.panjabdigilib.org

ਪਿੱਛੇ ਸਾਡੇ ਉਹ ਪਿਆ, ਪੱਲੇ ਖਰਚੀ ਬੰਨ੍ਹ।
ਮਿਲ ਮਿਲ ਚੋਟਾਂ ਮਾਰਦਾ, ਘਰ ਨੂੰ ਲਾਂਦਾ ਸੰਨ੍ਹ।
ਪਿਛੇ ਪਿਆ ਅਸਾਂ ਦੇ, ਡਾਢਾ ਹੈ ਹਥ ਧੋ।
ਨਾ ਕੁਝ ਚਾਰਾ ਅਸਾਂ ਦਾ, ਅੱਲਾ ਕਰੇ ਸੁ ਹੋ।
ਲਿਖੀ ਕਲਮ ਨ ਮੋੜੀਏ, ਫੇਰੇ ਕੌਣ ਕਜ਼ਾ।
ਜੋ ਕੁਝ ਚਾਹੇ ਸੋ ਕਰੇ, ਜੇਹੜੀ ਰਬ ਰਜ਼ਾ।
ਦਮ ਮਾਰਨ ਦੀ ਜਾ ਨ, ਕੋਈ ਡਾਢੇ ਅਗੇ ਮੂਲ।
ਉਸ ਬਿਨ ਕਿਸ ਨੂੰ ਆਖੀਏ, ਦਿਲ ਦਾ ਤੱਤ੍ਰਾ ਸੂਲ।
ਮੈਂ ਡਰਦਾ ਗੱਲ ਨ ਆਖਦਾ, ਮਤ ਮਾਰਨ ਉਲਮੱਾ।
ਏਸੇ ਕਾਰਨ ਰਖਿਆ, ਡਰਦਾ ਭੇਦ ਛੁਪਾ।

ਮਸਲਿਆਂ ਨੂੰ ਪੰਜਾਬੀ ਵਾਰਤਕ ਵਿੱਚ ਵਰਨਨ ਕੀਤਾ ਗਿਆ ਹੈ।

ਕਸਬ ਨਾਮਾ ਬਾਫਿੰਦਗਾਨ ਅਤੇ ਕਸਬ ਨਾਮਾ ਹਜਾਮਾਂ ਆਪ ਨੇ ਦੋ ਸ਼ਾਗਿਰਦਾਂ ਦੀ ਫ਼ਰਮਾਇਸ਼ ਉਤੇ ਲਿਖੇ। ਕਸਬ ਨਾਮਾ ਬਾਫ਼ਿੰਦਗਾਨ ਦੇ ਲਿਖਣ ਦਾ ਕਾਰਨ ਆਪ ਇਉਂ ਲਿਖਦੇ ਹਨ:—

ਸ਼ਾਗਿਰਦਾਂ ਥੀਂ ਮਜਲਸ ਅੰਦਰ, ਦੋ ਦਸੇਂਦੀ ਬਹਿੰਦੇ।
ਕਸਬ ਨਾਮੇਂ ਦੀਆਂ ਤਸਨੀਫ਼ਾਂ ਨੂੰ, ਕਦੀ ਕਦਾਈਂ ਕਹਿੰਦੇ।
ਇਕ ਮੁਲਾਂ ਦਸੇਂਦੀ ਨੂਰੀ, ਉਲਮਾਵਾਂ ਦਾ ਖਾਦਮ।
ਫ਼ਕਰਾਵਾਂ ਦੀ ਖਿਦਮਤ ਕਰਦਾ, ਨੇਕ ਖੁਦਾ ਦਾ ਆਦਮ।
ਇਕ ਦਸੇਂਦੀ ਹਜਾਮ ਅਸਾਡਾ, ਖਿਦਮਤਗਾਰ ਕਦੀਮੀ।
ਕਿਤਨੀ ਮੁਦਤ ਖਿਦਮਤ ਅੰਦਰ, ਕੀਤੀ ਓਸ ਨਦੀਮੀ।
ਜਾ ਇਹ ਸ਼ੇਹਰ ਗੁਨਨ ਮੈਂ ਬੈਠਾ, ਖਡੀ ਜਾ ਬਣਾਈ।
ਦੋਵੇਂ ਪੈਰ ਫਿਕਰ ਵਿਚ ਫਾਥੇ, ਦਿਲ ਨੇ ਊਂਧੀ ਪਾਈ।
ਗੰਢ ੨ ਧਾਗੇ ਅਕਲ ਫਿਕਰ ਦੇ, ਖਾਸਾ ਸ਼ੇਹਰ ਬਣਾਇਆ।
ਲਾਈ ਪਾਣ ਬਰਾਬਰ ਉਸ ਨੂੰ, ਤੇਲ ਨ ਬਹੁਤਾ ਲਾਇਆ।
ਸੂਤਰ ਅਠਸੀ ਸਤਸੀ ਦੇ ਵਿੱਚ, ਚੌਸੀ ਨਾ ਵਗਾਈ।
ਬਹੁਤ ਕਾਰੀਗਰ ਵੇਖਣ ਆਏ, ਜਾਂ ਮੈਂ ਤਾਣੀ ਲਾਈ।
ਜਾਂ ਗਰਦਾਨਕ ਫੇਰ ਅਕਲ ਦੀ, ਪੇਚ ਤੁਰੇ ਤੇ ਪਾਇਆ।
ਨਾਲ ਹੋਸ਼ ਦੇ ਨਲੀ ਵਗਾਈ, ਹੱਥਾ ਈ ਹਥ ਆਇਆ।

ਮਾਲੂਮ ਹੁੰਦਾ ਹੈ ਕਿ ਬਾਰਾਂ ਮਾਹ ਆਪ ਨੇ ਕਿਸੇ ਮਿੱਤ੍ਰ ਮਹਿਤਾਬ ਨਾਮੀ ਦੀ ਯਾਦ ਵਿਚ ਲਿਖੇ ਹਨ। ਇਕ ਥਾਂ ਫ਼ਰਮਾਂਦੇ ਹਨ:—

ਕੋਈ ਆਖੇ ਜਾ ਮਹਿਤਾਬ ਨੂੰ, ਕੀ ਕੀਤੋ ਫ਼ਰਦ ਬੇਤਾਬ ਨੂੰ।
ਤੇਰੀ ਤਬਾ ਬਗੈਰ ਨ ਤਾਬ ਹੈ, ਦੇਹੁੰ ਸੁਖ ਨ ਰਾਤੀਂ ਖ਼ਾਬ ਹੈ।
ਹੁਣ ਕੀਕਰ ਮਿਲਸਾਂ ਜਾਇਰੇ, ਮੈਨੂੰ ਤਾਕਤ ਨਹੀਂ ਰਫ਼ਤਾਰ ਦੀ।

Digitized by Panjab Digital Library | www.panjabdigilib.org

ਹਰ ਮਹੀਨੇ ਦੇ ਚਾਰ ਬੰਦ ਹਨ ਅਤੇ ਹਰ ਬੰਦ ਵਿੱਚ ਤਿੰਨ ਸ਼ੇਅਰ ਹਨ। ਬਾਰਾਂ ਮਾਂਹ ਕਿਸ ਕਦਰ ਪੁਰਸੋਜ਼, ਪੁਰ ਅਸਰ ਅਤੇ ਦਿਲ ਜਿਗਰ ਵਿੱਚ ਅੜ ਜਾਣ ਵਾਲੇ ਨਸ਼ਤਰ ਹਨ ! ਇਸ ਦਾ ਸਬੂਤ ਇਨ੍ਹਾਂ ਸ਼ੇਅਰਾਂ ਤੋਂ ਮਿਲ ਜਾਏਗਾ--

ਵਿਸਾਖ:-ਚੜ੍ਹਿਆ ਮਾਂਹ ਸੁਹਾਵਣਾ, ਅਸਾਂ ਨਿਤ ਤੇਰਾ ਗ਼ਮ ਖਾਵਣਾ।
ਮੇਰੇ ਤਨ ਵਿਚ ਰਿਹਾ ਨ ਸੱਤ ਵੇ, ਏਸ ਇਸ਼ਕ ਸੁਕਾਈ ਰੱਤ ਵੇ।
ਮੈਂ ਸਾਵੀ ਪੀਲੀ ਹੋ ਰਹੀ, ਮੇਰੀ ਦੇਹੀ ਜ਼ਰਦ ਵਸਾਰ ਦੀ।

ਮੈਂ ਵੇਂਹਦੀ ਪਾਸ ਪੜੋਸੀਆਂ, ਨਿਤ ਪੁਛਦੀ ਪੰਡਤ ਜੋਸ਼ੀਆਂ।
ਮੈਂ ਤਿਤਰ ਮੋਰ ਉਡਾਂਵਦੀ, ਨਿਤ ਰੋ ਰੋ ਔਂਸੀਆਂ ਪਾਂਵਦੀ।
ਸਭ ਮੁਲਾਂ ਫਿਰਦੀ ਢੂੰਡਦੀ, ਉਠ ਖਾਬਾਂ ਨਿਤ ਵਿਚਾਰਦੀ।

ਨਿਤ ਲਿਖ ੨ ਕਾਗਜ਼ ਘਲਦੀ, ਸਾਨੂੰ ਸਿਕ ਤੁਹਾਡੇ ਵੱਲ ਦੀ।
ਕਦੀ ਭੇਜ ਸੁਨੇਹਾ ਸੁਖ ਦਾ, ਕੋਈ ਲਿਆਵੇ ਤੇਰੇ ਮੁਖ ਦਾ।
ਬਿਨ ਪਾਣੀ ਮਛਲੀ ਮਰ ਚਲੀ,ਕਦੀ ਖਬਰ ਨ ਲਈ ਬਿਮਾਰ ਦੀ।

ਦੇਂਹ ਸੁਖ ਨ ਰਾਤੀਂ ਸੌਣੀਆਂ, ਉਠ ਗਲੀਆਂ ਦੇ ਵਿੱਚ ਭੌਣੀਆਂ।
ਲੋਕੀਂ ਆਖਣ ਝੱਲੀ ਕਮਲੀ, ਮੈਂ ਸੁਰਤ ਨ ਕੋਈ ਸੰਭਲੀ।
ਨਿਤ ਫ਼ਰਦ ਫਕੀਰ ਪੁਕਾਰਦੀ, ਸਾਨੂੰ ਤਲਬ ਤੇਰੇ ਦੀਦਾਰ ਦੀ।

ਸੀਹਰਫੀ:-ਬਹਿਰ ਆਮ ਸੀਹਰਫੀਆਂ ਨਾਲੋਂ ਵਖਰਾ ਅਤੇ ਬਿਆਨ ਉਪਦੇਸ਼ ਨਾਲ ਭਰਿਆ ਹੈ। ਵੇਖੋ ਵਨਗੀ:-

ਸੀਨ-ਸੁਣਾਏਂ ਖਲਕ ਨੂੰ, ਕਰ ਕਰ ਬਹੁਤੇ ਜ਼ੋਰ।
ਲੋਕਾਂ ਦਏਂ ਨਸੀਹਤਾਂ, ਅੰਦਰ ਤੇਰੇ ਚੋਰ।
ਕੀ ਹੋਇਆ ਜਿਸ ਲੱਦਿਆ ਗਧਾ ਕਤਾਬਾਂ ਨਾਲ।
ਫ਼ਰਦਾ ਲੇਖਾ ਲੈਸੀਆ, ਰਬ ਕਦੀਰ ਜਲਾਲ।

## ਸੱਯਦ ਵਾਰਸ ਸ਼ਾਹ

ਸੱਯਦ ਵਾਰਸ ਸ਼ਾਹ ਦੇ ਪਿਤਾ ਦਾ ਨਾਮ ਸੱਯਦ ਕੁਤਬ ਸ਼ਾਹ ਸੀ ਅਰ ਪਿੰਡ ਜੰਡਿਆਲਾ ਸ਼ੇਰ ਖਾਂ ਜਿਲਾ ਗੁਜਰਾਂਵਾਲਾ ਦੇ ਰਹਿਣ ਵਾਲੇ ਸਨ। ਹੁਣ ਇਹ ਪਿੰਡ ਸ਼ੇਖੂਪੁਰੇ ਦੇ ਜ਼ਿਲੇ ਵਿਚ ਹੈ।

ਸੁਖਨ ਦੀ ਵਿਲਾਇਤ ਦੇ ਪਾਤਸ਼ਾਹ ਸੱਯਦ ਵਾਰਸਸ਼ਾਹ ਨੇ ਜਿੰਨੇ ਹਾਲ ਆਪਣੀ ਰਚਨਾ ਹੀਰ ਰਾਂਝਾ ਵਿਚ ਦੱਸੇ ਹਨ, ਓਨੇ ਹੀ ਮੌਜੂਦ ਹਨ। ਬਾਕੀ ਹਾਲ ਜਾਂ ਓਨ੍ਹਾਂ ਦੇ ਵਧਣ ਵਧਾਣ ਬਾਬਤ ਪੰਜਾਬੀ ਲਿਟ੍ਰੇਚਰ ਉੱਕਾ ਹੀ ਚੁਪ ਹੈ, ਇਸ ਵਾਸਤੇ ਲਾਚਾਰ ਏਨ੍ਹਾਂ ਤੇ ਹੀ ਬਸ ਕਰਨੀ ਪੈਂਦੀ ਹੈ।

ਸੱਯਦ ਸਾਹਿਬ ਦੇ ਜਨਮ ਦੇ ਮੁਤਅਲਕ ਪੂਰਨ ਯਕੀਨ ਨਾਲ ਨਹੀਂ ਕਿਹਾ

Digitized by Panjab Digital Library | www.panjabdigilib.org

ਜਾ ਸਕਦਾ, ਪਰ ਕਿਆਸ ਦਸਦਾ ਹੈ ਕਿ ਆਪ ਦੀ ਪੈਦਾਇਸ਼ ਸਨ ੧੧੫੦ ਹਿ: ਮੁਤਾਬਕ ੧੭੩੮ ਈਸਵੀ ਦੇ ਲਾਗੇ ਦੀ ਹੈ। ਆਪ ਆਪਣੇ ਪਿਤਾ ਦਾ ਨਾਉਂ ਸੱਯਦ ਸ਼ਾਹ ਦਸਦੇ ਹਨ:–

"ਬਿਨਾਂ ਅਮਲ ਦੇ ਨਹੀਂ ਨਜਾਤ ਤੇਰੀ,
ਪਿਆ ਮਰੇਂਗਾ ਕੁਤਬ ਦਿਆ ਬੇਟਿਆ ਓ"

ਵਾਰਸ ਸ਼ਾਹ ਨੇ ਆਪਣੇ ਆਪ ਨੂੰ ਜੰਡਿਆਲੇ ਦਾ ਵਸਨੀਕ ਤੇ ਮੌਲਵੀ ਗੁਲਾਮ ਮੁਹੱਯੁਦੀਨ ਮਖਦੂਮ ਕਸੂਰੀ ਦਾ ਸ਼ਾਗਿਰਦ ਦਸਿਆ ਹੈ। ਉਹ ਲਿਖਦੇ ਹਨ:–

ਵਾਰਸ ਸ਼ਾਹ ਵਸਨੀਕ ਜੰਡਿਆਲੜੇ ਦਾ,
ਤੇ ਸ਼ਾਗਿਰਦ ਮਖਦੂਮ ਕਸੂਰ ਦਾ ਏ।

ਜੰਡਿਆਲੇ ਦਾ ਜ਼ਿਕਰ ਇਕ ਹੋਰ ਥਾਂ ਵੀ ਕਰਦੇ ਹਨ: -

ਅਹਿਮਦ ਸ਼ਾਹ ਅਜ਼ ਗੈਬ ਥੀਂ ਆਣ ਪਹੁਤਾ,
ਰੱਬ ਰਖ ਜੰਡਿਆਲੇ ਨੂੰ ਲੈਸੀਆ ਨੀ।

ਪੰਡਤ ਰਾਮ ਸਰਨ ਦਾਸ ਸਾਹਿਬ ਵਕੀਲ ਲਾਹੌਰ ਦੀ ਖੋਜ ਹੈ, ਕਿ ਆਪ ਦਾ ਜਨਮ ਪਿੰਡ ਡੱਬੀ ਪੁਰ ਤਹਿਸੀਲ ਕਸੂਰ ਵਿੱਚ ਹੋਇਆ ਤੇ ਉਥੇ ਹੀ ਆਪ ਪਲੇ ਪੋਸੇ ਤੇ ਉਪ੍ਰੰਤ ਜੰਡਿਆਲਾ ਸ਼ੇਰ ਖਾਂ ਵਿਚ ਆਪਣੇ ਪਿਤਾ ਨਾਲ ਆ ਗਏ। ਅਤੇ ਉਥੇ ਹੀ ਰਹਿਣ ਸਹਿਣ ਲਗ ਪਏ।

**ਮੁਢਲੀ ਵਿਦਿਆ**—ਵਾਰਸ ਸ਼ਾਹ ਨੇ ਮੁਢਲੀ ਵਿਦਿਆ ਆਪਣੇ ਪਿੰਡ ਦੇ ਮੌਲਵੀ ਸਾਹਿਬ ਤੋਂ ਹੀ ਪ੍ਰਾਪਤ ਕੀਤੀ। ਓਸ ਵੇਲੇ ਦਾ ਇਕ ਵਾਕਿਆ ਬਿਆਨ ਕੀਤਾ ਜਾਂਦਾ ਹੈ ਕਿ ਆਪ ਜੋ ਕੁਝ ਮੌਲਵੀ ਸਾਹਿਬ ਤੋਂ ਪੜ੍ਹਦੇ ਸਨ ਉਹ ਬਹੁਤ ਵਾਰੀ ਉਨ੍ਹਾਂ ਨੂੰ ਭੁਲ ਜਾਂਦਾ ਸੀ। ਮੌਲਵੀ ਸਾਹਿਬ ਦੀ ਰੋਜ਼ ਰੋਜ਼ ਦੀ ਮਾਰ ਤੋਂ ਤੰਗ ਆਕੇ ਇਕ ਦਿਨ ਘਰੋਂ ਨਸ ਟੁਰੇ ਅਤੇ ਇਕ ਉਜਾੜ ਥਾਂ ਰਾਤ ਜਾ ਸੁੱਤੇ। ਸੁੱਤੇ ਪਏ ਸਨ, ਕਿ ਇਕ ਦਰਵੇਸ਼ ਨੇ ਆ ਜਗਾਇਆ ਅਰ ਪੁਛਿਆ ਕਿ ਤੂੰ ਕੌਣ ਹੈਂ? ਆਪ ਨੇ ਸਾਫ਼ ੨ ਦੱਸ ਦਿਤਾ ਕਿ ਮੈਂ ਫਲਾਣੇ ਦਾ ਪੁਤ੍ਰ ਹਾਂ, ਫਲਾਣੇ ਮੌਲਵੀ ਸਾਹਿਬ ਪਾਸੋਂ ਪੜ੍ਹਦਾ ਹਾਂ, ਸਬਕ ਯਾਦ ਨਹੀਂ ਹੁੰਦਾ, ਇਸ ਵਾਸਤੇ ਮੌਲਵੀ ਦੀ ਮਾਰ ਅਤੇ ਝਿੜਕਾਂ ਤੋਂ ਤੰਗ ਆ ਕੇ ਘਰੋਂ ਨਸ ਆਇਆ ਹਾਂ। ਉਸ ਪੀਰ ਮਰਦ ਨੇ ਆਪ ਵਾਸਤੇ ਦੁਆ ਕੀਤੀ ਅਰ ਆਪ ਦੇ ਸਿਰ ਤੇ ਹਥ ਫੇਰ ਕਿਹਾ ਕਿ ਹੁਣ ਘਰ ਨੂੰ ਮੁੜ ਜਾ, ਅਗੋਂ ਤੈਨੂੰ ਸਬਕ ਕਦੀ ਨਾ ਭੁੱਲੇਗਾ। ਆਪ ਸਵੇਰ ਸਾਰ ਹੀ ਘਰ ਨੂੰ ਮੁੜ ਆਏ ਅਰ ਮਾਪਿਆਂ ਨੂੰ ਜੋ ਆਪ ਦੇ ਚਲੇ ਜਾਣ ਅਰ ਰਾਤ ਦੀ ਗ਼ੈਰ ਹਾਜ਼ਰੀ ਤੋਂ ਸਖਤ ਦੁਖੀ ਸਨ, ਸਾਰੀ ਵਿਥਿਆ ਆਖ ਸੁਣਾਈ।

**ਉੱਚ ਵਿਦਿਆ**—ਮੁਢਲੀ ਵਿਦਿਆ ਪੂਰੀ ਕਰਨ ਤੋਂ ਪਿਛੋਂ ਆਪ ਉੱਚੀ ਵਿਦਿਆ ਦੀ ਪ੍ਰਾਪਤੀ ਵਾਸਤੇ ਕਸੂਰ ਆ ਗਏ। ਉਨ੍ਹਾਂ ਦਿਨਾਂ ਵਿਚ ਕਸੂਰ, ਲਾਹੌਰ ਤੇ ਮੁਲਤਾਨ ਵਿਚ ਵਡੇ ਵਡੇ ਵਿਦਿਆਲੇ ਕਾਇਮ ਸਨ। ਏਥੇ ਹਜ਼ਰਤ ਮੁਫ਼ਤੀ ਗ਼ੁਲਾਮ ਮੁਹੀਯੁਦੀਨ ਸਾਹਿਬ ਕਸੂਰੀ ਅਰ ਮੌਲਾਨਾ ਹਾਜੀ ਗ਼ੁਲਾਮ ਮੁਰਤਜ਼ਾ ਸਾਹਿਬ ਪਾਸ ਆਏ ਅਰ ਉਨ੍ਹਾਂ ਤੋਂ ਫ਼ਿਕਾ ਦਾ ਇਲਮ ਇਲਮ ਹਦੀਸ ਅਤੇ ਕੁਰਾਨ ਮਜੀਦ

Digitized by Panjab Digital Library | www.panjabdigilib.org

ਆਦਿ ਪੜ੍ਹੇ।

ਇਸ ਵਿਦਿਆ ਵਿਚ ਨਿਪੁਨ ਹੋ ਕੇ ਆਪ ਨੂੰ ਰੂਹਾਨੀ ਇਲਮ ਸਿਖਣ ਦਾ ਸ਼ੌਂਕ ਹੋਇਆ, ਜੋ ਉਸ ਸਮੇਂ ਸਭ ਤੋਂ ਵਡਾ ਇਲਮ ਖਿਆਲ ਕੀਤਾ ਜਾਂਦਾ ਸੀ। ਆਪ ਇਸ ਲੋੜ ਨੂੰ ਪੂਰਾ ਕਰਨ ਵਾਸਤੇ ਪਾਕਪਟਨ ਸ਼ਹਿਰ ਵਿਚ ਚਲੇ ਗਏ,ਜਿਥੇ ਆਪ ਨੇ ਹਜ਼ਰਤ ਬਾਬਾ ਫਰੀਦ ਗੰਜ ਸ਼ਕਰ ਦੇ ਖਾਨਦਾਨ ਵਿਚੋਂ ਕਿਸੇ ਬਜ਼ੁਰਗ ਦੇ ਹਥ ਤੇ ਬੈਅਤ ਕੀਤੀ।

**ਕਲਾਸ ਫੈਲੋ** ਵਾਰਸ ਸ਼ਾਹ ਦੇ ਨਾਲ ਪੜ੍ਹਨ ਵਾਲਿਆਂ ਦੀ ਗਿਣਤੀ ਕਾਫ਼ੀ ਹੋਵੇਗੀ;ਪਰ ਉਨ੍ਹਾਂ ਵਿਚੋਂ ਬੁਲ੍ਹੇਸ਼ਾਹ ਦਾ ਨਾਮ ਜ਼ਿਕਰ ਕਰਨ ਯੋਗ ਹੈ, ਜਿਨ੍ਹਾਂ ਨੇ ਆਪ ਦੇ ਨਾਲ ਪੜ੍ਹਨ ਦੇ ਬਾਦ ਲਾਹੌਰ ਜਾਕੇ ਅਨਾਇਤ ਸ਼ਾਹ ਨੂੰ ਆਪਣਾ ਮੁਰਸ਼ਦ ਬਣਾਇਆ।

**ਸਮਕਾਲੀ**—ਵਾਰਸ ਸ਼ਾਹ ਦਾ ਜ਼ਮਾਨਾ ਸੰਨ ੧੧੫੦ ਹਿ: ਤੋਂ ਸੰਨ ੧੨੨੫ ਹਿ: ਤਕ ਦਾ ਹੈ, ਜੋ ਪੰਜਾਬ ਦੀਆਂ ਸ਼ੋਰਸ਼ਾਂ ਅਤੇ ਅਹਿਮਦ ਸ਼ਾਹ ਅਬਦਾਲੀ ਦੇ ਹਮਲਿਆਂ ਦਾ ਜ਼ਮਾਨਾ ਹੈ। ਆਪ ਕਸੂਰ ਬਾਬਤ ਇਉਂ ਲਿਖਦੇ ਹਨ:—

'ਸਾਰੇ ਮੁਲਕ ਪੰਜਾਬ ਖਰਾਬ ਵਿਚੋਂ, ਮੈਨੂੰ ਬੜਾ ਅਫਸੋਸ ਕਸੂਰ ਦਾ ਏ।'

ਭਾਵ ਪੰਜਾਬ ਵਿਚ ਰਾਜ ਰੌਲਾ ਪਿਆ ਹੋਇਆ ਹੈ, ਪਰ ਮੈਨੂੰ ਕੇਵਲ ਕਸੂਰ ਦਾ ਅਫ਼ਸੋਸ ਹੈ ਕਿ ਏਥੇ ਭੀ ਝਗੜਿਆਂ ਦਾ ਅਸਰ ਹੁੰਦਾ ਹੈ।

ਏਸ ਜ਼ਮਾਨੇ ਦੇ ਸਮਕਾਲੀ ਪੰਜਾਬੀ ਦੇ ਸ਼ਾਇਰਾਂ ਵਿਚੋਂ ਸੱਯਦ ਬੁੱਲ੍ਹੇ ਸ਼ਾਹ, ਅਬਦੁਲ ਹਕੀਮ ਬਹਾਵਲ ਪੂਰੀ ਅਰ ਅਲੀ ਹੈਦਰ ਮੁਲਤਾਨੀ ਦਾ ਨਾਮ ਲਿਆ ਜਾ ਸਕਦਾ ਹੈ।

੨ ਤਸੱਵਫ਼ ਦੇ ਇਲਮ ਦੀ ਪੜ੍ਹਾਈ ਪੂਰੀ ਕਰਨ ਪਿਛੋਂ ਆਪ ਆਪਣੇ ਮੁਰਸ਼ਦ ਪਾਸੋਂ ਛੁਟੀ ਲੈ ਕੇ ਪਿਛਾਂ ਮੁੜੇ ਤਾਂ ਰਾਹ ਵਿਚ ਪਿੰਡ ਠੱਠਾ ਜਾਹਦ,ਜੋ ਅਜ ਕੱਲ ਮਲਕਾਂ ਹਾਂਸ (ਮਿੰਟਗੁਮਰੀ) ਦੇ ਨਾਂ ਤੇ ਉਘਾ ਹੈ, ਦੇ ਕੋਲੋਂ ਦੀ ਲੰਘੇ। ਉਸ ਪਿੰਡ ਦੇ ਬਾਹਰ ਇਕ ਮਸੀਤ ਜਿਸ ਦੇ ਨਾਲ ਹੁਜਰਾ ਸੀ, ਨਜ਼ਰ ਪਈ। ਆਪ ਵਰਗੀ ਇਕਾਂਤ ਪਸੰਦ ਤਬੀਅਤ ਅਰ ਫਕੀਰ ਇਨਸਾਨ ਵਾਸਤੇ ਅਜਿਹੀ ਨਵੇਕਲੀ ਥਾਂ ਗ਼ਨੀਮਤ ਹੁੰਦੀ ਹੈ। ਆਪ ਨੇ ਉਸ ਮਸੀਤ ਨੂੰ ਆਪਣਾ ਨਿਵਾਸ ਅਸਥਾਨ ਬਣਾ ਲਿਆ ਅਰ ਰਹਿਣ ਬਹਿਣ ਲਗ ਪਏ। ਆਪ ਸੂਫ਼ੀ, ਸੱਯਦ ਅਤੇ ਆਪਣੇ ਮਤ ਦੇ ਗਿਆਤਾ ਸਨ। ਇਸ ਕਰ ਕੇ ਲੋਕਾਂ ਵਿਚ ਬੜਾ ਮਾਨ ਤੇ ਪ੍ਰਤਿਸ਼ਟਤਾ ਹੋਈ ਅਰ ਇਸ ਤਰ੍ਹਾਂ ਪਿੰਡ ਵਾਲਿਆਂ ਨਾਲ ਇਨ੍ਹਾਂ ਦੇ ਰਾਹੋ ਰਸਮ ਜਲਦੀ ਕਾਇਮ ਹੋ ਗਏ, ਜਿਸ ਤੋਂ ਆਪ ਦੀ ਜ਼ਿੰਦਗੀ ਦੇ ਦਿਨ ਬੜੇ ਅਮਨ ਨਾਲ ਬੀਤਣ ਲਗ ਪਏ।

ਜਦੋਂ ਵਾਰਸ ਸ਼ਾਹ ਨੂੰ ਇਸ ਤਰ੍ਹਾਂ ਰਹਿੰਦਿਆਂ ਹੋਇਆਂ ਕੁਝ ਸਮਾਂ ਬੀਤ ਗਿਆ ਤੇ ਆਪ ਆਪਣੀ ਇਬਾਦਤ ਪ੍ਰਹੇਜ਼ਗਾਰੀ ਕਰ ਕੇ ਲੋਕਾਂ ਵਿਚ ਮਸ਼ਹੂਰ ਹੋ ਗਏ ਤਾਂ ਲੋਕ ਲੋੜਾਂ ਤੇ ਮੁਰਾਦਾਂ ਪੂਰੀਆਂ ਕਰਾਣ ਲਈ ਆਉਣ ਲਗ ਪਏ। ਏਸੇ ਆਵਾ ਜਾਈ ਵਿਚ ਠੱਠੇ ਜਾਹਦ ਦੀ ਭਾਗ ਭਰੀ ਨਾਂ ਦੀ ਇਕ ਮੁਟਿਆਰ ਨਾਲ ਆਪ ਨੂੰ ਪ੍ਰੇਮ ਹੋ ਗਿਆ ਅਰ ਉਹ ਭੀ ਆਪ ਦੀ ਪ੍ਰੇਮਣ ਬਣ ਗਈ। ਦੋਹਾਂ ਦੇ ਇਸ਼ਕ ਮੁਹੱਬਤ ਦੀ ਚਰਚਾ ਲੋਕਾਂ ਵਿਚ ਫੈਲ ਗਈ। ਚੌਧਰੀ ਅਫ਼ਜ਼ਲ ਹੱਕ ਐਮ.ਐਲ.ਸੀ. ਆਪਣੀ ਪੁਸਤਕ 'ਮਾਸ਼ੂਕਾਏ ਪੰਜਾਬ' ਤੇ ਪ੍ਰੋ: ਜ਼ਿਆ ਮੁਹੰਮਦ ਐਮ.ਏ.ਬੀ.ਟੀ. ਗੌਰਮਿੰਟ ਕਾਲਜ, ਸ਼ਾਹਪੁਰ ਆਪਣਾ

Digitized by Panjab Digital Library | www.panjabdigilib.org

ਪੁਸਤਕ 'ਯਾਦਗਾਰੇ ਵਾਰਸ' ਵਿਚ ਲਿਖਦੇ ਹਨ ਕਿ ਭਾਗ ਭਰੀ ਦੇ ਵਾਰਸਾਂ ਨੇ ਸ਼ਾਹ ਸਾਹਿਬ ਨੂੰ ਮਾਰਿਆ; ਪਰ ਇਹ ਗੱਲ ਕੁਝ ਓਪਰੀ ਜਹੀ ਜਾਪਦੀ ਹੈ, ਕਿਉਂ ਜੋ ਮੁਸਲਮਾਨ ਸਯਦ ਦੀ ਬੜੀ ਇਜ਼ਤ ਕਰਦੇ ਹਨ ਤੇ ਹਰ ਫਿਰਕੇ ਦੇ ਮੁਸਲਮਾਨ ਸਯਦਾਂ ਨੂੰ ਧੀਆਂ ਦੇਣੀਆਂ ਵਡਿਆਈ ਸਮਝਦੇ ਹਨ। ਪਰ ਇਹ ਗਲ ਸੱਚੀ ਜਾਪਦੀ ਹੈ, ਕਿ ਉਨ੍ਹਾਂ ਨੂੰ ਇਸ਼ਕ ਹੋਇਆ ਅਤੇ ਇਹ ਇਕ ਕੁਦਰਤੀ ਸ਼ੈ ਸੀ, ਕਿਉਂਕਿ ਨਿਸਚੇ ਹੁੰਦਾ ਹੈ, ਕਿ ਇਹ ਇਸ਼ਕ ਹੀ ਆਪ ਦੀ ਸ਼ਾਇਰੀ ਦਾ ਕਾਰਨ ਹੋਇਆ। ਆਪ ਨੇ ਆਪਣੀ ਤੇ ਉਸ ਇਸਤ੍ਰੀ (ਜਿਸ ਦਾ ਨਾਓਂ ਭਾਗ ਭਰੀ ਦਸਿਆ ਜਾਂਦਾ ਹੈ) ਦੀ ਮੁਹੱਬਤ ਨੂੰ ਹੀਰ ਰਾਂਝੇ ਦੀ ਮੁਹੱਬਤ ਖਿਆਲ ਕਰ ਕੇ ਹੀਰ ਰਾਂਝੇ ਦੇ ਸਿਰ ਲੇਖ ਹੇਠਾਂ ਇਕ ਇਸ਼ਕੀਆ ਕਿੱਸਾ ਲਿਖਣਾ ਸ਼ੁਰੂ ਕੀਤਾ।

ਵਾਰਸ ਸ਼ਾਹ ਨੇ ਆਪਣੀ ਕਿਤਾਬ ਵਿਚ ਕਈ ਥਾਵਾਂ ਤੇ ਭਾਗ ਭਰੀ ਦਾ ਨਾਉਂ ਵਰਤਿਆ, ਜਿਸ ਦੇ ਅਰਥ ਦੋ ਲਏ ਜਾ ਸਕਦੇ ਹਨ। ਇਕ ਮਹਬੂਬਹ (ਪ੍ਰੇਮਣ) ਦੂਜਾ ਭਲੇ ਭਾਗਾਂ ਵਾਲੀ। ਪਰ ਵਾਰਸ ਸ਼ਾਹ ਦਾ ਕਮਾਲ ਫ਼ੱਨ ਹੈ ਕਿ ਉਨ੍ਹਾਂ ਨੇ ਏਸ ਸ਼ਬਦ ਨੂੰ ਹਰ ਥਾਂ ਤੇ ਏਸ ਖੂਬੀ ਨਾਲ ਵਰਤਿਆ ਕਿ ਕੋਈ ਪੁਰਸ਼ ਯਕੀਨੀ ਤੌਰ ਤੇ ਇਸ ਭੇਦ ਨੂੰ ਨਾ ਲਖ ਸਕੇ। ਰਾਂਝਾ ਆਪਣੀ ਭਾਬੀ ਦੇ ਤਾਨ੍ਹਿਆਂ ਤੋਂ ਤੰਗ ਆ ਕੇ ਕਹਿੰਦਾ ਹੈ—

ਕਦੀ ਕਿਸੇ ਦੇ ਨਾਲ ਨਾ ਗਲ ਕਰੇਂ,
ਕਿਬਰ ਵਾਲੀਏ ਨਾਰੀਏ ਵਾਸਤਾ ਈ।
ਵਾਰਸ ਸ਼ਾਹ ਨੂੰ ਮਾਰ ਨਾ ਭਾਗ ਭਰੀਏ,
ਅਨੀ ਮੁਣਸ ਦੀਏ ਪਿਆਰੀਏ ਵਾਸਤਾ ਈ।

ਸੈਹਤੀ ਜੋਗੀ ਨੂੰ ਵੇਖ ਕੇ ਆਉਂਦੀ ਹੈ ਅਰ ਹੀਰ ਨੂੰ ਕਹਿੰਦੀ ਹੈ—

ਕਿਸੇ ਵਡੇ ਮੁਰਾਦ ਦੀ ਸਿੱਕ ਉਹਨੂੰ,
ਕਿਸੇ ਭਾਗ ਭਰੀ ਚੇਟਕ ਲਾਇਆ ਨੀ।

ਸੈਹਤੀ ਜੋਗੀ ਨੂੰ ਬੁਰਾ ਭਲਾ ਕਹਿੰਦੀ ਹੈ ਅਰ ਉਹ ਤੰਗ ਆ ਕੇ ਕਹਿੰਦਾ ਹੈ

"ਤੈਨੂੰ ਸ਼ੌਕ ਹੈ ਤਿਨਾਂ ਦਾ ਭਾਗ ਭਰੀਏ,
ਜਿਨ੍ਹਾਂ ਡਾਚੀਆਂ ਬਾਰ ਚਰਾਈਆਂ ਨੀ।"

ਏਸ ਬੈਂਤ ਵਿਚ ਉਨ੍ਹਾਂ ਨੇ ਸੈਹਤੀ ਦੇ ਮਹਬੂਬ (ਆਸ਼ਕ) ਮੁਰਾਦ ਵੱਲ ਗੁੱਝਾ ਇਸ਼ਾਰਾ ਕੀਤਾ ਹੈ।

ਵਾਰਸ ਆਪਣੇ ਪ੍ਰੇਮ ਪਿਆਰ ਦਾ ਖੁਲ੍ਹਾ ਇਸ਼ਾਰਾ ਕਰਦਿਆਂ ਹੋਇਆਂ ਲਿਖਦਾ ਹੈ:—

ਤਦੋਂ ਸ਼ੌਕ ਹੋਇਆ ਕਿੱਸਾ ਜੋੜਨੇ ਦਾ,
ਜਦੋਂ ਇਸ਼ਕ ਦੀ ਗੱਲ ਇਜ਼ਹਾਰ ਹੋਈ।
ਹੁਕਮ ਮੰਨ ਕੇ ਸਜਣਾਂ ਪਿਆਰਿਆਂ ਦਾ,
ਕਿੱਸਾ ਅਜਬ ਬਹਾਰ ਦਾ ਜੋੜਿਆ ਈ।
ਵਾਰਸ ਸ਼ਾਹ ਫ਼ਰਮਾਇਆ ਪਿਆਰਿਆਂ ਦਾ,
ਅਸਾਂ ਮੰਨਿਆ ਮੂਲ ਨਾ ਮੋੜਿਆ ਈ।

ਇਸ "ਇਸ਼ਕ ਦੀ ਗਲ ਇਜ਼ਹਾਰ ਹੋਈ" ਤੋਂ ਵਾਰਸ ਸ਼ਾਹ ਨੇ ਆਪਣੇ ਇਸ਼ਕ ਮੁਹੱਬਤ ਦੇ ਬਿਆਨ ਉਤੇ ਮੁਹਰ ਲਾ ਦਿਤੀ ਹੈ।

Digitized by Panjab Digital Library | www.panjabdigilib.org

ਏਸ ਦੇ ਉਪ੍ਰੰਤ 'ਹੁਕਮ ਮੰਨ ਕੇ ਸਜਣਾਂ ਪਿਆਰਿਆਂ ਦਾ' ਨੇ ਹੋਰ ਤਸਦੀਕ ਕਰ ਦਿਤੀ ਅਰ ਏਸ ਅਸਲੀਅਤ ਦੇ ਪਿਛੋਂ ਇਹ ਗਲ ਹੋਰ ਭੀ ਪਾਯਾ ਸਬੂਤ ਨੂੰ ਪਹੁੰਚ ਜਾਂਦੀ ਹੈ ਕਿ ਆਪ ਨੇ ਇਹ ਕਿੱਸਾ ਠੱਠਾ ਜਾਹਦ ਵਿਚ ਹੀ ਬੈਠ ਕੇ ਲਿਖਿਆ ਹੈ:-

"ਖਰਲ ਹਾਂਸ ਦਾ ਮੁਲਕ ਮਸ਼ਹੂਰ ਠੱਠਾ,
ਜਿਥੇ ਸ਼ੇਅਰ ਕੀਤੇ ਯਾਰਾਂ ਵਾਸਤੇ ਮੈਂ।"

**ਤਸਨੀਫ਼ ਦਾ ਕਾਰਨ**—ਇਸ ਨੂੰ ਵਾਰਸ ਨੇ ਮਿਤ੍ਰਾਂ ਦੀ ਫਰਮਾਇਸ਼ ਤੇ ਲਿਖਣਾ ਸ਼ੁਰੂ ਕੀਤਾ:-

"ਯਾਰਾਂ ਅਸਾਂ ਨੂੰ ਆਣ ਸੁਆਲ ਕੀਤਾ,
ਕਿੱਸਾ ਹੀਰ ਦਾ ਨਵਾਂ ਬਣਾਈਏ ਜੀ।
ਏਸ ਪ੍ਰੇਮ ਦੀ ਝੋਕ ਦਾ ਸਭ ਕਿੱਸਾ,
ਜੀਭ ਸੋਹਣੀ ਨਾਲ ਸੁਣਾਈਏ ਜੀ।"

**ਤਸਨੀਫ਼ ਦਾ ਸਨ (ਸਾਲ)**—ਆਪ ਆਪਣੀ ਕਿਤਾਬ ਦੇ ਛੇਕੜ ਇਸ ਤਰ੍ਹਾਂ ਲਿਖਦੇ ਹਨ:-

"ਤਦੋਂ ਸ਼ੌਕ ਹੋਇਆ ਕਿੱਸਾ ਜੋੜਨੇ ਦਾ,
ਗਲ ਇਸ਼ਕ ਦੀ ਜਦੋਂ ਇਜ਼ਹਾਰ ਹੋਈ।
ਸਨ ਯਾਰਾਂ ਸੌ ਅੱਸੀਆ ਨਬੀ ਹਿਜਰੀ,
ਲੰਮੇ ਦੇਸ ਦੇ ਵਿਚ ਤਿਆਰ ਹੋਈ"।

**ਸ਼ਾਦੀ**—ਮਲੂਮ ਹੁੰਦਾ ਹੈ ਕਿ ਇਸ ਕਿੱਸੇ ਦੀ ਤਸਨੀਫ਼ ਤੋਂ ਪਿਛੋਂ ਆਪ ਮੁਹਬਤ ਦੇ ਮਕਸਦ ਵਿਚ ਕਾਮਯਾਬ ਹੋ ਗਏ, ਅਰ ਆਪ ਦੀ ਸ਼ਾਦੀ ਓਸ ਔਰਤ ਭਾਗ ਭਰੀ ਨਾਲ ਹੋ ਗਈ ਕਿਉਂਕਿ ਸਾਰੇ ਲੇਖਕਾਂ ਨੇ ਮਨਿਆ ਹੈ ਕਿ ਆਪ ਦੇ ਘਰ ਕੇਵਲ ਇਕੋ ਲੜਕੀ ਹੋਈ ਅਰ ਜੇ ਇਹ ਮੰਨ ਲਿਆ ਜਾਵੇ ਕਿ ਓਹਨਾਂ ਦੇ ਘਰ ਕੋਈ ਬਾਲ ਸੀ, ਤਾਂ ਇਹ ਭੀ ਮੰਨਣਾ ਪਵੇਗਾ ਕਿ ਓਨ੍ਹਾਂ ਨੇ ਸ਼ਾਦੀ ਜ਼ਰੂਰ ਕੀਤੀ ਹੈ, ਪਰ ਇਸ ਸਬੰਧੀ ਕਿ ਕਿਥੇ ਕੀਤੀ, ਸਾਰਾ ਲਿਟ੍ਰੇਚਰ ਉੱਕਾ ਹੀ ਚੁੱਪ ਹੈ।

ਕੇਵਲ ਮੀਆਂ ਅਬਦੁਲ ਰੈਹਮਾਨ ਨੇ ਸੱਯਦ ਵਾਰਸ ਦੇ ਹਾਲਾਤ ਵਿਚੋਂ ਇਸ਼ਕ ਦੀ ਦਾਸਤਾਨ ਵਾਲੇ ਹਿੱਸੇ ਨੂੰ ਰਦਿਆ ਹੈ ਅਰ ਉਸ ਨੂੰ ਗਲਤ ਸਾਬਤ ਕਰਨ ਦੀ ਕੋਸ਼ਸ਼ ਕਰਦਿਆਂ ਆਪਣੀ ਗਲ ਦੇ ਸਬੂਤ ਵਿਚ ਵਾਰਸ ਦਾ ਇਕ ਮਿਸਰਾ ਲਿਖਿਆ ਹੈ:-

"ਸਾਹਬ ਜ਼ਾਦੀਏ ਨਾਇਣੇ ਹੋਸ਼ ਰਖੀਂ,
ਭੈਣਾਂ ਭਾਗ ਭਰੀਏ ਮਨਿਹਾਰੀਏ ਨੀ।"

ਅਰ ਲਿਖਿਆ ਹੈ ਕਿ ਜੇ ਵਾਰਸ ਨੂੰ ਭਾਗ ਭਰੀ ਨਾਲ ਇਸ਼ਕ ਹੁੰਦਾ ਤਾਂ ਓਸ ਨੂੰ ਭੈਣ ਕਿਸ ਤਰ੍ਹਾਂ ਆਖਦਾ।

ਅਫ਼ਸੋਸ ਉਨ੍ਹਾਂ ਨੇ ਉੱਕਾ ਹੀ ਮਿਸਰੇ ਵੱਲ ਗ਼ੌਰ ਨਹੀਂ ਕੀਤਾ। ਪਹਿਲੀ ਗਲ ਤਾਂ ਇਹ ਹੈ ਕਿ ਇਹ ਬੈਂਤ ਮੀਆਂ ਹਦਾਇਤੁਲਾ ਦਾ ਹੈ ਅਰ ਇਸ ਤੇ ਨੰਬਰ ਮੌਜੂਦ ਹੈ। ਦੂਜੀ ਇਹ ਗਲ ਹੈ ਕਿ ਸੈਹਤੀ ਆਪਣੀਆਂ ਸਹੇਲੀਆਂ ਨੂੰ ਬੁਲਾ ਕੇ ਕਹਿੰਦੀ ਹੈ ਕਿ ਉਹ

Digitized by Panjab Digital Library | www.panjabdigilib.org

ਓਸ ਦੇ ਨਾਲ ਸਵੇਰੇ ਖੇਤ ਵਿਚ ਕਪਾਹ ਚੁਣਨ ਲਈ ਚੱਲਣ। ਏਸ ਲਿਹਾਜ਼ ਨਾਲ ਓਸ ਸਹਿਤੀ ਦਾ ਭੈਣਾਂ ਭਾਗ ਭਰੀਏ ਕਹਿਣਾ ਠੀਕ ਭੀ ਹੋ ਸਕਦਾ ਹੈ। ਪਰ ਨਵਾਂ ਬੰਦ ਲਿਖਣ ਵਾਲੇ ਨੇ ਭੈਣਾਂ ਭਾਗ ਭਰੀਏ ਦੇ ਨਾਲ 'ਸਾਹਬਜਾਦੀਏ ਨਾਇਣੇ' ਠੀਕ ਨਹੀਂ ਲਿਖਿਆ, ਇਸ ਵਾਸਤੇ ਕਿ ਇਕ ਸਹੇਲੀ ਦੂਜੀ ਸਹੇਲੀ ਨੂੰ ਸਾਹਿਬਜਾਦੀ ਨਹੀ ਕਹਿ ਸਕਦੀ। ਸੈਹਤੀ ਅਜੇ ਆਪ ਕੁਆਰੀ ਸੀ, ਓਹ ਦੂਸਰੀ ਆਪ ਜੇਡੀ ਨੂੰ ਸਾਹਿਬਜਾਦੀ ਕਿਸ ਤਰ੍ਹਾਂ ਕਹਿ ਸਕਦੀ ਸੀ ਤੇ ਨਾਲ ਹੋਰ ਗਲ ਹੈ ਕਿ ਇਕ ਜੱਟਾਂ ਦੀ ਧੀ ਨੈਣ ਦੀ ਧੀ ਨੂੰ ਸਾਹਿਬਜਾਦੀ ਨਹੀਂ ਆਖ ਸਕਦੀ। ਇਸ ਲਈ ਇਸ ਵਾਧੂ ਸ਼ੇਅਰ ਨੂੰ ਵਾਰਸ ਦੇ ਨਾਮ ਨਾਲ ਜੋੜਨਾ ਹੀ ਉਕਾਈ ਹੈ।

**ਵਾਪਸੀ ਮੋੜਾ**) ਹੀਰ ਰਾਂਝੇ ਦੇ ਕਿੱਸੇ ਦੀ ਸਮਾਪਤੀ ਦੇ ਪਿਛੋਂ ਆਪ ਵਤਨ ਨੂੰ ਮੋੜਾ ਪਾ ਆਏ। ਪੈਹਲਾਂ ਆਪ ਕਸੂਰ ਪਹੁੰਚੇ। ਆਪ ਦੀ ਇਸ਼ਕ ਦੀ ਦਾਸਤਾਨ ਅਤੇ ਤਸਨੀਫ ਕੀਤੇ ਹੋਏ ਕਿਸੇ ਦੀ ਸ਼ੋਹਰਤ ਸੁਗੰਧੀ ਦੀ ਤਰ੍ਹਾਂ ਸਾਰੇ ਪੰਜਾਬ ਵਿਖੇ ਫੈਲ ਚੁਕੀ ਸੀ। ਜਦ ਕਸੂਰ ਪੁਜੇ ਤਾਂ ਹਜ਼ਰਤ ਗੁਲਾਮ ਮੁਰਤਜ਼ਾ ਆਪ ਨੂੰ ਵੇਖ ਕੇ ਬੜੇ ਨਾਰਾਜ਼ ਹੋਏ ਅਤੇ ਫਰਮਾਇਆ—

ਬੁਲ੍ਹੇਸ਼ਾਹ ਨੂੰ ਪੜ੍ਹਾਇਆ ਤਾਂ ਓਸ ਨੇ ਸਾਰੰਗੀ ਪਕੜ ਲਈ ਅਰ ਤੈਨੂੰ ਪੜ੍ਹਾਇਆ ਤਾਂ ਤੂੰ ਇਸ਼ਕੀਆ ਕਿੱਸੇ ਲਿਖਣੇ ਸ਼ੁਰੂ ਕਰ ਦਿਤੇ। ਇਹ ਕਹਿ ਕੇ ਇਕ ਖਾਦਮ ਨੂੰ ਹੁਕਮ ਦਿੱਤਾ, ਕਿ ਇਸ ਤੇ ਇਸ਼ਕ ਦਾ ਭੂਤ ਸਵਾਰ ਹੈ, ਏਹਨੂੰ ਜ਼ਰਾ ਕੋਠੜੀ ਵਿਚ ਬੰਦ ਕਰ ਦਿਓ

ਅਗਲੇ ਭਲਕ ਓਨ੍ਹਾਂ ਨੇ ਆਪ ਨੂੰ ਕੋਠੜੀ ਵਿਚੋਂ ਕਢਵਾਇਆ ਅਤੇ ਮਖ਼ੌਲ ਦੇ ਤੌਰ ਤੇ ਆਖਿਆ ਕਿ ਉਹ ਕਿੱਸਾ ਜ਼ਰਾ ਸਾਨੂੰ ਭੀ ਤਾਂ ਸੁਣਾ। ਇਹ ਹੁਕਮ ਸੁਣ ਕੇ ਸਯਦ ਵਾਰਸ ਸ਼ਾਹ ਨੇ ਹੀਰ ਦੇ ਕਿਧਰੋਂ ੨ ਚੰਗੇ ੨ ਬੈਂਤ ਸੁਣਾਏ, ਜਿਨ੍ਹਾਂ ਨੂੰ ਸੁਣਦਿਆਂ ਓਹਨਾਂ ਤੇ ਬਹੁਤ ਹੀ ਅਸਰ ਹੋਇਆ ਅਤੇ ਫਰਮਾਇਆ—

ਵਾਰਸ ! ਤੂੰ ਬਹਾਰ ਦਾਨਸ਼ ਦੇ ਕਰਤਾ ਅਨਾਇਤਉਲ੍ਹਾ ਵਾਂਗ ਮੂੰਞ ਦੀ ਰੱਸੀ ਵਿਚ ਜਵਾਹਰਾਤ ਪਰੋ ਦਿੱਤੇ ਹਨ। ਏਸ ਪ੍ਰਵਾਨਗੀ ਦੇ ਮਾਣ ਪਿਛੋਂ ਕਿੱਸੇ ਦੀ ਮੰਗ ਬਹੁਤ ਹੀ ਵਧ ਗਈ। ਏਥੋਂ ਤਾਈਂ ਕਿ ਲੋਕ ਆਉਂਦੇ ਅਰ ਸਾਰੀ ੨ ਕਿਤਾਬ ਨਕਲ ਕਰਕੇ ਲੈ ਜਾਂਦੇ।

**ਤਸਨੀਫ਼ਾਂ**—ਹੀਰ ਰਾਂਝੇ ਦੇ ਕਿਸੇ ਨੂੰ ਪੜ੍ਹਨ ਤੋਂ ਪਤਾ ਲਲਦਾ ਹੈ ਕਿ ਆਪ ਓਸ ਵੇਲੇ ਇਕ ਮੰਨੇ ਸ਼ਾਇਰ ਸਨ ਅਰ ਏਸ ਕਿੱਸੇ ਦੀ ਤਸਨੀਫ਼ ਤੋਂ ਪਹਿਲਾਂ ਸ਼ਾਇਰੀ ਵਿਚ ਚੰਗੀ ਯੋਗਤਾ ਪ੍ਰਾਪਤ ਕਰ ਚੁਕੇ ਸਨ। ਏਸ ਸਿਲਸਿਲੇ ਵਿਚ ਆਪ ਦੀਆਂ ਕੁਝ ਕੁ ਹੋਰ ਸੰਖਿਪਤ ਤਸਨੀਫ਼ਾਂ ਦਾ ਜ਼ਿਕਰ ਕੀਤਾ ਜਾ ਰਿਹਾ ਹੈ, ਪ੍ਰੰਤੂ ਏਨ੍ਹਾਂ ਤੋਂ ਇਹ ਪਤਾ ਨਹੀਂ ਚਲ ਸਕਿਆ ਕਿ ਓਹ ਹੀਰ ਤੋਂ ਪੈਹਲਾਂ ਦੀਆਂ ਰਚਨਾਂ ਹਨ ਜਾਂ ਪਿਛੋਂ ਦੀਆਂ। ਜਿਨ੍ਹਾਂ ਵਿਚੋਂ "ਉਸ਼ਤਰ ਨਾਮਾ" "ਮਿਹਰਾਜਨਾਮਾ" "ਚੂੜ੍ਹੀਨਾਮਾ" ਅਰਬੀ ਕਸੀਦਾ ਬੁਰਦਾ ਦਾ ਪੰਜਾਬੀ ਤਰਜਮਾ ਹੈ। ਹੋਰ "ਚੋਣਵੇਂ ਦੋਹੜੇ" ਆਦਿ ਦਾ ਨਾਮ ਭੀ ਲਿਆ ਜਾਂਦਾ ਹੈ।

ਇਨ੍ਹਾਂ ਵਿਚੋਂ "ਉਸ਼ਤਰ ਨਾਮਾ' ਤੇ 'ਚੂੜ੍ਹੇਟੀ ਨਾਮਾ' ਸੰਖੇਪ ਜਿਹੀਆਂ ਵੇਦਾਂਤ ਭਰੀਆਂ

Digitized by Panjab Digital Library | www.panjabdigilib.org

ਨਜ਼ਮਾਂ ਹਨ ਅਤੇ ਮਿਹਰਾਜ ਨਾਮੇ ਵਿਚ ਰਬ ਦੇ ਪੈਗੰਬਰ ਦੀ ਉਪਮਾ ਅਤੇ ਮਿਹਰਾਜ ਦਾ ਵਾਕਿਆ ਦਰਜ ਹੈ।

*ਮਿਹਰਾਜ ਨਾਮਾ ਅਤੇ ਚੂਹੜੀ, ਹੀਰ ਵਾਰਸ ਪੀਰਾਂ ਦਿੱਤਾ ਦੇ ਨਾਲ ਸ਼ਾਮਲ ਹਨ।

ਰਚਨਾ ਦਾ ਨਮੂਨਾ—ਮਿਹਰਾਜਨਾਮੇ ਨੂੰ ਇਸ ਤਰ੍ਹਾਂ ਸ਼ੁਰੂ ਕਰਦੇ ਹਨ:—

ਹਮਦ ਇਲਾਹੀ ਆਖ ਜ਼ਬਾਨੋਂ, ਸਾਬਤ ਹੋ ਕੇ ਦਿਲੋਂ ਬਜਾਨੋਂ।
ਤਾਂ ਕੁਝ ਬਖਰਾ ਮਿਲੇ ਈਮਾਨੋਂ, ਸਮਰਾ ਸ਼ੁਕਰ ਗੁਜ਼ਾਰੀ ਦਾ।

ਚੂਹੜੀ ਨਾਮੇ ਵਿਚੋਂ ਕੁਝ ਕੁ ਬੈਂਤ

ਤਨ ਖਲਵਾੜਾ ਆਂਹੀ ਕਾਂਹੀ, ਇਹ ਭਰੀਆਂ ਦਰਦ ਕਹਾਇਆ।
ਕਾਮ, ਕ੍ਰੋਧ, ਲੋਭ, ਹੰਕਾਰੋਂ, ਇਹ ਭੁੱਕਰ ਵਾਂਗ ਉਡਾਇਆ।
ਵਾਰਸ ਬੋਹਲ ਜਾਤ ਇਲਾਹੀ, ਦਾਣਾ ਨਿਕਲ ਆਇਆ।
ਗਰਮ ਗੋਹਾ ਤੇ ਨਰਮ ਚੂਰੇਟੀ, ਸਿਰ ਬਿਰਹੋਂ ਛੱਜ ਚੁਕਾਏ।
ਸੌੜੀਆਂ ਗਲੀਆਂ ਲਗਦੇ ਧਿੱਕੇ, ਹਾਲ ਨਾ ਵੇਖੀਂ ਮਾਏ।
ਉਚੀਆਂ ਕੜੀਆਂ ਨੀਵੇਂ ਦਰਵਾਜ਼ੇ,ਅਸਾਂ ਲਿਖਲਿਖ ਹਾਲ ਵੰਦਾਏ।
ਮੈਂ ਮੈਂ ਕਰਦੀ ਕੁੱਠੀ ਬਕਰੀ, ਉਲਟੀ ਖੱਲ ਲੁਹਾਈ।
ਅਜ਼ਾਜ਼ੀਲ ਨੂੰ ਖੁਦੀਉਂ ਗਲ ਵਿਚ, ਲਾਹਨਤ ਤੌਕ ਪੈਹਨਾਈ।
ਵਾਰਸ ਮੈਂ ਨਾ ਮੈਂ ਨਾ ਆਖੇ, ਸ਼ਾਹਾਂ ਦਸਤ ਬਿਠਾਈ।

ਏਨ੍ਹਾਂ ਦੋਹਾਂ ਨਜ਼ਮਾਂ ਦੇ ਪਿਛੋਂ ਕੁਝ ਕੁ ਦੋਹੜੇ ਵਾਰਸ ਸ਼ਾਹ ਦੇ ਦਰਜ ਹਨ। ਹੀਰ ਵਾਰਸ ਲਿਖੀ ਹੋਈ ਪੀਰਾਂ ਦਿਤੇ ਦੀ ਪੰਨਾ ੩੦੬। ਉਨ੍ਹਾਂ ਵਿਚੋਂ ਪਹਿਲਾ ਦੋਹੜਾ ਹੇਠਾਂ ਲਿਖਦੇ ਹਾਂ—

ਦੋ ਨੈਨ ਤੇਰੇ ਖੂੰ ਰੇਜ਼, ਖੰਜਰੋਂ ਥੀਂ ਤੇਜ਼, ਕਿਆਮਤ ਖੇਜ਼, ਜ਼ੁਲਮ ਅੰਗੇਜ਼,
ਬਰੇਜ਼ ਬਰੇਜ਼, ਸ਼ਮਸ ਤਬਰੇਜ਼ ਜਿਹੇ ਪੁਕਾਰਦੇ।
ਇਹ ਮਸਤ ਸਦਾ ਖੁਮਾਰ, ਰਹਿਨ ਬੀਮਾਰ, ਹੋਵਨ ਦੋ ਚਾਰ ਮੋਹਨ ਸੰਸਾਰ,
ਵੇਖੀਂ ਇਕ ਵਾਰ, ਪਕੜ ਤਲਵਾਰ, ਮੋਇਆਂ ਨੂੰ ਮਾਰਦੇ।
ਇਹ ਕਹੇ ਤੇਰੇ ਦੋ ਨੈਣ, ਮਮੋਲੇ ਹੈਨ, ਸਦਾ ਬੇ ਚੈਨ, ਜੰਗਲ ਨੂੰ ਵੈਹਨ,
ਤੇ ਡਾਬੂ ਲੈਨ, ਛੋੜ ਅਪਨਾ ਸੈਨ, ਰੁਲਨ ਵਿਚ ਬਾਰ ਦੇ।
ਚੁਕ ਪਰਦਾ ਮੂੰਹ ਥੀਂ ਲਾਹ, ਆ ਵਾਰਸ ਸ਼ਾਹ, ਦਰਸ ਦੀ ਚਾਹ ਖਲੋਤੇ ਰਾਹ,
ਤੇ ਕਰਨ ਨਿਗਾਹ, ਭੁੱਖੇ ਦੀਦਾਰ ਦੇ।

ਲਗ ਭਗ ਸੰਨ ੧੯੧੮ ਈ: ਦਾ ਵਾਕਿਆ ਹੈ ਕਿ ਜਦੋਂ ਮੀਆਂ ਪੀਰਾਂ ਦਿੱਤਾ ਅੰਮ੍ਰਿਤਸਰ ਆਏ,ਓਸ ਵੇਲੇ ਉਨ੍ਹਾਂ ਨੇ ਭੀ ਇਹੀ ਦੋਹੜਾ ਨਾਚੀਜ਼ ਕੁਸ਼ਤਾ ਨੂੰ ਸੁਣਾਂਦਿਆਂ ਹੋਇਆਂ ਆਪਣਾ ਤਸਨੀਫ਼ ਕੀਤਾ ਦਸਿਆ ਸੀ, ਅਰ ਦੂਸਰੇ ਇਹ ਵਾਰਸ ਦਾ ਹੋ ਭੀ ਨਹੀਂ ਸਕਦਾ। ਇਸ ਵਾਸਤੇ ਕਿ ਮਿਸਾਲ ਦੇ ਤੌਰ ਤੇ ਸਾਰੀ ਕਿਤਾਬ ਹੀਰ ਵਿਚੋਂ ਜਾਂ ਉਨ੍ਹਾਂ ਦੀ ਕਿਸੇ ਥਾਂ ਭੀ ਅਜਿਹੀ ਜ਼ੰਜੀਰਦਾਰ ਕਵਿਤਾ ਮੌਜੂਦ ਨਹੀਂ ਹੈ। ਫ਼ਜ਼ਲ ਸ਼ਾਹ

*ਹੀਰ ਵਾਰਸ ਭਾਈ ਕਰਤਾ ਪੰਨਾ ੩੦੧—੩੦੭

Digitized by Panjab Digital Library | www.panjabdigilib.org

ਜਾਂ ਗੁਜਰਾਂਵਾਲੇ ਦੇ ਇਕ ਹੋਰ ਸਯਦ ਵਾਰਸ ਸ਼ਾਹ ਦੇ ਦੋਹੜਿਆਂ ਜਾਂ ਬੈਂਤਾਂ ਵਿਚੋਂ ਐਸਾ ਨਮੂਨਾ ਭਾਵੇਂ ਹੋਵੇ।

**ਤਸਨੀਫ਼ਾਂ ਵਿਚ ਵਾਧਾ**—ਲਾਹੌਰ ਦੇ ਇਕ ਕਤਾਬਾਂ ਵੇਚਣ ਵਾਲੇ ਨੇ ਇਹ ਸੋਚਿਆ ਕਿ ਵਾਰਸ ਸ਼ਾਹ ਦਾ ਨਾਮ ਹਰ ਮਨ ਪਿਆਰਾ ਹੈ, ਇਸ ਵਾਸਤੇ ਉਸ ਦੇ ਨਾਮ ਤੇ ਜੋ ਪੁਸਤਕ ਛਾਪੀ ਜਾਏਗੀ, ਲੋਕਾਂ ਵਿਚ ਮਨਜ਼ੂਰ ਹੋ ਜਾਏਗੀ ਤੇ ਬਹੁਤੀ ਵਿਕੇਗੀ। ਉਸ ਪੁਸਤਕਾਂ ਵਾਲੇ ਨੇ ਮਿਰਜ਼ਾ ਅਬਦੁਲ ਹਮੀਦ ਬੇਗ ਕੋਲੋਂ ਸੋਹਣੀ ਮਹੀਂਵਾਲ ਦਾ ਕਿੱਸਾ ਲਿਖਵਾਇਆ ਤੇ ਵਾਰਸ ਸ਼ਾਹ ਦੇ ਨਾਂ ਤੇ ਪ੍ਰਕਾਸ਼ਤ ਕੀਤਾ। ਏਹ ਕਿੱਸਾ ਜ਼ਰੂਰ ਪ੍ਰਚਲਤ ਹੋ ਜਾਂਦਾ ਪਰ ਏਸ ਦੀ ਜ਼ਬਾਨ ਤੇ ਰੰਗ ਢੰਗ ਫ਼ਜ਼ਲ ਸ਼ਾਹ ਦੇ ਕਿੱਸਿਆਂ ਵਾਂਗਰ ਸੀ ਇਸ ਵਾਸਤੇ ਵਾਰਸ ਸ਼ਾਹ ਦੇ ਨਾਂ ਤੇ ਨਾ ਚਲ ਸਕਿਆ।

ਇਕ ਹੋਰ ਕਵੀ ਛੁੰਡੇ ਸ਼ਾਹ ਵਸਨੀਕ ਚਕ ਮੁਕੰਦ ਜ਼ਿਲਾ ਅੰਮ੍ਰਿਤਸਰ ਨੇ ਸੋਹਣੀ ਮਹੀਂਵਾਲ ਦਾ ਕਿੱਸਾ ਲਿਖਿਆ। ਕਿਤੇ ਕਿਤੇ ਵਾਰਸ ਦਾ ਨਾਂ ਭਰ ਦਿਤਾ। ਜ਼ਬਾਨ ਸਾਦੀ ਤੇ ਸਰਲ ਸੀ। ਇਹ ਸੋਹਣੀ ਵਾਰਸ ਦੇ ਨਾਂ ਤੇ ਵਿਕਣ ਲਗ ਪਈ। ਪਰ ਦੂਜੇ ਜਾਂ ਤੀਜੇ ਐਡੀਸ਼ਨ ਵਿਚ ਨਾਂ ਛੁੰਡੇ ਸ਼ਾਹ ਕਰ ਦਿਤਾ ਗਿਆ। ਹੁਣ ਇਹ ਸੋਹਣੀ ਛੁੰਡੇ ਸ਼ਾਹ ਦੇ ਨਾਂ ਉਤੇ ਵਿਕਦੀ ਹੈ।

**ਵਾਰਸ ਦਾ ਦੇਹਾਂਤ**—ਜਿਸ ਤਰ੍ਹਾਂ ਵਾਰਸ ਸ਼ਾਹ ਦੇ ਜਨਮ ਦੀ ਤ੍ਰੀਕ ਸੰਨ ਆਦਿ ਦਾ ਪਤਾ ਨਹੀਂ ਹੋ ਸਕਿਆ ਇਸੇ ਤਰ੍ਹਾਂ ਮੌਤ ਦਾ ਸਮਾਂ ਭੀ ਮਲੂਮ ਨਹੀਂ ਹੋ ਸਕਿਆ, ਪਰ ਅੰਦਾਜ਼ਨ ਉਨ੍ਹਾਂ ਦੀ ਮੌਤ ਤੇਰ੍ਹਵੀਂ ਸਦੀ ਹਿ: ਦੇ ਅਰੰਭ ਵਿਚ ਹੋਈ।

ਆਪ ਦੀ ਕਬਰ ਕਸਬਾ ਜੰਡਿਆਲਾ ਸ਼ੇਰ ਖਾਂ (ਸ਼ੇਖ਼ੂਪੁਰਾ) ਵਿਚ ਟੁੱਟੀ ਖੁਸੀ ਜਿਹੀ ਹਾਲਤ ਵਿਚ ਹੁਣ ਤਾਈਂ ਮੌਜੂਦ ਹੈ। ਆਪ ਦੀ ਕਬਰ ਤੇ ਹਰ ਸਾਲ ਹਾੜ ਦੇ ਮਹੀਨੇ ਵਿਚ ਉਰਸ ਹੁੰਦਾ ਹੈ ਅਰ ਉਸ ਮੌਕਿਆ ਤੇ ਦੂਰ ਦੂਰ ਤੋਂ ਵਾਰਸ ਸ਼ਾਹ ਦੇ ਪਿਆਰੇ ਪਹੁੰਚਦੇ ਹਨ। ਏਸ ਕਬਰ ਦੇ *ਮਜਾਉਰ ਸੱਯਦ ਗੁਲਾਬ ਸ਼ਾਹ ਜੀ ਹਨ ਜੋ ਵਾਰਸ ਸ਼ਾਹ ਦੀ ਲੜਕੀ ਦੀ ਔਲਾਦ ਵਿਚੋਂ ਹਨ।

ਕਬਰ ਦੇ ਪੁਰਾਣੇ ਹੋਣ ਅਤੇ ਟੁੱਟੀ ਖ਼ੁਸੀ ਹੋਣ ਸੰਬੰਧੀ ਇਕ ਵਾਰੀ ਪੰਡਤ ਮੇਲਾ ਰਾਮ ਵਫ਼ਾ ਐਡੀਟਰ 'ਪ੍ਰਤਾਪ' ਅਖ਼ਬਾਰ ਲਾਹੌਰ ਨੇ ਲੋਕਾਂ ਦਾ ਧਿਆਨ ਦੁਆਂਦੇ ਹੋਏ ਇਕ ਨੋਟ ਦੇ ਨਾਲ ਇਕ ਕਵਿਤਾ "ਵਾਰਸ ਸ਼ਾਹ ਦੀ ਕਬਰ" ਸਿਰ ਲੇਖ ਦੀ ਲਿਖ ਕੇ ਪ੍ਰਕਾਸ਼ਤ ਕੀਤੀ ਸੀ, ਜਿਸ ਦੇ ਦੋ ਬੰਦ ਹੇਠਾਂ ਲਿਖਦੇ ਹਾਂ—

ਮਿੱਟੀ ਕਾ ਏਕ ਢੇਰ ਹੈ ਬਸਤੀ ਸੇ ਦੂਰ ਤਰ,
ਮਨਜ਼ਰ ਤੇਰੀ ਲਹਦ ਕਾ ਅਜਬ ਯਾਸ ਖ਼ੇਜ਼ ਹੈ।
ਖ਼ਾਬੀਦਾ ਹੈ ਤੂ ਸ਼ੋਰਸ਼ੇ ਹਸਤੀ ਸੇ ਦੂਰ ਤਰ,
ਅਰ ਖ਼ਾਮੁਸ਼ੀ ਸੁਹਾਨੇ ਤਿਰੇ ਨਾਲਹ ਰੇਜ਼ ਹੈ।

———

*ਦੀਬਾਚਹ ਹੀਰ ਵਾਰਸ ਮੁਅਲਫ਼ਾ ਅਬਦੁਲ ਰਹਿਮਾਨ ਪੰਨਾ ੯॥

Digitized by Panjab Digital Library | www.panjabdigilib.org

ਮਿੱਟੀ ਕਾ ਇਕ ਚਰਾਗ਼ ਹੈ ਇਸ ਯਾਦਗਾਰ ਪਰ,
ਰੌਸ਼ਨ ਜਿਸੇ ਕਿਸੀ ਨੇ ਕੀਆ ਹੀ ਨਹੀਂ ਕਭੀ।
ਗਰਦੋ ਗ਼ੁਬਾਰ ਜਮਾ ਹੈ ਗਰਦੋ ਗ਼ੁਬਾਰ ਪਰ,
ਝਾੜੂ ਯਹਾਂ ਕਿਸੀ ਨੇ ਦੀਆ ਹੀ ਨਹੀਂ ਕਭੀ।

----

ਪਹੁੰਚਾ ਬਲਾਦੇ ਖਿੱਤਾਏ ਮਗ਼ਰਬ ਮੇਂ ਤੇਰਾ ਨਾਮ—
ਪੰਜਾਬ ਕਾ ਹੈ ਸ਼ੈਕਸਪੀਅਰ ਲਾ ਕਲਾਮ ਤੂ।
ਪੰਜਾਬੀਓਂ ਕੇ ਵਾਸਤੇ ਹੈ ਸ਼ਰਮ ਕਾ ਮੁਕਾਮ,
ਇਸ ਤਰਹ ਸੇ ਪੜਾ ਰਹੇ ਬੇ ਨਕਸ਼ੋ ਨਾਮ ਤੂ।

**ਵਾਰਸ ਦੀ ਸ਼ਾਇਰੀ**—ਵਾਰਸ ਸ਼ਾਹ ਆਪਣੀ ਸ਼ਾਇਰੀ ਸੰਬੰਧੀ ਆਪ ਲਿਖਦਾ ਹੈ:—

ਬਾਤ ਬਾਤ ਤੇਰੀ ਵਿੱਚ ਹੈਨ ਕਾਮਨ,
ਵਾਰਸ ਸ਼ਾਹ ਦਾ ਸ਼ਿਅਰ ਕੀ ਸਿਹਰ ਹੈ ਨੀ।

ਇਹ ਬਿਲਕੁਲ ਸਚ ਕਿਹਾ ਸੂ। ਇਕ ਸੁਭਾਵਕ ਸ਼ਾਇਰ ਵਾਸਤੇ ਜਿਨ੍ਹਾਂ ਖ਼ੂਬੀਆਂ ਦਾ ਹੋਣਾ ਜ਼ਰੂਰੀ ਹੈ,ਰੱਬ ਨੇ ਉਹ ਬਹੁਤ ਹਦ ਤਕ ਵਾਰਸ ਨੂੰ ਬਖ਼ਸ਼ੀਆਂ ਸਨ। ਵਾਰਸ ਦੀ ਖ਼ਿਆਲ-ਸ਼ਕਤੀ, ਵਾਕਫ਼ੀਅਤ, ਕਾਦਰਉਲਕਲਾਮੀ, ਠੇਠ ਬੋਲੀ ਦਾ ਜਾਣਨਾ, ਲਿਖਣਾ, ਬੋਲਣਾ, ਕਥਨ ਦੀ ਪਕਿਆਈ, ਮੁਹਾਵਰੇ ਵਰਤਣ ਦੀ ਜਾਚ, ਤਮਸੀਲੀ ਰੰਗਤ ਆਦ ਸਭ ਖ਼ੂਬੀਆਂ ਮੌਜੂਦ ਹਨ।ਉਸ ਨੇ ਸਾਧਾਰਨ ਤੋਂ ਸਾਧਾਰਨ ਵਾਕਿਆ ਨੂੰ ਭੀ ਲਿਆ ਤਾਂ ਉਸ ਦੇ ਸਾਰੇ ਅੰਗਾਂ ਭਾਗਾਂ ਤੇ ਚਾਨਣਾ ਪਾਇਆ, ਅਰ ਉਸ ਦੇ ਹੁੰਦਿਆਂ ਭੀ ਸਚਾਈ ਤੇ ਗਿਆਤ ਨੂੰ ਭੁਲਿਆ ਨਹੀਂ, ਜੋ ਸ਼ਾਇਰੀ ਦੀ ਵਡੀ ਖ਼ੂਬੀ ਹੈ।

ਸ਼ਾਇਰੀ ਦੇ ਕਸਬ ਵਿਚ ਸ਼ਿਅਰ ਦੀਆਂ ਵਡੀਆਂ ਖ਼ੂਬੀਆਂ ਸਾਦਗੀ, ਸਫ਼ਾਈ ਅਸਲੀਅਤ ਅਤੇ ਜੋਸ਼ ਸਮਝੀਆਂ ਜਾਂਦੀਆਂ ਹਨ ਅਰ ਜੇ ਵਾਰਸ ਦੇ ਕਲਾਮ ਨੂੰ ਓਸ ਕਸਵੱਟੀ ਤੇ ਪਰਖਿਆ ਜਾਏ ਤਾਂ ਉਹ ਇਸ ਤੇ ਪੂਰਾ ਉਤਰਦਾ ਹੈ। ਇਹ ਸਮਝਦਿਆਂ ਹੋਇਆਂ ਕਿ ਮੁਲਕੀ ਤੇ ਕੌਮੀ ਕਿੱਸੇ ਮੁਲਕ ਅਤੇ ਕੌਮਦੇ ਇਖ਼ਲਾਕ(ਸੁਭਾਵ ਤੇ ਆਚਰਨ) ਤੇ ਅਸਰ ਪਾਏ ਬਿਨਾਂ ਨਹੀਂ ਰਹਿ ਸਕਦੇ ਅਰ ਇਹੀ ਕਿੱਸੇ ਕੁਦਰਤੀ ਵਿੱਦਿਆ ਹਨ, ਜਿਸ ਤੋਂ ਕੌਮੀ ਕਰੈਕਟਰ ਬਣਦਾ ਹੈ ਜਾਂ ਆਮ ਲੋਕ ਆਜ਼ਾਦ ਤਾਲੀਮ ਪ੍ਰਾਪਤ ਕਰਦੇ ਹਨ। ਫ਼ਿਤਰਤ ਇਨਸਾਨੀ ਦੀ ਏਸ ਨਬਜ਼ ਦੀ ਪਛਾਣ ਕਰਨ ਵਾਲੇ ਨੇ ਕਿਤਾਬ ਵਿਚ ਥਾਂ ਥਾਂ ਤੇ ਆਮ ਲੋਕਾਂ ਦੀ ਮਜ਼ਹਬੀ, ਇਖ਼ਲਾਕੀ, ਤਮਦਨੀ ਅਰ ਘਰੋਗੀ ਹਾਲਤ ਤੇ ਮੁਕਾਲਮੇ (ਆਪੋ ਵਿਚ ਦੀ ਬੋਲ ਚਾਲ) ਜਾਂ ਮੁਨਾਜ਼ਰੇ ਲਿਖੇ ਹਨ, ਓਹਨਾਂ ਦੀ ਭਲਿਆਈ ਬੁਰਿਆਈ ਤੇ ਬਹਿਸ ਕੀਤੀ ਹੈ। ਪੂਰਨ ਰਾਵਾਂ ਤੇ ਮਸ਼ਵਰੇ ਦਿਤੇ ਹਨ ਅਰ ਇਨਸਾਨੀ ਜਜ਼ਬਿਆਂ ਦੀ ਹੂਬਹੂ ਤਸਵੀਰ ਖਿਚਣ ਦੇ ਨਾਲ ਨਾਲ ਫਕਰ ਅਤੇ ਦਰਵੇਸ਼ੀ ਅਰ ਇਸ਼ਕ ਤੇ ਮੁਹੱਬਤ ਦੀ ਸਹੀ ਸਹੀ ਕੈਫ਼ੀਅਤ ਅਤੇ ਹਕੀਕਤ ਭੀ ਵਰਣਨ ਕਰ ਦਿਤੀ ਹੈ ਤਾਕਿ ਆਮ ਖਾਸ ਆਪਣੇ ਆਪਣੇ

Digitized by Panjab Digital Library | www.panjabdigilib.org

ਵਿਤ ਅਨੁਸਾਰ ਉਨ੍ਹਾਂ ਦੇ ਹੱਕਾਂ ਤੋਂ ਲਾਭਵੰਦ ਹੋ ਸਕਣ। ਮੁਨਾਜ਼ਰਾ, ਮੁਕਾਲਮਾਂ ਜਾਂ ਅਫ਼ਸਾਨਾ ਜੇ ਕਿਸੇ ਹਛੇ ਤ੍ਰੀਕੇ ਨਾਲ ਲਿਖਿਆ ਜਾਵੇ ਤਾਂ ਮਨੁੱਖੀ ਜਜ਼ਬਿਆਂ ਤੇ ਬੜਾ ਡੂੰਘਾ ਅਸਰ ਪੈਂਦਾ ਹੈ। ਵਾਰਸ ਨੇ ਭੀ ਜ਼ਿਆਦਾ ਜ਼ੋਰ ਮੁਕਾਲਮਿਆਂ ਤੇ ਖ਼ਰਚ ਕੀਤਾ ਹੈ ਅਰ ਉਨ੍ਹਾਂ ਦੇ ਅੰਦਰ ਉਸ ਨੇ ਜ਼ਿੰਦਗੀ ਦੇ ਹਰ ਪਹਿਲੂ ਤੇ ਰੌਸ਼ਨੀ ਪਾਈ ਹੈ।

ਹੀਰ ਅਤੇ ਉਸ ਦੀ ਮਾਂ ਦਾ ਮੁਕਾਲਮਾਂ ਦਿਲਚਸਪ ਹੈ।

ਕਾਜ਼ੀ ਅਤੇ ਹੀਰ ਦਾ ਮਬਾਹਸਾ—ਉਸ ਵਿਚ ਸ਼ਰੀਅਤਾਂ ਅਤੇ ਇਸ਼ਕ ਦੀ ਹਕੀਕਤ ਅ ਦੁਹਾਂ ਦੀਆਂ ਵਰਤੋਂ ਕਰਨ ਦੀਆਂ ਹਦਾਂ ਵਰਣਨ ਕਰ ਦਿਤੀਆਂ ਗਈਆਂ ਹਨ।

ਨਾਥ ਅਤੇ ਰਾਂਝੇ ਦਾ ਮਕਾਲਮਾਂ—ਵੇਦਾਂਤ (ਅੰਤਸ਼ ਕਰਨ,ਸੁਧੀ,ਗਿਆਨ) ਅਰ ਓਸ ਦੇ ਭਿੰਨ ੨ ਅਸਥਾਨਾਂ ਤੇ ਦਰਜਿਆਂ ਦੀ ਕੈਫ਼ੀਅਤ ਉਨ੍ਹਾਂ ਦੀ ਪ੍ਰਾਪਤੀ ਦੇ ਸਾਧਨ (ਜ਼ਰੀਏ) ਅਰ ਨਕਲੀ ਪੀਰਾਂ ਫਕੀਰਾਂ ਦੀ ਹਕੀਕਤ ਭੀ ਦੱਸੀ ਹੈ।

ਸਹਿਤੀ ਅਤੇ ਜੋਗੀ ਦਾ ਮੁਕਾਲਮਾਂ ਮਨੁਖ ਜੀਵਨ ਦੇ ਭਿੰਨ ੨ ਪੈਹਲੂਆਂ ਤੇ ਰੌਸ਼ਨੀ ਪਾਣ ਦੇ ਨਾਲ ਕਿਰਦਾਰ ਨਵੀਸੀ ਦਾ ਸ਼ਾਨਦਾਰ ਨਮੂਨਾ ਹੈ।

ਵਾਰਸ ਸ਼ਾਹ ਨੇ ਏਨ੍ਹਾਂ ਮੁਕਾਲਮਿਆਂ ਜਾਂ ਮੁਨਾਜ਼ਰਿਆਂ ਵਿਚ ਥਾਂ ਪਰ ਥਾਂ ਅਜਿਹੀਆਂ ਮੰਨੀਆਂ ਪਰਮੰਨੀਆਂ ਤੇ ਆਲਮਗੀਰ ਹਕੀਕਤਾਂ ਤੇ ਜਾਣਾਂ ਪਛਾਣਾਂ ਵਰਣਨ ਕੀਤੀਆਂ ਹਨ, ਜੋ ਮਜ਼ਹਬ ਮਿੱਲਤ, ਕੌਮ ਨਸਲ ਅਤੇ ਅਸਥਾਨ ਤੇ ਜ਼ਮਾਨੇ ਦੇ ਲਿਹਾਜ਼ ਤੋਂ ਬਿਨਾਂ ਹਰ ਮਨੁਖ ਵਾਸਤੇ ਇਕੋ ਜਿਹੇ ਆਗੂ ਬਣ ਸਕਦੇ ਹਨ।

ਪੰਜਾਬੀ ਸ਼ਾਇਰੀ ਵਿਚ ਮਕੂਲਾਇ ਸ਼ਾਇਰ (ਕਵੀ ਵਾਕ) ਨੂੰ ਵਾਰਸ ਨੇ ਵਰਤੋਂ ਵਿਚ ਆਂਦਾ ਹੈ, ਜੋ ਹਿੰਦੀ ਕਵੀਆਂ ਦੇ 'ਕਵੀ ਵਾਕ' ਦਾ ਉਲਥਾ ਹੈ, ਅਰ ਉਸ ਕੋਲੋਂ ਬਹੁਤ ਹੀ ਲਾਭਵੰਦਾ ਕੰਮ ਲਿਆ ਹੈ, ਅਰਥਾਤ ਸ਼ਾਇਰੀ ਅਜਿਹੀ ਗੱਲ ਹੈ, ਕਿਸੇ ਕੈਰੈਕਟ੍ਰ ਦੇ ਮੂੰਹੋਂ ਅਖਵਾਣਾ ਯੋਗ ਨਹੀਂ ਸਮਝਦਾ ਪਰ ਓਸ ਮੌਕਿਆ ਤੇ ਉਸ ਦਾ ਵਰਣਨ ਕਰਨਾ ਜ਼ਰੂਰੀ ਖਿਆਲ ਕਰਦਾ ਹੈ, ਮਕੂਲਾ ਸ਼ਾਇਰੀ ਦੇ ਅਨਵਾਨ (ਸਿਰ ਲੇਖ) ਨਾਲ ਵਰਣਨ ਕਰ ਦੇਂਦਾ ਹੈ।

ਵਾਰਸ ਦੇ ਕਲਾਮ ਦੀ ਚੋਣ ਬੜੀ ਕਠਿਨ ਹੈ। ਸ਼ੁਰੂ ਤੋਂ ਅਖੀਰ ਤਕ ਜਿਸ ਮਿਸਰੇ, ਜਿਸ ਸ਼ਿਅਰ ਅਰ ਜਿਸ ਖਿਆਲ ਨੂੰ ਭੀ ਵੇਖੀਏ, ਇਕ ਤੋਂ ਇਕ ਵਧ ਚੜ੍ਹ ਕੇ ਹੈ। ਮਿਸਾਲ ਦੇ ਤੌਰ ਤੇ ਕੁਝਕੁ ਤਸ਼ਬੀਹਾਂ ਅਤੇ ਕਲਾਮ ਦੇ ਨਮੂਨੇ ਹੇਠਾਂ ਲਿਖਦੇ ਹਾਂ:—

ਵਾਰਸ ਨੇ ਪੰਜਾਬੀ ਜ਼ਬਾਨ ਦੀ ਮੰਨੀ ਪ੍ਰਮੰਨੀ, ਪ੍ਰਤਿਸ਼ਟਤ ਤਸ਼ਬੀਹਾਂ (ਰੂਪਕ ਅਲੰਕਾਰਾਂ) ਨੂੰ ਥਾਂ ਪਰ ਥਾਂ ਬੜੀ ਖੂਬੀ ਨਾਲ ਵਰਤੋਂ ਵਿਚ ਲਿਆਂਦਾ ਹੈ, ਯਥਾ—

ਰਾਂਝਾ ਸੁੱਟ ਖੂੰਡੀ ਅਤੇ ਲਾਹ ਭੂਰਾ,
ਛਡ ਚਲਿਆ ਸਭ ਮੰਗਵਾੜ ਮੀਆਂ।
ਜਿਹਾ ਚੋਰ ਨੂੰ ਖੁਰੇ ਦਾ ਖੜਕ ਪਹੁੰਚੇ,
ਛੱਡ ਤੁਰਦਾ ਏ ਸੰਨ੍ਹ ਦਾ ਪਾੜ ਮੀਆਂ।

ਚੂਚਕ ਕੈਦੋ ਦੀ ਸ਼ਿਕੈਤ ਤੇ ਹੀਰ ਦਾ ਪਤਾ ਲਗਾਣ ਵਾਸਤੇ ਬੇਲੇ ਵਿਚ ਜਾਂਦਾ ਹੈ ਅਤੇ ਉਥੇ ਜਾ ਕੇ ਘਾਤ ਵਿਚ ਬਹਿੰਦਾ ਹੈ। ਉਸ ਹਾਲਤ ਨੂੰ ਵਰਣਨ ਕਰਦਿਆਂ ਹੋਇਆਂ ਕਿਹੀ ਯੋਗ ਤਸ਼ਬੀਹ ਦਿੱਤੀ ਹੈ—

Digitized by Panjab Digital Library | www.panjabdigilib.org

"ਵਾਰਸ ਸ਼ਾਹ ਜਿਉਂ ਮੋਰਚੇ ਬੈਠ ਬਿੱਲੀ,
ਸਾਹ ਘੁੱਟ ਜਾਂਦੀ ਨਹੀਂ ਕੁਸਕਦੀ ਏ।"

ਜੋਗੀ (ਰਾਂਝੇ) ਦੇ ਜਾਣ ਪਿਛੋਂ ਹੀਰ ਸਹਿਤੀ ਨੂੰ ਮਨਾ ਲੈਂਦੀ ਹੈ, ਸਹਿਤੀ ਉਸ ਵੇਲੇ ਬੜੀ ਖੁਸ਼ ਹੁੰਦੀ ਹੈ। ਵਾਰਸ ਓਸ ਮੌਕਿਆ ਨੂੰ ਕਿਸ ਖੂਬੀ ਨਾਲ ਵਰਣਨ ਕਰਦੇ ਹਨ:–

ਜਿਵੇਂ ਸੁਬਹ ਦੀ ਕਜ਼ਾ ਨਮਾਜ਼ ਹੁੰਦੀ, ਰਾਜ਼ੀ ਹੋ ਸ਼ੈਤਾਨ ਭੀ ਨੱਚਦਾ ਏ।
ਤਿਵੇਂ ਸਹਿਤੀ ਦੇ ਜੀ ਵਿਚ ਖੁਸ਼ੀ ਹੋਈ, ਦਿਲ ਰੰਨਾਂ ਦਾ ਛੱਲੜਾ ਕੱਚ ਦਾ ਏ।
ਜਾਹ ਬਖ਼ਸ਼ਿਆ ਸਭ ਗੁਨਾਹ ਤੇਰਾ, ਤੈਨੂੰ ਇਸ਼ਕ ਕਦੀਮ ਤੋਂ ਸੱਚ ਦਾ ਏ।
ਵਾਰਸ ਸ਼ਾਹ ਚਲ ਯਾਰ ਮਨਾ ਆਈਏ, ਏਥੇ ਨਵਾਂ ਅਖਾੜੜਾ ਮੱਚਦਾ ਏ।

ਇਸਤ੍ਰੀ ਦੇ ਦਿਲ ਨੂੰ ਕੱਚ ਦਾ ਛੱਲਾ ਕਹਿਣਾ ਵਾਰਸ ਦੇ ਖਿਆਲਾਂ ਦੀ ਉਚਿਆਈ ਦਾ ਕ੍ਰਿਸ਼ਮਾ ਹੈ। ਸੁਲਹ ਹੋ ਜਾਣ ਤੋਂ ਪਿਛੋਂ ਹੀਰ ਸਹਿਤੀ ਨੂੰ ਜੋਗੀ ਨੂੰ ਮਿਲਣ ਵਾਸਤੇ ਕਹਿੰਦੀ ਹੈ। ਸਹਿਤੀ ਜੋਗੀ ਦੇ ਪਾਸ ਜਾਣ ਲਗਿਆਂ ਨਾਲ ਲੈ ਜਾਣ ਵਾਸਤੇ ਖੰਡ ਅਤੇ ਮਲਾਈ ਦੇ ਥਾਲ ਉਪਰ ਪੰਜ ਮੁਹਰਾਂ ਰਖ ਕੇ ਕਪੜੇ ਵਿਚ ਲਪੇਟ ਕੇ ਲੈ ਜਾਣ ਲਈ ਤਿਆਰ ਕਰਦੀ ਹੈ। ਹੀਰ ਚੁਪ ਚੁਪੀਤੇ ਖੰਡ ਮਲਾਈ ਅਤੇ ਮੁਹਰਾਂ ਦੀ ਥਾਂ ਥਾਲ ਵਿਚ ਚਾਵਲ ਖੰਡ ਅਤੇ ਪੰਜ ਪੈਸੇ ਰਖ ਦੇਂਦੀ ਹੈ। ਸਹਿਤੀ ਨੂੰ ਉੱਕਾ ਏਸ ਗਲ ਦਾ ਪਤਾ ਵੀ ਨਹੀਂ ਹੁੰਦਾ; ਪਰ ਹੀਰ ਤੇ ਜੋਗੀ ਦੀ ਗਲ ਪਹਿਲਾਂ ਪੱਕੀ ਹੁੰਦੀ ਹੈ, ਕਿ ਇਸ ਤਰ੍ਹਾਂ ਕੀਤਾ ਜਾਵੇਗਾ। ਹੀਰ ਸਹਿਤੀ ਨੂੰ ਆਖਦੀ ਹੈ ਕਿ ਜੋਗੀ ਵਡਾ ਕਰਾਮਾਤਾਂ ਵਾਲਾ ਹੈ। ਸਹਿਤੀ ਜਵਾਬ ਦੇਂਦੀ ਹੈ ਕਿ ਜੇ ਉਹ ਵਡਾ ਕਰਾਮਾਤ ਵਾਲਾ ਹੈ, ਤਾਂ ਏਨਾਂ ਹੀ ਦੱਸ ਦੇਵੇ ਕਿ ਮੈਂ ਉਸ ਦੇ ਵਾਸਤੇ ਕੀ ਲਿਆਈ ਹਾਂ? ਜੋਗੀ ਦਸ ਦੇਂਦਾ ਹੈ ਅਰ ਉਹ ਉਸ ਦੀ ਪੱਕੀ ਚੇਲੀ ਬਣ ਜਾਂਦੀ ਹੈ। ਸ਼ਾਹ ਹੋਰੀ ਬਨੌਟੀ ਫਕੀਰਾਂ ਤੇ ਸਾਧੂਆਂ ਦੀਆਂ ਠੱਗ ਬਾਜ਼ੀਆਂ ਦਾ ਬ੍ਰਿੰਦ ਨਕਸ਼ਾ ਖਿਚਦੇ ਹਨ–

ਸਹਿਤੀ ਖੰਡ ਮਲਾਈ ਦਾ ਥਾਲ ਭਰਿਆ, ਚਾ ਕੱਪੜੇ ਵਿਚ ਲੁਕਾਇਆ ਈ।
ਜਿਹਾ ਵਿਚ ਨਮਾਜ਼ ਵਸ੍ਵਾਸ ਗੈਬੋਂ, ਇਜਾਜ਼ੀਲ ਬਣਾ ਲਿਆਇਆ ਈ।
ਉਤੇ ਪੰਜ ਮੁਹਰਾਂ ਰੋਕ ਰਖੀਆਂ ਸੂ, ਜਾ ਫਕਰ ਦਾ ਫੇਰੜਾ ਪਾਇਆ ਈ।
ਜਦੋਂ ਆਉਂਦੀ ਜੋਗੀ ਨੇ ਉਹ ਡਿਠੀ, ਪਿਛਾਂ ਆਪਣਾ ਮੁਖ ਭੁਆਇਆ ਈ।

ਰਾਂਝਾ ਜੋਗੀਆਂ ਦੇ ਤ੍ਰੀਕੇ ਨਾਲ ਆਖਦਾ ਹੈ–

ਅਸਾਂ ਰੂਹਾਂ ਬਹਿਸ਼ਤੀਆਂ ਬੈਠੀਆਂ ਨੂੰ, ਤਾ ਦੋਜ਼ਖਾਂ ਦਾ ਕਿਥੋਂ ਆਇਆ ਈ।
ਤਲਬ ਮੀਂਹ ਦੀ ਵਗਿਆ ਆਨ ਝਖੜ, ਯਾਰੋ ਆਖਰੀ ਦੌਰ ਹੁਣ ਆਇਆ ਈ।
ਸਹਿਤੀ ਬੰਨ੍ਹ ਕੇ ਹਥ ਸਲਾਮ ਕੀਤਾ, ਅਗੋਂ ਮੂਲ ਜਵਾਬ ਨਾ ਪਾਇਆ ਈ।

ਬਹੁਤ ਸਾਰੇ ਸਵਾਲਾਂ ਜਵਾਬਾਂ ਪਿਛੋਂ ਸਹਿਤੀ ਆਖਦੀ ਹੈ–

ਪੰਡ ਝਗੜਿਆਂ ਦੀ ਕਿਹੀ ਖੋਲ੍ਹ ਬੈਠੋਂ, ਵੱਡਾ ਮਸਖ਼ਰਾ ਏਂ ਘੰਡ ਬਾਵਲਾ ਵੇ।
ਅਸਾਂ ਇਕ ਰਸਾਲ ਹੈ ਭਾਲ ਆਂਦੀ, ਭਲਾ ਦਸ ਖਾਂ ਕੀ ਹੈ ਰਾਵਲਾ ਵੇ?
ਉੱਤੇ ਰਖਿਆ ਕੀ ਹੈ ਨਜ਼ਰ ਤੇਰੀ, ਗਿਣੇਂ ਆਪ ਨੂੰ ਬਹੁਤ ਉਤਾਵਲਾ ਵੇ।
ਦੱਸੇ ਬਿਨਾਂ ਨਾ ਜਾਪਦੀ ਜ਼ਾਤ ਤੇਰੀ, ਛੜੇ ਬਾਝ ਨਾ ਥੀਂਵਦੇ ਚਾਵਲਾ ਵੇ।

Digitized by Panjab Digital Library | www.panjabdigilib.org

ਕੀ ਰੋਕ ਹੈ ? ਕਾਸਦਾ ਇਹ ਬਾਸਨ ? ਸਾਨੂੰ ਦਸ ਖਾਂ ਸੋਹਣਿਆ ਸਾਵਲਾ ਵੇ।
ਸਹਿਜ ਨਾਲ ਸਭ ਕੰਮ ਨਿਬਾਹ ਹੁੰਦੇ, ਵਾਰਸ ਸ਼ਾਹ ਨਾ ਹੋ ਉਤਾਵਲਾ ਵੇ।

ਅਗੋਂ ਜੋਗੀ ਜਵਾਬ ਦੇਂਦਾ ਹੈ—

ਕਰਾਮਾਤ ਹੈ ਕਹਿਰ ਦਾ ਨਾਂ ਰੰਨੇ, ਕਿਹਾ ਘਤਿਆ ਆਨ ਵਸੋਰਿਆ ਈ।
ਅਸੀਂ ਸਿਧ ਔਲਯਾ ਫਕੀਰ ਸੱਚੇ, ਅਸਾਂ ਖੂਹ ਵਿਚ ਛੋਪ ਨੂੰ ਬੋੜਿਆ ਈ।
ਕਰੇਂ ਚਾਵੜਾਂ ਟਿਰਕਰਾਂ ਨਾਲ ਮਸਤੀ, ਅਜ ਤੀਕ ਅਨਜਾਣ ਕਕੋੜਿਆ ਈ।
ਫਕਰ ਆਖਸਨ ਸੋਈ ਕੁਝ ਰਬ ਕਰਸੀ, ਐਵੇਂ ਜੋਗੀ ਨੂੰ ਚਾ ਵਡੋਰਿਆ ਈ।
ਉੱਤੇ ਪੰਜ ਪੈਸੇ ਨਾਲ ਰੋਕ ਧਰਿਓ, ਖੰਡ ਚਾਵਲਾਂ ਦਾ ਥਾਲ ਪੂਰਿਆ ਈ।
ਅਗੇ ਲੋਕਾਂ ਨੂੰ ਬਹੁਤ ਡਰਾਉਂਦੀ ਸੈਂ, ਵਾਰਸ ਸ਼ਾਹ ਹੁਣ ਅਸਾਂ ਨੂੰ ਘੂਰਿਆ ਈ।

ਸਹਿਤੀ ਸਮਝਦੀ ਹੈ, ਕਿ ਜੋਗੀ ਠੀਕ ਨਹੀਂ ਕਹਿੰਦਾ, ਉਹ ਉਹਦੇ ਨਾਲ ਮਖੌਲ ਕਰਦੀ ਹੈ—

ਮਗਰ ਤਿਤਰਾਂ ਦੇ ਅੰਨ੍ਹਾ ਬਾਜ ਛੁੱਟਾ, ਜਾ ਚਮੜੇ ਦਾਂਦ ਪਤਾਲੂਆਂ ਨੂੰ।
ਅੰਨ੍ਹਾ ਘਲਿਆ ਅੰਬ ਅਨਾਰ ਵੇਖਣ, ਜਾ ਲੱਗਾ ਈ ਲੈਣ ਕਚਾਲੂਆਂ ਨੂੰ।
ਘਲਿਆ ਫੁਲ ਗੁਲਾਬ ਦੇ ਤੋੜ ਲਿਆਵੀਂ, ਜਾ ਚਮੜੇ ਤੂਤ ਸੰਭਾਲੂਆਂ ਨੂੰ।
ਅੰਨ੍ਹਾ ਮੂਹਰੇ ਲਾਇਆ ਕਾਫ਼ਲੇ ਦੇ, ਲੁਟਵਾਇਆ ਸੂ ਸਾਥ ਦੇ ਚਾਲੂਆਂ ਨੂੰ।

ਇਸ ਤੇ ਜੋਗੀ ਕਹਿੰਦਾ ਹੈ:—

ਜਾ ਖੋਲ੍ਹ ਕੇ ਵੇਖ ਜੋ ਸਿਦਕ ਆਵੇ, ਕਿਹਾ ਸ਼ਕ ਦਿਲ ਆਪਣੇ ਪਾਇਆ ਈ।
ਕਿਹਾ ਅਸਾਂ ਸੋ ਰਬ ਤਹਕੀਕ ਕਰਸੀ, ਕੇਹਾ ਆਣ ਕੇ ਮਗਜ਼ ਖਪਾਇਆਊ ਈ।
ਜਾ ਵੇਖ ਵਿਸਵਾਸ ਚਾ ਦੂਰ ਹੋਵੇ, ਕੇਹਾ ਦਰਦਰਾ ਆਣ ਮਚਾਇਆ ਈ।
ਸ਼ੱਕ ਮਿਟੇ ਜੇ ਥਾਲ ਨੂੰ ਖੋਲ੍ਹ ਵੇਖੇਂ, ਏਥੇ ਮਕਰ ਕੀ ਆਣ ਫੈਲਾਇਆ ਈ।
ਸਹਿਤੀ ਖੋਲ੍ਹ ਕੇ ਥਾਲ ਨੂੰ ਧਿਆਨ ਕੀਤਾ, ਖੰਡ ਚਾਵਲਾਂ ਦਾ ਥਾਲ ਹੋ ਗਿਆ।
ਛੁੱਟਾ ਤੀਰ ਫਕੀਰ ਦੇ ਮੁਅਜਜ਼ੇ ਦਾ, ਵਿਚੋਂ ਕੁਫਰ ਦਾ ਜੀਉ ਪਰੋ ਗਿਆ।
ਜਿਹੜਾ ਚਲਿਆ ਨਿਕਲ ਯਕੀਨ ਆਹਾ, ਕਰਾਮਾਤ ਨੂੰ ਵੇਖ ਖਲੋ ਗਿਆ।
ਗਰਮ ਗਜ਼ਬ ਦੀ ਆਤਸ਼ ਨੂੰ ਆਬ ਆਹਾ, ਬਰਫ ਕਸ਼ਫ ਦੇ ਨਾਲ ਸਮੋ ਗਿਆ।

ਇਹ ਸੁਣ ਕੇ ਸਹਿਤੀ ਜੋਗੀ ਦੀ ਮੁਰੀਦ ਹੋ ਜਾਂਦੀ ਹੈ—

ਹੱਥ ਬੰਨ੍ਹ ਕੇ ਕਰੇ ਸਲਾਮ ਸਹਿਤੀ, ਦਿਲ ਜਾਨ ਥੀਂ ਚੇਲੜੀ ਤੇਰੀਆਂ ਮੈਂ।
ਕਰਾਂ ਬਾਂਦੀਆਂ ਵਾਂਗ ਬਜਾ ਖਿਦਮਤ, ਨਿੱਤ ਪਾਉਂਦੀ ਰਹਾਂਗੀ ਫੇਰੀਆਂ ਮੈਂ।
ਕਰਾਮਾਤ ਤੇਰੀ ਉੱਤੇ ਸਿਦਕ ਬੱਧਾ, ਤੇਰੇ ਕਸ਼ਫ ਦੀ ਹੁਬ ਨੇ ਘੇਰੀਆਂ ਮੈਂ।
ਪੀਰ ਸਚ ਦਾ ਅਸਾਂ ਤਹਕੀਕ ਜਾਤਾ, ਦਿਲ ਜਾਣ ਥੀਂ ਗੋਲੜੀ ਤੇਰੀਆਂ ਮੈਂ।

ਜਦੋਂ ਰਾਂਝੇ ਦਾ ਪਿਉ ਮਰ ਗਿਆ ਤਾਂ ਭ੍ਰਾਵਾਂ ਨੇ ਆਪਣੀਆਂ ਘਰ ਵਾਲੀਆਂ ਨਾਲ ਸਲਾਹ ਕਰ ਕੇ ਪਟਵਾਰੀ ਅਤੇ ਗਿਰਦਾਵਰ ਆਦਕਾਂ ਨੂੰ ਸਦ ਕੇ ਜ਼ਮੀਨ ਵੰਡਾ ਲਈ। ਏਸ ਮੌਕਿਆ ਤੇ ਸ਼ਾਇਰ ਨੇ ਰਿਸ਼ਵਤ ਦੇ ਕੇ ਆਪਣਾ ਕੰਮ ਸੁਆਰਨ ਦਾ ਜ਼ਿਕਰ ਕੀਤਾ ਹੈ, ਜੋ ਸ਼ਾਇਰੀ ਦੇ ਕਸਬ ਦਾ ਕਮਾਲ ਹੈ—

ਹਜ਼ਰਤ ਕਾਜ਼ੀ ਤੇ ਪੈਂਚ ਸਦਾ ਸਾਰੇ, ਭਾਈਆਂ ਜਿਮੀਂ ਨੂੰ ਕੱਛ ਪੁਆਇਆ ਏ।
ਵੱਢੀ ਦੇ ਕੇ ਜਿਮੀਂ ਦੇ ਬਣੇ ਵਾਰਸ, ਬੰਜਰ ਜਿਮੀਂ ਰੰਝੇਟੇ ਨੂੰ ਆਇਆ ਏ।
ਕਛਾਂ ਮਾਰ ਸ਼ਰੀਕ ਮਜ਼ਾਕ ਕਰਦੇ, ਭਾਈਆਂ ਧੀਦੋ ਦੇ ਭਾ ਬਣਾਇਆ ਏ।

Digitized by Panjab Digital Library | www.panjabdigilib.org

ਕੱਛ ਪੁਆਣਾ ਇਕ ਪੁਰਾਣਾ ਮੁਹਾਵਰਾ ਹੈ, ਜਿਸ ਦਾ ਭਾਵ ਹੈ ਕਿ ਗਿਰਦਾਵਰ, ਪਟਵਾਰੀ ਆਦ ਕੋਲੋਂ ਜ਼ਮੀਨ ਵੰਡਾਣੀ। ਪਹਿਲੇ ਜ਼ਮਾਨੇ ਵਿੱਚ ਏਨ੍ਹਾਂ ਨੂੰ ਕਾਛੂ ਕਹਿੰਦੇ ਸਨ, ਅਜ ਕਲ ਪਟਵਾਰੀ, ਗਿਰਦਾਵਰ ਕਹਿੰਦੇ ਹਨ। ਏਸੇ ਗਲ ਨਾਲ ਸਬੰਧ ਰਖਦੇ ਪੁਰਾਣੇ ਗੀਤ ਦਾ ਇਕ ਬੰਦ ਹੇਠਾਂ ਲਿਖਦੇ ਹਾਂ, ਜੋ ਕਾਛੂ ਸ਼ਬਦ ਦਾ ਜ਼ਿਕਰ ਕਰਦਾ ਹੈ—

"ਫਿਰੀਆਂ ਰੁਤਾਂ ਘਰ ਕਾਛੂ ਆਏ
ਨਾ ਘਰ ਢੋਲਾ ਨਾ ਢੋਲ ਦੇ ਜਾਏ
ਮੈ ਨਿਮਾਣੀ ਕੋਲ ਖਲਿਆਂ ਕਛਾਏ"

ਰਾਂਝਾ ਬਾਲ ਨਾਥ ਦੇ ਪਾਸ ਜੋਗ ਲੈਣ ਲਈ ਜਾਂਦਾ ਹੈ, ਤਦੋਂ ਓਹ ਉਸ ਨੂੰ ਜੋਗ ਅਤੇ ਵੇਦਾਂਤ ਸੰਬੰਧੀ ਯੋਗ ਗਲਾਂ ਦਸਦੇ ਹਨ:—

ਘੋੜਾ ਸਬਰ ਦਾ ਜ਼ਿਕਰ ਦੀ ਵਾਗ ਦੇ ਕੇ, ਨਫ਼ਸ ਮਾਰਨਾ ਕੰਮ ਬਹੁ ਚੰਗਿਆਂ ਦਾ।
ਜਿਹੜੇ ਮਰਨ ਸੋ ਫਕਰ ਥੀਂ ਹੋਣ ਵਾਕਫ,ਨਹੀਂ ਕੰਮ ਇਹ ਮਰਨ ਥੀਂ ਸੰਗਿਆਂ ਦਾ।

ਤੌਹੀਦ ਤਸੱਵਫ਼ ਦੀ ਸੰਥਾ ਸਿਖਾਂਦੇ ਹੋਏ ਕਹਿੰਦੇ ਹਨ:—

ਮਾਲਾ ਮਣਕਿਆਂ ਵਿਚ ਜਿਉਂ ਇਕ ਧਾਗਾ, ਜਲਵਾ ਸਰਬ ਕੇ ਬੀਚ ਸਮਾ ਰਿਹਾ।
ਜਿਵੇਂ ਪੱਤਰੀਂ ਮੇਂਹਦੀ ਦੇ ਰੰਗ ਰਚਿਆ, ਤਿਵੇਂ ਜਾਨ ਜਹਾਨ ਵਿਚ ਆ ਰਿਹਾ।
ਜਿਵੇਂ ਰਕਤ ਸਰੀਰ ਜੋ ਸਾਸ ਅੰਦਰ, ਤਿਵੇਂ ਜੋਤ ਮੇਂ ਜੋਤ ਸਮਾ ਰਿਹਾ।

**ਵਾਕਿਆ ਨਿਗਾਰੀ**—ਵਾਰਸ ਸ਼ਾਹ ਜਿਸ ਵਾਕਿਆ ਜਾਂ ਸੀਨ ਨੂੰ ਬਿਆਨ ਕਰਦੇ ਹਨ, ਹੂ ਬਹੂ ਓਸ ਦੀ ਕੈਫੀਅਤ ਅਖਾਂ ਦੇ ਸਾਹਮਣੇ ਪੈਦਾ ਕਰ ਦੇਂਦੇ ਹਨ, ਜਿਹਾ ਕਿ ਓਹਨੇ ਸਵੇਰ ਸਾਰ ਤੜਕੇ ਦਾ ਨਜ਼ਾਰਾ ਲਿਖਿਆ ਹੈ—

ਚਿੜੀ ਚੂਕਦੀ ਨਾਲ ਜਾਂ ਟੁਰੇ ਪਾਂਧੀ, ਪਈਆਂ ਦੁਧ ਦੇ ਵਿਚ ਮਧਾਣੀਆਂ ਨੀ।
ਸੁਬਹ ਸਾਦਕ ਹੋਈਜਦੋਂ ਆਣ ਰੌਸ਼ਨ,ਤਦੋਂ ਲਾਲੀਆਂ ਆਣ ਚਿਚਲਾਣੀਆਂ ਨੀ।
ਕਾਰੋਬਾਰ ਵਿਚ ਹੋਇਆ ਜਹਾਨ ਸਾਰਾ, ਚਰਖੇ ਕਤਦੀਆਂ ਉਠ ਸੁਆਣੀਆਂ ਨੀ।
ਵੱਜਣ ਤੂਤੀਆਂ ਵਿਚ ਸ਼ਿਵਾਲਿਆਂ ਦੇ, ਪੂਜਾ ਚਲੀਆਂ ਕਰਨ ਖੜ੍ਹਾਣੀਆਂ ਨੀ।
ਹੋਏ ਕਾਫ਼ਲੇ ਕੂਚ ਸਰਾਂ ਵਿਚੋਂ, ਖੜਕੇ ਟੱਲ ਪ੍ਰਭਾਤ ਚਿਲਾਣੀਆਂ ਨੀ।
ਹਾਲੀ ਚਾਹੜ ਪੰਜਾਲੀਆਂ ਹਲੀਂ ਵਗੇ, ਸੀਆਂ ਭੋਏਂ ਨੂੰ ਜਿਨ੍ਹਾਂ ਨੇ ਲਾਣੀਆਂ ਨੀ।
ਪਾਣੀ ਲਾਣ ਨੂੰ ਕੱਮੀਆਂ ਖੂਹ ਜੁੱਤੇ, ਬੈਠੇ ਗਾਹਦੀ ਤੇ ਪਕੜ ਪਰਾਣੀਆਂ ਨੀ।
ਉਠ ਗੁਸਲ ਦੇ ਵਾਸਤੇ ਜਾਣ ਦੌੜੇ, ਸੇਜਾਂ ਰਾਤ ਨੂੰ ਜਿਨ੍ਹਾਂ ਨੇ ਮਾਣੀਆਂ ਨੀ।
ਰਾਂਝੇ ਕੂਚ ਕੀਤਾ ਆਇਆ ਨਦੀ ਉਤੇ, ਸਾਥ ਲਦਿਆ ਪਾ ਮੁਹਾਣੀਆਂ ਨੀ।
ਵਾਰਸ ਸ਼ਾਹ ਮੀਆਂ ਲੁਡਨ ਬੜੇ ਗੁਬਨ, ਕੁੱਪਾ ਸ਼ਹਦ ਦਾ ਲਦਿਆ ਬਾਣੀਆਂ ਨੀ।

ਇਸ ਤਰ੍ਹਾਂ ਜਿਸ ੨ ਮੌਕਿਆ ਤੇ ਭੀ ਆਪ ਨੇ ਕੋਈ ਨਜ਼ਾਰਾ ਵਿਖਾਇਆ, ਓਸ ਦੀ ਹੂਬਹੂ ਕੈਫ਼ੀਅਤ ਪੇਸ਼ ਕਰ ਦਿਤੀ ਹੈ।

**ਵਾਰਸ ਦੀਆਂ ਖਾਮੀਆਂ**—ਵਾਰਸ ਸ਼ਾਹ ਦੀ ਸ਼ਾਇਰੀ ਉਤੇ ਵਿਚਾਰ ਕਰਦਿਆਂ ਹੋਇਆਂ ਅਹਿਮਦ ਯਾਰ ਨੇ ਲਿਖਿਆ ਹੈ—

Digitized by Panjab Digital Library | www.panjabdigilib.org

"ਵਾਰਸ ਸ਼ਾਹ ਸੁਖਨ ਦਾ ਵਾਰਸ, ਕਿਸੇ ਨਾ ਹਟਕਿਆ ਵਲਿਆ।
ਮੰਦਰਾਹੀ ਹੋਈ ਚੱਕੀ ਵਾਂਗੂੰ, ਨਿੱਕਾ ਮੋਟਾ ਦਲਿਆ।

ਇਹ ਬਹੁਤ ਹਦ ਤਕ ਸਹੀ ਰਾਇ ਕਾਇਮ ਕੀਤੀ ਹੈ। ਬਾਜ਼ੀ ਥਾਈਂ ਵਾਰਸ ਨੇ ਅਸੂਲ ਅਤੇ ਫ਼ਨ ਦੇ ਵਿਰੁਧ ਕਈ ਸ਼ਬਦ ਆਪ ਹੀ ਘੜ ਲਏ ਹਨ, ਯਥਾ—

ਬਲੋਚਨ—ਬਲੋਚੇਟੀ, ਤ੍ਰਖਾਣੀ—ਤ੍ਰਖੇਟੀ, ਚੁਗਤਾਈ—ਚੁਗਤਾਸੀ,
ਖੋਜਾ-ਖੋਜਾਸੀ, ਮਲਵਾਣਾ—ਮਲਵਾਸੀ,

ਕਾਫ਼ੀਆਬੰਦੀ ਵਿਚ ਭੀ ਹਦ ਤੋਂ ਲੰਘ ਜਾਂਦੇ ਰਹੇ ਰਹੇ ਹਨ—

ਬੰਦਾ, ਸੰਦਾ ਦੇ ਨਾਲ ਲੰਡਾ, ਗੰਡਾ।
ਸ਼ੋਰ, ਮੋਰ ਦੇ ਨਾਲ ਜੋੜ, ਬੋੜ।
ਚੀਕ ਦੇ ਨਾਲ ਪੀਤ, ਪ੍ਰੀਤ ਆਦਕ।

ਏਸੇ ਤਰ੍ਹਾਂ ਤਲਵਾਰ ਦੀ ਥਾਂ ਤਲਵਾਰੀ ਵਰਤਿਆ ਹੈ:—

"ਭਾਵੇਂ ਵੱਢ ਤੂੰ ਨਾਲ ਤਲਵਾਰੀਆਂ ਦੇ"

ਘਸੁੱਨ ਸ਼ਬਦ ਦੀ ਥਾਂ ਘੁਸੱਨੀਏ ਲਿਖਿਆ ਹੈ। ਗਲ ਕੀ ਇਸ ਤਰ੍ਹਾਂ ਹੋਰ ਕਈ ਥਾਂ ਕੁਝ ਦੇ ਕੁਝ ਸ਼ਬਦ ਵਰਤੇ ਹਨ। ਜੋ ਸ਼ਾਇਰੀ ਫ਼ਨ ਅਤੇ ਅਸੂਲ ਦੇ ਲਿਹਾਜ਼ ਨਾਲ ਕਦੀ ਜਾਇਜ਼ ਨਹੀਂ ਹੋ ਸਕਦੇ ਪਰ ਵਾਰਸ ਦੀ ਆਜ਼ਾਦ ਤਬੀਅਤ ਨੇ ਓਨ੍ਹਾਂ ਨੂੰ ਜਾਇਜ਼ ਸਮਝ ਲਿਆ ਹੈ। ਇਨ੍ਹਾਂ ਤੋਂ ਛੁਟ ਤਿੰਨ ਵਡੀਆਂ ਖਾਮੀਆਂ ਹੋਰ ਹਨ—

੧. ਤਜਾਵਜ਼ ਅਰਥਾਤ ਹਦੋਂ ਲੰਘ ਜਾਣਾ।
੨. ਬੇਰਬਤੀ—ਬੇਸੰਬੰਧ, ਨਾ ਫਬਦੀਆਂ ਲਿਖ ਮਾਰਨੀਆਂ।
੩. ਉਰਯਾਨੀ—(ਨੰਗੀ ਕਵਿਤਾ)

ਕਈ ਥਾਈਂ ਵਾਰਸ ਸ਼ਾਹ ਕਿਸੇ ਵਾਕਿਆ ਨੂੰ ਵਰਣਨ ਕਰਦਿਆਂ ਹੋਇਆਂ ਹੱਦੋਂ ਭੀ ਲੰਘ ਜਾਂਦੇ ਰਹੇ ਹਨ। ਯਥਾ ਹੀਰ ਦੀ ਸ਼ਾਦੀ ਦੇ ਮੌਕੇ ਤੇ ਚਾਵਲ, ਗੈਹਣੇ ਕਪੜੇ ਆਦਕ ਦਾ ਜ਼ਿਕਰ ਕੀਤਾ ਹੈ। ਓਨ੍ਹਾਂ ਵਿਚ ਕੁਝ ਅਜਿਹੇ ਨਾਂ ਭੀ ਲਿਖ ਮਾਰੇ ਹਨ, ਜਿਨ੍ਹਾਂ ਦਾ ਪ੍ਰਾਪਤ ਹੋਣਾ ਚੂਚਕ ਵਰਗੇ ਰਈਸ ਲਈ ਭੀ ਅਸੰਭਵ ਹੈ ਅਰ ਏਨੀਆਂ ਭਾਂਤਾਂ ਦਾ ਹੋਣਾ ਵਾਕਿਆ ਦੇ ਵਿਰੁਧ ਹੈ। ਚਾਵਲਾਂ ਦਾ ਜ਼ਿਕਰ ਕਰਦਿਆਂ ਹੋਇਆਂ ਲਿਖਦੇ ਹਨ—

ਮੁਸ਼ਕੀ ਚਾਵਲਾਂ ਦੇ ਭਰੇ ਆਣ ਕੋਠੇ, ਸੋਨਪਤੀ ਦੇ ਝੋਨੜੇ ਛੜੀਦੇ ਨੀ।
ਬਾਸਮਤੀ, ਮੁਸਾਫਰੀ ਬੇਗਮੀ ਸਨ, ਹਰ ਚੀਜ਼ ਤੇ ਜ਼ਰਦ ਭੀ ਹਰੀ ਦੇ ਨੀ।
ਬਾਰੀਕ ਸਫੈਦ ਕਸ਼ਮੀਰ ਚਾਵਲ, ਖੁਰਸ਼ ਜੇਹੜੇ ਹੂਰ ਤੇ ਪਰੀ ਦੇ ਨੀ।
ਸਠੀ, ਕ੍ਰਿਚਕਾ, ਸਿਊਲਾ ਕਰਤ ਕੇਵਲ, ਅੱਲ ਖੋਖਲਾ ਮਥਰਾ ਸਰੀ ਦੇ ਨੀ।
ਗੁਲ ਬਿੰਦਿਆ ਰਤੂਆ ਖੂਬ ਚਾਵਲ, ਸੁਖਦਾਸ ਨਾਲੇ ਪਏ ਛੜੀ ਦੇ ਨੀ।
ਗੁਲੀਆਂ ਸੁਚੀਆਂ ਨਾਲ ਹਥੌੜਿਆਂ ਦੇ, ਮੋਤੀ ਚੂਨ ਬਨੋਹੀਆਂ ਜੜੀਦੇ ਨੀ।

ਦੂਸਰੀ ਖਾਮੀ ਕਲਾਮ ਦੀ ਬੇਰਬਤੀ ਹੈ—ਮਸਨਵੀ ਵਾਸਤੇ ਜ਼ਰੂਰੀ ਹੈ ਕਿ ਕਲਾਮ

Digitized by Panjab Digital Library | www.panjabdigilib.org

ਵਿਖੇ ਰਬੜ ਜਾਂ ਲੜੀ ਦਾ ਜੋੜ ਹੋਵੇ, ਨਹੀਂ ਤਾਂ ਦਾਸਤਾਨ ਵਿਚ ਨੁਕਸ ਪੈਦਾ ਹੋ ਜਾਏਗਾ। ਵਾਰਸਸ਼ਾਹ ਵਰਗੇ ਸਿਆਣੇ ਸ਼ਾਇਰ ਦੇ ਕਲਾਮ ਵਿਚ ਇਹ ਨੁਕਸ ਕਈ ਥਾਂ ਪੈ ਗਿਆ ਹੈ, ਜਿਥੇ ਉਹ ਇਕ ਵਾਕਿਆ ਨੂੰ ਵਰਣਨ ਕਰਦਿਆਂ ਹੋਇਆਂ ਕਈ ਗ਼ੈਰ ਜ਼ਰੂਰੀ ਵਿਸਤਾਰਾਂ ਵਿਚ ਚਲੇ ਜਾਂਦੇ ਹਨ। ਤੀਸਰੀ ਖ਼ਾਮੀ ਉਰਯਾਨੀ ਜਾਂ ਫ਼ੁਹਾਸ਼ੀ (ਬੇ ਪਰਦਗੀ) ਹੈ। ਇਸ ਵਿਚ ਕੋਈ ਸ਼ਕ ਨਹੀਂ ਕਿ ਮੋਤਬਰ ਤੋਂ ਮੋਤਬਰ ਇਸ਼ਕੀਆ ਕਲਾਮ ਵਿਚ ਭੀ ਥੋੜੀ ਬਹੁਤ ਉਰਯਾਨੀ ਜ਼ਰੂਰ ਹੁੰਦੀ ਹੈ; ਪਰ ਵਾਰਸ ਦੀ ਕਲਾਮ ਵਿਚ ਇਹ ਖ਼ਾਮੀ ਜ਼ਰੂਰਤ ਤੋਂ ਬਹੁਤ ਵਧੇਰੇ ਹੈ। ਬਾਹਜ਼ੀ ਥਾਈਂ ਤਾਂ ਬੇਹਯਾਈ ਦੀ ਹਦ ਤਕ ਜਾ ਪਹੁੰਚਦੀ ਹੈ। ਯਥਾ ਰਾਂਝੇ ਅਤੇ ਮੁੱਲਾਂ ਦਾ ਮੁਕਾਲਮਾਂ, ਹੀਰ ਅਤੇ ਉਸ ਦੀਆਂ ਸਹੇਲੀਆਂ ਦੀ ਗੁਫ਼ਤਗੂ, ਸਹਿਤੀ ਅਤੇ ਹੀਰ ਦੀ ਗੱਲ ਬਾਤ ਆਦਿਕ। ਵਾਰਸ ਸ਼ਾਹ ਦੀਆਂ ਸ਼ਾਇਰਾਨਾ ਖ਼ੂਬੀਆਂ ਦੇ ਨਾਲ ਭੁਲਾਂ ਦਾ ਜ਼ਿਕਰ ਕਰਨਾ ਭਾਵੇਂ ਉਸ ਦੀ ਸ਼ੋਭਾ ਤੇ ਮਾਣ ਕਰਨ ਵਾਲਿਆਂ ਨੂੰ ਬਹੁਤ ਹੀ ਦੁਖਦਾਈ ਭਾਸੇਗਾ, ਫੇਰ ਭੀ ਵਾਕਿਆਤ ਲਿਖਣ ਵਾਲਿਆਂ ਦਾ ਫ਼ਰਜ਼ ਹੈ ਕਿ ਜਿਥੇ ਉਹ ਲਿਖ ਰਿਹਾ ਹੈ, ਉਹਦੇ ਕਲਾਮ ਦੀ ਚੰਗਿਆਈ ਮੰਦਿਆਈ ਵੀ ਦਸ ਦੇਵੇ। ਇਸ ਵਾਸਤੇ ਕੁਝਕੁ ਬੁਰਾਈਆਂ ਦਾ ਭੀ ਜ਼ਿਕਰ ਕਰ ਦਿੱਤਾ ਗਿਆ ਹੈ। ਅਰ ਇਹ ਹਕੀਕਤ ਹੈ ਕਿ ਵਾਰਸ ਜਿਹੇ ਪੁਖ਼ਤਾ ਕਲਾਮ ਸ਼ਾਇਰ ਦੀ ਕਲਾਮ ਵਿਚ ਏਨ੍ਹਾਂ ਉਕਾਈਆਂ ਦਾ ਹੋਣਾ ਅਸੰਭਵ ਨਹੀਂ।

## ਹੀਰ ਵਿਚ ਵਾਧੂ ਜੋੜੇ ਹੋਏ ਬੈਂਤ

ਵਾਰਸ ਦੀ ਹੀਰ ਦਾ ਮਾਣ ਅਤੇ ਹਰ-ਮਨ-ਪਿਆਰਾ ਹੋਣਾ ਮੁਸੱਨਫ਼ ਵਾਸਤੇ ਬੇਹਦ ਦੁਖਦਾਈ ਸਿਧ ਹੋਇਆ ਹੈ। ਇਸ ਮਸ਼ਹੂਰੀ ਤੋਂ ਉਸ ਨੂੰ ਨਫ਼ੇ ਦੀ ਥਾਂ ਉਲਟਾ ਨੁਕਸਾਨ ਪੁੱਜਾ ਹੈ। ਅਰ ਉਹ ਇਸ ਤਰ੍ਹਾਂ ਕਿ ਉਚ ਸ਼੍ਰੇਣੀ ਦੇ ਲੋਕ ਤਾਂ ਹੀਰ ਨੂੰ ਇਕ ਇਸ਼ਕੀਆ ਕਿੱਸਾ ਸਮਝ ਕੇ ਘ੍ਰਿਣਾਂ ਦੀ ਨਜ਼ਰ ਨਾਲ ਵੇਖਦੇ ਰਹੇ। ਕੇਵਲ ਆਮ ਲੋਕ ਹੀਰ ਦੇ ਚਾਹਵਾਨ ਸਨ; ਪਰ ਉਹ ਹੀਰ ਦੇ ਮਜ਼ਮੂਨ ਨਾਲ ਪਿਆਰ ਨਹੀਂ ਕਰਦੇ ਸਨ ਸਗੋਂ ਵਧੇਰੇ ਸੁਰ ਅਤੇ ਲੈ ਦੇ ਚਾਹਵਾਨ ਸਨ। ਅਰ ਮਿਲਵੇਂ ਜੁਲਵੇਂ ਬੈਂਤ ਜੋ ਪਿਛੋਂ ਸ਼ਾਮਲ ਹੁੰਦੇ ਗਏ, ਉਸੇ ਸੁਰ ਜਾਂ ਬੈਹਰ ਵਿਚ ਹੁੰਦੇ ਰਹੇ। ਇਸ ਵਾਸਤੇ ਉਹ ਅਸਲ ਤੇ ਨਕਲ ਦੀ ਪਛਾਣ ਨਾ ਕਰ ਸਕੇ ਅਰ ਉਨ੍ਹਾਂ ਦੇ ਖ਼ਿਆਲ ਵਿਚ ਅਸਲੀ ਅਤੇ ਨਕਲੀ ਬੈਂਤ ਇਕੋ ਜਿਹੇ ਮਨ-ਭਾਉਂਦੇ ਤੇ ਪਿਆਰੇ ਹਨ।

ਹੀਰ ਦੇ ਹਰ ਲਿਖਣ ਛਾਪਣ ਵਾਲਿਆਂ ਦੀ ਸ਼ੁਰੂ ਤੋਂ ਇਹੀ ਕੋਸ਼ਿਸ਼ ਰਹੀ ਕਿ ਜੋ ਭੀ ਕਿਤਾਬ ਉਹ ਪ੍ਰਕਾਸ਼ਤ ਕਰਨ, ਉਸ ਦੇ ਬੈਂਤਾਂ ਦੀ ਗਿਣਤੀ ਜਾਂ ਕਿਤਾਬ ਦੇ ਪੰਨਿਆਂ ਦੀ ਗਿਣਤੀ ਕਿਸੇ ਤਰ੍ਹਾਂ ਪਹਿਲੀਆਂ ਛਪੀਆਂ ਕਿਤਾਬਾਂ ਨਾਲੋਂ ਵਧੀਕ ਹੋਣ, ਜਿਸ ਤੋਂ ਉਹ ਟਾਈਟਲ ਪੇਜ ਤੇ:-

"ਅਸਲੀ ਤੇ ਸਭ ਤੋਂ ਵੱਡੀ ਹੀਰ।"

ਮੋਟੇ ਅੱਖਰਾਂ ਵਿਚ ਲਿਖ ਸਕਣ ਤਾਕਿ ਆਮ ਲੋਕਾਂ ਨੂੰ ਅਸਲੀ ਤੇ ਵਡੀ ਦੀ ਖਿੱਚ ਪਾਈ ਜਾ ਸਕੇ।

ਉਨ੍ਹਾਂ ਲਿਖਣ ਤੇ ਛਾਪਣ ਵਾਲਿਆਂ ਦੀ ਪੜਚੋਲ ਕਰਦਿਆਂ ਹੋਇਆਂ

Digitized by Panjab Digital Library | www.panjabdigilib.org

'ਯਾਦਗਾਰਿ ਵਾਰਸ' ਦੇ ਕਰਤਾ ਪ੍ਰੋ: ਜ਼ਿਆ ਮੁਹੰਮਦ ਐਮ. ਏ. ਨੇ ਐਸੇ ਲੇਖਕਾਂ ਤੇ ਪਬਲਿਸ਼ਰਾਂ ਦੀ ਬਾਬਤ ਬਹੁਤ ਜ਼ਬਰਦਸਤ ਕਲੰਕ ਲਾਏ ਹਨ।

ਪ੍ਰੋਫ਼ੈਸਰ ਸਾਹਿਬ ਨੇ ਅਰਥਾਂ ਭਾਵਾਂ ਸਹਿਤ ਇਕ ਪੁਸਤਕ ਲਿਖੀ ਹੈ। ਪੁਸਤਕ ਵਿਚ ਵਾਰਸ ਦੇ ਬੈਂਤਾਂ ਦੀਆਂ ਮਿਸਾਲਾਂ ਦੇਂਦਿਆਂ ਹੋਇਆਂ ਲਗ ਪਗ ਹਰ ਥਾਂ ਤੇ ਠੋਕਰ ਖਾ ਗਏ ਹਨ। ਉਨ੍ਹਾਂ ਨੇ ਮਿਸਾਲ ਦੇ ਤੌਰ ਤੇ ਜੋ ਬੈਂਤ ਪੇਸ਼ ਕੀਤੇ ਹਨ, ਉਹ ਜਾਂ ਤਾਂ ਮੀਆਂ ਪੀਰਾਂ ਦਿੱਤੇ ਦੇ ਹਨ ਜਾਂ ਮੀਆਂ ਹਦੈਤਉੱਲਾ ਦੇ ਹਨ ਜਾਂ ਕਿਸੇ ਹੋਰ ਸ਼ਾਇਰ ਦੇ ਹਨ। ਇਨ੍ਹਾਂ ਵਿਚੋਂ ਬਹੁਤ ਹੀ ਘਟ ਬੈਂਤ ਵਾਰਸ ਦੇ ਹੁੰਦੇ ਹਨ, ਬਾਕੀ ਸਭ ਵਾਧੂ। ਪਰ ਪ੍ਰੋਫੈਸਰ ਸਾਹਿਬ ਨੇ ਉਨ੍ਹਾਂ ਨੂੰ ਭੀ ਵਾਰਸ ਦੇ ਹੀ ਬੈਂਤ ਸਮਝ ਕੇ ਵਿਚਾਰ ਕੀਤੀ ਹੈ ਅਤੇ ਅਸਲ ਤੇ ਨਕਲ ਵਿਚ ਕੋਈ ਪਛਾਣ ਕਰਨੋਂ ਅਸਮਰਥ ਰਹੇ ਹਨ।

ਹੀਰ ਵਿਚ ਇਲਹਾਕੀ ਬੈਂਤਾਂ ਦੀ ਈਜਾਦ ਦਾ ਸਿਹਰਾ ਮੀਆਂ ਹਦਾਇਤਉੱਲਾ ਦੇ ਸਿਰ ਤੇ ਹੈ, ਜਿਨ੍ਹਾਂ ਨੇ ਸਭ ਤੋਂ ਪਹਿਲਾਂ ਹੀਰ ਵਾਰਸ ਵਿਚ ਬੈਂਤਾਂ ਦਾ ਵਾਧਾ ਕੀਤਾ ਅਰ ਉਨ੍ਹਾਂ ਤੇ ਨੰਬਰ ਲਾਏ। ਇਹ ਵਾਧਾ ਉਨ੍ਹਾਂ ਨੇ ਭਾਵੇਂ ਚੰਗੀ ਨੀਅਤ ਨਾਲ ਕੀਤਾ ਹੈ, ਅਰ ਇਸ ਵਿਚ ਸ਼ੱਕ ਨਹੀਂ ਕਿ ਉਨ੍ਹਾਂ ਦੇ ਬੈਂਤ ਵਾਰਸ ਦੇ ਬੈਂਤਾਂ ਨਾਲ ਕਈ ਥਾਈਂ ਬਹੁਤ ਮਿਲਦੇ ਜੁਲਦੇ ਹਨ ਅਰ ਇਸ ਵਿਚ ਭੀ ਸ਼ੱਕ ਨਹੀਂ ਕਿ ਉਨ੍ਹਾਂ ਦੇ ਬੈਂਤ ਦੂਜੇ ਲੇਖਕ ਸ਼ਾਇਰਾਂ ਨਾਲੋਂ ਹਜ਼ਾਰ ਗੁਣਾਂ ਚੰਗੇ ਹਨ ਫੇਰ ਭੀ ਇਹ ਸਚਾਈ ਹੈ, ਕਿ ਇਹ ਵਾਧਾ ਵਾਰਸ ਦੀ ਸ਼ਾਇਰੀ ਵਾਸਤੇ ਜ਼ਹਿਰ ਕਾਤਲ ਸਿਧ ਹੋਇਆ ਅਰ ਉਪ੍ਰੰਤ ਇਸ ਦੀ ਦੇਖਾ ਦੇਖੀ ਬਾਹਜ਼ੇ ਸ਼ਾਇਰਾਂ ਨੂੰ ਭੀ ਇਹ ਦਲੇਰੀ ਹੋ ਗਈ ਕਿ ਉਹ ਵਾਰਸ ਦੇ ਨੂਰਾਨੀ ਚਿਹਰੇ ਤੇ ਆਪਣੀ ਬੇਅਰਥ ਵਧੀਕੀ ਨਾਲ ਕਲੰਕ ਲਾ ਸਕਣ।

## ਹੀਰ ਵਾਰਸ ਦੀ ਸ਼ਰਹ

ਮੀਆਂ ਪੀਰਾਂ ਦਿਤੇ ਨੇ ਸਭ ਤੋਂ ਪਹਿਲਾਂ ਹੀਰ ਵਾਰਸ ਦੀ ਸ਼ਰਹ (ਵੇਰਵੇ ਸਹਿਤ ਟੀਕਾ ਟਿਪਣੀ) ਲਿਖੀ। ਉਨ੍ਹਾਂ ਦੀ ਸ਼ਰਹ ਸੰਖੇਪ ਅਤੇ ਬਹੁਤ ਹਦ ਤਕ ਮਕਬੂਲ ਹੈ ਯਥਾ ਵਾਰਸ ਦਾ ਇਕ ਮਿਸਰਾ ਹੈ:-

"ਮੇਰੇ ਪੀਰ ਨੂੰ ਰਬ ਤੌਫੀਕ ਦਿਤੀ, ਓਹ ਤਾਂ ਖਾਸ ਰਫ਼ੀਕ ਜੱਬਾਰ ਦਾ ਨੀ।"

ਇਸ ਤੇ ਸ਼ਰਹ ਲਿਖਦੇ ਹਨ:-

ਔਲਯਾਇ ਕਰਾਮ ਪਹੁੰਚਵਾਨ ਹੁੰਦੇ ਹਨ ਤੇ ਜੋ ਪ੍ਰਾਰਥਨਾ ਓਹ ਕਿਸੇ ਵਾਸਤੇ ਕਰਨ, ਰਬ ਉਨ੍ਹਾਂ ਦੀ ਮਨਜ਼ੂਰ ਕਰਦਾ ਹੈ।

ਦੂਜੀ ਸ਼ਰਹ ਮੌਲਵੀ ਮਹਬੂਬ ਅਲੀ ਨਕਵੀ ਦੀ ਹੈ। ਓਨ੍ਹਾਂ ਨੇ ਹਰ ਯੋਗ ਅਯੋਗ ਗਲ ਨੂੰ ਕੁਰਾਨ ਤੇ ਹਦੀਸ ਨਾਲ ਸਿਧ ਕਰਨ ਦਾ ਜਤਨ ਕੀਤਾ ਹੈ ਅਰ ਸ਼ਰਹ ਵਿਚ ਬੇਥਵੀ ਤਫ਼ਸੀਲ ਤੋਂ ਕੰਮ ਲਿਆ ਹੈ। ਜਿਹਾ ਕਿ-

'ਕੱਛੇ ਵੰਝਲੀ ਮਾਰ ਕੇ ਰਵਾਂ ਹੋਇਆ, ਵਾਰਸ ਦੇਸ ਤੇ ਵਤਨ ਵਿਸਾਰਿਆ ਏ।"

ਦਸਦੇ ਹਨ, ਕਿ ਵੰਝਲੀ ਤੋਂ ਕਲਮਾ ਸ਼ਰੀਫ ਜਾਂ ਅਮਲ ਸਾਲਿਹ (ਨੇਕ ਕਰਮ) ਹਨ, ਜੋ ਆਦਮੀ ਦੇ ਨਾਲ ਕਬਰ ਵਿਚ ਜਾਣਗੇ:-

Digitized by Panjab Digital Library | www.panjabdigilib.org

ਜਦੋਂ ੧ਰੰਗਪੁਰ ਦੇ ਪਿੰਡ ਜਾਵਸੇਂ ਓਏ, ਉਥੇ ਜਾ ਅਲਖ ਜਗਾਵਨਾਂ ਈ।
੨ ਵਿਹੜੇ ਖੇੜਿਆਂ ਤਿਲਕਨਬਾਜੀਆਂ ਨੇ, ਜ਼ਰਾ ਸੋਚ ਕੇ ਕਦਮ ਉਠਾਵਨਾਂ ਈ।
੩ਕੁੜੀਆਂ ਪਿੰਡ ਦੀਆਂ ਆਣ ਖਹਿੜ ਕਰਸਨ,ਝਿੜਕ ਝੰਬ ਦੇ ਕੇ ਮਗਰੋਂ ਲਾਹਵਨਾਂ ਈ।
੪ਰੰਨਾਂ ਲੁਚੀਆਂ ਫੱਕਰਾਂ ਨੂੰ ਦੇਨ ਗਾਲੀ, ਤੈਨੂੰ ਖਾਹ ਮਖਾਹ ਓਨਾਂ ਸਤਾਵਨਾਂ ਈ।
੫ਸਹਿਤੀ ਨਾਮ ਹੈ ਅਕਲ ਸ਼ਊਰ ਵਾਲੀ, ਓਸ ਨਾਲ ਤੇਰੇ ਮਥਾ ਡਾਹਵਨਾਂ ਈ।
੬ ਭੈਣ ੭ਸੈਦੜੇ ਦੀ ਨਨਦ ਹੀਰ ਦੀ ਏ, ਓਸ ਫਕਰ ਤੋਂ ਖੌਫ ਨਾਂ ਖਾਵਨਾਂ ਈ।

੧ਰੰਗ ਪੁਰ ਤੋਂ ਭਾਵ ਕ਼ਿਆਮਤ ਦਾ ਮੈਦਾਨ ਹੈ।
੨ਖੇੜਿਆਂ ਦੇ ਵੇਹੜੇ ਤੋਂ ਭਾਵ ਰਬ ਦੀ ਦਰਗਾਹ ਹੈ।
੩ਕੁੜੀਆਂ ਪਿੰਡ ਦੀਆਂ ਤੋਂ ਫਰਿਸ਼ਤੇ ਮੁਰਾਦ ਹੈ।
੪ ਰੰਨਾਂ ਲੁਚੀਆਂ ਤੋਂ ਭਾਵ ਹੈ ਸਖ਼ਤ ਫਰਿਸ਼ਤੇ ਤੇ ਨਰਕ ਦੇ ਡਿਉੜੀਬਾਨ।
੫ਸਹਿਤੀ ਤੋਂ ਓਹ ਕਤਾਬ ਮੁਰਾਦ ਹੈ, ਜਿਸ ਤੇ ਉਨ੍ਹਾਂ ਦੇ ਅਮਲ (ਕਰਮ) ਲਿਖੇ ਹੋਣਗੇ।
੬ਸੈਦੇ ਦੀ ਭੈਣ ਤੋਂ ਭਾਵ ਆਤਮਾ ਨੂੰ ਖਰਾਬ ਕਰਨ ਵਾਲੀ।
੭ ਸੈਦੇ ਤੋਂ ਮੁਰਾਦ ਸ਼ੈਤਾਨ ਹੈ।

( ੩ )

ਮੁਨਸ਼ੀ ਤਾਜ ਦੀਨ ਨੇ ਹੀਰ ਨੂੰ ਤਸੱਵਫ਼ ਅਤੇ ਮਜ਼ਹਬ ਦੇ ਮਜ਼ਮੂਨਾਂ (ਲੇਖਾਂ)ਦਾ ਅਕੱਠ ਦਸਣ ਦੀ ਵਿਰੋਧਤਾ ਕੀਤੀ ਹੈ ਅਤੇ ਸ਼ਰਹ ਭੀ ਬਹੁਤ ਸੰਖੇਪ ਕੀਤੀ ਹੈ। ਆਪ ਪਹਿਲੇ ਲਿਖਾਰੀ ਹਨ,ਜਿਨ੍ਹਾਂ ਨੇ ਵਾਰਸ ਦੀਆਂ ਕਮਜ਼ੋਰੀਆਂ ਦਾ ਵਰਨਣ ਭੀ ਕੀਤਾ ਹੈ। ਇਨ੍ਹਾਂ ਤੋਂ ਛੁੱਟ ਬਾਕੀ ਦੂਜਿਆਂ ਨੇ ਹੀਰ ਵਾਰਸ ਸ਼ਾਹ ਦੀ ਸ਼ਾਇਰੀ ਲਿਖਦਿਆਂ ਹੋਇਆਂ ਜੋ ਇਸਲਾਮੀ ਮਸਲਿਆਂ ਤੇ ਤਸੱਵਫ਼ ਨਾਲ ਸਬੰਧ ਦੱਸਿਆ ਹੈ,ਉਹ ਸਭ ਮਨਘੜਤ ਹੈ। ਹੀਰ ਦਾ ਕਿੱਸਾ ਸਾਰੀ ਪਬਲਿਕ ਵਾਸਤੇ ਹੈ ਅਤੇ ਸਾਰੇ ਪੰਜਾਬੀਆਂ ਦਾ ਲਿਟਰੇਚਰ ਹੈ, ਕਿਸੇ ਮਜ਼ਹਬ ਦੇ ਪਰਚਾਰ ਦਾ ਜ਼ਰੀਆ ਨਹੀਂ।

ਪਾਠਕ ਇਸ ਖੁਲਾਸੇ ਨੂੰ ਪੜ੍ਹ ਕੇ ਇਹ ਜਾਣ ਲੈਣਗੇ ਕਿ ਵਾਰਸ ਸ਼ਾਹ ਦੇ ਨਾਂ ਉਤੇ ਜਿੰਨੀਆਂ ਹੀਰਾਂ ਛਾਪੀਆਂ ਗਈਆਂ ਹਨ, ਉਨ੍ਹਾਂ ਨੇ ਵਾਰਸ ਦੇ ਚੰਨ ਵਰਗੇ ਚੇਹਰੇ ਉਤੇ ਕੇਵਲ ਛਾਈਆਂ ਹੀ ਨਹੀਂ ਪਾ ਦਿਤੀਆਂ ਸਗੋਂ ਪੰਜਾਬੀ ਨੂੰ ਭੀ ਭਾਰੀ ਸਟ ਮਾਰੀ ਹੈ। ਲੋੜ ਕੇਵਲ ਇਸ ਗਲ ਦੀ ਹੈ ਕਿ ਕੋਈ ਉਘਾ ਵਿਦਵਾਨ ਜਾਂ ਵਿਦਵਾਨਾਂ ਦੀ ਕੋਈ ਕਮੇਟੀ ਵਾਰਸ ਦੀ ਹੀਰ ਨੂੰ ਸੋਧ ਵਿਚਾਰ ਕੇ ਪ੍ਰਕਾਸ਼ਤ ਕਰੇ।

## ਹੀਰ ਰਾਂਝਾ

ਵਾਰਸ ਸ਼ਾਹ ਦੇ ਹਾਲਾਤ ਅਤੇ ਉਸ ਦੀ ਰਚਨਾ ਦੀ ਟੀਕਾ ਟਿਪਣੀ ਉਪਰ ਆ ਚੁਕੇ ਹਨ ਪਰ ਜਿਸ ਚੀਜ਼ ਨੇ ਉਸ ਨੂੰ ਪੰਜਾਬ ਵਿਚ ਐਨਾ ਮਸ਼ਹੂਰ ਕਰਾਇਆ,ਉਹ ਉਸ ਦੀ ਰਚਨਾ ਹੀਰ ਰਾਂਝੇ ਦਾ ਕਿੱਸਾ ਹੈ। ਇਸ ਲਈ ਹੀਰ ਰਾਂਝੇ ਦੀ ਜੀਵਨੀ ਉਤੇ ਭੀ ਕੁਝ ਰੌਸ਼ਨੀ ਪਾਉਣਾ ਗੈਰ ਜ਼ਰੂਰੀ ਨਹੀਂ ਜਾਪਦਾ। ਹੀਰ ਝੰਗ ਸਿਆਲ ਦੇ ਰਈਸ ਚੂਚਕ ਦੀ ਧੀ ਤੇ ਰਾਂਝਾ ਤਖ਼ਤ ਹਜ਼ਾਰੇ ਦੇ ਮੌਜੂ ਚੌਧਰੀ ਦਾ ਪੁਤਰ ਸੀ। ਇਹ ਦੋਨੋਂ ਅਕਬਰ ਦੇ ਜ਼ਮਾਨੇ ਵਿਚ ਹੋਏ। ਦੁਹਾਂ ਦੀ ਪਾਕ ਪ੍ਰੀਤ ਲਗੀ, ਕਠਿਆਂ ਜੀਉਣ ਮਰਨ

Digitized by Panjab Digital Library | www.panjabdigilib.org

ਦੇ ਕੌਲ ਕਰਾਰ ਹੋਏ। ਰਾਂਝੇ ਨੇ ਘਰ ਦੀ ਅਮੀਰੀ ਤੇ ਜੋਬਨ ਦੀ ਬਹਾਰ ਉਤੇ ਲਤ ਮਾਰ ਕੇ ਹੀਰ ਦੇ ਟਬਰ ਦੀ ਸੇਵਾ ਚੁਕ ਲਈ। ਉਨ੍ਹਾਂ ਦੇ ਡੰਗਰ ਚਾਰੇ ਪਰ ਹੀਰ ਦੀ ਖੁਸ਼ੀ ਦੀ ਖਾਤਰ। ਹੀਰ ਦਾ ਵਿਆਹ ਰਚਿਆ ਗਿਆ ਪਰ ਉਸ ਦੀ ਰਜ਼ਾਮੰਦੀ ਨਾਲ ਨਹੀਂ। ਉਸ ਦੇ ਸਹੁਰੇ ਚਲੇ ਜਾਣ ਪਰ ਰਾਂਝਾ ਜੋਗੀ ਦਾ ਭੇਸ ਧਾਰ ਕੇ ਉਥੇ ਅਪੜਿਆ ਤੇ ਕਈ ਤਰ੍ਹਾਂ ਦੇ ਢੰਗ ਖੇਡ ਕੇ ਹੀਰ ਨੂੰ ਜਾ ਮਿਲਿਆ। ਸਹਿਤੀ ਇਨ੍ਹਾਂ ਦੀ ਰਾਜ਼ਦਾਰ ਬਣ ਗਈ ਤੇ ਉਸੇ ਦੀ ਮਦਦ ਨਾਲ ਹੀਰ ਰਾਂਝਾ ਉਥੋਂ ਨਿਕਲ ਤੁਰੇ। ਰਸਤੇ ਵਿਚ ਫੜੋ ਫੜੀ ਹੋਈ ਪਰ ਅਖੀਰ ਅਦਾਲਤ ਨੇ ਦੋਹਾਂ ਨੂੰ ਕਠਿਆਂ ਤੋਰ ਦਿਤਾ। ਵਾਰਸ ਦੇ ਬਿਆਨ ਮੁਜਬ ਇਹ ਝੰਗ ਸਿਆਲ ਆਏ, ਸਿਆਲਾਂ ਨੇ ਰਾਂਝੇ ਨੂੰ ਜੰਵ ਬਨ੍ਹ ਕੇ ਆਉਣ ਲਈ ਕਿਹਾ। ਉਹ ਅਜੇ ਰਾਹ ਵਿਚ ਹੀ ਸੀ ਕਿ ਸਿਆਲਾਂ ਨੇ ਹੀਰ ਨੂੰ ਵਿਹੁ ਦੇ ਕੇ ਮਾਰ ਸੁਟਿਆ। ਰਾਂਝਾ ਆਇਆ ਤਾਂ ਢਾਹ ਮਾਰ ਕੇ ਹੀਰ ਦੀ ਕਬਰ ਵਿਚ ਹੀ ਸਮਾ ਗਿਆ। ਇਹ ਪ੍ਰੇਮ ਜੋੜੀ ਦੀ ਕਬਰ ਝੰਗ ਮਘਿਆਣੇ ਦੇ ਕੋਲ ਹੈ ਤੇ ਬੜੀ ਸਰਧਾ ਨਾਲ ਹੁਣ ਤਕ ਸਤਕਾਰੀ ਜਾ ਰਹੀ ਹੈ।

ਇਸ ਮਕਬਰੇ ਤੇ ਹਰ ਸਾਲ ਦੋ ਮੇਲੇ ਲਗਦੇ ਹਨ। ਇਕ ਮਾਘੀ ਵਾਲੇ ਦਿਨ ਤੇ ਦੂਜਾ ਮਾਰਚ ਦੇ ਮਹੀਨੇ। ਇਕ ਮੇਲੇ ਤੇ ਮਾਲ ਮੰਡੀ ਭੀ ਸਰਕਾਰ ਵਲੋਂ ਲਗਦੀ ਹੈ। ਮਾਘੀ ਦੇ ਮੇਲੇ ਤੋਂ ਇਹ ਭੀ ਸਾਬਤ ਹੁੰਦਾ ਹੈ ਕਿ ਹਿੰਦੂ ਮੁਸਲਮਾਨ ਦੋਵੇਂ ਕੌਮਾਂ ਸਾਂਝਾ ਉਤਸ਼ਾਹ ਮਨਾਉਂਦੀਆਂ ਹਨ। ਅਫ਼ਸੋਸ ਹੈ ਕਿ ਇਸ ਮਕਬਰੇ ਨਾਲ ਭੀ ਕਮਾਲ ਬੇ ਪਰਵਾਹੀਂ ਦਾ ਸਲੂਕ ਹੋ ਰਿਹਾ ਹੈ। ਝੰਗ ਕਾਲਜ ਦੇ ਇਕ ਵਿਦਿਆਰਥੀ ਨੇ ਇਸ ਖਸਤਾ ਹਾਲੀ ਦਾ ਨਕਸ਼ਾ ਹੇਠ ਲਿਖੇ ਉਰਦੂ ਸ਼ੇਅਰਾਂ ਵਿਚ ਖਿਚਿਆ ਹੈ—

ਬਸਤੀ ਹੈ ਇਕ ਵੀਰਾਨ ਸੀ, ਛਾਈ ਹੂਈ ਹੈ ਖਾਮੁਸ਼ੀ।
ਹਸਰਤ ਹੈ ਉਸ ਜਾ ਬਰਸਤੀ, ਇਬਰਤ ਹੈ ਦਾਮਨ ਥਾਮਤੀ।
ਇਕ ਖਾਕ ਕਾ ਟੀਲਾ ਹੈ ਵਾਂ, ਹੈਰਾਨ ਸਾ, ਵੀਰਾਨ ਸਾ, ਸੁਨਸਾਨ ਸਾ।
ਟੀਲੇ ਪਿ ਹੈ ਇਕ ਮਕਬਰਾ, ਟੂਟਾ ਹੂਆ, ਫੂਟਾ ਹੂਆ।
ਕਬਰੋਂ ਸੇ ਹੈ ਬਿਲਕੁਲ ਘਿਰਾ, ਉਲੂ ਫ਼ਕਤ ਹੈ ਬੋਲਤਾ,
ਯਹ ਖ਼ਾਬਗਾਹੇ ਹੀਰ ਹੈ, ਹਸਰਤ ਨੁਮਾ, ਇਬਰਤ ਨੁਮਾ, ਹੈਰਤ ਨੁਮਾ।

ਸੰਨ ੧੯੧੦ ਵਿਚ ਮਿਸਟਰ ਆਸਬੋਰਨ ਡਿਪਟੀ ਕਮਿਸ਼ਨਰ ਹਿਸਾਰ ਨੇ ਹੀਰ ਰਾਂਝੇ ਦੇ ਸਹੀ ਹਾਲਾਤ ਬੜੀ ਢੂੰਡ ਭਾਲ ਨਾਲ ਆਨਰੇਬਲ ਕੈਪਟਨ ਮਲਕ ਮੁਬਾਰਿਕ ਖਾਂ ਟਿਵਾਣਾ ਦੇ ਮੁਲਾਜ਼ਮ ਹਾਜੀ ਇਸਮਾਈਲ ਦੀ ਰਾਹੀਂ ਕੱਠੇ ਕਰਵਾਏ, ਜੋ ਬਹੁਤ ਹਦ ਤਕ ਠੀਕ ਜਾਪਦੇ ਹਨ। (ਅਖਬਾਰ ਆਮ ਜੂਨ ਸੰਨ ੧੯੧੪)

ਹੀਰ ਰਾਂਝੇ ਦੀ ਇਸ ਵਾਰਤਾ ਨੂੰ ਉਸੇ ਅਕਬਰੀ ਅਹਿਦ ਵਿਚ ਕਵੀ ਦਾਮੋਦਰ ਦਾਸ ਗੁਲ੍ਹਾਟੀ ਨੇ ਲਿਖਿਆ ਸੀ ਅਤੇ ਉਸ ਨੇ ਇਹ ਹਾਲਾਤ ਆਪਣੀ ਅੱਖੀਂ ਡਿਠੇ ਬਿਆਨ ਕੀਤੇ ਹਨ। ਇਹ ਜ਼ਿਕਰ ਇਸ ਤੋਂ ਪਹਿਲੇ ਦਾਮੋਦਰ ਕਵੀ ਦੇ ਸਿਰ ਲੇਖ ਹੇਠ ਸਫਾ ੩੫–੩੮ ਵਿਚ ਆ ਚੁਕਾ ਹੈ। ਇਹ ਵਾਕਿਆ ਸੰਮਤ ੧੬੨੯ ਬਿਕ੍ਰਮੀ ੧੫੭੩ ਈਸਵੀ ਯਾ ੯੯੧ ਹਿਜਰੀ ਦਾ ਹੈ। ਮਾਲੂਮ ਹੁੰਦਾ ਹੈ ਕਿ ਇਹ ਕਿੱਸਾ ਪੰਜਾਬ ਵਿਚ ਡੇਢ ਦੋ ਸੌ ਸਾਲ ਤਕ ਬੜੀ ਦਿਲਚਸਪੀ ਨਾਲ ਪੜ੍ਹਿਆ ਸੁਣਿਆ ਜਾਂਦਾ ਰਿਹਾ।

Digitized by Panjab Digital Library | www.panjabdigilib.org

ਇਸ ਕਿੱਸੇ ਦੇ ਇਸ਼ਾਰੇ ਭਾਈ ਗੁਰਦਾਸ ਦੀਆਂ ਵਾਰਾਂ ਵਿਚ ਭੀ ਪਾਏ ਜਾਂਦੇ ਹਨ, ਜੋ ਦਾਮੋਦਰ ਤੋਂ ਕੁਝ ਸਾਲ ਬਾਦ ਲਿਖੀਆਂ ਗਈਆਂ ਸਨ—

"ਰਾਂਝਾ ਹੀਰ ਵਖਾਣੀਏ, ਉਹ ਪਿਰਮ ਪਰਾਤੀ।"

ਗੁਰੂ ਗੋਬਿੰਦ ਸਿੰਘ ਸਾਹਿਬ ਨੇ ਭੀ ਇਸ਼ਾਰੇ ਨਾਲ ਵਾਹਿਗੁਰੂ ਦੇ ਪ੍ਰੇਮ ਨੂੰ ਹੀਰ ਰਾਂਝੇ ਦੇ ਪ੍ਰੇਮ ਦੇ ਗਜ਼ ਨਾਲ ਨਾਪਿਆ ਹੈ:—

"ਯਾਰੜੇ ਦਾ ਸਾਨੂੰ ਸੱਥਰ ਚੰਗਾ, ਭਠ ਖੇੜਿਆਂ ਦਾ ਰਹਿਣਾ।"

ਇਸ ਤੋਂ ਸਿਵਾਇ ਫਾਰਸੀ, ਉਰਦੂ ਅਤੇ ਪੰਜਾਬੀ ਕਵੀਆਂ ਨੇ ਹੀਰ ਰਾਂਝੇ ਦੀ ਵਾਰਤਾ ਲਿਖੀ ਹੈ, ਜਿਸ ਦੀ ਤਫ਼ਸੀਲ ਹੇਠ ਦੇਂਦਾ ਹਾਂ।

ਇਹ ਹਵਾਲੇ ਯਾਦਗਾਰਿ ਵਾਰਸ ਸਫਾ ੩੩ ਅਤੇ ਓਰੀਐਂਟਲ ਮੈਗਜ਼ੀਨ ਅਗਸਤ ਸੰਨ ੧੯੨੭ ਸਫਾ ੯੧ ਤੋਂ ਲੀਤੇ ਗਏ ਹਨ।

( ੧ ) ਲਾਲਾ ਗੁਰਦਾਸ ਮਲ ਖਤ੍ਰੀ ਸਨਖਤ੍ਰਾ ਨਿਵਾਸੀ ਨੇ ਫਾਰਸੀ ਵਾਰਤਕ ਬੋਲੀ ਵਿਚ ਦਾਮੋਦਰ ਦੀ ਰਚਨਾ ਦੇ ਆਧਾਰ ਤੇ ਲਿਖਿਆ। ਸੰਨ ੧੧੨੧ ਹਿ:

( ੨ ) ਸ਼ਾਹ ਫਕੀਰੁੱਲਾ 'ਆਫ਼ਰੀਨ' ਲਾਹੌਰੀ ਨੇ ਫ਼ਾਰਸੀ ਨਜ਼ਮ ਵਿਚ 'ਨਾਜ਼ੋ ਨਿਆਜ਼' ਨਾਮ ਹੇਠ ਲਿਖਿਆ। ਸੰਨ ੧੧੨੩ ਹਿ:

( ੩ ) ਨਵਾਬ ਅਹਿਮਦ ਯਾਰ ਖਾਂ 'ਯਕਤਾ' ਗੁੜਗਾਨਵੀ ਨੇ ਫਾਰਸੀ ਨਜ਼ਮ ਵਿਚ 'ਮਸਨਵੀ ਯਕਤਾ' ਦੇ ਨਾਮ ਹੇਠ ਲਿਖਿਆ। ਸੰਨ ੧੧੪੨ ਹਿ:

( ੪ ) ਮੀਆਂ ਮੀਤਾ ਚਨਾਬੀ ਪੁਤ੍ਰ ਹਕੀਮ ਦਰਵੇਸ਼ ਨੇ ਫਾਰਸੀ ਨਜ਼ਮ ਕੀਤਾ ਤੇ ਨਾਮ 'ਕਿੱਸਾ ਹੀਰ ਵ ਮਾਹੀ' ਰਖਿਆ। ਸੰਨ ੧੧੧੦ ਹਿ:

( ੫ ) ਇਬਰਤੀ ਅਜ਼ੀਮਾ ਬਾਦੀ ਨੇ ਫਾਰਸੀ ਨਸਰ ਵਿਚ 'ਸਿਰਾਜੁਲ ਮੁਹੱਬਤ' ਨਾਮ ਧਰ ਕੇ ਲਿਖਿਆ। ਸੰਨ ੧੧੫੨ ਹਿ:

( ੬ ) ਲਾਲਾ ਮਨਸਾ ਰਾਮ ਖੁਸ਼ਾਬੀ ਨੇ ਨਜ਼ਮ ਕੀਤਾ। ਸੰਨ ੧੧੫੭ ਹਿ:

( ੭ ) ਇਕ ਹੋਰ ਫਾਰਸੀ ਕਵੀ 'ਲਾਇਕ' ਨੇ ਨਜ਼ਮ ਵਿਚ ਲਿਖਿਆ। ਇਹੋ ਜ਼ਮਾਨਾ

( ੮ ) ਇਕ ਫਾਰਸੀ ਸ਼ਾਇਰ 'ਬਾਕੀ' ਨੇ ਮਸਨਵੀ ਦੇ ਤਰੀਕੇ ਨਾਲ ਲਿਖਿਆ ਤੇ ਅਰੰਭ ਅਕਬਰ ਪਾਤਸ਼ਾਹ ਦੀ ਤਾਰੀਫ ਤੋਂ ਕੀਤਾ। "

( ੯ ) ਲਾਲਾ ਕਨ੍ਹਈਆ ਲਾਲ ਹਿੰਦੀ ਨੇ ਇਸ ਨੂੰ ਨਜ਼ਮ ਕੀਤਾ ਤੇ ਨਾਂ 'ਨਿਗਾਰੀਨ ਨਾਮਾ' ਰਖਿਆ। ਸੰਮਤ ੧੯੮੦ ਬਿ:ਮੁ: ੧੨੩੯ ਹਿ:

(੧੦) ਗੁਲਾਮ ਸਰਵਰ ਨੇ ਫਾਰਸੀ ਵਿਚ ਨਜ਼ਮ ਕੀਤਾ। ਕਰੀਬਨ ਇਹੋ ਜ਼ਮਾਨਾ

(੧੧) ਮੀਰ ਕਮਰ ਦੀਨ 'ਮਿਨਤ' ਦਿਹਲਵੀ ਨੇ ਕਿੱਸਾ ਹੀਰ ਰਾਂਝਾ ਲਿਖਿਆ। ਸੰਨ ੧੧੯੬ ਹਿ:

(੧੨) ਲਾਲਾ ਸੁੰਦਰ ਦਾਸ ਆਰਾਮ ਨੇ ਫਾਰਸੀ ਵਿਚ ਨਜ਼ਮ ਕੀਤਾ

Digitized by Panjab Digital Library | www.panjabdigilib.org

ਤੇ ਨਾਮ ਹੀਰ ਵ ਰਾਂਝਾ ਹੀ ਰਖਿਆ। ਸੰਨ ੧੧੭੪ ਹਿ:

(੧੩) ਉਰਦੂ ਵਿਚ ਇਕ ਡ੍ਰਾਮਾ ਕ੍ਰਿਤ ਰੌਨਕ ਛਪਿਆ। " "

(੧੪) ਚੌਧਰੀ ਅਫਜ਼ਲ ਹਕ ਐਮ. ਐਲ. ਸੀ. ਨੇ ਉਰਦੂ ਵਾਰਤਕ ਵਿਚ 'ਮਾਸ਼ੂਕਾਏ ਪੰਜਾਬ' ਨਾਮ ਹੇਠ ਲਿਖਿਆ।

## ਹੀਰ ਰਾਂਝਾ ਪੰਜਾਬੀ ਵਿਚ

( ੧ ) ਦਮੋਦਰ ਕਵੀ ਨੇ ਅੱਖੀਂ ਡਿਠੇ ਵਾਕਿਆਤ ਲਿਖੇ। ਸੰਨ ੯੯੧ ਹਿ:

( ੨ ) ਮੀਆਂ ਚਿਰਾਗ ਅਵਾਣ, ਸਾਕਨ ਖੇੜ੍ਹ ਜ਼ਿਲਾ ਡੇਰਾ ਗ਼ਾਜ਼ੀ ਖਾਂ ਨੇ ਪੰਜਾਬੀ ਕਵਿਤਾ ਵਿਚ ਲਿਖਿਆ। ਸੰਨ ੧੧੨੧ ਹਿ:

( ੩ ) ਕਾਜ਼ੀ ਫਜ਼ਲ ਹਕ ਐਮ. ਏ. ਦਾ ਬਿਆਨ ਹੈ ਕਿ ਉਨ੍ਹਾਂ ਦੇ ਪਾਸ ਹੀਰ ਅਹਿਮਦ ਸ਼ਾਹ ਮੌਜੂਦ ਹੈ, ਜੋ ਵਾਰਸ ਤੋਂ ੭੦ ਸਾਲ ਪੁਰਾਣੀ ਹੈ।

( ੪ ) ਮੁਕਬਲ ਨੇ ਮੁਹੰਮਦ ਸ਼ਾਹ ਦੇ ਅਹਿਮਦ ਵਿਚ ਪੰਜਾਬੀ ਨਜ਼ਮ ਕੀਤਾ। ਕਰੀਬਨ ਸੰਨ ੧੧੫੦ ਹਿ:

( ੫ ) ਵਾਰਸ ਸ਼ਾਹ ਨੇ ਖੁਦ ਹੀਰ ਰਾਂਝਾ ਲਿਖਿਆ।

ਸੰਨ ਯਾਰਾਂ ਸੌ ਅਸੀ ਨਬੀ ਹਿਜਰੀ ਲੰਮੇ ਦੇਸ ਦੇ ਵਿਚ ਤਿਆਰ ਹੋਈ।ਸੰਨ੧੧੮੦ਹਿ:

ਇਸ ਤੋਂ ਬਾਦ ਬੇਅੰਤ ਕਵੀਆਂ ਨੇ ਹੀਰ ਰਾਂਝੇ ਦੇ ਕਿੱਸੇ ਲਿਖੇ, ਜਿਨ੍ਹਾਂ ਵਿਚ ਫਜ਼ਲ ਸ਼ਾਹ, ਭਗਵਾਨ ਸਿੰਘ, ਜੋਗ ਸਿੰਘ ਤੇ ਨਾਚੀਜ਼ ਕੁਸ਼ਤਾ ਭੀ ਹੈ। ਇਨ੍ਹਾਂ ਸਭਨਾਂ ਦਾ ਜ਼ਿਕਰ ਆਪਣੇ ਆਪਣੇ ਟਿਕਾਣੇ ਸਿਰ ਆਵੇਗਾ।

## ਹਾਫਜ਼ ਸ਼ਾਹ ਜਹਾਨ

ਉਪਨਾਮ ਮੁਕਬਲ। ਆਪ ਅੱਖਾਂ ਵਲੋਂ ਹੀਣੇ ਸਨ। ਅਫਸੋਸ ਹੈ ਕਿ ਪੰਜਾਬੀ ਦੇ ਇਸ ਉਘੇ ਕਵੀ ਦੇ ਹਾਲਾਤ ਬਿਲਕੁਲ ਲੁਕੇ ਛਿਪੇ ਹਨ ਅਤੇ ਇਹ ਪਤਾ ਨਹੀਂ ਲਗ ਸਕਦਾ ਕਿ ਪੰਜਾਬੀ ਦਾ ਇਹ ਮੁਮਤਾਜ਼ ਕਵੀ ਦੁਨੀਆਂ ਵਿਚ ਕਦੋਂ ਆਇਆ ਅਤੇ ਕਦੋਂ ਗਿਆ। ਆਪ ਦੀਆਂ ਤਿੰਨ ਪੁਸਤਕਾਂ ਹੀਰ ਰਾਂਝਾ ਮੁਕਬਲ, ਜੰਗ ਨਾਮਾ ਮੁਕਬਲ ਅਤੇ ਮਦਹ ਮੁਕਬਲ ਛਪੀਆਂ ਹੋਈਆਂ ਹਨ। ਕੇਵਲ ਜੰਗ ਨਾਮਾ ਮੁਕਬਲ ਦੇ ਅੰਤ ਵਿਚ ਕਵੀ ਨੇ ਲਿਖਣ ਦਾ ਸੰਨ ਦਰਜ ਕੀਤਾ ਹੈ। ਫੇਰ ਲੁਤਫ ਇਹ ਕਿ ਪਬਲਿਸ਼ਰਾਂ ਦੀ ਲਾਪਰਵਾਹੀ ਅਤੇ ਕਾਤਬਾਂ ਦੀ ਬੇਧਿਆਨੀ ਕਾਰਨ ਉਹ ਭੀ ਗ਼ਲਤ ਹੋ ਗਿਆ ਹੈ। ਸ਼ੇਅਰ ਇਉਂ ਹੈ:-

ਸ਼ਹਰ ਜ਼ੀਕਾਦੋਂ ਪੰਜਵੀਂ ਰੋਜ਼ ਦੋ ਸ਼ੰਬਾ ਪੀਰ,
ਯਾਰਾਂ ਸੈ ਤੇ ਅਠਵੀਂ ਹਿਜਰੀ ਕਰ ਤਹਿਰੀਰ।

Digitized by Panjab Digital Library | www.panjabdigilib.org

ਜੇ ਇਹ ਹੀ ਸ਼ੇਅਰ ਹੁੰਦਾ ਤਾਂ ਮੁਮਕਨ ਸੀ ਕਿ ਟਪਲਾ ਲਗਦਾ ਪਰ ਅਗਲੇ ਸ਼ੇਅਰ ਨੇ ਇਸ ਦੀ ਤਰਦੀਦ ਕਰ ਦਿਤੀ ਹੈ, ਜੋ ਇਉਂ ਹੈ :–

ਅਹਿਦ ਮੁਹੰਮਦ ਸ਼ਾਹ ਦਾ ਸੰਨ ਉਨੱਤੀ ਜਾਨ,
ਇਹ ਰਸਾਲਾ ਜੋੜਿਆ ਮੁਕਬਲ ਸ਼ਾਹ ਜਹਾਨ।

ਇਸ ਤੋਂ ਅਗੋਂ ਲਿਖਦੇ ਹਨ :–

ਤਖ਼ੱਲੁਸ ਏਸ ਫ਼ਕੀਰ ਦਾ ਮੁਕਬਲ ਹੈ ਮਸ਼ਹੂਰ,
ਇਹ ਆਜਿਜ਼ ਹੈ ਭਾਈਓ ਅੱਖਾਂ ਥੀਂ ਮਅਜ਼ੂਰ।

ਰਬੀਉਲ ਸਾਨੀ ੧੧੬੧ ਹਿ: ਮੁਤਾਬਕ ਅਪਰੈਲ ੧੭੪੮ ਈ: ਵਿਚ ਸ਼ਾਹ ਮੁਹੰਮਦ ਸ਼ਾਹ ਦੇ ਚਲਾਣੇ ਦਾ ਵਾਕਿਆ ਪੇਸ਼ ਆਉਂਦਾ ਹੈ। ੧੧੦੮ ਹਿ: ਵਿਚ ਔਰੰਗਜ਼ੇਬ ਆਲਮਗੀਰ ਹੁਕਮਰਾਨ ਹੈ। ਮੁਹੰਮਦ ਸ਼ਾਹ ਦਾ ਉਨੱਤੀਵਾਂ ਸੰਨ ਜਿਸ ਦਾ ਜ਼ਿਕਰ ਦੂਜੇ ਸ਼ੇਅਰ ਵਿਚ ਕੀਤਾ ਗਿਆ ਹੈ, ੧੧੫੯ ਹਿ: ਵਿਚ ਵਾਕਿਆ ਹੈ ਭਾਵ ਏਸ ਹਿਸਾਬ ਜੰਗ ਮੁਕਬਲ ਦਾ ਸੰਨ ੧੧੦੮ ਹਿ: ਨਹੀਂ ਸਗੋਂ ੧੧੫੯ ਹਿ: ਹੈ।

ਬਾਵਾ ਬੁਧ ਸਿੰਘ ਜੀ ਨੇ 'ਕੋਇਲ ਕੂ' ਵਿਚ ੧੧੬੦ ਲਿਖਿਆ ਹੈ ਪਰ ਪੰਡਤ ਬਨਾਰਸੀ ਦਾਸ ਜੀ ਜੈਨ ਐਮ. ਏ. ਇਸ ਦੀ ਤਰਦੀਦ ਕਰਦੇ ਹੋਏ ੧੧੫੯ ਹਿ: ਨੂੰ ਠੀਕ ਦਸਦੇ ਹਨ। ੯

ਮੁਕਬਲ ਦੀ ਹੀਰ ਭਾਵੇਂ ਛੋਟੀ ਹੈ ਪਰ ਬੜੀ ਉੱਚੀ ਲਿਖਤ ਦੀ ਵਨਗੀ ਹੈ। ਅਫ਼ਸੋਸ ਹੈ ਕਿ ਜੋ ਸਲੂਕ ਹੀਰ ਵਾਰਸ ਦੇ ਕਲਮੀ ਨੁਸਖ਼ਿਆਂ ਨਾਲ ਹੋਇਆ ਹੈ, ਇਹ ਹੀ ਹਾਲ ਇਸ ਹੀਰ ਨਾਲ ਭੀ ਵਰਤਿਆ ਗਿਆ ਹੈ। ਇਸ ਦੇ ਕਲਮੀ ਨੁਸਖ਼ਿਆਂ ਵਿਚ ਭੀ ਕਈ ਸ਼ੇਅਰਾਂ ਦਾ ਇਖਤਲਾਫ ਪਾਇਆ ਜਾਂਦਾ ਹੈ। ਪੰਜਾਬ ਯੂਨੀਵਰਸਟੀ ਲਾਇਬ੍ਰੇਰੀ ਪਾਸ ਹੀਰ ਮੁਕਬਲ ਦਾ ਇਕ ਕਲਮੀ ਨੁਸਖਾ ਭਾਈ ਲਾਲ ਸਿੰਘ ਹਰਾਤ ਨਿਵਾਸੀ ਲਿਖਤ ਮੌਜੂਦ ਹੈ ਜਿਸ ਵਿਚ ਮੌਜੂਦਾ ਛਪੇ ਹੋਏ ਨੁਸਖੇ ਤੋਂ ਛੁਟ ਕਈ ਹੋਰ ਭੀ ਸ਼ੇਅਰ ਮੌਜੂਦ ਹਨ।

ਹੀਰ ਮੁਕਬਲ ਛਪੀ ਹੋਈ ਬਜ਼ਾਰ ਵਿਚੋਂ ਆਮ ਮਿਲ ਸਕਦੀ ਹੈ ਇਸ ਲਈ ਕਲਮੀ ਹੀਰ ਦੇ ਉਹ ਜ਼ਿਆਦਾ ਸ਼ੇਅਰ ਨਮੂਨੇ ਵਜੋਂ ਹੇਠਾਂ ਦਰਜ ਹਨ। ਇਨ੍ਹਾਂ ਸ਼ੇਅਰਾਂ ਦੀ ਬੋਲੀ ਦਿਲ ਖਿਚਵੀਂ ਅਤੇ ਰਸੀਲੀ ਹੈ:–

ਰਾਜੇ ਅਦਲੀ ਨੇ ਦੋਹਾਂ ਨੂੰ ਵਿਦਾ ਕੀਤਾ, ਦਾਨੇ ਰਬ ਦਾ ਨਾਮ ਧਿਆਏ ਕੇ ਜੀ।
ਹੀਰ ਆਖਦੀ ਰਾਂਝਣਾ ਜਾਨ ਮੇਰੀ, ਕਰਾਂ ਗੱਲ ਜੇ ਸੁਣੇ ਦਿਲ ਲਾਏ ਕੇ ਜੀ।
ਸਾਡਾ ਇਸ਼ਕ ਦਰਗਾਹ ਕਬੂਲ ਪਿਆ, ਲੇਲੀ ਮਜਨੂੰ ਨਾਲ ਰਲਾਏ ਕੇ ਜੀ।
ਮੈਂ ਆਖਨੀ ਹਾਂ ਗੱਲ ਮੰਨ ਮੇਰੀ, ਮੁਕਬਲ ਸਵਾਲ ਖ਼ੁਦਾ ਦਾ ਪਾਏ ਕੇ ਜੀ।

ਰਾਂਝਾ ਆਖਦਾ ਆਖਿਆ ਮੰਨਸਾਂ ਮੈਂ ਹੀਰੇ ਆਖ ਜੋ ਆਉਂਦਾ ਜੀਉ ਤੇਰੇ।
ਹੀਰ ਆਖਦੀ ਪਿਉਕੇ ਭੇਜ ਮੈਨੂੰ, ਤੂੰ ਭੀ ਰਾਂਝਿਆ ਆਪਣੇ ਜਾ ਡੇਰੇ।
ਜੰਞ ਜੋੜ ਵਿਆਹ ਲੈ ਜਾ ਮੈਨੂੰ, ਜੀਉ ਰਖਣਾ ਮਾਉਂ ਤੇ ਬਾਪ ਤੇਰੇ।
ਨਹੀਂ ਸਦਸਨ ਲੋਕ ਉਧਾਲ ਮੈਨੂੰ, ਤਕਦੀਰ ਖ਼ੁਦਾ ਦੀ ਕਣ ਫੇਰੇ।

ਪਹੁੰਚੀ ਝੰਗ ਸਿਆਲ ਨੂੰ ਹੀਰ ਨਢੀ, ਰਾਂਝਾ ਤਖਤ ਹਜ਼ਾਰੇ ਨੂੰ ਜਾਂਵਦਾ ਏ।

Digitized by Panjab Digital Library | www.panjabdigilib.org

ਪੰਜਾਂ ਪੀਰਾਂ ਨੂੰ ਰਾਂਝੇ ਨੇ ਯਾਦ ਕੀਤਾ, ਪਾਟੇ ਕੰਨ ਦਰੁਸਤ ਕਰਾਂਵਦਾ ਏ।
ਪਿੰਡੇ ਉਪਰੋਂ, ਖਾਕ ਉਤਾਰਨੇ ਨੂੰ, ਰਾਂਝਾ ਵਿਚ ਝਨਾਂ ਦੇ ਜਾਂਵਦਾ ਏ।
ਮੁਕਬਲ ਐਬ ਸੁਆਬ ਥੀਂ ਪਾਕ ਹੋ ਕੇ, ਜਾਕੇ ਭਾਈਆਂ ਨੂੰ ਗਲ ਲਾਂਵਦਾ ਏ।

ਅੰਤ ਵਿਚ ਲਿਖਦੇ ਹਨ:—

ਏਥੇ ਰਾਂਝੇ ਨੂੰ ਭਾਈਆਂ ਦਫਨ ਕੀਤਾ ਉਥੇ ਹੀਰ ਸਿਆਲ ਭੀ ਹੋਈ ਪੂਰੀ।
...... ...... ...... ...... ......
ਡਿਠਾ ਹਾਜੀਆਂ ਮੱਕੇ ਦੇ ਰਾਹ ਜਾਂਦੇ, ਤਿੰਨੇ ਹੀਰ, ਰਾਂਝਾ ਅਤੇ ਮਝ ਬੂਰੀ।
ਰਾਂਝਾ ਰਾਹ ਜਾ ਪੁਛਦਾ ਹਾਜੀਆਂ ਥੋਂ ਹੀਰ ਵੰਡਦੀ ਲੰਗਰਾਂ ਵਿਚ ਚੂਰੀ।
ਮੁਕਬਲ ਭਾਖ ਸੁਣਾਇਆ ਆਸ਼ਕਾਂ ਨੂੰ, ਕਥਾ ਹੀਰ ਤੇ ਰਾਂਝੇ ਦੀ ਹੋਈ ਪੂਰੀ।

ਹਾਫ਼ਜ਼ ਮੁਕਬਲ ਦੀ ਬਾਬਤ ਇਹ ਕਹਾਣੀ ਬਿਆਨ ਕੀਤੀ ਜਾਂਦੀ ਹੈ ਕਿ ਆਪ ਪੜ੍ਹਨ ਪੜ੍ਹਾਉਣ ਦਾ ਕੰਮ ਕਰਦੇ ਸਨ, ਮੰਜੀ ਉਣ ਲੈਂਦੇ ਸਨ। ਜ਼ੇਹਨ ਏਡਾ ਉਚਾ ਸੀ ਕਿ ਇਕ ਵਾਰੀ ਜਿਸ ਨਾਲ ਗੱਲ ਕਰਦੇ, ਜੇ ਉਹ ਦਸ ਵਰ੍ਹੇ ਪਿਛੋਂ ਮਿਲਦਾ ਤਾਂ ਅਵਾਜ਼ੋਂ ਪਛਾਣ ਲੈਂਦੇ। ਆਪ ਭਾਵੇਂ ਨੇਤਰ ਹੀਣ ਸਨ ਪਰ ਦਿਲੀ ਚਾਨਣਾ ਬਹੁਤ ਸੀ।

# ਨਜਾਬਤ ਕਵੀ

ਬਾਵਾ ਬੁਧ ਸਿੰਘ ਜੀ ਨੇ ਲਿਖਿਆ ਕਿ ਆਪ ਹਰਲਾਂ ਮਟੀਲਾਂ ਜ਼ਿਲਾ ਸ਼ਾਹ ਪੁਰ ਦੇ ਰਹਿਣ ਵਾਲੇ ਸਨ। ਆਪ ਹਰਲ ਰਾਜਪੂਤ ਸਨ। ਪਰ ਰਾਜਪੂਤ ਗੋਤਾਂ ਵਿਚ ਕੋਈ ਹਰਲ ਗੋਤ ਨਹੀਂ, ਹਾਂ ਖਰਲ ਰਾਜਪੂਤ ਹਨ। ਸ਼ਾਇਦ ਨਜਾਬਤ ਖਰਲ ਰਾਜਪੂਤ ਹੀ ਹੋਵੇ। ਨਜਾਬਤ ਨੇ ਇਹ ਵਾਰ ਨਾਦਰ ਸ਼ਾਹ ਦੇ ਹੱਲੇ ਦੇ ਕੁਝ ਚਿਰ ਪਿਛੋਂ ਲਿਖੀ। ਨਜਾਬਤ ਅਠਾਰਵੀਂ ਸਦੀ ਦੇ ਅੰਤ ਵਿਚ ਹੋਇਆ ਹੈ। ਨਾਦਰ ਸ਼ਾਹ ਨੇ ੧੭੩੯ ਵਿਚ ਦਿੱਲੀ ਉਤੇ ਹੱਲਾ ਕੀਤਾ ਹੈ। ਉਸ ਤੋਂ ੪੦ ਕੁ ਸਾਲਾਂ ਪਿਛੋਂ ਨਜਾਬਤ ਨੇ ਉਸ ਦੇ ਹੱਲੇ ਦਾ ਹਾਲ ਆਪਣੀ ਵਾਰ ਵਿਚ ਲਿਖਿਆ ਹੈ।

ਇਸ ਵਾਰ ਨੂੰ ਪੰਡਤ ਹਰੀ ਕਿਸ਼ਨ ਕੌਲ ਐਮ. ਏ. ਸੀ. ਐਸ. ਆਈ. ਸੀ. ਆਈ. ਈ. ਨੇ ਜਮ੍ਹਾਂ ਕੀਤਾ ਤੇ ਪਹਿਲੀ ਵਾਰ ਇਸ ਨੂੰ ਜਨਰਲ ਆਫ ਦੀ ਪੰਜਾਬ ਹਿਸਟਾਰੀਕਲ ਸੋਸਾਇਟੀ ਜਿਲਦ ਨੰ: ੧ ਵਿਚ ਛਪਾਇਆ।

ਵਾਰ ਦੀ ਵੰਨਗੀ ਇਹ ਹੈ:—

ਤੇ ਚੜ੍ਹੇ ਚੁਗੱਤਾ ਬਾਦਸ਼ਾਹ, ਜਿਉਂ ਧਾਣਾਂ।
ਤੇ ਘੋੜਾ ਸਾਵੇ ਸਤ ਲਖ, ਸਣੇ ਮੁਗਲ ਪਠਾਣਾਂ।
ਜਿੰਨੀ ਛਿਮੀ ਪਹਾੜ ਦੀ, ਨਾ ਰਿਹਾ ਅੜਾਣਾ।
ਕੋਟਾਂ ਨੂੰ ਆਵਣ ਥਰਥ੍ਰਾਹਟ, ਕਰ ਮਨ ਦਾ ਭਾਣਾ।
ਪਕੜ ਕੁਠੇ ਲਖ ਆਦਮੀ, ਲਹਿ ਪਿਆ ਘਾਣਾ।
ਕਰ ਸਿਰੀਆਂ ਦੇ ਦਮਦਮੇ, ਚੜ੍ਹ ਖਾਏ ਖਾਨਾ।
ਈਨਾਂ ਚਾਰ ਮਨਾਇਕੇ ਘਰ ਆਇਆ ਜਰਵਾਣਾ।

Digitized by Panjab Digital Library | www.panjabdigilib.org

ਨਾਦਰ ਸ਼ਾਹ ਅਮੀਰ ਵਲਾਇਤੀ ਫੇਰ ਸਭ ਬੁਲਾਏ।
ਉਹ ਜਾ ਖਲੋਤਾ ਰਾਜ ਘਾਟ, ਮਲਾਹ ਸਦਾਏ।
ਕਾਸਦ ਖਬਰ ਅਮੂਰ ਦੀ ਹਜ਼ੂਰ ਪੁਚਾਏ।
ਨਵਾਬ ਖਾਨ ਬਹਾਦਰ ਮੋਰਚੇ ਕੱਢ ਅਗੋਂ ਲਾਏ।
ਚੜ੍ਹਿਆ ਲਸ਼ਕਰ ਵੇਖ ਕੇ ਉਡ ਹੈਰਤ ਜਾਏ।
ਖੁਸਰੇ ਬਧੀ ਪਗੜੀ ਕੀ ਮਰਦ ਸਦਾਏ।
ਜਿਉਂ ਕਰ ਮੀਰੀ ਮਰਦ ਨੂੰ, ਕਰ ਨਾਜ਼ ਵਿਲਾਏ।
ਉਹਦੇ ਖਜ਼ਾਨੇ ਵੱਢੀਆਂ ਛਹਿ ਜਾਨ ਬਚਾਏ।
ਬਹਾਦਰ ਛੋੜ ਬਹਾਦਰੀ ਲਗ ਕਦਮੀਂ ਲਾਏ।
ਪਰ ਡੇਰੇ ਵਿਚ ਲਾਹੌਰ ਦੇ ਆਣ ਕਟਕਾਂ ਪਾਏ।

## ਸੱਯਦ ਹਾਮਦ ਸ਼ਾਹ ਅਬਾਸੀ

ਹਾਮਦ ਅਬਾਸੀ ਨਸਲ ਦੇ ਸੱਯਦ ਸਨ। ਆਪ ਦੇ ਪਿਤਾ ਦਾ ਨਾਮ ਸਯਦ ਅਤਾਉੱਲਾ ਸਯਦ ਆਹਜ਼ਮ ਦੇ ਪੁਤਰ ਮਾਵਰਾ ਉਨ ਨਹਰ ਦੇ ਵਸਨੀਕ ਸਨ। ਆਪ ਦੇ ਪਿਉ ਦਾਦਾ ਮਾਵਰਾ ਉਨਹਰ (ਬਗਦਾਦ) ਤੋਂ ਪ੍ਰਚਾਰ ਦੇ ਸਿਲਸਿਲੇ ਵਿਚ ਹਿੰਦੁਸਤਾਨ ਵਿਖੇ ਆ ਗਏ ਸਨ ਅਰ ਏਥੇ ਹੀ ਰਹਿਣ ਦਾ ਪੱਕਾ ਪ੍ਰਬੰਧ ਕਰ ਲਿਆ ਸੀ, ਪਰ ਕਿਸੇ ਇਕ ਥਾਂ ਤੇ ਪੱਕਾ ਨਿਵਾਸ ਨਹੀਂ ਕੀਤਾ। ਸਰਾਵਾਂ ਵਾਂਗ ਕੁਝ ਚਿਰ ਕਿਧਰੇ ਤੇ ਕੁਝ ਚਿਰ ਕਿਧਰੇ ਸਮਾਂ ਗੁਜ਼ਾਰਿਆ। ਹਾਮਦ ਸਾਹਿਬ ਲਿਖਦੇ ਹਨ:-

ਵਤਨ ਬਜ਼ੁਰਗਾਂ ਪਿਛਲਿਆਂ, ਮਾ ਓਨ ਨਹਰ ਯਕੀਨ।
ਮੂਲ ਨਾ ਵਤਨ ਸਹੇੜਿਆ, ਅੰਦਰ ਹਿੰਦ ਜ਼ਮੀਨ।
(ਅਖਬਾਰ ਹਾਮਦ)

ਹਾਮਦ ਦਾ ਜਨਮ ਸੰਨ ੧੧੬੧ ਹਿ: ਦਾ ਖਿਆਲ ਕੀਤਾ ਜਾਂਦਾ ਹੈ। ਕਿਉਂਕਿ ਉਹ ਆਪ ਜੰਗ ਹਾਮਦ ਵਿਚ ਲਿਖਦਾ ਹੈ:-

ਕੀਤਾ ਸੀ ਇਹ ਸ਼ੁਰੂ ਜਾਂ ਉਮਰ ਆਹੀ ਸੀ ਵੀਹ,
ਕੀਤਾ ਜਦੋਂ ਤਮਾਮ ਸੀ ਉਮਰ ਆਹੀ ਸੀ ਤ੍ਰੀਹ।
ਦਸਾਂ ਬਰਸਾਂ ਵਿਚ ਆਖਿਆ ਕਿੱਸਾ ਜੋੜ ਤਮਾਮ,
ਆਹਾ ਸੰਨ ਅਠਾਨਵੇਂ ਇਕ ਸੌ ਇਕ ਹਜ਼ਾਰ।

ਹਿਜਰਤ ਬਹਦ ਰਸੂਲ ਦੇ ਜਿਸ ਦਿਨ ਕੀਤਾ ਤਿਆਰ।

ਇਸ ਤੋਂ ਭੀ ਪਤਾ ਲਗਦਾ ਹੈ ਕਿ ਹਾਮਦ ਨੇ ੨੦ ਸਾਲ ਦੀ ਉਮਰ ਵਿਚ

Digitized by Panjab Digital Library | www.panjabdigilib.org

ਸ਼ਾਇਰੀ ਸ਼ੁਰੂ ਕੀਤੀ।

ਆਪ ਦੀ ਸਭ ਤੋਂ ਪਹਿਲੀ ਤਸਨੀਫ਼ ਜੰਗ ਹਾਮਦ ਹੈ।

ਹਾਮਦ ਦੀ ਪੱਕੀ ਤਰ੍ਹਾਂ ਵਸੋਂ ਪਿੰਡ ਚੋਨਤਾ ਪਰਗਨਾ ਪਠਾਨ ਕੋਟ ਜ਼ਿਲਾ ਗੁਰਦਾਸਪੁਰ ਵਿਖੇ ਸੀ। ਅਰ ਆਪ ਏਥੇ ਮਸੀਤ ਦੇ ਇਮਾਮ ਸਨ, ਅਰ ਇਸ ਤੋਂ ਛੁਟ ਨੂਰਪੁਰ ਦੇ ਰਾਜੇ ਦੇ ਮੁਸਾਹਿਬਾਂ ਵਿਚੋਂ ਭੀ ਸਨ।

ਹਾਮਦ ਆਪਣੇ ਇਮਾਮ ਮਸੀਤ ਹੋਣ ਸੰਬੰਧੀ ਲਿਖਦੇ ਹਨ:—

ਆ ਇਕ ਯਾਰ ਜਗਾਉਂਦਾ, ਮੈਨੂੰ ਨਾਲ ਨਿਆਜ਼।<br>
ਉੱਠ ਇਮਾਮਾ ਹਾਮਦਾ, ਹੋਇਆ ਵਕਤ ਨਿਮਾਜ਼।<br>
(ਜੰਗ ਹਾਮਦ)

ਵਰਨਣ ਕਰਦੇ ਹਨ ਕਿ ਇਸ ਸਿਲਸਲੇ ਵਿਚ ਇਹ ਵਾਕਿਆ ਦਿਲਚਸਪੀ ਨਾਲ ਸੁਣਿਆ ਜਾਇਗਾ,ਹਾਮਦ ਪਠਾਨ ਕੋਟ ਆਦਿਕ ਦੇ ਰਾਜਪੂਤਾਂ ਨੂੰ ਵਿਸ਼ੇਸ਼ ਕਰ ਕੇ ਨਮਾਜ਼ ਦੀ ਸਿਖਿਆ ਵਾਹਜ਼ ਪ੍ਰਚਾਰ ਕੀਤਾ ਕਰਦੇ ਸਨ, ਜਿਸ ਤੋਂ ਉਹ ਆਪ ਦੇ ਵਿਰੁਧ ਹੋ ਗਏ। ਉਨ੍ਹਾਂ ਨੇ ਇਕ ਮਿਰਾਸੀ ਤੋਂ ਹਾਮਦ ਦੀ ਸਿੱਠ ਲਿਖਵਾਈ, ਜਿਸ ਦਾ ਇਕ ਸ਼ੇਅਰ ਸੀ।

"ਹਾਮਦ ਮੁੱਲਾਂ ਸ਼ਾਇਰ, ਲਾਂਬਾ ਜਿਹਾ ਕੱਦ।<br>
ਵਿਚ ਮਸੀਤੇ ਬੈਠ ਕੇ, ਕੱਸ ਕੱਸ ਮਾਰੇ ਪੱਦ।"

ਹਾਮਦ ਨੇ ਜਦੋਂ ਨਿੰਦਾ ਭਰੀ ਸਿੱਠ ਸੁਣੀ, ਬੜਾ ਕ੍ਰੋਧਵਾਨ ਹੋਇਆ ਅਰ ਉਸ ਨੇ ਰਾਜਪੂਤਾਂ ਦੇ ਬਰਖਿਲਾਫ਼ ਲਿਖਿਆ:—

ਹਾਮਦਾ ਜੇ ਚਾਹੇਂ ਨਮਾਜ਼ੀ ਥੀਵਿਆ, ਲੱਕ ਬੰਨ੍ਹੀਂ ਤਲਵਾਰ।<br>
ਪਹਿਲੋਂ ਮਾਰੀਂ ਰੰਘੜਾਂ, ਪਿਛੋਂ ਕਾਫ਼ਰ ਮਾਰ।

ਹਾਮਦ ਰਾਜਾ ਨੂਰ ਪੁਰ ਦੇ ਮੁਸਾਹਿਬ ਸਨ। ਇਕ ਦਿਨ ਦਰਬਾਰ ਵਿਚ ਬੈਠੇ ਸਨ ਕਿ ਕੋਈ ਜੋਤਸ਼ੀ ਆ ਗਿਆ ਅਰ ਉਸ ਨੇ ਭਵਿੱਖਤ ਦੀਆਂ ਕੁਝ ਕੁ ਗਲਾਂ ਕਹੀਆਂ। ਹਾਮਦ ਨੇ ਮੌਲਵੀ ਹੋਣ ਕਰਕੇ ਉਹਦੀਆਂ ਗਲਾਂ ਤੇ ਇਹਤਰਾਜ਼ ਕੀਤਾ ਤੇ ਕਿਹਾ:—

"ਇਲਮ ਗੈਬੀ ਕਸ ਨਮੇ ਦਾਨਦ, ਬਜੁਜ਼ ਜ਼ਾਤੇ ਖ਼ੁਦਾ।"<br>
(ਰਬ ਦੇ ਸਿਵਾਇ ਗੈਬ ਦਾ ਜਾਨਣ ਵਾਲਾ ਕੋਈ ਭੀ ਨਹੀਂ।)

ਜੋਤਸ਼ੀ ਨੂੰ ਭੀ ਗੁੱਸਾ ਆਇਆ ਅਰ ਆਖਿਆ ਕਿ ਮੁਸਲਮਾਨਾਂ ਨੂੰ ਜੋਤਸ਼ ਵਿਦਿਆ ਦਾ ਕੀ ਪਤਾ ਹੈ।

ਆਪ ਨੇ ਮਿਹਣਾ ਸੁਣ ਤਮਕ ਖਾਧੀ ਅਰ ਚੁਪ ਕਰ ਕੇ ਮਥਰਾ ਚਲੇ ਗਏ ਅਰ ਉਥੇ ਜਾ ਕੇ ਹਿੰਦੀ ਭਾਸ਼ਾ ਪੜ੍ਹੀ। ਚੂੰਕਿ ਆਪ ਦੀ ਚੇਤਾ ਸ਼ਕਤੀ ਬਲਵਾਨ ਸੀ,ਦੋ ਹੀ ਸਾਲਾਂ ਵਿਚ ਤਕੜੇ ਜੋਤਸ਼ੀ ਹੋ ਗਏ ਅਰ ਮੁੜ ਕੇ ਨੂਰਪੁਰੀ ਰਾਜਾ ਦੇ ਦਰਬਾਰ ਵਿਚ ਆ ਗਏ। ਅਰ ਦਸਿਆ ਕਿ ਨਜੂਮ ਦਾ ਇਲਮ ਫਾਰਸੀ ਅਤੇ ਅਰਬੀ ਜ਼ਬਾਨ ਵਿਚ ਭੀ ਮੌਜੂਦ ਹੈ। ਪਰ ਜੇ ਆਪ ਹਿੰਦੀ ਵਿਚ ਹੀ ਸੁਣਨਾ ਚਾਹੁੰਦੇ ਹੋ ਤਾਂ ਪੰਡਤਾਂ ਨੂੰ ਸਦ ਲਵੋ ਅਰ ਮੇਰੇ

Digitized by Panjab Digital Library | www.panjabdigilib.org

ਪਾਸੋਂ ਹਿੰਦੀ ਵਿਚ ਹੀ ਜੋਤਸ਼ ਸਬੰਧੀ ਸੁਣਨਾ ਚਾਹੁੰਦੇ ਹੋ ਤਾਂ ਸਣੋ, ਮੁਕਦੀ ਗੱਲ ਪੰਡਤ ਹਾਮਦ ਦੀ ਯੋਗਤਾ ਤੇ ਚਤੁਰਤਾ ਤੇ ਸਾਰੇ ਅਸ਼ ਅਸ਼ ਕਰ ਉਠੇ ਅਰ ਮੰਨ ਗਏ ਕਿ ਵਿਦਿਆ ਕੋਈ ਮਨੁਖ ਚਾਹੇ ਹਿੰਦੂ ਹੋਵੇ ਮੁਸਲਮਾਨ ਸਭ ਪੜ੍ਹ ਸਕਦੇ ਹਨ; ਕਰਤਾ ਪੁਰਖ ਦਯਾਲੂ ਜਿਸ ਤੇ ਮੇਹਰ ਕਰਨ, ਉਹ ਸਭ ਕੁਝ ਸਿਖ ਸਕਦਾ ਹੈ।

ਹਾਮਦ ਅਕਸਰ ਦਰਬਾਰ ਵਿਚ ਆਇਆ ਜਾਇਆ ਕਰਦੇ ਸਨ। ਆਪ ਨੇ ਆਪਣੀ ਪਹਿਲੀ ਰਚਨਾ 'ਜੰਗ ਹਾਮਦ' ਦਰਬਾਰ ਦੇ ਵਜ਼ੀਰ ਅਲਾ ਬਖ਼ਸ਼ ਦੇ ਪੇਸ਼ ਕੀਤੀ। ਲਿਖਦੇ ਹਨ:-

ਦਸਾਂ ਬਰਸਾਂ ਵਿਚ ਆਖਿਆ, ਮੈਂ ਸਭ ਜੋੜ ਤਮਾਮ।
ਪੀਰ ਸਾਹਿਬ ਨੇ ਚੁੱਕ ਕੇ, ਕੀਤਾ ਇਸ ਨੂੰ ਆਮ।
ਟੋਲਾਂ ਵਿਚ ਜਹਾਨ ਦੇ, ਮੈਂ ਹੁਣ ਕੋਈ ਅਮੀਰ।
ਹੋਵੇ ਸਾਹਿਬ ਅਕਲ ਜੋ, ਸਮਝੇ ਇਹ ਤਕਰੀਰ।
ਤਾਂ ਮੈਂ ਆਇਆ ਨੂਰ ਪੁਰ, ਬਹਿਸ਼ਤ ਜਲੰਧਰ ਜਾਣ।
ਵਾਹਵਾ ਰਾਜ ਸੁਹਾਉਂਦਾ, ਰਾਜਿਆਂ ਦੇ ਵਿਚ ਜਾਣ।
ਰੁਸਤਮ ਜਿਹੇ ਓਸ ਦੇ, ਅੰਦਰ ਰਹਿਸਨ ਜੰਗ।
ਵਾਹ ਦੀਦਾਰੀ ਸਿੰਘ ਹੈ, ਨਾਮ ਹੈ ਪ੍ਰਿਥੀ ਸਿੰਘ।
ਬਹੁਤੇ ਕਾਬਲ ਲੋਕ ਹਨ, ਵਿਚ ਉਸ ਦੇ ਦਰਬਾਰ।
ਕਿਆ ਕਿਆ ਖ਼ੂਬੀ ਕਹਾਂ ਮੈਂ, ਆਵੇ ਨਾ ਸ਼ੁਮਾਰ।
ਉਸ ਦਰਬਾਰੇ ਵੇਖਿਆ, ਮੈਂ ਹੈ ਇਕ ਵਜ਼ੀਰ।
ਵੱਸੇ ਵਿਚ ੧ਤੁਲਾਹਰੇ, ਉਹ ਸਾਹਿਬ ਤਦਬੀਰ। ੧ਵਜ਼ੀਰ ਦਾ ਪਿੰਡ
ਮੁਸਲਮ ਮੋਮਨ ਆਉਂਦਾ, ਨਜ਼ਰੇ ਨਿੱਯਤ ਰਾਸ।
ਨਾਮ ਵਜ਼ੀਰ ਅਲਹ ਬਖ਼ਸ਼, ਅੰਦਰ ਕੌਮ ਮਨਹਾਸ।

ਹਾਮਦ ਦੀਆਂ ਤਸਨੀਫ਼ਾਂ (ਰਚਨਾਵਾਂ)—

(੧) ਅਖਬਾਰ ਹਾਮਦ (੨) ਜੰਗ ਹਾਮਦ (੩) ਹੀਰ ਹਾਮਦ (੪) ਗੁਲਜ਼ਾਰ ਹਾਮਦ (੫) ਤਫ਼ਸੀਰ ਹਾਮਦ ਅਰ ਫ਼ਕਰ ਨਾਮਾ ਹਾਮਦ ਹਨ। ਖ਼ਿਆਲ ਹੈ ਕਿ ਏਨ੍ਹਾਂ ਤੋਂ ਛੁਟ ਹੋਰ ਭੀ ਬਹੁਤ ਸਾਰੀਆਂ ਅਣਛਪੀਆਂ ਕਿਤਾਬਾਂ ਹੋਣਗੀਆਂ।

ਜੰਗ ਹਾਮਦ—ਹਾਮਦ ਪਹਿਲਾ ਸ਼ਾਇਰ ਹੈ, ਜਿਸ ਨੇ ਇਮਾਮ ਹੁਸੈਨ ਦੀ ਸ਼ਹਾਦਤ ਦੇ ਹਾਲ ਅਤੇ ਕਰਬਲਾ ਦੇ ਵਾਕਿਆਤ ਪੰਜਾਬੀ ਨਜ਼ਮ ਵਿਚ ਲਿਖ ਕੇ ਆਮ ਲੋਕਾਂ ਅਗੇ ਪੇਸ਼ ਕੀਤੇ। ਆਪ ਆਪਣੀ ਏਸ ਤਸਨੀਫ਼ ਸਬੰਧੀ ਲਿਖਦੇ ਹਨ:—

ਨਾਂਹੀ ਦਾਹਵਾ ਸਿਹਰ ਦਾ, ਨਾਂਹੀ ਸ਼ਾਇਰ ਮੂਲ।
ਗੰਢ ਤੁਪ ਮੇਰਾ ਹੋ ਗਿਆ, ਵਿਚ ਜਨਾਬ ਕਬੂਲ।
ਪਹਿਲੋ ਮੈਂ ਹੁਸੈਨ ਦੀ, ਕਹੀ ਸ਼ਹਾਦਤ ਜਾਨ।
ਕਿੱਸਾ ਮੂਲ ਨਾ ਆਖਿਆ, ਆਹਾ ਵਿਚ ਪਛਾਨ।
ਦੂਹਾਂ ਨੇ ਫ਼ਰਮਾਇਆ, ਆਜਜ਼ ਤਾਈਂ ਜਾਨ।

Digitized by Panjab Digital Library | www.panjabdigilib.org

ਜੰਗ ਹਾਮਦ ਸੰਨ ੧੧੯੧ ਹਿ: ਦਾ ਰਚਿਆ ਹੋਇਆ ਹੈ । ਇਸ ਦੇ ਪਿਛੋਂ ਦੂਜੀ ਛਾਪੀ ਹੋਈ ਕਿਤਾਬ "ਅਖਬਾਰ ਹਾਮਦ" ਹੈ, ਜੋ ਸੰਨ ੧੧੯੭ ਹਿ: ਵਿਚ ਤਸਨੀਫ਼ ਕੀਤੀ ਗਈ ਹੈ। ਕਾਜ਼ੀ ਫ਼ਜ਼ਲ ਹੱਕ ਜੀ ਨੇ ਲਿਖਿਆ ਹੈ ਕਿ ਜੰਗ ਹਾਮਦ ਹੀ ਅਖ਼ਬਾਰ ਹਾਮਦ ਹੈ;ਪਰ ਇਹ ਖ਼ਿਆਲ ਉੱਕਾ ਗ਼ਲਤ ਹੈ। ਜੰਗ ਹਾਮਦ ਤੇ ਅਖ਼ਬਾਰ ਹਾਮਦ ਦੋ ਅਲੱਗ ੨ ਪੁਸਤਕਾਂ ਹਨ। ਜੰਗ ਹਾਮਦ ਵਿਚ ਕਰਬਲਾ ਦਾ ਵਾਕਿਆ ਅਤੇ ਸ਼ਾਹ ਹਨੀਫ਼ ਦਾ ਕਿੱਸਾ ਦਰਜ ਹੈ। ਅਖਬਾਰ ਹਾਮਦ ਵਿਖੇ (ਜੋ ਇਸ ਦੇ ੬ ਸਾਲ ਪਿਛੋਂ ਸੰਨ ੧੨੦੨ ਹਿ: ਵਿਚ ਛਪੀ ਹੈ) ਦੁਨੀਆਂ ਦਾ ਅਰੰਭ, ਹਜ਼ਰਤ ਆਦਮ ਦਾ ਕਿੱਸਾ ਰਸੂਲ ਮਕਬੂਲ ਦੀ ਉਤਪਤੀ ਮਿਹਰਾਜ, ਦੋਜ਼ਖ਼, ਬਹਿਸ਼ਤ, ਕਿਆਮਤ ਆਦਿਕ ਮਸਲੇ ਵਰਨਣ ਕੀਤੇ ਗਏ ਹਨ।

ਅਖਬਾਰ ਹਾਮਦ ਬਾਰੇ ਇਉਂ ਲਿਖਦੇ ਹਨ: -

ਆਹੇ ਸਤ ਸਤਾਨਵੇਂ ਹਿਕ ਸੌ ਹਿਕ ਹਜ਼ਾਰ।
ਜਾਂ ਮੈਂ ਏਸ ਕਿਤਾਬ ਦੇ ਕੀਤੇ ਬੈਂਤ ਸ਼ੁਮਾਰ।

ਹੀਰ ਹਾਮਦ—ਹਾਮਦ ਦੀ ਤੀਜੀ ਛਪੀ ਹੋਈ ਕਿਤਾਬ ਹੈ,ਜੋ ਸੰਨ ੧੨੨੦ ਹਿ: ਵਿਚ ਸਮਾਪਤ ਹੋਈ। ਹਾਮਦ ਨੇ ਇਸ ਕਿਤਾਬ ਵਿਚ ਇਕ ਵਾਧਾ ਕੀਤਾ ਜੋ ਵਿਸ਼ੇਸ਼ ਕਰਕੇ ਏਸੇ ਦਾ ਹਿੱਸਾ ਹੈ। ਅਜੇ ਤਾਈਂ ਹੋਰ ਕਿਸੇ ਸ਼ਾਇਰ ਨੇ ਤਵੱਜੋ ਨਹੀਂ ਕੀਤੀ। ਉਹ ਵਾਧਾ ਅਨਵਾਨਾਂ ਦੀ ਥਾਵੇਂ ਚਾਰ ਚਾਰ ਮਿਸਰੇ (ਬੈਂਤ) ਹਨ। ਅਰਥਾਤ ਹਾਮਦ ਨੇ ਸਾਰੀ ਕਿਤਾਬ ਵਿਚ ਫ਼ਾਰਸੀ ਜਾਂ ਪੰਜਾਬੀ ਵਿਚ ਸਿਰਲੇਖ ਲਿਖਣ ਦੀ ਥਾਂ ਚਹੁੰ ਬੈਂਤਾਂ ਵਿਚ ਉਸ ਦੇ ਭਾਵ ਸੰਖੇਪ ਕਰਕੇ ਵਰਨਣ ਕਰ ਦਿਤੇ ਹਨ। ਯਥਾ ਹਾਮਦ ਨੇ ਖ਼ੁਦਾ ਦੀ ਮੇਹਰ ਅਰ ਰਸੂਲ ਮਕਬੂਲ ਦੀ ਉਪਮਾ ਵਿਖੇ, ਜੋ ਕਵਿਤਾ ਲਿਖੀ ਹੈ, ਉਸ ਦਾ ਸਿਰਲੇਖ ਇਹ ਹੈ:-

ਸਿਫ਼ਤ ਖ਼ੁਦਾ ਦੀ ਕੀਮੀਆਂ, ਪਾਰਸ ਨਅਤ ਰਸੂਲ।
ਮਿਸ ਮਾਦਹ ਜ਼ਰ ਹੋਂਵਦੀ ਵਿਚ ਦਰਗਾਹ ਕਬੂਲ।
ਸਿਫ਼ਤ ਖ਼ੁਦਾ ਰਸੂਲ ਦੀ ਕਹੇ ਸੋਈ ਮਕਬੂਲ।
ਹਾਮਦ ਵਿਚ ਜਨਾਬ ਦੇ ਕੌਣ ਓਸ ਦਾ ਸਮਤੂਲ।

ਇਸ ਸਿਰਲੇਖ ਦੇ ਪਿਛੋਂ ਉਹ ਇਸ ਬੈਂਤ ਤੋਂ ਕਵਿਤਾ ਸ਼ੁਰੂ ਕਰਦੇ ਹਨ:—

ਪਹਿਲਾਂ ਰਬ ਦੀ ਸਿਫਤ ਸੁਣਾ ਕਹੀਏ, ਖਾਲਕ ਪਾਕ ਹੈ ਸਭ ਜਹਾਨ ਦਾ ਜੀ।
ਮੌਜੂਦਾਤ ਸਾਰੀ ਜੋ ਮੌਜੂਦ ਕੀਤੀ, ਖਾਵੰਦ ਅਰਸ਼ ਤੇ ਕੌਨ ਮਕਾਨ ਦਾ ਜੀ।

ਕਿੱਸਾ ਲਿਖਣ ਦੇ ਕਾਰਨ ਵਿਚ ਇਕ ਦਿਲਚਸਪ ਵਾਕਿਆ ਵਰਨਣ ਕਰਦੇ ਹਨ, ਕਿ ਆਪ ਏਸ ਕਿੱਸੇ ਦੇ ਵਿਰੋਧੀ ਸਨ। ਜੇ ਕੋਈ ਏਸ ਨੂੰ ਪੜ੍ਹਦਾ ਤਾਂ ਓਹਨੂੰ ਮਾਰਨ ਤਕ ਵੀ ਫਰਕ ਨਾ ਕਰਦੇ ਪਰ ਇਕ ਵਾਰੀ ਪੰਧ ਵਿਚ ਹੀਰ ਰਾਂਝਾ ਨਜ਼ਰੀਂ ਪਿਆ, ਓਦੋਂ ਤੋਂ ਆਪ ਨੇ ਭੀ ਇਸ ਕਿੱਸੇ ਨੂੰ ਕਵਿਤਾ ਵਿਚ ਲਿਖਿਆ।

ਕਿਹਾ ਕਿਤੇ ਹੀਰ ਕਿਉਂ ਇਹ ਦਿਲ ਆਏ ਕੇ।
ਹੀਰ ਰਾਂਝੇ ਦੀ ਜਿੰਦ ਮੈਂ ਮੁਏਂ ਦਿਲ ਵਿਚ ਸੇ।

Digitized by Panjab Digital Library | www.panjabdigilib.org

ਮਿਲਿਆ ਦੂਹਾਂ ਨਾਲ ਮੈਂ ਕੁਦਰਤ ਨਾਲ ਰਬੇ।
ਜਿੱਦ ਗਈ ਸਭ ਦਿਲ ਚੋਂ ਹਾਮਦ ਹੀਰ ਕਹੇ।

ਏਸ ਸੰਖੇਪ ਪਰ ਬਹੁ ਅਰਥੇ ਸਿਰਲੇਖ ਪਿਛੋਂ ਆਪ ਲਿਖਦੇ ਹਨ:–

ਮੈਨੂੰ ਜਿੱਦ ਮੁਢੋਂ ਹੀਰ ਰਾਂਝੇ ਦੀ ਸੀ, ਬੁਰੀ ਬੋਲਦਾ ਨਿੱਤ ਜ਼ਬਾਨ ਮੀਆਂ।
ਜੱਟੀ ਜੱਟ ਉਧਾਲ ਲੈ ਗਿਆ ਸੀ ਜੀ, ਮੰਦੇ ਦਮ ਸੀ ਵਿਚ ਜਹਾਨ ਮੀਆਂ।

ਅਰ ਏਸ ਕਿੱਸੇ ਦੇ ਵਿਰੁਧ ਏਨਾਂ ਜਜ਼ਬਾ ਵਧਿਆ:–

ਕਿਤੇ ਸਾਰੰਗੀ ਖੋਹ ਕੇ ਚੂਰ ਕੀਤੀ, ਗਾਵਨ ਵਾਲੜਾ ਪਕੜ ਖ਼ਰਾਬ ਕੀਤਾ।
ਕਿਤੇ ਵੰਝਲੀ ਖੋਹ ਕੇ ਧਰਤ ਮਾਰੀ, ਕਿੱਸਾ ਪੜ੍ਹਦੇ ਨੂੰ ਕਿਤੇ ਬੇਆਬ ਕੀਤਾ।
ਹੂਰੇ ਮੁਕੀਆਂ ਮਾਰ ਕੇ ਗਾਂਵਦੇ ਨੂੰ, ਪਕੜ ਪਸਲੀਆਂ ਜਿਗਰ ਕਬਾਬ ਕੀਤਾ।
ਬਾਈ ਵਰਹੇ ਹਾਮਦ ਐਸੇ ਹਾਲ ਸੇਤੀ, ਬਹੁਤ ਬਹੁਤ ਸਵਾਲ ਜਵਾਬ ਕੀਤਾ।

ਅੰਤ ਨੂੰ ਇਕ ਵਾਰੀ ਉਨ੍ਹਾਂ ਨੂੰ ਨੂਰ ਪੁਰੋਂ ਸ਼ਿਕਾਰ ਜਾਣ ਦਾ ਇਤਫ਼ਾਕ ਹੋਇਆ। ਸੋਤੇ ਦਾ ਵਕਤ ਸੀ ਤੇ ਰਾਤ ਚਾਨਣੀ ਸੀ ਤੇ ਰਾਹ ਜਾ ਰਹੇ ਸਨ ਕਿ ਜਦੋਂ ਬੋਹਲਾਂ ਦੇ ਵਾਹ ਲਾਗੇ ਪੁਜੇ ਤਾਂ ਇਕ ਬਿਜਲੀ ਜਿਹੀ ਚਮਕੀ ਅਰ ਇਹ ਇਕ ਅਵਾਜ਼ ਸੁਣ ਕੇ ਕੰਬ ਗਏ:–

ਨਿੱਤ ਜੀਭ ਤਲਵਾਰ ਚਲਾਉਂਦਾ ਏ, ਸਾਨੂੰ ਦੇਨ ਗਾਲ੍ਹੀ ਇਹਦੀ ਕਾਰ ਜਾਨੋਂ।
ਭਲੇ ਬੁਰੇ ਦਾ ਰਬ ਨਿਆਉਂ ਕਰਸੀ, ਕਹੀ ਨਾਲ ਸਾਡੇ ਐਸੀ ਖ਼ਾਰ ਜਾਨੋਂ।

ਉਪਰੰਤ ਜੋ ਕੁਝ ਹੋਇਆ ਬੀਤਿਆ ਓਹਨੂੰ ਇਉਂ ਲਿਖਦੇ ਹਨ:–

ਅੰਤ ਬੋਲਿਆ ਮੈਂ ਵਡਾ ਜੀ ਕਰ ਕੇ, ਦੁਹਾਂ ਵਾਸਤਾ ਰਬ ਦਾ ਪਾਏ ਕੇ ਜੀ।
ਮੈਨੂੰ ਪਤਾ ਦਿਹੋ ਕੋਈ ਕੌਣ ਤੁਸੀਂ, ਭਰਮ ਜੀਵ ਦਾ ਕੁਲ ਹਟਾਏ ਕੇ ਜੀ।

ਇਕ ਅਵਾਜ਼ ਆਈ ਮੈਂਹਾਂ ਸਿਆਲਾਂ ਦੀ ਧੀ, ਜਿਨੂੰ ਦਿਤੀ ਹੈ ਗਾਲ੍ਹ ਹਜ਼ਾਰ ਬਾਲਾ।
ਦੂਜੇ ਕਿਹਾ ਮੈਂ ਤਖ਼ਤ ਹਜ਼ਾਰਿਉ ਹਾਂ, ਜਿਸ ਨੂੰ ਦੇਂਦਾ ਹੈਂ ਬੋਲ ਆਜ਼ਾਰ ਬਾਲਾ।
ਤੇਰਾ ਅਸਾਂ ਗਰੀਬਾਂ ਕੀ ਬੁਰਾ ਕੀਤਾ, ਵਾਹੇਂ ਜੀਭ ਦੀ ਨਿੱਤ ਤਲਵਾਰ ਬਾਲਾ।
ਖਾਦਮ ਅਸੀਂ ਦੋਵੇਂ ਪੰਜ ਪੀਰ ਦੇ ਹਾਂ, ਜਗਤ ਨਾਲ ਨਾਹੀਂ ਸਾਨੂੰ ਕਾਰ ਬਾਲਾ।

ਸੁਣ ਕੇ ਚਾਹਿਆ ਮੈਂ ਜਾ ਕਦਮ ਪਕੜਾਂ, ਪਿਛਲੀ ਗੱਲ ਤਕਸੀਰ ਮੁਆਫ਼ ਹੋਵੇ।
ਤੋਬਾ ਕਰਾਂ ਅਗੋਂ ਮੰਦਾ ਬੋਲਨੋਂ ਮੈਂ, ਦੂਰ ਦਿਲੇ ਵਿਚੋਂ ਲਾਮ ਕਾਫ਼ ਹੋਵੇ।
ਜਾਤਾ ਹੀਰ ਰਾਂਝਾ ਵਲੀ ਰੱਬ ਦੇ ਹਨ, ਮੇਰਾ ਨਾਲ ਨਿਸਚੇ ਸੀਨਾਂ ਸਾਫ਼ ਹੋਵੇ।
ਕਹਾਂ ਸਿਫ਼ਤ ਸਨਾ ਦੁਹਾਂ ਆਸ਼ਕਾਂ ਦੀ, ਹਾਮਦ ਵਿਚ ਜਨਾਬ ਇਨਸਾਫ਼ ਹੋਵੇ।

ਬੋਲੇ ਹੀਰ ਰਾਂਝਾ ਖੜਾ ਹੋ ਪੈਰੀਂ, ਹਰਗਿਜ਼ ਨਾਂ ਆਵੀਂ ਅਗੇ ਮੂਲ ਭਾਈ।
ਤੈਥੋਂ ਹੋਇਆ ਸੋ ਅਸਾਂ ਮੁਆਫ਼ ਕੀਤਾ, ਤੇਰਾ ਕਰ ਲਿਆ ਉਜ਼ਰ ਕਬੂਲ ਭਾਈ।
ਰਾਤ ਵਿਚ ਸੁਆਲ ਜੁਆਬ ਗੁਜ਼ਰੀ, ਮੈਥੋਂ ਦੂਰ ਬੈਠੇ ਇਤਨੇ ਸੂਲ ਭਾਈ।
ਆਸ਼ਕ ਅੰਤ ਹੋਏ ਮਿਹਰਬਾਨ ਦੋਵੇਂ, ਮੈਨੂੰ ਹੋਂਵਦੀ ਖੁਸ਼ੀ ਹਸੂਲ ਭਾਈ।

Digitized by Panjab Digital Library | www.panjabdigilib.org

ਇਸ ਦੇ ਪਿਛੋਂ ਆਪ ਦਾ ਕਥਨ ਹੈ:–

ਓਸੇ ਰੋਜ਼ ਤੋਂ ਦਿਲ ਮੇਰੇ ਸ਼ੌਕ ਪਿਆ, ਐਸੀ ਕਥਾ ਦਾ ਤਦੋਂ ਅਰੰਭ ਕਾ ਇਆ।
ਸਨ ਬਾਰਾਂ ਸੌ ਹੈਸੀ ਜਾਣ ਪੂਰਾ, ਜਦੋਂ ਇਹ ਕਿੱਸਾ ਮੂਢੋਂ ਲਿਖਣ ਲਾਇਆ।

ਕਵਿਤਾ ਵਿਚ ਸਿਰਲੇਖ ਲਿਖਣ ਤੋਂ ਛੁਟ ਹਾਮਦ ਨੇ ਹੀਰ ਵਿਚ ਇਕ ਹੋਰ ਖ਼ੂਬੀ ਪੈਦਾ ਕੀਤੀ ਹੈ। ਹਰ ਚੌਥੇ ਮਿਸਰੇ ਤੋਂ ਪਿਛੋਂ ਕਾਫੀਆ ਰਦੀਫ਼ ਬਦਲ ਦੇਂਦੇ ਹਨ। ਮਿਸਾਲ ਦੇ ਤੌਰ ਤੇ ਅੰਤਲਾ ਬੰਦ ਵੇਖੋ:–

ਸਿਰਲੇਖ:–

ਇਹ ਵਿਚ ਚੋਤੇ ਪਿੰਡ ਦੇ ਕੀਤਾ ਕੁਲ ਖਿਆਲ।
ਹੀਰ ਰਾਂਝੇ ਦਾ ਆਖਿਆ ਕਿੱਸਾ ਹੈ ਖ਼ੁਸ਼ਹਾਲ।
ਫੈਜ਼ ਅਲਹ ਸਰਦਾਰ ਹੈ ਤਿਸ ਪਿੰਡ ਖ਼ੂਬੀ ਨਾਲ।
ਹਾਮਦ ਕਰੇ ਦੁਆ ਤਿਸ ਬਰਕਤ ਹੋਸ ਕਮਾਲ।

ਕਿਹਾ ਇਹ ਕਿੱਸਾ ਚੋਤੇ ਪਿੰਡ ਹੈਗਾ, ਵਲੇ ਪ੍ਰਗਨਾਂ ਕੋਟ ਪਠਾਨ ਜਾਨੋ।
ਤਿਸ ਦੇ ਵਿਚ ਸਰਦਾਰ ਹੈ ਨੇਕ ਤਾਲਿਆ, ਉਹਦਾ ਨਾਂ ਫੈਜ਼ ਅਲਹ ਖਾਂ ਜਾਨੋ।
ਜਿਹੜਾ ਆਨ ਪਹੁੰਚੇ ਭੁਖਾ ਪਾਸ ਤਿਸ ਦੇ, ਰੋਟੀ ਦੇਂਵਦਾ ਨਾਉਂ ਸੁਬਹਾਨ ਜਾਨੋ।
ਉਹਦੀ ਵਿਚ ਔਲਾਦ ਸ਼ਹਾਬ ਖਾਂ ਹੈ, ਕਾਬਲ ਕਾਰ ਉਹ ਵਿਚ ਜਹਾਨ ਜਾਨੋ।

ਮਸ਼ਹੂਰ ਫੈਜ਼ ਅਲਹ ਖਾਂ ਮੁਲਕ ਅੰਦਰ, ਸਖ਼ੀ ਅਤੇ ਦਿਲਾਵਰੀ ਵਿਚ ਕਾਮਲ।
ਯਾਦ ਰਬ ਦੀ ਵਿਚ ਹੈ ਦਿੰਹ ਰਾਤੀਂ, ਪੰਜ ਵਕਤ ਨਮਾਜ਼ ਦੇ ਵਿਚ ਸ਼ਾਮਲ।
ਰੋਟੀ ਨਾਮ ਅੱਲਾਹ ਦੇ ਵੰਡ ਖਾਏ, ਕੰਮ ਹਰ ਕਿਸੇ ਦੇ ਕਰਨੇ ਵਿਚ ਸ਼ਾਗਲ।
ਮੁਸ਼ਕਲ ਕਰੇ ਆਸਾਨ ਹਰ ਕਿਸੇ ਦੀ ਓਹ, ਅਮਲਾਂ ਵਿਚ ਹੈ ਦੀਨ ਦੇ ਓਹ ਆਮਲ।

ਸਨ ਬਾਰਾਂ ਸੌ ਵੀਹ ਸੀ ਖਾਸ ਹਿਜਰੀ, ਅਤੇ ਵਾਰ ਜਾਨੋ ਵੀਰ ਵਾਰ ਮੀਆਂ।
ਰਜੱਬ ਸਤਵੀਂ ਜਾਨ ਤਾਰੀਖ ਆਹੀ, ਪੂਰਨ ਕਥਾ ਦੀ ਜਾਂ ਹੋਈ ਕਾਰ ਮੀਆਂ।
ਸੰਮਤ ਜਾਨ ਬਾਹਠ ਅਠਾਰਾਂ ਸੈਂਕੜੇ ਸਾ, ਮਘਰ ਮਾਹ ਸੂਰਜ ਦੀ ਕਾਰ ਮੀਆਂ।
ਉੱਨੀ ਜਾਨ ਪੋਸੀਸਟੇ ਸੀ ਮਾਘ ਦੀ ਜੋ, ਲਗਾ ਕਥਾ ਦਾ ਰੰਗ ਬਹਾਰ ਮੀਆਂ।

ਹਾਮਦ ਦੇ ਬਿਆਨ ਤੋਂ ਮਲੂਮ ਹੁੰਦਾ ਹੈ ਕਿ ਓਸ ਨੇ ਕਿਤਾਬ ਲਿਖਣ ਤੋਂ ਪਹਿਲੋਂ ਮੁਕਬਲ, ਅਹਿਮਦ ਸ਼ਾਹ ਅਰ ਗੁਰਦਾਸ ਦੀਆਂ ਹੀਰ ਦੀਆਂ ਪੁਸਤਕਾਂ ਨੂੰ ਪੜ੍ਹ ਕੇ ਅਰ ਓਹਨਾਂ ਵਿਚੋਂ ਕੁਝ ਵਾਕਿਆਤ ਲੈ ਕੇ ਆਪਣੀ ਕਿਤਾਬ ਹੀਰ ਹਾਮਦ ਲਿਖੀ।

ਫਰਮਾਂਦੇ ਹਨ :–

ਚਾਵਲ ਆਪਨੇ ਮੰਗ ਕੇ ਮੁਕਬਲੇ ਤੋਂ, ਲੂਨ ਆਹਮਦੇ ਦਾ ਵਿਚ ਪਾਵਸਾਂ ਮੈਂ।
ਘਿਓ ਹੱਟ ਗੁਰਦਾਸ ਦਾ ਵਿਚ ਪਾਵਾਂ, ਖਿਚੜੀ ਜੋੜ ਕੇ ਦੇਸ ਰਿਝਾਵਸਾਂ ਮੈਂ।

Digitized by Panjab Digital Library | www.panjabdigilib.org

# ਮੌਲਵੀ ਗੁਲਾਮ ਮੁਸਤਫ਼ਾ

ਉਪਨਾਮ ਮੁਸਤਫਾ। ਆਪ ਦਾ ਜਨਮ ੧੭੫੧ ਈ: ਵਿਚ ਚਕ ਕਾਜ਼ੀਆਂ ਜ਼ਿਲਾ ਗੁਰਦਾਸਪੁਰ ਵਿੱਚ ਹੋਇਆ।

ਬਾਲ ਅਵਸਥਾ ਵਿੱਚ ਹੀ ਆਪ ਯਤੀਮ ਹੋ ਗਏ ਇਸ ਲਈ ਵਿਦਿਆ ਪ੍ਰਾਪਤ ਨਾ ਕਰ ਸਕੇ। ਉਸ ਸਮੇਂ ਪੜ੍ਹੇ ਲਿ ਲੋਕ ਸ਼ਹਿਰਾਂ ਵਿਚ ਵਿਰਲੇ ਅਤੇ ਪਿੰਡਾਂ ਵਿਚ ਬਹੁਤ ਘਟ ਸਨ। ਆਪ ਪਾਸ ਸਰਮਾਇਆ ਨਹੀਂ ਸੀ ਕਿ ਆਪ ਖਰਚ ਕਰ ਕੇ ਕਿਧਰੇ ਵਿਦਿਆ ਪ੍ਰਾਪਤੀ ਲਈ ਜਾ ਸਕਦੇ।

ਆਪ ਦੇ ਪਿਤਾ ਚਕ ਕਾਜ਼ੀਆਂ ਨੂੰ ਛਡ ਕੇ ਕੋਟਲੀ ਲੋਹਾਰਾਂ ਜ਼ਿਲਾ ਸਿਆਲ ਕੋਟ ਵਿੱਚ ਆ ਚੁਕੇ ਸਨ ਅਤੇ ਨਾਂ ਦਾ ਚਲਾਣਾ ਭੀ ਏਥੇ ਹੀ ਹੋਇਆ। ਆਪ ਜਵਾਨ ਹੋਏ। ਇਕ ਵਾਰੀ ਦੀ ਗਲ ਹੈ ਕਿ ਆਪ ਜ਼ਿੰਦਗੀ ਦੀਆਂ ਮੁਸ਼ਕਲਾਂ ਪਾਸੋਂ ਤੰਗ ਆ ਕੇ ਆਤਮਘਾਤ ਲਈ ਇਕ ਨਾਲੇ ਤੇ ਗਏ। ਆਪ ਇਹ ਕੰਮ ਕਰਨ ਹੀ ਵਾਲੇ ਸਨ ਕਿ ਆਪ ਨੂੰ ਚਿਟੀ ਦਾੜ੍ਹੀ ਵਾਲੇ ਇਕ ਬਜ਼ੁਰਗ ਨਜ਼ਰੀਂ ਪਏ, ਜਿਨ੍ਹਾਂ ਨੇ ਆਪ ਨੂੰ ਤਸੱਲੀ ਦਿਤੀ ਅਤੇ ਆਖਿਆ ਕਿ ਤਸੱਵਫ਼ ਅਤੇ ਤਰੀਕਤ ਦੀ ਵਿਦਿਆ ਤੇਰੇ ਹਿਸੇ ਆਈ ਹੈ,ਇਸ ਲਈ ਮਾਯੂਸ ਨਾ ਹੋ। ਇਹ ਸੁਣ ਕੇ ਆਪ ਨੂੰ ਹੌਸਲਾ ਹੋ ਗਿਆ। ਆਪ ਵਾਪਸ ਪਰਤ ਆਏ ਅਤੇ ਖੁਦਬਖੁਦ ਪੜ੍ਹਨਾ ਸ਼ੁਰੂ ਕਰ ਦਿਤਾ। ਕੁਰਆਨ ਸ਼ਰੀਫ਼ ਆਪ ਪਹਿਲਾਂ ਹੀ ਪੜ੍ਹ ਚੁਕੇ ਸਨ ਇਸ ਲਈ ਅਰਬੀ ਫਾਰਸੀ ਬਹੁਤ ਛੇਤੀ ਪੜ੍ਹਨ ਲਗੇ।

ਹੁਣ ਆਪ ਦੀ ਬੋਲੀ ਬਹੁਤ ਰਵਾਂ ਹੋ ਗਈ ਇਸ ਲਈ ਔਖੇ ਮਸਲੇ ਛੇਤੀ ਹਲ ਹੋਣ ਲਗ ਪਏ। ਵਿਦਿਆ ਪ੍ਰਾਪਤੀ ਪਿਛੋਂ ਆਪ ਦਾ ਧਿਆਨ ਕਵੀਸ਼ਰੀ ਵਲ ਹੋਇਆ ਅਤੇ ਆਪ ਨੇ ਸੀ-ਹਰਫ਼ੀਆਂ, ਅਬੀਆਤ ਨਿਕੇ ਨਿਕੇ ਰਸਾਲੇ ਅਤੇ ਜੰਗ ਨਾਮਾ ਅਮਾਮ ਹਕ ਲਿਖਿਆ। ਇਨ੍ਹਾਂ ਵਿਚੋਂ ਜੰਗ ਨਾਮਾ ਛਪਿਆ ਹੋਇਆ ਹੈ।

ਆਪ ਬੜੇ ਨੇਕ, ਦੀਨਦਾਰ ਅਤੇ ਬਜ਼ੁਰਗ ਸਨ। ਅੰਤ ੧੨੦ ਸਾਲ ਦੀ ਉਮਰ ਭੋਗ ਕੇ ਲਗ ਪਗ ੧੮੭੦ ਈ: ਵਿੱਚ ਕੂਚ ਕਰ ਗਏ। ਆਪ ਦੇ ਪੋਤਰੇ ਮੌਲਵੀ ਸ਼ਾਹ ਦੀਨ ਵਸਨੀਕ ਰੰਗਪੁਰ ਵੀ ਚੰਗੇ ਕਵੀ ਹਨ। ਜੰਗ ਨਾਮਾ ਅਮਾਮ ਹਕ ਨੂੰ ਇਉਂ ਅਰੰਭ ਕਰਦੇ ਹਨ:—

ਇਕ ਬੁਢਾ ਮਰਦ ਜ਼ਈਫ਼, ਸੀ ਸੂਰਤ ਖਿਜ਼ਰ ਪਛਾਣ।
ਆਸਾ ਨੇਕੋ ਕਾਰ ਉਹ, ਸਾਹਿਬ ਖੌਫ਼ ਈਮਾਨ।
ਅਗੇ ਸ਼ੇਖ ਸਲੀਮ ਦੇ, ਲਗਾ ਕਰਨ ਕਲਾਮ।
ਹਜ਼ਰਤ ਅਲੀਅਲਹਕ ਦਾ, ਸਾਰਾ ਜ਼ਿਕਰ ਤਮਾਮ।
ਪਹਿਲੇ ਉਮਰੇ ਨਾਲ ਮੈਂ, ਵਿੱਚ ਬਲੂਗਤ ਹਾਲ।
ਵਿੱਚ ਲੜਾਈ ਜੰਗ ਦੇ, ਆਹਾ ਹਜ਼ਰਤ ਨਾਲ।
ਹਜ਼ਰਤ ਅਲੀ ਅਲਹੱਕ ਨਾਲ, ਵਰਤੀ ਜੋ ਕੁਝ ਆ।
ਜ਼ਿਕਰ ਉਨ੍ਹਾਂ ਦੇ ਜੰਗ ਦਾ, ਸਾਰਾ ਦਿਆਂ ਸੁਣਾ।

Digitized by Panjab Digital Library | www.panjabdigilib.org

ਅੰਦਰ ਮੁਲਕ ਪੰਜਾਬ ਦੇ, ਰਾਜਾ ਸੀ ਇਕ ਜਾਨ।
ਸਾਹਨ ਪਾਲ ਸੀ ਓਸਦਾ, ਆਹਾ ਨਾਮ ਪਛਾਣ।
ਰਾਜੇ ਜੇਹੜੇ ਹਿੰਦ ਦੇ, ਸਭਨਾਂ ਦਾ ਸਰਦਾਰ।
ਰਖਦਾ ਲਸ਼ਕਰ ਬਹੁਤ ਸੀ, ਗਿਰਦੇ ਲਖ ਹਜ਼ਾਰ।
ਕੌਮ ਰਾਜੇ ਪਨਵਾਰ ਦੇ, ਰਹਿੰਦੇ ਆਸੇ ਜਾਨ।
ਉਸ ਦੀ ਨਸਲੋਂ ਜਾਨ ਤੂੰ, ਰਾਜਾ ਇਹ ਪਛਾਨ।
... ... ...
ਖਲਕਤ ਉਸ ਦੇ ਜ਼ੁਲਮ ਥੀਂ, ਪਾਵੇ ਨਾ ਆਰਾਮ।

ਇਸ ਤੋਂ ਪਿਛੋਂ ਕਿੱਸਾ, ਬਿਆਨ ਕੀਤਾ ਹੈ।

# ਹਾਸ਼ਮ ਸ਼ਾਹ

ਆਪ ਦੇ ਪਿਤਾ ਦਾ ਨਾਂ ਹਾਜ਼ੀ ਮੁਹੰਮਦ ਸ਼ਰੀਫ਼ ਮਹਸੂਮ ਸ਼ਾਹ ਅਤੇ ਦਾਦੇ ਦਾ ਨਾਂ ਹਾਜੀ ਮਹਸੂਮ ਸ਼ਾਹ ਤੇ ਪੜਦਾਦੇ ਦਾ ਨਾਂ ਗੋਦੜ ਸ਼ਾਹ ਸੀ। ਆਪ ਦਾ ਪੇਸ਼ਾ ਤਰਖਾਣਾਂ ਅਤੇ ਕੌਮ ਕੁਰੈਸ਼ੀ ਸੀ। ਆਪ ਦਾ ਜਨਮ ੧੧੬੬ ਹਿ: ਵਿੱਚ ਜਗਦੇਉ ਕਲਾਂ, ਮੁਤਸਿਲ ਰਾਜਾਸਾਂਸੀ ਜ਼ਿਲਾਂ ਅੰਮ੍ਰਿਤਸਰ ਵਿਚ ਹੋਇਆ। ਆਪ ਦੇ ਪਿਤਾ ਹਾਜੀ ਮੁਹੰਮਦ ਸ਼ਰੀਫ਼ ਬੜੇ ਨੇਕ ਅਤੇ ਸੂਫ਼ੀ ਬਜ਼ੁਰਗ ਸਨ। ਆਪ ਨੇ ਆਪਣੀ ਜ਼ਿੰਦਗੀ ਵਿਚ ੪੦ ਵਾਰੀ ਮਕੇ ਦੀ ਯਾਤ੍ਰਾ ਕੀਤੀ ਅਤੇ ਆਪ ਦੀ ਮਾਤਾ ਨੇ ਭੀ ਬਹੁਤ ਵਾਰੀ ਹਜ ਕੀਤੇ।

1752-1845 / 92-94?

ਹਾਜੀ ਸਾਹਿਬ ਪੀਰ ਬਖਤ ਜਮਾਲ (ਇਲਾਕਾ ਅੰਮ੍ਰਿਤਸਰ) ਦੇ ਚੇਲੇ ਸਨ ਅਤੇ ਪੀਰੀ ਮੁਰੀਦੀ ਤੋਂ ਛੁਟ ਹਕੀਮੀ ਕਰ ਕੇ ਭੀ ਲੋਕਾਂ ਦੀ ਸੇਵਾ ਕੀਤਾ ਕਰਦੇ ਸਨ। ਆਪ ਚਾਲੀ ਸਾਲ ਮਦੀਨਾਂ ਮਨਵੱਰਾ ਵਿਚ ਝਾੜੂ ਦੇਣ ਦੀ ਸੇਵਾ ਕਰਦੇ ਰਹੇ।

ਹਾਸ਼ਮ ਸ਼ਾਹ ਜਦ ਜਵਾਨ ਹੋਏ ਤਾਂ ਉਨ੍ਹਾਂ ਨੇ ਤਰਖਾਣਾ ਪੇਸ਼ਾ ਧਾਰਨ ਕਰ ਲਿਆ ਅਤੇ ਏਥੋਂ ਹੀ ਰੋਟੀ ਕਮਾ ਕੇ ਖਾਂਦੇ ਰਹੇ; ਪਰ ਜਦ ਮਹਾਰਾਜਾ ਰਣਜੀਤ ਸਿੰਘ ਦੇ ਦਰਬਾਰ ਤਕ ਪਹੁੰਚ ਹੋ ਗਈ ਤਾਂ ਇਸ ਕੰਮ ਨੂੰ ਛਡ ਕੇ ਪੱਕੀ ਤਰ੍ਹਾਂ ਉਥੇ ਹੀ ਰਹਿਣ ਲਗ ਪਏ।

ਹਾਸ਼ਮ ਸ਼ਾਹ ਦੀ ਉਮਰ ੧੪-੧੫ ਸਾਲ ਦੀ ਸੀ ਜਦੋਂ ਆਪ ਦੇ ਪਿਤਾ ਦੇ ਚਲਾਣੇ ਦਾ ਸਮਾਂ ਨੇੜੇ ਆ ਗਿਆ। ਉਸ ਵੇਲੇ ਇਕ ਨੌਕਰ ਨੇ ਹਾਜੀ ਸਾਹਿਬ ਅਗੇ ਬੇਨਤੀ ਕੀਤੀ ਕਿ ਯਾ ਹਜ਼ਰਤ! ਹਾਸ਼ਮ ਦਾ ਭੀ ਕੁਝ ਖਿਆਲ ਕਰਨਾ ਚਾਹੀਏ। ਉਸ ਵੇਲੇ ਆਪ ਬੀਮਾਰੀ ਦੇ ਬਿਸਤਰ ਤੇ ਪਏ ਈਸਬਗੋਲ ਦੀ ਪੋਟਲੀ ਚੂਸ ਰਹੇ ਸਨ। ਆਪ ਨੇ ਹਾਸ਼ਮ ਸ਼ਾਹ ਨੂੰ ਕੋਲ ਬੁਲਾਇਆ ਅਤੇ ਉਹ ਪੋਟਲੀ ਆਪਣੇ ਮੂੰਹ ਚੋਂ ਕਢ ਕੇ ਹਾਸ਼ਮ ਨੂੰ ਦੇ ਦਿਤੀ ਅਤੇ ਆਖਿਆ ਇਸ ਨੂੰ ਚੂਸ। ਰਬ ਜਾਣੇ ਇਸ ਪੋਟਲੀ ਵਿੱਚ ਕੀ ਗੁਪਤ ਜਾਦੂ ਭਰਿਆ ਅਸਰ ਸੀ, ਜਿਸ ਨੂੰ ਚੂਸਦਿਆਂ ਹੀ ਹਾਸ਼ਮ ਦਾ ਜ਼ਿਹਨ ਖੁਲ੍ਹ ਗਿਆ ਅਤੇ ਆਪ ਕਿਸੇ ਦੂਜੇ ਰੰਗ ਵਿਚ ਚਲੇ ਗਏ। ਫਿਰ ਆਪ ਜਿਸ ਪੁਸਤਕ ਨੂੰ ਪੜ੍ਹਨਾ

Digitized by Panjab Digital Library | www.panjabdigilib.org

ਚਾਹੁੰਦੇ, ਹਾਜੀ ਸਾਹਿਬ ਦੀ ਕਬਰ ਤੇ ਚਲੇ ਜਾਂਦੇ ਅਤੇ ਉਥੇ ਬੈਠ ਕੇ ਹੀ ਪੁਸਤਕ ਨੂੰ ਵਿਚਾਰਦੇ ਰਹਿੰਦੇ।

ਆਪ ਨੂੰ ਰਮਲ ਅਤੇ ਜੋਤਸ਼ ਵਿਦਿਆ ਦਾ ਬਹੁਤ ਸ਼ੌਕ ਸੀ, ਇਸ ਲਈ ਆਪ ਮੀਰ ਅਮੀਰੁੱਲਾ ਸਾਹਿਬ ਬਟਾਲਵੀ ਦੇ ਚੇਲੇ ਹੋਏ। ਉਸਤਾਦ ਦੀ ਸ਼ਾਨ ਵਿਚ ਲਿਖਦੇ ਹਨ:–

ਮੁਖ ਸੋ ਜੋ ਬਚਨ ਕਰਤ ਬਲ ਹੀ ਕੇ ਸਾਚ,
ਕਰਹਿ ਕੀ ਢਾਲ ਬਾਨ ਅਰਜਨ ਕੈਸੇ ਜਾਨੀਏ।
ਬੁਧ ਕੇ ਬਲਵਾਨ, ਹਨੂੰ ਜੈਸੇ ਸੰਗਰਾਮ ਬਲੀ,
ਬਰਮਚ ਹੋਣ ਸਮਾਨ ਰਮਲ ਬਿਦਿਆ ਮੇਂ ਮਾਨੀਏ।
ਮੁੰਦਰ ਜਨ ਕਾਮ ਦੇਵ ਸੁਪਰਤ ਸੋਂ ਦਯਾਵਾਨ,
ਧੰਨੇ ਸੇ ਭਗਤ ਲੋਕ ਨਿਸਚਾ ਕਰ ਠਾਨੀਏ।
ਤਰਵਰ ਹੈਂ ਕਲਪ ਮਾਨ ਸਰਵਰ ਹੈਂ ਗਨੇਸ਼ ਕੇ,
ਹਮਰੇ ਉਸਤਾਦ ਅਮੀਰ ਅੱਲਾ ਪਹਿਚਾਨੀਏ।

ਸ਼ਾਹ ਸਾਹਿਬ ਨੇ ਤਿੰਨ ਵਿਆਹ ਕੀਤੇ। ਇਕ ਰਮਦਾਸ, ਇਕ ਜੰਡਿਆਲਾ ਗੁਰੂ ਅਤੇ ਇਕ ਬ੍ਰਹਿਮਣ ਤੀਵੀਂ ਨਾਲ। ਗੁਰੂ ਕੇ ਜੰਡਿਆਲਾ ਵਿਚ ਇਕ ਲੋਹਾਰ ਤਰਖਾਣ ਪੇਸ਼ਾ ਦੇ ਬਜ਼ੁਰਗ ਸਨ, ਉਸ ਨੇ ਆਪ ਨੂੰ ਸਿਆਣਾ ਵੇਖ ਕੇ ਆਪਣੀ ਧੀ ਦੇ ਦਿਤੀ। ਰਮਦਾਸ ਦੇ ਬਜ਼ੁਰਗ ਇਨ੍ਹਾਂ ਦੇ ਸਹੁਰਿਆਂ ਵਿਚੋਂ ਸਨ। ਬ੍ਰਾਹਮਣ ਇਸਤ੍ਰੀ ਬਾਰੇ ਵਖੋ ਵਖ ਗੱਲਾਂ ਦਸੀਆਂ ਜਾਂਦੀਆਂ ਹਨ। ਇਕ ਇਉਂ ਹੈ–

ਹਾਸ਼ਮ ਦੀ ਆਵਾਜ਼ ਸੁਰੀਲੀ ਤੇ ਸਾੜ ਸੀ। ਆਪ ਬੜੀ ਮਿਠੀ ਆਵਾਜ਼ ਨਾਲ ਡਿਉਢਾਂ ਗਾਇਆ ਕਰਦੇ ਸਨ। ਇਕ ਬ੍ਰਹਿਮਣ ਤੀਵੀਂ ਸੁਣ ਕੇ ਆਸ਼ਕ ਹੋ ਗਈ। ਜਦ ਕਦੀ ਜਾਂ ਜਿਥੇ ਆਪ ਸ਼ੇਅਰ ਪੜ੍ਹਦੇ, ਇਹ ਜ਼ਰੂਰ ਪਹੁੰਚਦੀ ਅਤੇ ਬੇਖੁਦ ਹੋ ਜਾਂਦੀ। ਅੰਤ ਉਸ ਨੇ ਕਈ ਵਾਰੀ ਬੁਲਾ ਘਲਿਆ ਪਰ ਆਪ ਨਾ ਗਏ। ਅਖੀਰ ਉਸ ਨੇ ਖੁਲ੍ਹਮ ਖੁਲ੍ਹਾ ਸੁਨੇਹਾ ਘਲਿਆ ਪਰ ਆਪ ਨੇ ਸਾਫ਼ ਇਨਕਾਰ ਕਰ ਦਿਤਾ। ਹੌਲੀ ਹੌਲੀ ਇਹ ਮੁਆਮਲਾ ਮਹਾਰਾਜਾ ਰਣਜੀਤ ਸਿੰਘ ਪਾਸ ਪੁੱਜਾ। ਉਨ੍ਹਾਂ ਨੇ ਫੈਸਲਾ ਦਿਤਾ ਕਿ ਲੋਕ ਸ਼ਾਹ ਸਾਹਿਬ ਨੂੰ ਮੁਫ਼ਤ ਵਿਚ ਬਦਨਾਮ ਕਰ ਰਹੇ ਹਨ। ਤੀਵੀਂ ਮੁਸਲਮਾਨ ਹੋ ਗਈ ਅਤੇ ਉਸ ਨੇ ਸ਼ਰਈ ਨਿਯਮਾਂ ਅਨੁਸਾਰ ਸ਼ਾਹ ਸਾਹਿਬ ਨਾਲ ਨਕਾਹ ਕਰ ਲਿਆ।

ਦੂਜੀ ਕਹਾਣੀ ਇਉਂ ਹੈ, ਜੋ ਮੰਨਣ ਯੋਗ ਹੈ ਕਿ ਇਕ ਵਾਰੀ ਬ੍ਰਹਿਮਣ ਤੀਵੀਂ ਨੂੰ ਕੋਹੜ ਹੋ ਗਿਆ। ਉਸ ਦੇ ਵਾਰਸਾਂ ਨੇ ਘਰੋਂ ਕਢ ਦਿਤਾ। ਸ਼ਾਹ ਸਾਹਿਬ ਕਿਧਰੋਂ ਲੰਘ ਰਹੇ ਸਨ ਜੋ ਉਸ ਤੀਵੀਂ ਤੇ ਨਿਗਾਹ ਪਈ ਅਤੇ ਉਸ ਦਾ ਇਲਾਜ ਕੀਤਾ। ਰਬ ਦੀ ਕਿਰਪਾ ਨਾਲ ਉਹ ਰਾਜ਼ੀ ਹੋ ਗਈ। ਫੇਰ ਇਹ ਹੀ ਨਹੀਂ ਕਿ ਉਹ ਅਰੋਗ ਹੋ ਗਈ ਸਗੋਂ ਉਹ ਬੜੀ ਨਾਜ਼ਕ ਤੇ ਸੋਹਣੀ ਨਿਕਲ ਆਈ। ਬ੍ਰਾਹਮਣਾਂ ਨੂੰ ਜਦ ਇਸ ਗੱਲ ਦਾ ਪਤਾ ਲਗਾ ਤਾਂ ਉਹ ਵਾਪਸ ਲੈ ਜਾਣ ਲਈ ਆਏ ਪਰ ਉਸ ਨੇ ਸਾਫ਼ ਜਵਾਬ ਦੇ ਦਿਤਾ ਅਤੇ ਆਖਿਆ ਕਿ ਮੈਂ ਹੁਣ ਫਕੀਰ ਦੀ ਹੋ ਚੁਕੀ ਹਾਂ। ਤੀਵੀਂ ਨੇ ਉਨ੍ਹਾਂ ਦੇ ਸਾਹਮਣੇ ਹੀ ਸ਼ਾਹ ਸਾਹਿਬ ਦਾ ਲੋਟਾ ਚੁਕ ਕੇ ਪਾਣੀ ਪੀ ਲਿਆ। ਜਿਸ ਕਰ ਕੇ ਬ੍ਰਹਿਮਣ ਤ੍ਰਮਕ ਗਏ ਅਤੇ ਜਾ ਮਹਾਰਾਜਾ ਰਣਜੀਤ ਸਿੰਘ ਦੇ ਦਰਬਾਰ ਵਿਚ ਸ਼ਕਾਇਤ

Digitized by Panjab Digital Library | www.panjabdigilib.org

ਕੀਤੀ। ਮਹਾਰਾਜ ਨੇ ਆਪ ਨੂੰ ਬੁਲਾਣ ਲਈ ਸਿਪਾਹੀ ਘਲੇ। ਜਦ ਸਵਾਰ ਆਏ ਤਾਂ ਸ਼ਾਹ ਸਾਹਿਬ ਮਕਾਨ ਦੇ ਦਰਵਾਜ਼ੇ ਉਤੇ ਖੜੇ ਸਨ। ਸ਼ਾਹ ਸਾਹਿਬ ਦੇ ਪੁਛਣ ਉਤੇ ਉਨ੍ਹਾਂ ਦਸਿਆ ਕਿ ਅਸੀਂ ਹਾਸ਼ਮ ਨੂੰ ਫੜਨ ਲਈ ਆਏ ਹਾਂ। ਹਾਸ਼ਮ ਨੇ ਆਪਣੇ ਆਪ ਨੂੰ ਪੇਸ਼ ਕਰ ਦਿਤਾ ਅਤੇ ਉਹ ਨਾਲ ਲੈ ਗਏ। ਦੀਵਾਨਾਂ ਨੇ ਮਹਾਰਾਜਾ ਸਾਹਿਬ ਦੇ ਬਿਨਾਂ ਪੁਛੇ ਆਪ ਨੂੰ ਜੇਹਲ ਭੇਜ ਦਿਤਾ। ਬੰਦੀ ਖਾਨੇ ਦੇ ਇਸ ਸਮੇਂ ਵਿਚ ਆਪ ਨੇ ਆਪਣੇ ਪੀਰਾਂ ਦੇ ਪੀਰ ਦੀ ਯਾਦ ਵਿਚ ਸਤ ਸਿਫ਼ਤਾਂ ਹਿੰਦੀ ਤੇ ਪੰਜਾਬੀ ਵਿਚ ਲਿਖੀਆਂ। ਵੇਖੋ ਵਨਗੀ:-

ਤੁਮ ਬਖਸ਼ੋ ਫਕਰ ਫਕੀਰਾਂ ਨੂੰ, ਤੁਮ ਦਿਓ ਕਰਾਮਾਤ ਪੀਰਾਂ ਨੂੰ।
ਤੁਮ ਸ਼ਾਦ ਕਰੋ ਦਿਲਗੀਰਾਂ ਨੂੰ, ਤੁਮ ਕਰੋ ਖਲਾਸ ਅਸੀਰਾਂ ਨੂੰ।
ਯਾ ਹਜ਼ਰਤ ਗੌਸ-ਅਲ-ਆਜ਼ਮ ਜੀ

ਧਿਆਨ ਧਰੋ ਦੁਖ ਦੂਰ ਕਰੋ ਸਭ, ਤੋੜ ਉਤਾਰ ਜ਼ੰਜੀਰ ਅਸੀਰਾਂ।
ਔਗਣਹਾਰ ਕੀ ਸਾਰ ਲਓ, ਹੋਰ ਜਾਨ ਕੀ ਮਾਫ਼ ਕਰੋ ਤਕਸੀਰਾਂ।
ਤੇਰਾ ਬਲੀ ਫ਼ਰਜ਼ੰਦ ਅਲੀ ਸਰਦਾਰ, ਦੋ ਆਲਮ ਕੇ ਸਿਰ ਪੀਰਾਂ।
ਦਾਤ ਦਿਓ ਫਰਯਾਦ ਕਰੋ, ਕਿ ਹਾਸ਼ਮ ਸ਼ਾਹ ਕਹੇ ਯਾ ਮੀਰਾਂ।

ਤੁਮ ਫ਼ਰਸ਼ ਜ਼ਿਮੀਂ ਪਰ ਆਏ ਹੋ, ਦੁਖ ਦੂਰ ਕਰਨ ਦੁਖਿਆਰਾਂ ਦੇ।
ਤੁਮ ਬੰਦੀਵਾਨ ਛੁੜਾਓ ਜੀ, ਨਿਤ ਤੋੜ ਜ਼ੰਜੀਰ ਹਜ਼ਾਰਾਂ ਦੇ।
ਤੁਮ ਤਾਰਨਹਾਰ ਪਲੀਦਾਂ ਨੂੰ, ਹੁਣ ਭਾਗ ਭਲੇ ਬਦਕਾਰਾਂ ਦੇ।
ਫਰਯਾਦ ਸੁਣੋ ਇਸ ਹਾਸ਼ਮ ਦੀ, ਹਰ ਸਿਰ ਲਾਚਾਰ ਲਚਾਰਾਂ ਦੇ।

ਜਾਂ ਬਖ਼ਸ਼ ਬੰਦਾ ਪਰਵਰ, ਹਰ ਦੋ ਜਹਾਂ ਕੇ ਸਰਵਰ।
ਸਭ ਔਲੀਆ ਕੇ ਰਹਿਬਰ, ਯਾ ਦਸਤਗੀਰ ਮੀਰਾਂ ਮੁਸ਼ਕਲ ਕੁਸ਼ਾ ਅਸੀਰਾਂ।

ਇਕ ਰਾਤ ਮਹਾਰਾਜ ਨੇ ਖ਼ਾਬ ਵਿਚ ਵੇਖਿਆ ਕਿ ਇਕ ਬਜ਼ੁਰਗ ਨੇ ਸਾਰੇ ਕੈਦੀ ਆ ਕੇ ਛਡ ਦਿਤੇ ਹਨ। ਦਿਨ ਚੜ੍ਹਿਆ, ਪਤਾ ਕੀਤਾ ਤਾਂ ਸਾਰੇ ਕੈਦੀ ਰਿਹਾ ਸਨ। ਮਹਾਰਾਜਾ ਸਾਹਿਬ ਆਪ ਸ਼ਾਲਾਮਾਰ ਬਾਗ ਵਿਚ ਗਏ। ਹਾਸ਼ਮ ਉਸ ਵੇਲੇ ਉਥੇ ਹੀ ਸਨ। ਉਨ੍ਹਾਂ ਨੂੰ ਸਦ ਕੇ ਬੜੇ ਆਦਰ ਨਾਲ ਆਪਣੇ ਸਜੇ ਪਾਸੇ ਬਹਾਇਆ ਤਾਂ ਉਸ ਵੇਲੇ ਮਹਾਰਾਜ ਦੇ ਸਿਰ ਵਿਚ ਅੱਖ ਦੇ ਨੇੜੇ ਪੀੜ ਹੋ ਰਹੀ ਸੀ। ਬਥੇਰੇ ਸਿਆਣੇ ਸਿਆਣੇ ਵੈਦ ਤੇ ਹਕੀਮ ਇਲਾਜ ਲਈ ਆਏ ਪਰ ਆਰਾਮ ਨਾ ਆਇਆ। ਸ਼ਾਹ ਸਾਹਿਬ ਨੇ ਲਾਲ ਮਰਚਾਂ ਮੰਗਵਾ ਕੇ ਰਗੜੀਆਂ ਅਤੇ ਉਂਗਲੀ ਨਾਲ ਲੇਪ ਕਰ ਦਿਤਾ। ਜਿਥੋਂ ਜਿਥੇ ਉਂਗਲੀ ਫਿਰਦੀ ਗਈ, ਮਹਾਰਾਜ ਨੂੰ ਠੰਢ ਪੈਂਦੀ ਗਈ। ਮਹਾਰਾਜ਼ ਨੇ ਇਨਾਮ ਦੇਣਾ ਚਾਹਿਆ ਪਰ ਆਪ ਨੇ ਪਰਵਾਨ ਨਾ ਕੀਤਾ।

P. 121-122 ਹਾਸ਼ਮ ਦੀ ਦਰਬਾਰ ਵਿਚ ਪਹੁੰਚ ਦਾ ਇਕ ਵਾਕਿਆ ਇਉਂ ਦਸਿਆ ਜਾਂਦਾ ਹੈ ਕਿ ਜਦ ਮਹਾਰਾਜਾ ਸਾਹਿਬ ਦੇ ਪਿਤਾ ਸ: ਮਹਾਂ ਸਿੰਘ ਜੀ ਸੁਰਗਵਾਸ ਹੋਏ ਤਾਂ ਆਪ ਨੇ ਇਕ ਕਵਿਤਾ ਦਰਬਾਰ ਵਿਚ ਪੜ੍ਹੀ, ਜਿਸ ਕਰਕੇ ਆਪ ਦੀ ਚੰਗੀ ਜਾਣ ਪਛਾਣ ਹੋ ਗਈ। ਫਿਰ ਜਦ ਵੀ ਮਹਾਰਾਜਾ ਸਾਹਿਬ ਅੰਮ੍ਰਿਤਸਰ ਤਸ਼ਰੀਫ਼ ਲਿਆਂਦੇ ਤਾਂ ਆਪ ਦੇ ਸ਼ੇਹਰ ਸੁਣਿਆ ਕਰਦੇ ਸਨ। ਕਹਿੰਦੇ ਹਨ ਕਿ ਮਹਾਰਾਜਾ ਸਾਹਿਬ ਦੇ

Digitized by Panjab Digital Library | www.panjabdigilib.org

ਆਖਣ ਅਨੁਸਾਰ ਹੀ ਆਪ ਨੇ ਸਸੀ ਪੁੰਨੂੰ ਦਾ ਕਿੱਸਾ ਲਿਖਿਆ ਅਤੇ ਸਭ ਤੋਂ ਪਹਿਲਾਂ ਰਾਮ ਬਾਗ ਵਿੱਚ ਦੁਸਹਿਰੇ ਦੇ ਦਰਬਾਰ ਵਿੱਚ ਸੁਣਾਇਆ। ਮਹਾਰਾਜਾ ਸਾਹਿਬ ਨੇ ਇਸ ਨੂੰ ਬਹੁਤ ਪਸੰਦ ਕੀਤਾ ਅਤੇ ਬਹੁਤ ਸਾਰੇ ਇਨਾਮ ਤੋਂ ਛੁਟ ਕੁਝ ਸਾਲਾਨਾ ਰਕਮ ਭੀ ਉਨ੍ਹਾਂ ਦੇ ਨਾਂ ਲਾ ਦਿਤੀ। ਇਹੀ ਕਾਰਨ ਸੀ ਕਿ ਹਾਸ਼ਮ ਨੇ ਸੋਹਣੀ, ਹੀਰ, ਲੇਲੀ ਆਦਿ ਕਿੱਸੇ ਲਿਖੇ; ਪਰ ਸਸੀ ਨੂੰ ਕੋਈ ਨਹੀਂ ਪੁਜਦਾ।

ਆਪ ਨੇ ਮਹਾਰਾਜਾ ਸਾਹਿਬ ਨੂੰ ਇਹ ਡਿਉਢ ਗਾ ਕੇ ਸੁਣਾਈ, ਜਿਸ ਨੂੰ ਸੁਣ ਕੇ ਮਹਾਰਾਜਾ ਸਾਹਿਬ ਮਸਤੀ ਨਾਲ ਝੂਲਣ ਲਗ ਗਏ ਅਤੇ ਹਮੇਸ਼ਾਂ, ਆਪ ਪਾਸੋਂ ਇਹੀ ਡਿਉਢ ਸੁਣਿਆ ਕਰਦੇ ਸਨ:—

ਕਾਮਲ ਸ਼ੌਕ ਮਾਹੀ ਦਾ ਮੈਨੂੰ, ਨਿਤ ਰਹੇ ਜਿਗਰ ਵਿੱਚ ਵਸਦਾ ਲੂੰ ਲੂੰ ਧਸਦਾ।
ਰਾਂਝਣ ਬੇਪਰਵਾਹੀ ਕਰਦਾ, ਅਤੇ ਕੋਈ ਗੁਨਾਹ ਨ ਦਸਦਾ, ਉਠ ਉਠ ਨਸਦਾ।
ਜਿਉਂ ਜਿਉਂ ਹਾਲ ਸੁਣਾਵਾਂ ਰੋਵਾਂ, ਅਤੇ ਵੇਖ ਤਤੀ ਵਲ ਹਸਦਾ, ਜ਼ਰਾ ਨ ਖਸਦਾ।
ਹਾਸ਼ਮ ਕੰਮ ਨਹੀਂ ਹਰ ਕਸ ਦਾ, ਆਸ਼ਕ ਹੋਣ ਦਰਸ ਦਾ, ਬਿਹੂੰ ਰਸਦਾ।

ਦਰਬਾਰ ਵਲੋਂ ਆਪ ਦੀ ਹੋ ਰਹੀ ਸ਼ੋਭਾ ਵੇਖ ਕੇ ਲੋਕੀ ਖਿਝਦੇ ਸਨ ਪਰ:—

ਸੋਈ ਰਾਣੀ ਜੇਹੜੀ ਖਸਮੇ ਭਾਣੀ ਵਾਲਾ ਅਖਾਣ ਸਚਾ ਹੈ।

ਆਪ ਏਨੇ ਖੁਲ੍ਹੇ ਖਿਆਲ ਅਤੇ ਉਚੇ ਹੌਂਸਲੇ ਵਾਲੇ ਸਨ ਕਿ ਕਦੀ ਕਿਸੇ ਵਿਰੋਧੀ ਦੇ ਕੀਨੇ ਉਤੇ ਖਿਆਲ ਤਕ ਨਹੀਂ ਸਨ ਕਰਦੇ।

ਇਕ ਵਾਰੀ ਮਹਾਰਾਜਾ ਸਾਹਿਬ ਲਾਹੌਰ ਤੋਂ ਅੰਮ੍ਰਿਤਸਰ ਤਸ਼ਰੀਫ ਲਿਆਏ ਤਾਂ ਆਪ ਦੀ ਤਬੀਅਤ ਖਰਾਬ ਹੋ ਗਈ। ਕਈ ਇਲਾਜ ਕੀਤੇ ਗਏ ਪਰ ਕੋਈ ਫਾਇਦਾ ਨਾ ਹੋਇਆ। ਕਿਸੇ ਨੇ ਆਖਿਆ ਜੇ ਇਸ ਵੇਲੇ ਮਹਾਰਾਜ ਨੂੰ ਹਾਸ਼ਮ ਦੋਹੜੇ ਸੁਣਾਏ ਤਾਂ ਆਰਾਮ ਆ ਸਕਦਾ ਹੈ। ਬਸ ਉਸੇ ਵੇਲੇ ਇਕ ਉਚੇਚਾ ਸਵਾਰ ਘਲ ਕੇ ਹਾਸ਼ਮ ਨੂੰ ਜਗਦੇਆਂ ਤੋਂ ਬੁਲਾਇਆ ਗਿਆ। ਆਪ ਨੇ ਲੇਲੀ ਮਜਨੂੰ ਵਿਚੋਂ ਇਹ ਡਿਉਢ ਪੜ੍ਹੀ—

ਮਜਨੂੰ ਦਰਦ ਦੀਵਾਨਾ ਲੇਲੀ, ਮੈਂ ਗਿਰਦ ਦੁਖਾਂ ਦਾ ਘੇਰਾ ਤੇ ਕੈਦ ਚੁਫੇਰਾ।
ਲਿਖਿਆ ਲੇਖ ਇਹੋ ਕੁਝ ਮੇਰਾ, ਇਹ ਵਸ ਨਾਹੀਂ ਮੇਰਾ ਅਤੇ ਨ ਤੇਰਾ।
ਢੂੰਡਾਂ ਚਾਲ ਮਿਲਨ ਦੀ ਕੋਈ, ਅਤੇ ਲਾਵਾਂ ਜ਼ੋਰ ਬਥੇਰਾ ਮਿਲਨ ਉਖੇਰਾ।
ਹਾਸ਼ਮ ਰਾਤ ਪਈ ਸਿਰ ਮਜਨੂੰ, ਪਰ ਓੜਕ ਹੋਗ ਸਵੇਰਾ ਚਾਕ ਅੰਧੇਰਾ।

ਇਹ ਡਿਉਢ ਜਦ ਹਾਸ਼ਮ ਨੇ ਖਾਸ ਲੈ ਵਿਚ ਪੜ੍ਹੀ ਤਾਂ ਤਬੀਅਤ ਫਿਰ ਆਈ ਅਤੇ ਜੋਸ਼ ਵਿਚ ਆ ਕੇ ਬੋਲੇ, 'ਹਾਸ਼ਮ ਇਹ ਨਹੀਂ', ਇਕ ਵਾਰੀ ਉਹੋ ਹੀ ਡਿਉਢ ਮੁੜ ਕੇ ਸੁਣਾਓ ਜੋ ਪਿਛਲੇ ਸਾਲ ਸੁਣਾਈ ਸੀ।'—

ਕਾਮਲ ਸ਼ੌਕ ਮਾਹੀ ਦਾ ਮੈਨੂੰ......

ਹਾਸ਼ਮ ਨੇ ਉਹੋ ਹੀ ਡਿਉਢ ਪੜ੍ਹੀ। ਕਹਿੰਦੇ ਹਨ ਮਹਾਰਾਜ ਦੀ ਤਬੀਅਤ ਸੰਭਲ ਗਈ ਅਤੇ ਸਰੀਰ ਹੌਲਾ ਹੋ ਗਿਆ। ਫਿਰ ਹਾਸ਼ਮ ਨੇ ਸਸੀ ਵਿਚੋਂ ਕੁਝ ਹੋਰ

Digitized by Panjab Digital Library | www.panjabdigilib.org

ਹਿੱਸੇ ਸੁਣਾਏ। ਏਥੋਂ ਤਕ ਕਿ ਮਹਾਰਾਜ ਨੂੰ ਪੂਰਨ ਅਰਾਮ ਹੋ ਗਿਆ ਅਤੇ ਸ਼ਾਂਤੀ ਆ ਗਈ। ਪੂਰਨ ਅਰੋਗਤਾ ਹੋਣ ਕਰ ਕੇ ਉਨ੍ਹਾਂ ਨੇ ਹਾਸ਼ਮ ਨੂੰ ਇਨਾਮ ਆਦਿ ਦੇ ਕੇ ਵਿਦਾ ਕੀਤਾ।

ਹਾਸ਼ਮ ਨੂੰ ਨਸਵਾਰ ਚੜ੍ਹਾਣ ਦੀ ਬੜੀ ਵਾਦੀ ਸੀ। ਏਥੋਂ ਤਕ ਕਿ ਜਦ ਦਰਬਾਰ ਵਿਚ ਹੁੰਦੇ ਤਾਂ ਭੀ ਚੁਟਕੀਆਂ ਲੈਂਦੇ ਰਹਿੰਦੇ। ਹੋਰ ਲੋਕਾਂ ਨੂੰ ਆਪ ਦੀ ਇਹ ਆਦਤ ਚੰਗੀ ਨਹੀਂ ਲਗਦੀ ਸੀ। ਉਨ੍ਹਾਂ ਨੇ ਮਨ੍ਹਾਂ ਕਰਨਾ ਚਾਹਿਆ ਅਤੇ ਮਹਾਰਾਜ ਪਾਸ ਸਫਾਰਸ਼ ਕੀਤੀ। ਹਾਸ਼ਮ ਪਾਸੋਂ ਕੋਈ ਨਸਵਾਰ ਬਾਬਤ ਸ਼ੇਹਰ ਸੁਣਨਾ ਚਾਹੀਦਾ ਹੈ। ਮਹਾਰਾਜ ਦੇ ਆਖਣ ਉਤੇ ਆਪ ਨੇ ਇਉਂ ਹਿੰਦੀ ਸ਼ੇਅਰ ਆਖਿਆ -

ਦੀਪਕ ਪ੍ਰਕਾਸ਼ ਤਿਮਰ ਜੈਸੇ ਉਡ ਜਾਤ ਔਰ,
ਬਦਲ ਫਟ ਜਾਤ ਨਿਰਖ ਜੈਸੇ ਜਮ ਪਹਾੜ ਹੈ।
ਜੈਸੇ ਮੁਖੀ ਸਿੰਘ ਵੇਖ ਮਿਰਗਣ ਕੇ ਪ੍ਰਾਨ ਜਾਤ,
ਸ਼ਤਰੂ ਸਿੰਘਾਰਨ ਕੋ ਜੈਸੇ ਤਲਵਾਰ ਹੈ।
ਰਜਨੀ ਮਤ ਮੂਹੜ ਗਿਆਨ ਸੂਰਜ ਸੌਂ ਭਾਗ ਜਾਤ,
ਜੈਸੇ ਦੀਰਘ ਚੋਟ ਲਾਗ ਸੌਕਨ ਕੀ ਮਾਰ ਹੈ।
ਜਾਂ ਕੋ ਹੋ ਸੀਸ ਪੀਰ ਹਾਸ਼ਮ ਕੋ ਕਹਿਤ ਮਾਨ;
ਪਾਰਸ ਕੇ ਰੂਪ ਯੋ ਹਮਾਰੀ ਨਸਵਾਰ ਹੈ।

ਮਹਾਰਾਜਾ ਸਾਹਿਬ ਦੇ ਆਖਣ ਉਤੇ ਆਪ ਨੇ ਰਾਜਨੀਤੀ, ਪੰਜ ਗੰਜ਼ੀ, ਗਿਆਨ ਮਾਲਾ ਆਦਿ ਪੁਸਤਕਾਂ ਲਿਖ ਕੇ ਮਹਾਰਾਜ ਦੀ ਭੇਟ ਕੀਤੀਆਂ। ਮਹਾਰਾਜੇ ਨੇ ਆਪਣੇ ਗੰਜ਼ੀਆਂ ਨੂੰ ਕੁਝ ਸ਼ਬਦ ਅਤੇ ਸ਼ਲੋਕ ਪੜ੍ਹ ਕੇ ਅਰਥ ਕਰਨ ਲਈ ਆਖਿਆ। ਫਿਰ ਹਾਸ਼ਮ ਨੇ ਅਰਥ ਕੀਤੇ। ਮਹਾਰਾਜਾ ਸਾਹਿਬ ਸੁਣ ਕੇ ਬੜੇ ਖੁਸ਼ ਹੋਏ ਤੇ ਆਖਿਆ 'ਅਜਿਹੇ ਅਰਥ ਅਸਾਂ ਅਗੇ ਕਦੇ ਨਹੀਂ ਸੁਣੇ।' ਤੇ ਖੁਸ਼ ਹੋ ਕੇ ਆਪ ਨੂੰ ਇਕ ਪਿੰਡ ਬਰਪਾਲ ਅਤੇ ਉਨ੍ਹਾਂ ਦਾ ਆਪਣਾ ਵਤਨ ਜਗਦੇਉ ਕਲਾਂ ਵਿਚ ਜਾਗੀਰਾਂ ਦੇ ਦਿਤੀਆਂ। ਦੋਵੇਂ ਥਾਵਾਂ ਅ ਮੌਜੂਦ ਹਨ ਅਤੇ ਆਪ ਦੀ ਔਲਾਦ ਉਨ੍ਹਾਂ ਤੋਂ ਲਾਭ ਪ੍ਰਾਪਤ ਕਰ ਰਹੀ ਹੈ।

ਹਾਸ਼ਮ ਸ਼ਾਹ ਮਹਾਰਾਜ ਦੇ ਚਲਾਣੇ ਉਪਰੰਤ ਛੇ ਸਾਲ ਜੀਊਂਦੇ ਰਹੇ ਅਤੇ ਲਗ ਪਗ ੬੪ ਸਾਲ ਦੀ ਆਯੂ ਭੋਗ ਕੇ ਚਲਾਣਾ ਕਰ ਗਏ। ਆਪ ਨੇ ਹੇਠ ਲਿਖੀਆਂ ਪੁਸਤਕਾਂ ਲਿਖੀਆਂ ਹਨ।

ਸੋਹਣੀ ਮਹੀਂਵਾਲ, ਸਸੀ ਪੁੰਨੂੰ, ਹੀਰ ਰਾਂਝਾ, ਲੇਲੀ ਮਜਨੂੰ, ਸ਼ੀਰੀਂ ਫਰਹਾਦ ਦੀਵਾਨ ਹਾਸ਼ਮ, ਚਹਾਰ ਬਹਾਰ ਹਾਸ਼ਮ, ਤਿਬ ਹਾਸ਼ਮ, ਇਜਾਜ਼ ਹਾਸ਼ਮ, ਚਿੰਤਾ ਹਰ, ਜ਼ਬਦਾਤੁਰ ਰਮਲ, ਦੋਹੜੇ ਹਾਸ਼ਮ, ਸ਼ਲੋਕ ਹਾਸ਼ਮ, ਕਾਫੀਆਂ ਹਾਸ਼ਮ, ਟੀਕਾ ਪੰਜ ਗੰਜ਼ੀ, ਟੀਕਾ ਗਿਆਨ ਮਾਲਾ, ਰਾਜਨੀਤੀ ਆਦਿ।

ਆਪ ਪਿੰਗਲ ਤੋਂ ਚੰਗੇ ਜਾਣੂ ਸਨ। ਇਸ ਲਈ ਆਪ ਨੇ ਵਖ ਵਖ ਤੋਲਾਂ ਵਿਚ ਕਵਿਤਾਵਾਂ ਲਿਖੀਆਂ ਹਨ। ਜਿਸ ਵਿਚ ਬੰਦਸ਼ ਤੇ ਖੂਬੀਆਂ ਆਦਿ ਨੂੰ ਮੁਖ ਰਖਿਆ

Digitized by Panjab Digital Library | www.panjabdigilib.org

ਗਿਆ ਹੈ। ਆਪ ਦੀ ਕਵਿਤਾ ਵਿਚ ਖਿਆਲ ਦੀ ਉਡਾਰੀ, ਮਜ਼ਮੂਨ ਦੀ ਬੰਦਸ਼ ਚੰਗੀ ਨਿਭੀ ਹੋਈ ਹੈ।

ਆਪ ਦੇ ਪਿਤਾ ਹਾਜੀ ਮੁਹੰਮਦ ਸ਼ਰੀਫ ਸ਼ਾਹਿਬ ਦੀ ਖਾਨਗਾਹ ਜਗਦੇਉ ਕਲਾਂ ਵਿਚ ਅਤੇ ਆਪ ਦੀ ਬਰਪਾਲ ਮੁਤਸਿਲ ਰਈਆ ਵਿਚ ਹੈ। ਆਪ ਦੀ ਇਸਤਰੀ ਮਾਈ ਬਾਹਮਣੀ ਦੀ ਖਾਨਗਾਹ ਪਿੰਡ ਖਤਰਾਏ ਤਸੀਲ ਅਜਨਾਲਾ ਵਿਚ ਹੈ, ਜਿਨ੍ਹਾਂ ਦੀਆਂ ਬਣਵਾਈਆਂ ਹੋਈਆਂ ਮਸੀਤਾਂ ਤੇ ਖੂਹ ਬਹੁਤ ਮਿਲਦੇ ਹਨ।

ਹਾਸ਼ਮ ਦਾ ਉਰਸ ਹਰ ਸਾਲ ਜੇਠ ਦੇ ਮਹੀਨੇ ਹੁੰਦਾ ਹੈ। ਲੋਕ ਦੂਰੋਂ ੨ ਆਉਂਦੇ ਹਨ। ਆਪ ਦੀ ਉਲਾਦ ਵਿਚੋਂ ਜਗਦੇਉ ਕਲਾਂ ਵਿਚ ਆਪ ਦੇ ਪੜਪੋਤੇ ਮੌਲਵੀ ਗੁਲਾਮ ਕਾਦਰ ਸਾਹਿਬ ਅਤੇ ਬਰਪਾਲ ਵਿਚ ਆਪ ਦੇ ਪੜਪੋਤੇ ਆਲਮ ਸ਼ਾਹ ਅਤੇ ਖੁਰਸ਼ੀਦ ਸ਼ਾਹ ਹਨ।

ਰਾਜ ਨੀਤੀ ਦਾ ਇਕ ਬੰਦ ਇਉਂ ਹੈ:—

ਚਪਤ ਹੈ ਪ੍ਰਿਥਵੀ ਪਤ ਕੋ ਜਿਉ, ਰਾਤ ਦਿਨੇ ਪਲ ਭੌਂ ਨ ਭੁਲਾਵੇ।
ਬੈਠੀ ਅਧੀਨ ਹੋ ਆਨ ਮਿਲੇ, ਤਲ ਕੇ ਫਿਰ ਫੇਰ ਵਿਸਾਹ ਨ ਖਾਵੇ।
ਜਿਤਨੀ ਕਮਾਨ ਲਿਫੇ, ਉਤਨੀ ਅਟਕੇ ਤਹੀਂ ਮਾਰ ਗਵਾਵੇ।
ਔਰ ਭੀ ਰਾਜ ਕੀ ਰੀਤ ਹੈ ਹਾਸ਼ਮ, ਕਾਜ ਬਣੇ ਜਿਸ ਦਾਉ ਬਣਾਵੇ।

ਰਬ ਦੀ ਉਪਮਾ:—

ਅਲਖ ਅਦਿਸਟ ਉਂਕਾਰ ਆਦਿ ਔਰ ਅੰਤ ਨ ਜਾਪਤ।
ਭੁਖ, ਭਰਮ, ਭੈ, ਰੋਗ, ਸੋਗ ਤਹਿੰ ਕੋ ਨਹੀਂ ਵਿਆਪਤ।
ਛਿਨ ਚਕਰ ਚਿਤ ਚਾ, ਚੌਪਤ ਚਿੰਤਾ ਬਿਨ ਨਿਰਮਲ।
ਓਏ ਅਸਤ ਆਨੰਦ ਆਪ, ਪੂਰਨ ਭੈ ਭੌਜਲ ਬਲ।

ਸਵਈਆ ਕਾਮ ਧੇਨ:—

ਆਪਨ ਮਾਂਹ ਜੋ ਆਪ ਕੋ ਪਾਵਤ, ਤਾਈਂ ਨ ਦੂਖ ਨ ਜਮ ਕਾ ਸਾਸਾ।
ਪ੍ਰੇਮ ਦੁਖੀ ਮਨ ਗਿਆਨ ਜੁ ਤਾਵਤ, ਵਾਹੇ ਨ ਭੂਖ ਨ ਨੀਂਦ ਪਿਆਸਾ।
ਏਕ ਹੀ ਰੂਪ ਜਹਾਨ ਕੋ ਜਾਨਤ, ਮੋਹੇ ਤਿਆਗ ਦੁਐਤ ਨ ਮਾਸਾ।
ਹਾਸ਼ਮ ਆਪ ਹੀ ਆਪ ਕੋ ਮਾਨਤ, ਸਹਵੇ ਵੈਰਾਗ ਤਾਂ ਯਹੀ ਤਮਾਸ਼ਾ।

ਬੈਂਤ ਪਦਾਰਨ ਮਹੀਉਦੀਨ ਜਗਦੇਸ, ਮੇਰੋ ਸਭ ਕਾਰਜ ਕੀਜੋ।
ਦਾਸ ਤੇਰੋ ਦੁਖ ਪਾਵਤ ਹੈ, ਕਿਉਂ ਦੇਰ ਕਰੀ ਹਮਰੀ ਸੁਧ ਲੀਜੋ।
ਕੂਕਰ ਦੁਆਰ ਪੜਾ ਤੁਮਰੇ ਦਰ, ਲਾਜ ਰਖੋ ਜਗ ਮੇਂ ਜਸ ਦੀਜੋ।
ਬੀਜਤ ਮਾਂਗਤ ਹੈ ਹਰ ਕੋਈ, ਹਾਸ਼ਮ ਮਾਂਗਤ ਹੈ ਬਿਨ ਬੀਜੋ।

ਐ ਪ੍ਰਭੂ ਗੌਸਅਲ ਅਹਜ਼ਮ ਜੀ, ਨਿਰਮਾਇਨ ਕੀ ਪਤ ਰਾਖਨ ਹਾਰੋ।
ਭੂਪ ਬੜੇ ਨਰ ਕਾਫ਼ਰ ਤੇ, ਕਟੇ ਕੋਟ ਹੀ ਕੰਟਕ ਮਾਰ ਉਤਾਰੋ।
ਤੁਮਰੇ ਨਾਮ ਕੀ ਲਾਜਪੜੀ, ਗਲਮੇਂ ਲਖ ਨੀਚ ਗਵਾਰ ਜਹਾਂਨਿਸਤਾਰੋ।
ਏਕਸ ਹਾਸ਼ਮ ਕੇ ਰੁਪ ਕੀ, ਜੜ੍ਹ ਕਾਟ ਕੇ ਤਾਰੋ ਸਮੁੰਦਰ ਖਾਰੇ।

Digitized by Panjab Digital Library | www.panjabdigilib.org

ਪੰਜਾਬੀ ਕਵਿਤਾਵਾਂ ਦੀ ਵਨਗੀ–

ਰਾਂਝਣ ੨ ਕਰਦੀ ਨੀ ਮੈਂ, ਆਪੇ ਰਾਂਝਾ ਹੋਈ।
ਸਦੋ ਨੀ ਮੈਨੂੰ ਧੀਦੋ ਰਾਂਝਾ, ਹੀਰ ਨ ਆਖੋ ਕੋਈ।

ਰਖੀਂ ਲਾਜ ਤਲਖ ਨਾ ਹੋਵੀਂ, ਏਥੇ ਪੈਰ ਪਿਛਾਂ ਨਹੀਉਂ ਧਰਨਾ।
ਜ਼ੈਹਰ ਖੁਰਾਕ ਬਣਾਈ ਆਪੇ, ਅਤੇ ਮਰਨ ਕੋਲੋਂ ਕਿਉਂ ਡਰਨਾ।
ਚਮਕੀ ਚਿਖਾ ਇਸ਼ਕ ਦੀ ਪਿਆਰੇ, ਏਥੇ ਸਾਬਤ ਹੋ ਜਲ ਮਰਨਾ।
ਹਾਸ਼ਮ ਇਹ ਕਮਾਲ ਇਸ਼ਕ ਦਾ, ਜੋ ਸੀਸ ਅਗਾਹਾਂ ਧਰਨਾ।

ਤਨ ਦੀ ਚਿਖਾ ਬਣਾਏ ਦੀਪਕ, ਤਾਂ ਆਪ ਜਲਨ ਪਰਵਾਨੇ।
ਭਾਂਬੜ ਹੋਰ ਹਜ਼ਾਰਾਂ ਦਿਸਦੇ, ਪਰ ਉਸ ਪਤੰਗ ਦੀਵਾਨੇ।
ਅਪਣਾ ਆਪ ਬਣਾਵੇ ਕੋਲੇ, ਸ਼ੌ ਕਰੇ ਕਬਾਬ ਬਿਗਾਨੇ।
ਹਾਸ਼ਮ ਰਾਹ ਦਿਲਾਂ ਦਾ ਦਿਲ ਵਿਚ, ਹੋਰ ਜਾਦੂ ਸੇਹਰ ਬਹਾਨੇ।

ਕਹੀ ਪ੍ਰੇਮ ਜੜੀ ਸਿਰ ਪਾਈ, ਮੇਰਾ ਦਿਲ ਜਾਨੀ ਖਸ ਲੀਤਾ।
ਮਿਨਿਆਂ ਨੋਕ ਸੂਈ ਦੇ ਵਾਂਗੂੰ, ਮੇਰਾ ਦਿਲ ਸੋਹਣੇ ਨਾਲ ਸੀਤਾ।
ਮਾਏ ਭੂਤ ਬ੍ਰਿਹੁੰ ਦਾ ਮੈਨੂੰ, ਜਿਨ ਮਜਨੂੰ ਮਜਨੂੰ ਕੀਤਾ।
ਹਾਸ਼ਮ ਜੀਵਨ ਬਹੁਤ ਉਖੇਰਾ, ਜਿਨ ਜ਼ੈਹਰ ਪਿਆਲਾ ਪੀਤਾ।

ਕੋਈ ਮੋਲ ਨਹੀਂ ਬਿਨ ਪਾਰਖ, ਲਖ ਪਾਰਸ ਉਚ ਕਹਾਵੇ।
ਹੋਵੇ ਮੁਲ ਮਲੂਮ ਲੇਲੀ ਦਾ, ਪਰ ਜੇ ਮਜਨੂੰ ਮੁਲ ਪਾਵੇ।
ਕੀਮਤ ਕਦਰ ਸ਼ਨਾਸ ਗੁਲਾਂ ਦੀ, ਕੋਈ ਭੌਰੋਂ ਜਾ ਪੁਛਾਵੇ।
ਹਾਸ਼ਮ ਬਾਝ ਪਛਾਨਣ ਵਾਲੇ, ਕੋਈ ਕੀ ਗੁਣ ਕਢ ਵਿਖਾਵੇ।

ਇਹ ਦਿਲ ਖਵਾਰ ਕਰੇ ਨਿੱਤ ਮੈਨੂੰ, ਇਸ ਹੋਸ਼ ਗਵਾਇਆ ਮੇਰਾ।
ਜਿਉਂ ਦਰਯਾ ਹਮੇਸ਼ਾਂ ਢਾਵ੍ਹੇ, ਨਿਤ ਅਪਣਾ ਆਪ ਦੁਫੇਰਾ।
ਅਪਣੀ ਖਬਰ ਨਹੀਂ ਇਸ ਦਿਲ ਨੂੰ, ਜਿਉਂ ਦੀਪਕ ਮਗਰ ਅੰਧੇਰਾ।
ਹਾਸ਼ਮ ਯਾਰ ਮਿਲੇ ਤੁਧ ਆਖਾਂ, ਅਸਾਂ ਖ਼ੂਬ ਡਿਠਾ ਸੁਖ-ਤੇਰਾ।

ਗੁਲ ਤੇ ਖਾਰ ਪੈਦਾਇਸ਼ ਇਕ ਸੇ, ਏਸ ਬਾਗ ਚਮਨ ਦੇ ਦੋਵੇਂ।
ਇਕ ਸ਼ਬ ਉਮਰ ਗੁਲਾਂ ਦੀ ਓੜਕ, ਅਤੇ ਖਾਰ ਰਹੇ ਨਿਤ ਓਵੇਂ।
ਥੋੜਾ ਰਹਿਣ ਕਬੂਲ ਪਿਆਰੇ, ਪਰ ਤੂੰ ਖ਼ਾਰ ਨ ਹੋਵੀਂ।
ਹਾਸ਼ਮ ਆਣ ਮਿਲੀਂ ਗੁਲ ਹਸ ਕੇ, ਭਾਵੇਂ ਇਕ ਪਲ ਪਾਸ ਖਲੋਵੇਂ।

ਹਾਸ਼ਮ ਦੀ ਸਸੀ ਕੇਡੀ ਉਚੀ ਹੈ, ਇਹ ਤਾਂ ਪਾਠਕਾਂ ਨੂੰ ਪੜ੍ਹਨ ਨਾਲ ਹੀ ਪਤਾ ਲਗੇਗਾ; ਪਰ ਨਮੂਨੇ ਵਜੋਂ ਕੁਝ ਸ਼ੇਅਰ ਦੇਂਦੇ ਹਾਂ।

ਆਪ ਇਸ਼ਕ ਬਾਰੇ ਆਪਣਾ ਖਿਆਲ ਦਸਦੇ ਹਨ:—

ਹਾਸ਼ਮ ਇਸ਼ਕ ਸੁਖਾਲਾ ਨਾਹੀਂ, ਮਰ ਕੇ ਆਸ਼ਕ ਥੀਂਦੇ।
ਹਰ ਦਮ ਜਾਨ ਜਿਗਰ ਦਾ ਲੋਹੂ, ਚੁਲੀਆਂ ਭਰ ਭਰ ਪੀਂਦੇ।

ਥਲਾਂ ਦਾ ਦਰਦਨਾਕ ਨਕਸ਼ਾ ਇਉਂ ਖਿਚਦੇ ਹਨ:—

ਚਮਕੀ ਆਨ ਦੁਪਹਿਰਾਂ ਵੇਲੇ ਗਰਮੀ ੨ ਭਾਰੇ।
ਤਪਦੀ ਲੂ ਵਗੇ ਅਸਮਾਨੀਂ ਪੰਛੀ ਮਾਰ ਉਡਾਰੇ।

Digitized by Panjab Digital Library | www.panjabdigilib.org

ਆਤਸ਼ ਦਾ ਦਰਯਾ ਖਲੋਤਾ ਥਲ ਮਾਰੂ ਵਿਚ ਵਰੋ।
ਹਾਸ਼ਮ ਫੇਰ ਪਿਛਾਂ ਨ ਮੁੜਦੀ ਲੂੰ ਲੂੰ ਹੋਤ ਪੁਕਾਰ।
ਨਾਜ਼ਕ ਪੈਰ ਮਲੂਕ ਸੱਸੀ ਦੇ ਮਹਿੰਦੀ ਨਾਲ ਸਿੰਗਾਰੇ।
ਬਾਲੂ ਰੇਤ ਤਪੇ ਵਿਚ ਥਲ ਦੇ ਜਿਉਂ ਜੌ ਭੁੰਨਣ ਭਠਿਆਰੇ।
ਸੂਰਜ ਭਜ ਵੜਿਆ ਵਿਚ ਬਦਲੀਂ ਡਰਦਾ ਲਿਸ਼ਕ ਨ ਮਾਰੇ।
ਹਾਸ਼ਮ ਵੇਖ ਯਕੀਨ ਸਸੀ ਦਾ ਸਿਦਕੋਂ ਮੂਲ ਨ ਹਾਰੇ।

ਜਦ ਗਰਮੀ ਨਾਲ ਘਾਬਰੀ ਸਸੀ ਥਲਾਂ ਵਿਚ ਡਿਗਦੀ ਹੈ ਤਾਂ ਊਠਾਂ ਵਾਲਿਆਂ ਨੂੰ ਸਰਾਪ ਦੇਂਦੀ ਹੈ:—

ਸ਼ਾਲਾ ਰਹਿਣ ਕਿਆਮਤ ਤਾਈਂ ਨਾਲ ਸੂਲਾਂ ਦੇ ਲਟਕੇ।
ਹਾਸ਼ਮ ਮਰਨ ਕੁਮੌਤ ਬਦੇਸ਼ੀ ਲੂਣ ਵਾਂਗੂ ਖੁਰ ਖੁਰ ਕੇ।
ਓੜਕ ਵਕਤ ਕਹਿਰ ਦੀਆਂ ਕੂਕਾਂ ਸੁਣ ਪਥਰ ਢਲ ਜਾਵੇ।
ਜਿਸ ਡਾਚੀ ਮੇਰਾ ਪੁੰਨੂੰ ਖੜਿਆ ਸ਼ਾਲਾ ਦੋਜ਼ਕ ਦੇ ਵਲ ਜਾਵੇ।

ਪਰ ਫੇਰ ਸੋਚਦੀ ਹੈ:—

ਫਿਰ ਮੁੜ ਸਮਝ ਕਰੇ ਲਖ ਤੋਬਾ, ਮੈਥੋਂ ਬਹੁਤ ਬੇਅਦਬੀ ਹੋਈ।
ਜਿਸ ਪਰ ਯਾਰ ਕਰੇ ਅਸਵਾਰੀ, ਤਿਸ ਦੇ ਜੇਡ ਨ ਕੋਈ।
ਇਕ ਮੈਂ ਵਾਂਗ ਨਿਕਰਮਣ ਤਾਈਂ, ਕਿਤ ਵਲ ਮਿਲੇ ਨ ਢੋਈ।
ਹਾਸ਼ਮ ਕੌਂਤ ਮਿਲੇ ਹੁਣ ਜਿਸ ਨੂੰ, ਜਾਣ ਸੁਹਾਗਣ ਸੋਈ।

ਕਵੀ ਨੂੰ ਹਰ ਪਾਸੇ ਯਾਰ ਹੀ ਦਿਸਦਾ ਹੈ:—

ਦਿਲ ਤੂੰਹੀ, ਦਿਲਬਰ ਭੀ ਤੂੰਹੀ ਅਤੇ ਵੈਦ ਤੂਹੇਂ ਦੁਖ ਤੇਰਾ।
ਨੀਂਦਰ ਭੁਖ ਆਰਾਮ ਤੂੰਹੀ, ਤੂੰ ਅਤੇ ਤੈਂ ਬਿਨ ਜਗਤ ਅੰਧੇਰਾ।
ਨੈਣ ਪ੍ਰਾਣ ਹਯਾਤੀ ਤੂੰ ਏਂ, ਇਕ ਹਰਫ਼ ਨਹੀਂ ਵਿਚ ਮੇਰਾ।
ਹਾਸ਼ਮ ਸਾਂਝ ਤੁਸਾਡੇ ਦੰਮ ਦੀ, ਹੋਰ ਵਸਦਾ ਮੁਲਕ ਬਥੇਰਾ।

ਵਾ ਤੇ ਬਦਲ ਹਥ ਸੁਨੇਹਾ ਘਲਦੇ ਹਨ:—

ਵਗ ਵਾਏ ਪਰ ਸੁਆਰਥ ਭਰੀਏ, ਨੀਂ ਤੂੰ ਜਾਈਂ ਤਖਤ ਹਜ਼ਾਰੇ।
ਆਖੀਂ ਯਾਰ ਰਾਂਝਣ ਨੂੰ ਮਿਲ ਕੇ, ਅਸੀਂ ਕਿਉਂ ਮਨੋਂ ਵਿਸਾਰੇ।
ਮੇਘਲਿਆ ਵਸ ਭਾਗੀ ਭਰਿਆ, ਤੁਧ ਔਝੜ ਦੇਸ ਵਸਾਏ।
ਭਲਕੇ ਫੇਰ ਕਰੀਂ ਝੜ ਐਵੇਂ, ਮੇਰਾ ਪੀ ਪਰਦੇਸ ਨ ਜਾਏ।

ਵਾਰਸ ਸ਼ਾਹ ਅਤੇ ਹਾਸ਼ਮ ਸ਼ਾਹ ਭਾਵੇਂ ਇਕ ਵਕਤ ਵਿੱਚ ਨਹੀਂ ਤਾਂ ਭੀ ਵਾਰਸ ਸ਼ਾਹ ਇਕ ਸਮੇਂ ਦੇ ਆਦਿ ਵਿੱਚ ਅਤੇ ਹਾਸ਼ਮ ਸ਼ਾਹ ਇਸੇ ਸਮੇਂ ਦੇ ਅੰਤ ਵਿੱਚ ਹੋਏ ਹਨ। ਦੋਹਾਂ ਦੀ ਉਚ ਉਡਾਰੀ, ਮਜ਼ਮੂਨ ਬੰਦੀ, ਠੇਠ ਅਤੇ ਸਰਲ ਬੋਲੀ, ਰਵਾਨਗੀ, ਨਵੇਂ ਅਖਰਾਂ ਦੀ ਚੋਣ ਆਦਿ ਬਰਾਬਰ ਹੀ ਹਨ ਤਾਂ ਵੀ ਹਾਸ਼ਮ ਦਾ ਕਲਾਮ ਵਾਰਸ ਨਾਲੋਂ ਠੇਠ ਤੇ ਸਰਲ ਹੈ ਅਤੇ ਕਵਿਤਾ ਤੇ ਉਡਾਰੀਆਂ ਦੀ ਉਚਤਾਈ ਵਾਰਸ ਨਾਲੋਂ ਸੁੰਦਰ ਹੈ।

Digitized by Panjab Digital Library | www.panjabdigilib.org

# ਮੌਲਵੀ ਗੁਲਾਮ ਮਹੀਉਦੀਨ ਕਸੂਰੀ

ਯਾਰਵੀਂ ਸਦੀ ਹਿਜਰੀ ਵਿੱਚ ਹੋਏ। ਇਸ ਜ਼ਮਾਨੇ ਮੁਲਤਾਨ, ਲਾਹੌਰ, ਅਤੇ ਕਸੂਰ ਵਿੱਚ ਵਿਦਿਆ ਪ੍ਰਾਪਤ ਕਰਨ ਲਈ ਵਿਦਿਆਲੇ ਕਾਇਮ ਸਨ। ਵਿਦਿਆ ਦੇ ਸ਼ੌਕੀ ਦੂਰ ਦੂਰ ਤੋਂ ਆ ਆ ਕੇ ਵਿਦਿਆ ਪ੍ਰਾਪਤ ਕਰਦੇ ਸਨ। ਭਾਵੇਂ ਅਜ ਕਲ ਵਰਗੇ ਪ੍ਰੈਸ ਅਤੇ ਗਡੀਆਂ ਆਦਿ ਨਹੀਂ ਸਨ ਪਰ ਫੇਰ ਵੀ ਲੋਕੀ ਇਕ ਥਾਂ ਤੋਂ ਦੂਜੀ ਥਾਂ ਪੁਜ ਜਾਇਆ ਕਰਦੇ ਸਨ। ਹਥੀਂ ਲਿਖੀਆਂ ਪੁਸਤਕਾਂ ਭੀ ਮਿਲ ਸਕਦੀਆਂ ਸਨ ਜੋ ਵਿਦਿਆਰਥੀ ਪੌੜੀ ਪੌੜੀ ਚੜ੍ਹ ਕੇ ਵਿਦਿਆ ਪ੍ਰਾਪਤ ਕਰਦੇ ਸਨ, ਉਹ ਉਨ੍ਹਾਂ ਨੂੰ ਨਾਲ ਨਾਲ ਲਿਖ ਛਡਦੇ ਸਨ ਅਤੇ ਇਉਂ ਪੁਸਤਕ ਤਿਆਰ ਹੋ ਜਾਂਦੀ ਸੀ। ਕਸੂਰ ਦੀ ਪਾਠਸ਼ਾਲਾ ਵਿੱਚ ਹਜ਼ਰਤ ਮੌਲਾਨਾ ਮੁਫਤੀ ਮੌਲਵੀ ਗੁਲਾਮ ਮਹੀਉਦੀਨ ਕੁਰੈਸ਼ੀ ਨਕਸ਼ਬੰਦੀ ਅਤੇ ਹਜ਼ਰਤ ਗੁਲਾਮ ਮੁਰਤਜ਼ਾ ਸਾਹਿਬ ਕਾਦਰੀ ਨਕਸ਼ਬੰਦੀ ਉਘੇ ਵਿਦਵਾਨ ਸਨ। ਦੋਵੇਂ ਰਬ ਦੇ ਬੜੇ ਪਿਆਰੇ ਅਤੇ ਭਲੇ ਲੋਕ ਸਨ। ਹਜ਼ਰਤ ਬੁਲੇ ਸ਼ਾਹ ਅਤੇ ਵਾਰਸਸ਼ਾਹ ਨੂੰ ਭੀ ਏਥੋਂ ਹੀ ਵਿਦਿਆ ਪ੍ਰਾਪਤ ਹੋਈ, ਜਿਨ੍ਹਾਂ ਦੀ ਸ਼ੋਭਾ ਆਪਣੇ ਪੀਰਾਂ ਨਾਲੋਂ ਭੀ ਵਧ ਗਈ ਹੈ। ਮੌਲਵੀ ਗੁਲਾਮ ਮਹੀਉਦੀਨ ਕਸੂਰੀ ਦੀ ਲਿਖੀ ਹੋਈ ਇਕ ਪੁਸਤਕ ਜ਼ਾਦਇ ਲਹਾਜ਼ ਹੈ,ਜਿਸ ਤੋਂ ਪਤਾ ਲਗਦਾ ਹੈ ਕਿ ਆਪ ਪੰਜਾਬੀ ਤੇ ਫਾਰਸੀ ਦੇ ਚੰਗੇ ਕਵੀ ਸਨ। ਆਪ ਲਿਖਦੇ ਹਨ—

ਹਿਕ ਹਾਜੀ ਮਰਦ ਗੁਲਾਮ ਕਾਦਰ, ਰਹੇ ਭੈਣੀ ਦਾ ਵਸਨੀਕੀ।
ਦੋਸਤ ਕਦੀਮੀ ਤਬਹਿ ਕਰੀਮੀ, ਸਾਲਹਿ ਖੁਸ਼ ਵਸਨੀਕੀ।
ਇਸ ਆਸੀ ਨੂੰ ਬਹੁਤ ਤਾਕੀਦਾਂ, ਕਰਦੇ ਨਾਲ ਸ਼ਤਾਬੀ।
ਜ਼ਿਕਰ ਮੁਨਾਸਕ ਹਜ ਦਾ ਕਰ ਤੂੰ, ਵਿੱਚ ਜ਼ਬਾਨ ਪੰਜਾਬੀ।

ਇਸ ਰਿਸਾਲੇ ਵਿੱਚ ਆਪ ਨੇ ਹਜ ਦਾ ਵਰਨਨ ਕੀਤਾ ਹੈ।

ਸ਼ੁਕਰ ਖੁਦਾ ਦਾ ਪੂਰਾ ਹੋਇਆ, ਇਹ ਰਸਾਲਾ ਨੂਰੀ।
ਸੁਣ ਕੇ ਹਜ ਮੁਨਾਸਕ ਲਿਖੇ, ਕਦਰ ਕਲੀਲ ਜ਼ਰੂਰੀ।
ਯਾਰਾਂ ਸੈ ਸਤਾਠ ਮੁਕਰਰ, ਹਿਜਰੀ ਆਹਾ ਸਾਲ।
ਖਤਮ ਹੋਇਆ ਜਾਂ ਇਹ ਰਸਾਲਾ, ਫ਼ਜ਼ਲ ਖੁਦਾ ਦੇ ਨਾਲ।

ਪੁਸਤਕ ਦੇ ਅਖੀਰ ਵਿੱਚ ਆਪ ਨੇ ਦਸਿਆ ਹੈ—

ਪੀਰੇ ਮਨ ਹਸ਼ਤ ਸ਼ਾਹ ਗੁਲਾਮ ਅਲੀ, ਫੈਜ਼ ਬਖਸ਼ੇ ਜਹਾਂ ਖ਼ਫ਼ੀਓ ਜਲ।
ਸ਼ੁਕਰ ਹਕ ਯਾਫਤਮ ਜਮਾਲੇ ਓ, ਦਹਿਰਾਵਰ ਗਸ਼ਤਮ ਅਜ਼ ਕਮਾਲੇ ਓ।

ਆਪ ਦੇ ਜਨਮ ਅਤੇ ਚਲਾਣੇ ਦਾ ਕੁਝ ਪਤਾ ਨਹੀਂ ਲਗਦਾ ਪਰ ਏਸੇ ਪੁਸਤਕ ਵਿੱਚ ਮੌਲਵੀ ਫਜ਼ਲ ਹਕ ਨੇ ਇਉਂ ਲਿਖਿਆ ਹੈ—

ਵਤ ਹਜ਼ਰਤ ਮੁਰਤਜ਼ਾ ਹਾਫਜ਼ ਸਚਾ ਮੁਰਸ਼ਦ ਮੇਰਾ।
ਸੂਰਤ ਪਾਕ ਮੁਰੱਬੀ ਵਾਲਾ ਕੀਤਾ ਦਿਲ ਵਿੱਚ ਡੇਰਾ।
ਜ਼ਾਹਰ ਕਾਮਲ ਬਾਤਨ ਕਾਮਲ ਆਲਮ ਆਬਦ ਕਾਮਲ।
ਕੁਤਬ ਜ਼ਮਾਨੀ ਮੁਤਕੀ ਸਾਹਿਬ ਫਜ਼ਲ ਇਲਾਹੀ ਸ਼ਾਮਲ।

ਆਪ ੧੨੦੨ ਹਿਜਰੀ ਵਿੱਚ ਸਮਾ ਗਏ।

Digitized by Panjab Digital Library | www.panjabdigilib.org

# ਲਾ: ਸੁੰਦਰ ਦਾਸ X

ਉਪਨਾਮ ਆਰਾਮ। ਸ੍ਰ: ਕਰਮ ਸਿੰਘ ਹਿਸਟੋਰੀਅਨ ਨੇ ਆਪ ਦਾ ਨਾਂ ਸੀਤਾ ਰਾਮ ਲਿਖਿਆ ਹੈ ਅਤੇ ਦਸਿਆ ਹੈ ਕਿ ਆਪ ਮੀਰ ਮੰਨੂੰ ਦੇ ਸਮੇਂ ਹੋਏ।

ਆਪ ਫੌਜਦਾਰ ਦੇ ਮੁਨਸ਼ੀ ਹੋ ਕੇ ਝੰਗ ਗਏ ਅਤੇ ਉਥੇ ਕੁਝ ਚਿਰ ਰਹੇ। ਇਸ ਸਮੇਂ ਵਿੱਚ ਆਪ ਨੇ ਮਸ਼ਨਵੀ ਹੀਰ ਰਾਂਝਣ ਫ਼ਾਰਸੀ ਬੋਲੀ ਵਿੱਚ ਲਿਖਿਆ। ਆਪ ਫ਼ਾਰਸੀ ਦੇ ਭੀ ਚੰਗੇ ਉਸਤਾਦ ਹੋਣ ਤੋਂ ਛੁਟ ਪੰਜਾਬੀ ਦੇ ਭੀ ਚੋਟੀ ਦੇ ਕਵੀ ਸਨ। ਆਪ ਨੇ ਸਸੀ ਪੁੰਨੂੰ ਦਾ ਕਿੱਸਾ ਪੰਜਾਬੀ ਵਿੱਚ ਲਿਖਿਆ ਹੈ ਵੇਖੋ ਵਨਗੀ:-

ਆਖਣ ਐਸੀ ਹੁਸਨ ਦੀ ਸੂਰਤ, ਦੁਨੀਆਂ ਵਿੱਚ ਨਾ ਕਾਈ।
ਰਬ ਨੇ ਹੂਰ ਬਹਿਸ਼ਤ ਦੀ ਸਾਨੂੰ, ਕਰਕੇ ਲੁਤਫ਼ ਭਿਜਾਈ।
ਆਪ ਜੇ ਲੁਤਫ਼ ਕਰਮ ਤੇ ਆਵੇ, ਖਰਿਓਂ ਬੂੰਦ ਵਸਾਂਦਾ।
ਸੁੱਕੇ ਬਨ ਕਰ ਕਰ ਹਰਿਆਵਲ, ਮੇਵਾ ਨਾਲ ਲਗਾਂਦਾ।
ਲਹੂ ਨੂੰ ਉਹ ਚਾ ਦੁਧ ਕਰੇ, ਤੇ ਦੁਧੋਂ ਘਿਉ ਉਪਜਾਵੇ।
ਖਾਰੋਂ ਗੁਲ ਕਰਦਾ ਏ ਪੈਦਾ, ਪਥਰੋਂ ਲਾਲ ਬਣਾਵੇ।

ਹਥੀਂ ਜੇਹੜੀ ਗੰਢ ਖੁਲ੍ਹੇ ਤਿਸ ਦੰਦੀਂ, ਜ਼ੋਰ ਨ ਲਾਈਏ।
ਕਹਿਣ ਸਿਆਣੇ ਸੱਪ ਮਾਰੀਏ ਲਾਠੀ ਹਥ ਬਚਾਈਏ।
ਮਾਉਂ ਆਖੇ ਮੈਂ ਜਾਨ ਦੇਸਾਂ ਪਰ ਤੈਨੂੰ ਜਾਣ ਨ ਦੇਸਾਂ।
ਉੰਬਰ ਤੁੰਬਰ ਭਾਈ ਤੇਰੇ ਓਥੇ ਚਾ ਭਿਜੇਸਾਂ।
ਚਿਰ ਜੀਵੇਂ ਤੂੰ ਜਿੰਦ ਅਸਾਡੀ ਜਿੰਦ ਨੂੰ ਕੌਣ ਵਿਛੋੜੇ।
ਭੱਠ ਖਰਲ ਤੇ ਭੱਠ ਸੌਦਾਗਰ ਮਰਸਨ ਬਧੇ ਤੋੜੇ।

ਉਸ ਦਿਲਬਰ ਚਾ ਬਹਾਇਆ ਦਰ ਤੇ ਖੁਸ਼ੀ ਨਾਲ।
ਆਖਿਓ ਸੂ ਮਾਉਂ ਨੂੰ ਵਰ ਲੱਧਾ ਮੈਂ ਭਲਾ ਭਾਲ।
ਮਾਂ ਆਖੇ ਵਰ ਧੀਆਂ ਆਪ ਨ ਕਰਦੀਆਂ।
ਜਿਸ ਨੂੰ ਦੇਵਣ ਮਾਪੇ ਸਿਰ ਤੇ ਧਰਦੀਆਂ।

ਸਸੀ ਪੁਨੂੰ ਦਾ ਇਹ ੨੧ ਸਫਿਆਂ ਦਾ ਕਿੱਸਾ ਬੜੇ ਬਰੀਕ ਟਾਈਪ ਦਾ ਹੈ। ਇਉਂ ਖਤਮ ਕਰਦੇ ਹਨ:-

ਸਭ ਕਲਾਮ ਕਰ ਪੰਜ ਬਹਿਰ ਤਾਰੀਖ ਮਿਲਾਈ।
ਸਸੀ ਪੁਨੂ ਦੀ ਜੋਸ਼ ਇਸ਼ਕ ਪੰਜ ਨਦ ਵਹਾਈ।

ਇਸ ਸ਼ੇਅਰ ਤੋਂ ੧੧੭੨ ਹਿ: ਪਤਾ ਲਗਦਾ ਹੈ। ਇਸ ਪੁਸਤਕ ਦੇ ਪੰਜ ਕਾਂਡ ਹਨ, ਜਿਨ੍ਹਾਂ ਨੂੰ ਪੰਜ ਨਦੀਆਂ ਦਸਿਆ ਗਿਆ ਹੈ।

ਇਸੇ ਪੁਸਤਕ ਦੇ ਅੰਤ ਵਿਚ ਇਕ ਪੰਜਾਬੀ ਸੀਹਰਫੀ ਹੈ, ਜੋ ਬੜੀ ਸੁਆਦਲੀ ਹੈ।

Digitized by Panjab Digital Library | www.panjabdigilib.org

# ਮੌਲਵੀ ਅਹਿਮਦ ਯਾਰ

ਆਪ ਦਾ ਜਨਮ ੧੭੬੯ ਈ: ਵੱਚ ਮੁਗਾਲਾ ਜ਼ਿਲਾ ਗੁਜਰਾਤ ਵਿੱਚ ਹੋਇਆ। ਤਬੀਅਤ ਮੁਢ ਤੋਂ ਹੀ ਸ਼ਾਇਰਾਨਾ ਸੀ ਇਸ ਲਈ ਬਜਾਏ ਖਾਨਦਾਨੀ ਪੇਸ਼ਾ ਜ਼ਿਮੀਦਾਰੀ ਦੇ ਲਿਖਣ ਪੜ੍ਹਨ ਵਿਚ ਰੁਝ ਗਏ। ਇਸ ਸਮੇਂ ਉਨ੍ਹਾਂ ਦਾ ਪ੍ਰੇਮ ਇਕ ਕੁੜੀ ਰਾਣੀ ਨਾਲ ਹੋ ਗਿਆ। ਉਨ੍ਹਾਂ ਨੇ ਚਾਹਿਆ ਕਿ ਇਸ ਨਾਲ ਵਿਆਹ ਹੋ ਜਾਏ, ਪਰ ਉਸ ਦੇ ਮਾਪਿਆਂ ਨੇ ਮੁਖਾਲਫ਼ਤ ਕੀਤੀ। ਇਸ਼ਕ ਦੀ ਅੱਗ ਭੜਕ ਉਠੀ ਸੀ ਅਤੇ ਘਰ ਵਿਚ ਇਕ ਨਾਕਾਮ ਆਸ਼ਕ ਦੀ ਸ਼ਕਲ ਵਿੱਚ ਰਹਿਣਾ ਬਲਦੀ ਤੇ ਤੇਲ ਪਾਉਣ ਵਾਲੀ ਗੱਲ ਸੀ ਇਸ ਲਈ ਆਪ ਘਰ ਬਾਹਰ ਛੱਡ ਕੇ ਫਾਲੀਏ ਆ ਗਏ, ਜੋ ਹੁਣ ਭਾਵੇਂ ਆਬਾਦ ਤੇ ਹਰਿਆ ਭਰਿਆ ਹੈ ਪਰ ਉਸ ਸਮੇਂ ਕੇਵਲ ਇਕ ਬੇ ਆਬਾਦ ਜੰਗਲ ਸੀ। ਇਹ ਜਗ੍ਹਾ ਆਦਮੀਆਂ ਦੀ ਥਾਂ, ਪਸੂ, ਪੰਛੀਆਂ, ਜੰਡ, ਕਰੀਰਾਂ ਅਤੇ ਬੇਰਾਂ ਦੇ ਰੁੱਖਾਂ ਨਾਲ ਆਬਾਦ ਸੀ। ਆਪ ਨੇ ਅਪਾਣੇ ਕਿੱਸੇ ਤਿਤਰ ਵਿਚ ਕੇਵਲ ਇਸੇ ਦਿਲਫ਼ਰੇਬ ਫੋਟੋ ਨੂੰ ਖਿਚਿਆ ਹੈ। ਫਰਮਾਂਦੇ ਹਨ:-

ਪਾਣੀ ਸੂਹੀਂ ਵਗਦੀਆਂ ਪਏ ਲਹਿਰਾਂ ਦੇ ਸਰ,
ਘਾਹਾਂ ਉਪਰ ਤੇਲ ਦੇ ਮੋਤੀ ਤੁਲ੍ਹੇ ਤਰ।
ਕਰਨਾ ਫੁਲਿਆ ਕਿਓੜਾ ਵੇਲੀਂ ਸਦਾ ਗੁਲਾਬ,
ਫੁਲ ਕਿਓੜੇ ਥੀਂ ਚੋਣਵਾਂ ਮਿਸਰੀਓਂ ਮਿੱਠਾ ਆਬ।
ਭੁੱਲ ਸ਼ਿਗੂਫ਼ਾ ਫੁੱਲਿਆ ਸਾਵੇ ਆਈ ਡੌਂ,
ਕਣਕਾਂ ਤਦੋਂ ਘੁਲਾੜੀਆਂ ਆਭੂ ਆਏ ਜੌਂ।
ਹਰਮਲ, ਦੋਧਕ, ਅੰਗਰੀ, ਨੜ੍ਹੀ, ਖਵੀ, ਲੁਣਾਕ,
ਡੋਡੀਆਂ ਬਧੀਆਂ ਪਾਪੜੇ ਖਬਲ ਕਜੀ ਖਾਕ।
ਪੰਛੀ ਹਕ-ਸੁਬ੍ਹਾਨਹੂ ਹਰਜਾ ਜ਼ਿਕਰ ਕਰੇਨ,
ਆਂਡੜੇ ਦਿਤੇ ਤਿਲੀਅਰਾਂ ਭੌਰ ਘੁਕਾਰੇ ਲੈਨ।

ਮੌਲਵੀ ਅਹਿਮਦ ਯਾਰ ਦੀ ਇਲਮੀ ਸਫਲਤਾ ਰਬੀ ਲਿਆਕਤ ਅਤੇ ਜਜ਼ਬਾ ਇਸ਼ਕ ਉਤੇ ਇਸ ਇਲਾਕੇ ਦੇ ਪੌਣ ਪਾਣੀ ਨੇ ਚੰਗਾ ਅਸਰ ਕੀਤਾ ਅਤੇ ਸੱਯਦ ਵਾਰਸ ਸ਼ਾਹ ਦੇ ਕਥਨ ਅਨੁਸਾਰ:-

ਤਦੋਂ ਸ਼ੌਕ ਹੋਇਆ ਕਿੱਸਾ ਜੋੜਨੇ ਦਾ, ਜਦੋਂ ਇਸ਼ਕ ਦੀ ਗੱਲ ਇਜ਼ਹਾਰ ਹੋਈ।

ਆਪ ਨੇ ਪੁਰਾਣੇ ਆਸ਼ਕਾਂ ਦੀ ਦਾਸਤਾਨ ਨੂੰ ਕਵਿਤਾ ਵਿਚ ਵਰਨਣ ਕਰ ਦਿਤਾ। ਆਪ ਨੇ ਹੀਰ ਰਾਂਝਾ, ਸਸੀ ਪੁੰਨੂੰ, ਲੇਲੀ ਮਜਨੂੰ, ਸੋਹਣੀ ਮਹੀਂਵਾਲ, ਕਾਮ ਰੂਪ, ਯੂਸਫ਼ ਜ਼ੁਲੈਖਾਂ, ਕਾਮ ਲਤਾ, ਚੰਦਰ ਬਦਨ, ਰਾਜ ਬੀਬੀ, ਸੈਫ਼ਲ ਮਲੂਕ ਆਦਿ ਕਿੱਸੇ ਕਵਿਤਾ ਵਿਚ ਲਿਖੇ। ਇਨ੍ਹਾਂ ਹੁਸਨ-ਇਸ਼ਕ ਦੀਆਂ ਦਾਸਤਾਨਾਂ ਤੋਂ ਛੁਟ ਕਿੱਸਾ ਹਾਤਮ ਤੇ ਤਮੀਮ ਅਨੁਸਾਰੀ, ਕਿੱਸਾ ਤਿਤਰ, ਵਫ਼ਾਤ ਨਾਮਾ, ਜੰਗ ਅਹਿਮਦ, ਜੰਗ ਬਦਰ, ਤਿਬ

Digitized by Panjab Digital Library | www.panjabdigilib.org

ਅਹਿਮਦ ਯਾਰੀ ਆਦਿ ਆਪ ਦੀ ਲਿਖਤ ਪੁਸਤਕਾਂ ਹਨ। ਪੁਸਤਕਾਂ ਲਿਖਣ ਦੇ ਨਾਲ ਨਾਲ ਹੀ ਆਪ ਨੇ ਵਿਦਿਆ ਪ੍ਰਾਪਤੀ ਦਾ ਸਿਲਸਿਲਾ ਜਾਰੀ ਰਖਿਆ। ਕਿੱਸਾ ਹਾਤਮ ਨਾਮਾ ਵਿਚ ਆਪਣੀ ਬਾਬਤ ਲਿਖਦੇ ਹਨ:-

ਚੌਦਾਂ ਇਲਮ ਦਿਤੇ ਰਬ ਮੈਨੂੰ, ਚੌਦਾਂ ਖਤ ਮੈਂ ਲਿਖੇ।
ਉਸਤਾਦਾਂ ਥੀਂ ਮਿਨਤ ਕਰਕੇ, ਹਰਫ਼ ਸਚਾਵੇਂ ਸਿਖੇ।

ਕਿੱਸਾ ਹੀਰ ਰਾਂਝਾ ਬਾਬਤ ਰਵਾਇਤ ਹੈ ਕਿ ਇਸ ਪੁਸਤਕ ਦੇ ਲਿਖਣ ਤੋਂ ਪਹਿਲਾਂ ਉਨ੍ਹਾਂ ਨੇ ਝੰਗ ਆਦਿ ਦੀ ਸੈਰ ਕੀਤੀ ਅਤੇ ਟਿੱਲੇ ਤੇ ਜਾ ਕੇ ਸਾਰੇ ਹਾਲ ਅਤੇ ਜੋਗ ਪ੍ਰਾਪਤ ਕਰਨ ਦੇ ਤਰੀਕਿਆਂ ਤੋਂ ਵਾਕਫ਼ੀਅਤ ਹਾਸਲ ਕੀਤੀ। ਆਪ ਨੇ ਆਪਣੀਆਂ ਪੁਸਤਕਾਂ ਵਿਚ ਇਸ਼ਕੀਆ ਅਤੇ ਬਹੁਤੇ ਫ਼ੁਹਸ਼ ਸ਼ਬਦਾਂ ਨੂੰ ਬਹੁਤ ਘਟ ਵਰਤਿਆ ਹੈ। ਜੇ ਕਿਸੇ ਥਾਂ ਅਜੇਹਾ ਸਮਾਂ ਪੇਸ਼ ਆਇਆ ਭੀ ਹੈ ਤਾਂ ਉਸ ਨੂੰ ਢੰਗ ਨਾਲ ਵਰਨਣ ਕਰ ਦਿੱਤਾ ਹੈ। ਜਿਵੇਂ:-

ਸੂਹਾ ਕੁਰਤਾ ਲਹਿਰਾਂ ਮਾਰੇ ਬਿਜਲੀ ਜਿਵੇਂ ਸ਼ਫ਼ਕ ਵਿਚ।

ਆਪ ਨੇ ਨਿਕੀਆਂ ਵਡੀਆਂ ਲਗ ਪਗ ਚਾਲੀ ਪੰਜਾਹ ਪੁਸਤਕਾਂ ਲਿਖੀਆਂ ਹਨ। ਲਿਖਦੇ ਹਨ:-

ਮੈਂ ਕਿੱਸੇ ਲਿਖਦਿਆਂ ਵਰ੍ਹੇ ਪੰਜਾਹ ਸੱਠ ਅਪਣੀ ਉਮਰ ਲੰਘਾਈ।
ਤੇ ਉਸ ਕਿੱਸਿਆਂ ਵਿਚੋਂ ਇਹੋ ਇਕੋ ਹੀਰ ਬਣਾਈ।
ਜਿਤਨੇ ਕਿੱਸੇ ਅਤੇ ਕਤਾਬਾਂ ਉਮਰ ਸਾਰੀ ਮੈਂ ਜੋੜੇ।
ਗਿਣਨ ਲਗਾਂ ਤਾਂ ਯਾਦ ਨ ਆਵਣ ਜੋ ਦੱਸਾਂ ਸੋ ਥੋੜੇ।

ਆਪ ਦੀ ਸ਼ਾਇਰੀ ਦੀ ਇਹ ਹਾਲਤ ਸੀ ਕਿ ਬੋਲ ਚਾਲ ਅਤੇ ਚਿਠੀ ਪੱਤ੍ਰ ਵੀ ਸ਼ਿਅਰਾਂ ਵਿਚ ਹੀ ਕੀਤਾ ਕਰਦੇ।

੧੮੪੦ ਈ: ਵਿਚ ਜਦ ਆਪ ਆਸਮਾਨੀ ਸ਼ੁਹਰਤ ਉਤੇ ਸੂਰਜ ਵਾਂਗ ਚਮਕ ਰਹੇ ਸਨ ਅਤੇ ਬਾਵਜੂਦ ਇਸ ਦੇ ਕਿ ਆਪ ਦੀ ਉਮਰ ੬੦-੭੦ ਤੋਂ ਲੰਘ ਚੁਕੀ ਸੀ, ਆਪ ਦੀ ਮਸ਼ਹੂਰੀ ਅਤੇ ਕਵਿਤਾ ਤੋਂ ਖੁਸ਼ ਹੋ ਕੇ ਮਹਾਰਾਜਾ ਗੁਲਾਬ ਸਿੰਘ ਨੇ ਆਪ ਨੂੰ ਦਰਬਾਰ ਲਾਹੌਰ ਵਿਚ ਸਦਿਆ ਅਤੇ ਸਿੱਖਾਂ ਦਾ ਸ਼ਾਹਨਾਮਾ (ਤਾਰੀਖ ਖਾਲਸਾ) ਕਵਿਤਾ ਵਿਚ ਲਿਖਣ ਦੀ ਫਰਮਾਇਸ਼ ਪਾਈ। ਆਪ ਨੇ ਫਾਰਸੀ ਬੋਲੀ ਵਿਚ ਫਤੂਹਾਤ ਖਾਲਸਾ ਉਰਫ਼ ਸ਼ਾਹਨਚੀ ਨਾਮਾ ਪੁਸਤਕਾਂ ਲਿਖੀਆਂ ਜੋ ਮੌਲਵੀ ਮੁਹੰਮਦ ਲਤੀਫ਼ ਸਾਹਿਬ ਸਾਕਨ ਫ਼ਾਲੀਆ ਪਾਸ ਮੌਜੂਦ ਹਨ। ਇਹ ਪੁਸਤਕਾਂ ਹਾਲਾਤ ਦੀ ਤਬਦੀਲੀ ਕਾਰਨ ਜਾਂ ਲਿਖਾਰੀ ਦੀ ਮ੍ਰਿਤੂ ਕਾਰਨ ਦਰਬਾਰ ਵਿਚ ਪੇਸ਼ ਨ ਹੋ ਸਕੀਆਂ।

ਆਪ ਹੀਰ ਰਾਂਝਾ, ਯੂਸਫ਼ ਜ਼ੁਲੈਖਾਂ ਵਰਗੀ ਪੁਸਤਕ ਲਿਖਣ ਸਮੇਂ ਪੂਰੇ ਆਸ਼ਕ, ਹਾਤਮ ਨਾਮਾ, ਜੰਗ ਅਹਿਮਦ, ਜੰਗ ਬਦਰ ਆਦਿ ਲਿਖਣ ਸਮੇਂ ਪੂਰੇ ਇਤਿਹਾਸਕਾਰ, ਇਸਲਾਹੀ ਕਿੱਸਾ ਲਿਖਣ ਸਮੇਂ ਪੂਰੇ ਉਪਦੇਸ਼ਕ, ਅਤੇ ਹਕੀਮੀ ਦੀ ਪੁਸਤਕ ਲਿਖਣ ਸਮੇਂ ਪੱਕੇ ਅਤੇ ਤਜਰਬਾਕਾਰ ਹਕੀਮ ਜਾਪਦੇ ਹਨ।

Digitized by Panjab Digital Library | www.panjabdigilib.org

ਦੂਆ ਸਰਿਆਨੀ ਵਿਚੋਂ ਵਨਗੀ:—

ਇਨ੍ਹਾਂ ਸ਼ਿਅਰਾਂ ਨਾਲ ਪੱਕੇ ਮੁਸਲਮਾਨ ਜਾਪਦੇ ਹਨ:—

ਔਖੇ ਵੇਲੇ ਆਣ ਬੁਲਾਵੀਂ, ਪਰ ਚੇਤਾ ਜੇ ਭੁਲ ਨਾ ਜਾਵੀਂ।
ਤੈਨੂੰ ਤਾਂ ਮਦਦ ਮੈਂ ਕਰਸਾਂ ਔਗਣ ਤੇਰੇ ਬਖ਼ਸ਼ ਗੁਜ਼ਰਸਾਂ।
ਪਰ ਤੂੰ ਮੈਨੂੰ ਅਜੇ ਨ ਜਾਣੇਂ ਕੰਮ ਕਰੇਂ ਬਦਕਾਰੀ ਦਾ।

ਯੂਸਫ਼ ਜ਼ੁਲੈਖਾਂ ਵਿਚੋਂ ਪ੍ਰਸ਼ਨ:—

ਕਹੇ ਜ਼ੁਲੈਖਾਂ ਹੁਕਮ ਜੇ ਮੰਨੇ, ਰਬ ਤੇਰੇ ਨੂੰ ਮੰਨਸਾਂ।
ਤੇਰੇ ਵਾਂਗ ਇਬਾਦਤ ਕਰਸਾਂ, ਬੁਤ ਅਪਣਾ ਚਾ ਭੰਨਸਾਂ।

ਉੱਤਰ:—

ਉਹ ਦਿਲਾਂ ਦਾ ਮਾਲਕ ਮੌਲਾ; ਨਰਮ ਕਰੇ ਜੈਂ ਲੋੜੇ।
ਨਾਂ ਰਬ ਐਡ ਗੁਨਾਹ ਕਰਾਵੇ, ਨਾ ਬੁਤ ਭੰਨੇ ਤੋੜੇ।

ਲੈਲੀ ਮਜਨੂੰ ਵਿਚੋਂ:—

ਰਾਜਾ ਨਾ ਉਮੈਦ ਹੋ ਘਰ ਆਇਆ ਬਦ ਹਾਲ।
ਰਾਣੀ ਅਗੇ ਦਸੀਉਸ ਰੋ ਰੋ ਗਲ ਸੰਭਾਲ।
ਪਿਛਾ ਛਡ ਦੇ ਕੈਸ ਦਾ ਮਜਨੂੰ ਹੋਇਆ ਕਮਾਲ।
ਜੋ ਕੁਝ ਚਾਹੇ ਸੋ ਕਰੇ ਕਾਦਰ ਜ਼ੁਲ ਜਲਾਲ।

ਕਿੱਸਾ ਰਾਜ ਬੀਬੀ ਤੇ ਨਾਮਦਾਰ ਵਿਚੋਂ:—

ਆਸ਼ਕ ਰਲ ਕੇ ਰਾਜ ਬੀਬੀ ਨੂੰ ਵੇਖਣ ਆਏ ਸਾਰੇ।
ਪਹਿਲੋਂ ਮਤ ਜ਼ੁਲੈਖਾਂ ਦਿਤੀ ਸੁਣ ਕੁੜੀਏ ਮੁਟਿਆਰੇ।
ਨਿਹੁੰ ਲਾ ਕੇ ਕੀ ਸ਼ਰਮ ਕਿਸੇ ਦਾ ਲਜ ਪਾਲਣ ਕੁੜਿਆਰੇ।
ਅਹਿਮਦਯਾਰ ਨਕੰਮੀਆਂ ਲਾੜ੍ਹਾਂ ਬੈਠੀਆਂ ਮਹਿਲ ਚੁਬਾਰੇ।

ਪਹਿਲੋਂ ਯੂਸਫ਼ ਡਿੱਠਾ ਖ਼ਾਬੇ ਮਿਸਰੇ ਇਸ਼ਕ ਵਿਆਹੀ।
ਸਾਰੀ ਉਮਰ ਸਿਕਦਿਆਂ ਗੁਜ਼ਰੀ ਭਠ ਪਈ ਬਾਦਸ਼ਾਹੀ।
ਝੁੱਗੀ ਦੇ ਵਿਚ ਅੰਨ੍ਹੀ ਬੋਲੀ ਪੁਛਦੀ ਪਾਂਧੀ ਰਾਹੀ।
ਅਹਿਮਦਯਾਰ ਸੇਜੇ ਚੜ੍ਹ ਸੁਤੀਆਂ ਜਾਂਦਿਤੀਇਸ਼ਕਗਵਾਹੀ।

ਰਾਜ ਬੀਬੀ ਬਾਂਹ ਸਿਰ ਤੇ ਧਰ ਕੇਆਖਿਆ ਇਸ਼ਕ ਵਕੀਲਾ।
ਹੀਰ ਸੱਸੀ ਤੇ ਸਾਹਿਬਾਂ ਵਾਲਾ ਕੀਤੋ ਈ ਮੇਰਾ ਹੀਲਾ।
ਤੁਧ ਨ ਕੋਈ ਪਾਰ ਲੰਘਾਇਆ ਬਣ ਕੇ ਵਿਚ ਵਸੀਲਾ।
ਅਹਿਮਦ ਯਾਰ ਨ ਡਿੱਠਾ ਰੱਜ ਕੇ ਘਾਤੂ ਯਾਰ ਰੰਗੀਲਾ।

ਮਜਨੂੰ ਨਾਲ ਕੇਹੀ ਤੁਧ ਕੀਤੀ ਹੈਂ ਸਿਆਰਿਆ ਠੱਗਾ।
ਸਾਹਿਬਾਂ ਮਾਰ ਜੰਡੇ ਲਟਕਾਇਆ, ਯਾਦ ਨ ਤੈਨੂੰ ਅਗਾ।
ਰੁੜ੍ਹਦੇ ਫਰਹਾਦ ਸ਼ੀਰੀਂ ਨੂੰ, ਇਨ੍ਹਾਂ ਦਾ ਬੰਨੇ ਪੂਰ ਨ ਲਗਾ।
ਜਿਉਂ ਅਹਿਮਦ ਯਾਰ ਘਾਤੂ ਦੀ ਰਤੂ,ਭਰਿਉਈਮੇਰਾ ਝਗਾ।

Digitized by Panjab Digital Library | www.panjabdigilib.org

ਸੱਸੀ ਪੁੱਨੂੰ ਵਿਚੋਂ—

ਕਦੀ ਰੰਗ ਮਹੱਲ ਤੇ ਜਾ ਢੂੰਡੇ, ਪੁੱਨੂੰ ਏਥੇ ਹੀ ਬੈਠਦਾ ਹੋਂਵਦਾ ਸੀ।
ਉਨ੍ਹਾਂ ਰੁਖਾਂ ਨੂੰ ਘੁਟ ਘੁਟ ਲਾਏ ਛਾਤੀ, ਜਿਨ੍ਹਾਂ ਰੁਖਾਂ ਦੇ ਹੇਠ ਖਲੋਂਵਦਾ ਸੀ।
ਜਿਨ੍ਹਾਂ ਬੰਦਿਆਂ ਦੇ ਨਾਲ ਗਲ ਕਰਦਾ, ਚੰਬੇ ਮੋਤੀਓਂ ਹਾਰ ਪਰੋਂਵਦਾ ਸੀ।
ਅਹਿਮਦ ਯਾਰ ਲੇਟੇ ਓਸ ਜ਼ਿਮੀਉਤੇ,ਜਿਸ ਜਗ੍ਹਾ ਉਹ ਨ੍ਹਾਂਵਦਾ ਧੋਂਵਦਾ ਸੀ।

ਸ਼ਾਮ ਰਸੀਲਾ ਰੂਪ ਰਾਂਝੇ ਦਾ, ਸਿਰ ਝੰਡ ਭੰਬਲਿਆਲੀ।
ਖੂਨੀ ਨੈਣ, ਸੀਲੇ ਸੁਰਮੀਲੇ, ਲਾਲ ਲਬਾਂ ਦੀ ਲਾਲੀ।
ਹਥੀਂ ਕੰਙਣ ਗਲ ਵਿੱਚ ਹੱਸੀ, ਮੋਢੇ ਲੋਈ ਕਾਲੀ।
ਅਹਿਮਦ ਯਾਰ ਸੁਨਹਿਰੀ ਮੁਰਲੀ, ਖੂੰਡੀ ਸ਼ਾਮਾਂ ਵਾਲੀ।

ਗੁਰੂ ਦੀ ਸਿਖਿਆ:—

ਨਾਥ ਕਹੇ ਸੁਣ ਬਚੇ ਬਾਲੇ, ਜੋਗ ਸਿਖਨ ਗਲ ਖੋਟੀ।
ਭੁੰਜੇ ਸੌਣਾ ਤੇ ਮੰਗ ਖਾਣਾ, ਨੀਤ ਨਾ ਰਖਣੀ ਖੋਟੀ।
ਇਸਤਰੀ ਪੁਰਖਾ ਜੇ ਕੋਈ ਵੇਖੀਏ ਮਗ ਲਈਏ ਇਕ ਰੋਟੀ।
ਵੇਖ ਰੂਪ ਨ ਚਿਤ ਭਰਮਾਈਏ, ਚਾੜ੍ਹੀਏ ਖਿੱਚ ਲੰਗੋਟੀ।
ਵਡੀ ਨਾਰ ਕੋ ਮਾਈ ਕਹੀਏ, ਧੀ ਭੈਣ ਜੋ ਛੋਟੀ।
ਜਤ ਸਤ ਆਦਿ ਗੁਰਾਂ ਦਾ ਰਖੀਏ, ਡਕੀਏ ਨਾਂਗ ਪਰੋਟੀ।
ਦੇਹੀ ਭਸਮ ਲਾਈਏ ਸਿਰ ਮੁੰਨ ਕੇ, ਜਗ ਵਿੱਚ ਧੁੰਮ ਧੁਮਾਈਏ।
ਰਾਤੀਂ ਘਟ ਸੌਣਾ ਤਪ ਕਰਨਾ, ਹਰ ਕਾ ਜਪ ਧਿਆਈਏ।

ਹਾਤਮਤਾਈ ਵਿਚੋਂ:—

ਹਾਤਮ ਦੇ ਚੌਥੇ ਸਫ਼ਰ ਨੂੰ ਇਉਂ ਅਰੰਭ ਕਰਦੇ ਹਨ—

ਵੇਖਾਂ ਹਾਤਮ ਤੈ ਦਾ ਬੇਟਾ ਕੇਡੀ ਹਿੰਮਤ ਕਰਦਾ।
ਫ਼ਜਰੇ ਕੰਮ ਰਬਾਨੇ ਟੁਰਦਾ, ਬੱਧਾ ਭਾਰ ਸਫ਼ਰ ਦਾ।
ਹੁਸਨ ਬਾਨੋ ਫਰਮਾਇਸ਼ ਕੀਤੀ, ਹੋਰ ਕਜ਼ੀਆ ਪਾਂਦੀ।
ਬੇ ਪਰਵਾਹੀ ਮੁਢ ਕਦੀਮੀ, ਏਹੋ ਰਸਮ ਖੂਬਾਂ ਦੀ।
ਆਸ਼ਕ ਲੱਖ ਕਜ਼ੀਏ ਕਟਦੇ, ਸੋਹਣਿਆਂ ਦਾ ਕੀ ਜਾਂਦਾ।
ਸੜੀ ਪਤੰਗ ਸ਼ਮਹ ਕੀ ਜਾਣੇ, ਹੀਲਾ ਦਰਦ ਮੰਦਾਂ ਦਾ।
ਹਾਤਮ ਪੁਛਦਾ ਜਾਂ ਤ੍ਰੈ ਗੱਲਾਂ, ਮੈਥੋਂ ਦਰਦ ਨਿਭਾਈਆਂ।
ਚੌਥਾ ਕੰਮ ਕੋਈ ਹੁਣ ਦਸੋ ਫ਼ਜਰੇ ਕਰਸਾਂ ਧਾਈਆਂ।

ਹਕੀਮੀ ਦੀ ਪੁਸਤਕ ਤਿਬ ਅਹਿਮਦ ਯਾਰ ਵਿਚੋਂ:—

ਜੋੜਾਂ ਦੇ ਦਰਦ ਦਾ ਇਲਾਜ:—.

ਸੂਜ ਜਾਵੇ ਜੋੜਾਂ ਦਾ ਬਾਉਂ, ਗੰਠੀਆ ਝੋਲਾ ਉਸਦਾ ਨਾਉਂ।
ਲਿਆ ਬਧਾਰਾ ਖੂਬ ਸਨਾ, ਪਿਪਲਾ ਮੂਲ ਅਜਵਾਇਨ ਪਾ।
ਜ਼ਰਦ ਹਰੀੜ ਕਰੰਫਲ ਹੀਲ, ਦਾਲ ਚੀਨੀ, ਮੋਹਰਾ ਜ਼ੰਜਬੀਲ।
ਪਿਪਲੀ ਮਿਰਚਾਂ ਵਾਵੜਿੰਗ, ਸੁਗੰਧ ਸਨਾਵਰ ਲੈ ਹਮ ਸੰਗ।
ਇਕ ਕਤੀਰਾ ਵਜ਼ਨ ਤਮਾਮ, ਅਧ ਸੇਰ ਲੈ ਮਿਸਰੀ ਸ਼ਾਮ।

Digitized by Panjab Digital Library | www.panjabdigilib.org

ਅੱਧ ਸੇਰ ਵਤ ਸ਼ਹਿਦ ਰਲਾ, ਗੋਲੀਆਂ ਇਸ ਦੇ ਵਿੱਚ ਬਣਾ
ਗੋਲੀ ਹੋਵੇ ਇਕ ਮਿਸਕਾਲ, ਝੋਲਾ ਜਾਵੇ ਹੋ ਬਦ ਹਾਲ।

ਅਹਿਮਦ ਯਾਰ ਪੰਜਾਬੀ ਕਵਿਤਾ ਦੇ ਮੈਦਾਨ ਦਾ ਬੜਾ ਸ਼ਾਹ ਸਵਾਰ ਹੈ। ਜਿਧਰ ਚਾਹੁੰਦਾ ਹੈ ਦਿਲ ਦਾ ਘੋੜਾ ਸਰਪਟ ਦੌੜਾਈ ਚਲਾ ਜਾਂਦਾ ਹੈ। ਪੰਜਾਬੀ ਕਵਿਤਾ ਵਿੱਚ ਸਭ ਤੋਂ ਬਹੁਤੀਆਂ ਅਤੇ ਸਭ ਤੋਂ ਚੰਗੀਆਂ ਪੁਸਤਕਾਂ ਆਪ ਨੇ ਹੀ ਲਿਖੀਆਂ ਹਨ। ਮਾਨੋ ਐਸਾ ਦਲੇਰ ਜਵਾਹਰੀ ਹੈ ਕਿ ਜਿਸ ਨੇ ਥਾਂ ੨ ਮੋਤੀਆਂ ਦੇ ਢੇਰ ਲਾ ਦਿਤੇ ਹਨ।

# ਸ਼ੇਖ ਅਮਾਮ ਦੀਨ

ਆਪ ?ਲੌਕਰ ਇਲਾਕਾ ਹਰੀ ਪੁਰ ਜ਼ਿਲਾ ਹਜ਼ਾਰਾ ਦੇ ਵਸਨੀਕ ਸਨ। ਆਪ ਦੇਸੀ ਹਕੀਮ ਸਨ ਅਤੇ ਰੁਜ਼ਗਾਰ ਕਾਰਨ ਆਪਣੇ ਪਿੰਡ ਵਿਚ ਹਕੀਮੀ ਦਾ ਕੰਮ ਕਰਦੇ ਸਨ।

ਆਪ ਦੀ ਲਿਖਤ ਵਿਚ ਕਿੱਸਾ ਨਿਮਾਣੀ ਜਿੰਦੜੀ ੧੧੯੪ ਹਿ: ਮੁਤਾਬਕ ੧੭੭੭ ਈ: ਦਾ ਬਣਿਆ ਹੋਇਆ ਹੈ। ਇਸ ਵਿੱਚ ੯੭ ਬੰਦ ਹਨ, ਅਤੇ ਇਸਲਾਮੀ ਮਸਲਿਆਂ ਦਾ ਵਰਨਣ ਹੈ। ਨਮੂਨੇ ਵਾਸਤੇ ਤਿੰਨ ਬੰਦ ਹੇਠਾਂ ਦਰਜ ਹਨ:—

ਗੋਰ ਹਕੇਲੇ ਬਹੁਤ ਅੰਧੇਰਾ, ਓਥੇ ਤੁਧ ਹਮੇਸ਼ਾਂ ਡੇਰਾ।
ਨਾ ਕੋਈ ਸੰਗੀ ਸਾਥੀ ਤੇਰਾ, ਓਥੇ ਗਮਖਾਰ ਨਿਮਾਣੀ ਜਿੰਦੜੀ।
ਕਿਉਂ ਕਰ ਚੜ੍ਹਸੇਂ ਪਾਰ ਬਿਚਾਰੀ ਜਿੰਦੜੀ।
ਦੋ ਮਲਾਇਕ ਹਾਜ਼ਰ ਆਂਦੇ, ਮੁਨਕਰ ਅਤੇ ਨਕੀਰ ਸਦਾਂਦੇ।
ਤੈਨੂੰ ਆਕੇ ਫੇਰ ਉਠਾਂਦੇ, ਪੁਛਣ ਕਰ ਗੁਫ਼ਤਾਰ ਨਿਮਾਣੀ ਜਿੰਦੜੀ।
ਕਿਉਂ ਕਰ ਚੜ੍ਹਸੇਂ ਪਾਰ ਬਿਚਾਰੀ ਜਿੰਦੜੀ।
ਕਾਰਨ ਮੋਮਨ ਨੇਕ ਫ਼ਕੀਰਾਂ, ਜਿੰਦੜੀ ਜੋੜੀ ਕਰ ਕਰ ਤਕਰੀਰਾਂ।
ਪੜ੍ਹੇ ਸੁਣੇ ਕਰ ਨਾਲ ਨਜ਼ੀਰਾਂ, ਬਖ਼ਸ਼ੇ ਬਖ਼ਸ਼ਨ ਹਾਰ ਨਿਮਾਣੀ ਜਿੰਦੜੀ।
ਕਿਉਂ ਕਰ ਚੜ੍ਹਸੇਂ ਪਾਰ, ਬਿਚਾਰੀ ਜਿੰਦੜੀ।

ਇਸ ਕਿਸੇ ਵਿੱਚ ਉਨ੍ਹਾਂ ਨੇ ਜਨਮ ਤੋਂ ਲੈ ਕੇ ਮਰਨ ਤਕ ਦੇ ਵਾਕਿਆਤ ਨੂੰ ਨਜ਼ਮ ਕੀਤਾ ਹੈ।

ਸਰਹਦੀ ਇਲਾਕੇ ਦੇ ਏਸ ਕਵੀ ਦੀ ਬੋਲੀ ਵੇਖੋ ਕੇਡੀ ਸਾਫ਼ ਤੇ ਸਰਲ ਹੈ।

Digitized by Panjab Digital Library | www.panjabdigilib.org

# ਮੀਆਂ ਅਮਾਮ ਬਖਸ਼

ਆਪ ਦਾ ਜਨਮ ੧੭੭੮ ਈ: ਵਿੱਚ ਰਾਵੀ ਦਰਿਆ ਦੇ ਕਿਨਾਰੇ ਤੇ ਪਿੰਡ ਪਸੀਆਂ ਵਾਲਾ ਜ਼ਿਲਾ ਸਿਆਲ ਕੋਟ ਵਿੱਚ ਹੋਇਆ। ਹੁਣ ਇਹ ਪਿੰਡ ਸ਼ੇਖੂਪੁਰੇ ਦੇ ਜ਼ਿਲ੍ਹੇ ਵਿਚ ਸ਼ਾਮਲ ਹੋ ਚੁਕਾ ਹੈ। ਆਪ ਕੁਰੈਸ਼ੀ ਨਸਲ ਦੇ ਸਨ ਅਤੇ ਬਚਿਆਂ ਨੂੰ ਕੁਰਾਨ ਸ਼ਰੀਫ਼ ਪੜ੍ਹਾਇਆ ਕਰਦੇ ਸਨ। ਰੁਜ਼ਗਾਰ ਖਾਤਰ ਆਪ ਤਰਖਾਣਾ ਕੰਮ ਕਰਦੇ ਸਨ। ਇਕ ਥਾਂ ਆਪ ਖੁਦ ਫੁਰਮਾਂਦੇ ਹਨ:-

ਅਮਾਮ ਬਖਸ਼ ਵਿਚ ਪਸੀਆਂ ਵਾਲੇ, ਬੈਠਾ ਜੋਸ਼ ਖ਼ਰੋਸ਼ ਵਿਖਾਲੇ।
ਪੜ੍ਹ ਪੜ੍ਹ ਹਾਫ਼ਜ਼ ਹੋਣ ਸੁਖਾਲੇ, ਮਿਲੇ ਬਦਲਾ ਨੇਕੋ ਕਾਰੀ ਦਾ।

ਆਪ ਤੇਰ੍ਹਵੀਂ ਸਦੀ ਦੇ ਉਚੇ ਪੰਜਾਬੀ ਕਵੀਆਂ ਵਿਚੋਂ ਹਨ। ਆਪ ਦੇ ਸ਼ਿਅਰ ਸਾਦਾ, ਦਿਲ ਖਿਚਵੇਂ ਤੇ ਅਸਰ ਨਾਲ ਭਰੇ ਹੋਏ ਹਨ। ਮੀਆਂ ਮੁਹੰਮਦ ਬਖਸ਼ ਲਿਖਾਰੀ ਸੈਫ਼ੁਲ ਮਲੂਕ ਆਪ ਦੀ ਸ਼ਾਇਰੀ ਬਾਬਤ ਇਉਂ ਲਿਖਦੇ ਹਨ:-

ਮੀਆਂ ਹਿਕ ਅਮਾਮ ਬਖਸ਼ ਸੀ, ਰਹਿੰਦਾ ਪਸੀਆਂ ਵਾਲੇ।
ਸ਼ਿਅਰ ਉਹਦਾ ਭੀ ਵਾਂਗ ਸਬੂਣੇ, ਮੈਲ ਦਿਲਾਂ ਥੋਂ ਲਾਹੇ।

ਮੀਆਂ ਅਮਾਮ ਬਖਸ਼ ਨੇ ਲਾਹੌਰ ਦੇ ਵਲੀਅਲਾ ਬਜ਼ੁਰਗ ਮੀਆਂ ਵੱਡਾ ਪਾਸੋਂ ਫੈਜ਼ ਪਾਇਆ ਅਤੇ ਉਨ੍ਹਾਂ ਪਾਸੋਂ ਹੀ ਕੁਰਾਨ ਮਜੀਦ ਕੰਠ ਕੀਤਾ। ਕੁਰਾਨ ਸ਼ਰੀਫ਼ ਕੰਠ ਕਰ ਕੇ ਆਪ ਵਾਪਿਸ ਪਿੰਡ ਆ ਗਏ ਅਤੇ ਬਚਿਆਂ ਨੂੰ ਕੁਰਾਨ ਸ਼ਰੀਫ਼ ਪੜ੍ਹਾਣ ਤੇ ਨਾਲ ਹੀ ਕੰਠ ਕਰਾਣ ਲਗ ਪਏ।

ਆਪ ਦੀਆਂ ਲਿਖੀਆਂ ਹੋਈਆਂ ਪੁਸਤਕਾਂ ਸ਼ਾਹ ਬਹਿਰਾਮ, ਕਿੱਸਾ ਲੈਲੀ ਮਜਨੂੰ, ਗੁਲ ਸਨੋਬਰ, ਚੰਦਰ ਬਦਨ, ਬਦੀਅਉਲ ਜਮਾਲ, ਮੁਨਾਜਾਤ ਮੀਆਂ ਵੱਡਾ ਅਤੇ ਕਿੱਸਾ ਗੁਲਬਦਨ ਉਘੀਆਂ ਪੁਸਤਕਾਂ ਹਨ।

ਇਨ੍ਹਾਂ ਵਿਚੋਂ ਸ਼ਾਹ ਬਹਿਰਾਮ ਨੂੰ ਇੰਤਹਾਈ ਮਕਬੂਲੀਅਤ ਹਾਸਲ ਹੈ। ਇਹ ਪੁਸਤਕ ਲੱਖਾਂ ਦੀ ਗਿਣਤੀ ਵਿੱਚ ਛਪ ਕੇ ਵਿਕ ਚੁਕੀ ਹੈ। ਪੰਜਾਬ ਵਿੱਚ ਸ਼ਾਇਦ ਹੀ ਕੋਈ ਐਸਾ ਘਰਾਣਾ ਹੋਸੀ ਜਿਥੇ ਇਹਿ ਨ ਪੁੱਜੀ ਹੋਵੇ; ਪਰ ਫੇਰ ਵੀ ਇਸ ਦੀ ਮੰਗ ਬੇਹਦ ਹੈ। ਇਸ ਤੋਂ ਪਿਛੋਂ ਦੂਜੀ ਮਕਬੂਲ ਪੁਸਤਕ ਬਦੀਅਉਲਜਮਾਲ ਹੈ ਜਿਸ ਨੂੰ ਮਸਲਿਆਂ ਦੀ ਵਾਕਫ਼ੀ ਲਈ ਪਿੰਡਾਂ ਦੇ ਮਰਦ ਤੇ ਤੀਵੀਆਂ ਬਹੁਤ ਪੜ੍ਹਦੇ ਹਨ। ਆਪ ਲਗ ਪਗ ੮੫ ਸਾਲ ਦੀ ਉਮਰ ਭੋਗ ਕੇ ੧੮੬੩ ਈ: ਜਾਂ ੧੨੭੯ ਹਿ: ਵਿੱਚ ਕੂਚ ਕਰ ਗਏ। ਆਪ ਦੀ ਇਕ ਸ਼ਾਨਦਾਰ ਕਬਰ ਪਸੀਆਂ ਵਾਲੇ ਵਿਚ ਬਣੀ ਹੋਈ ਸੀ ਪਰ ਪਿਛੋਂ ਦਰਯਾ ਬੁਰਦ ਹੋ ਗਈ। ਕਲਾਮ ਦੀ ਵਨਗੀ:-

ਲੈਲਾ ਮਜਨੂੰ ਜਿਸ ਨੂੰ ਆਪ ਆਪਣਾ ਦੀਵਾਨ ਸਮਝਦੇ ਹਨ ਆਪ ਨੇ ਮੌਲਾਨਾ ਨਜ਼ਾਮੀ, ਅਮੀਰ ਖੁਸਰੋ ਅਤੇ ਮੁਲਾਂ ਹਾਤਫੀ ਆਦਿ ਦੀਆਂ ਫ਼ਾਰਸੀ ਮਸਨਵੀਆਂ ਦੇ ਪੜ੍ਹਨ ਅਤੇ ਉਨ੍ਹਾਂ ਪਾਸੋਂ ਹਾਲਾਤ ਲੈ ਕੇ ਲਿਖੀ। ਫੁਰਮਾਂਦੇ ਹਨ:-

Digitized by Panjab Digital Library | www.panjabdigilib.org

ਚਾਵਲ ਲਏ ਨਜ਼ਾਮੀ ਪਾਸੋਂ, ਦਾਲ ਹਾਤਫ਼ ਨੇ ਪਾਈ।
ਰੋਗਨ ਖੁਸਰੋ, ਨਮਕ ਅਸਾਡਾ, ਖਿਚੜੀ ਅਜਬ ਪਕਾਈ।
ਫਾਰਸੀ ਕਹੇ ਦੀਵਾਨ ਲੋਕਾਂ ਨੇ, ਹੋਏ ਇਸ਼ਕ ਸ਼ਰਾਬੀ।
ਇਹ ਦੀਵਾਨ ਅਮਾਮ ਬਖਸ਼ ਦਾ, ਵਿੱਚ ਜ਼ਬਾਨ ਪੰਜਾਬੀ।

ਇਸ ਤੋਂ ਪਤਾ ਲਗਦਾ ਹੈ ਕਿ ਆਪ ਨੂੰ ਫਾਰਸੀ ਦੀ ਚੰਗੀ ਸਮਝ ਸੀ। ਮੁਤਾਲਿਆ ਕਾਫ਼ੀ ਸੀ।ਇਸ ਪੁਸਤਕ ਦੇ ਸਮਾਪਤ ਕਰਨ ਬਾਬਤ ਇਉਂ ਲਿਖਦੇ ਹਨ:—

ਬਾਰਾਂ ਸੌ ਛਿਤਾਲੀ ਆਹਾ, ਸੰਨ ਰਸੂਲ ਉਜਾਲੇ।
ਕਿਹਾ ਫਕੀਰ ਅਮਾਮ ਬਖਸ਼ ਨੇ,ਅੰਦਰ ਪਸੀਆਂ ਵਾਲੇ।
ਕਿੱਸਾ ਜੋੜ ਮੁਰੱਤਬ ਕੀਤਾ, ਯਾਰਾਂ ਅਗੇ ਧਰਿਆ।
ਕਰੋ ਕਬੂਲ ਤਮਾਮੀ ਪਿਆਰੇ, ਜੋ ਕੁਝ ਸਾਥੋਂ ਸਰਿਆ।

ਗੁਲ ਸਨੋਬਰ:—ਇਹ ਕਿੱਸਾ ਭੀ ਆਪ ਨੇ ਫਾਰਸੀ ਮਸਨਵੀ ਗੁਲ ਸਨੋਬਰ ਦਾ ਉਲਥਾ ਕੀਤਾ ਹੈ।

ਬਦੀ-ਉ-ਜਮਾਲ:—ਇਸ ਵਿੱਚ ਇਸਲਾਮੀ ਮਸਲਿਆਂ ਨੂੰ ਵਰਨਣ ਕੀਤਾ ਹੈ ਅਤੇ ਰਵਾਇਤਾਂ ਦਰਜ ਹਨ। ਹਜ਼ਰਤ ਹਾਜਰਾ ਦੇ ਪਹਿਲੀ ਵਾਰ ਮੱਕੇ ਆਉਣਾ ਨੂੰ ਇਉਂ ਵਰਨਣ ਕੀਤਾ ਹੈ:—

ਕੱਲਰ ਸ਼ੋਰ ਜ਼ਮੀਨ ਸੀ ਪਾਣੀ ਘਾਹ ਨ ਮੂਲ, ਛਾਂ ਨ ਕੋਈ ਦਰਖਤ ਦੀ ਕੱਖ ਕੰਡੇ ਹਰ ਸੂਲ।
ਬੀਬੀ ਇਸਮਾਈਲ ਨੂੰ ਉਪਰ ਜ਼ਿਮੀ ਬਹਾ, ਕਹਿੰਦੀ ਮੈਂ ਤੂੰ ਹੋਏ ਹਾਂ ਅਜ ਸਪੁਰਦ ਖੁਦਾ।
ਆਈ ਸਾਂ ਮੈਂ ਸਾਹੁਰੇ ਅਪਣੇ ਪੇਕੇ ਛਡ, ਸਾਹੁਰਿਆਂ ਭੀ ਛਡਿਆ ਵਿੱਚ ਉਜਾੜੇ ਕੱਢ।
ਰੋਵੇ ਮੇਰੀ ਜਿੰਦੜੀ ਬੇਟੇ ਨੂੰ ਗਲ ਲਾ, ਉਪਰ ਬੂਹੇ ਰਬ ਦੇ ਆਪਣਾ ਹਾਲ ਸੁਣਾ।
ਵਾਲੀ ਸਾਨੂੰ ਛੱਡ ਕੇ ਟੁਰਿਆ ਵਿਚ ਉਜਾੜ, ਏਥੇ ਵਾਲੀ ਕੌਣ ਹੈ ਬਾਝੋਂ ਰਬ ਗੁਫ਼ਾਰ।
ਹੋਈ ਮੇਰੇ ਨਾਲ ਜੋ ਸਿਰ ਤੇ ਲਈ ਕਬੂਲ, ਚੰਨ ਜਿਹੇ ਫ਼ਰਜ਼ੰਦ ਤੇ ਰਹਿਮ ਨ ਕੀਤਾ ਮੂਲ।
ਲਾਇਕ ਹੈਸੀ ਮਾਰਨਾ ਪਾ ਕੇ ਅੰਦਰ ਖੂਹ, ਧੱਕਾ ਦਿਤੇ ਕਾਸ ਨੂੰ ਵਿਚ ਬਿਗਾਨੀ ਜੂਹ।
ਸੁਣ ਪੈਗੰਬਰ ਹਾਲ ਇਹਆਯਾ ਜੋਸ਼ ਉਬਾਲ,ਕਿਹਾ ਬੀਬੀ ਸਬਰ ਕਰ ਵਿਚ ਦਰਗਾਹ ਜਲਾਲ।
ਖਰਚ ਪਾਣੀ ਕੁਝ ਦੇ ਕੇ ਇਬਰਾਹੀਮ ਖਲੀਲ, ਤੁਰਿਆ ਅਪਣੇ ਵਤਨ ਨੂੰ ਨਾਲੇ ਜਬਰਾਈਲ।
ਅੰਦਰ ਰਾਹ ਖਲੋ ਕੇ ਮੰਗੀ ਇਹ ਦੁਆ, ਯਾ ਰਬ ਸਬਰ ਆਰਾਮ ਭੀ ਹਾਜਰਾ ਕਰੀਂ ਅਤਾ।

ਆਪ ਨੇ ਮੀਆਂ ਵੱਡਾ ਸਾਹਿਬ ਦੀ ਮੁਨਾਜਾਤ ਨੂੰ ਸੀਹਰਫੀ ਦੀ ਸ਼ਕਲ ਵਿੱਚ ਨਜ਼ਮ ਕੀਤਾ ਹੈ ਵੇਖੋ:—

ਐਨ ਇਲਮ ਦੇ ਨਾਲ ਜੇ ਹਿਲਮ ਹੋਵੇ, ਸਭ ਦੂਰ ਤਕੱਬਰੀ ਹੋ ਜਾਵੇ।
ਜਿਸ ਦਾ ਡੋਲਦਾ ਨਿਤ ਈਮਾਨ ਰਹੇ, ਇਹ ਵੇਖ ਯਕੀਨ ਖੜੋ ਜਾਵੇ।
ਨਫ਼ਸ ਰਜਦਾ ਤੇ ਪਿਆ ਗੱਜਦਾ ਏ, ਭੁਖਾ ਰਹੇ ਤੇ ਚੁਪ ਕਰ ਸੋ ਜਾਵੇ।
ਅਮਾਮ ਬਖਸ਼ ਹੱਸੇ ਬੜਾ ਓਸ ਜਗ੍ਹਾ, ਜੇਹੜਾ ਏਸ ਜਹਾਨ ਤੇ ਰੋ ਜਾਵੇ।

ਲਾਮ ਲਹਿਰ ਡਿਠੀ ਗੋਸ਼ੇ ਵਿੱਚ ਬਹਿ ਕੇ, ਸੁਟੇ ਤੋੜ ਜੰਜਾਲ ਜਹਾਨ ਵਾਲੇ।
ਬਾਕੀ ਜ਼ਿੰਦਗੀ ਬੰਦਗੀ ਵਿਚ ਗੁਜ਼ਰੇ, ਫੜੇ ਰਾਹ ਤਮਾਮ ਈਮਾਨ ਵਾਲੇ।
ਅੰਦਰ ਦੀਨ ਦਾ ਨੂਰ ਜ਼ਹੂਰ ਹੋਇਆ, ਪਰਦੇ ਲਾਹ ਕੇ ਸ਼ਕ ਗੁਮਾਨ ਵਾਲੇ।
ਅਮਾਮਬਖਸ਼ ਵਿੱਚ ਬਾਗ਼ਾ ਦੇ ਬਾਗ਼ ਵੜਕੇ,ਕੀਤੇ ਸੈਰ ਬਹਿਸ਼ਤ ਮਕਾਨ ਵਾਲੇ।

Digitized by Panjab Digital Library | www.panjabdigilib.org

ਚੰਦਰ ਬਦਨ ਵਿਚੋਂ ਵਨਗੀ:-

ਤੇਰੀ ਵੇਖ ਤਸਵੀਰ ਸਰੀਰ ਮੇਰਾ, ਬੱਧਾ ਜ਼ੁਲਫਾਂ ਦੀ ਘੱਤ ਜ਼ੰਜੀਰ ਰਾਣੀ।
ਮੇਰੀ ਜਾਨ ਦਿਲਗੀਰ ਜ਼ਹੀਰ ਹੋਈ, ਭਾਹਿ ਇਸ਼ਕ ਦੇ ਵਿੱਚ ਅਸੀਰ ਰਾਣੀ।
ਅੱਖੀਂ ਤੀਰ ਕਲੇਜੜਾ ਚੀਰ ਗਏ, ਨੈਣਾਂ ਤੇਰਿਆਂ ਦੇ ਤ੍ਰਿਖੇ ਤੀਰ ਰਾਣੀ।
ਅਮਾਮ ਬਖ਼ਸ਼ ਨਾ ਧੀਰ ਖੁਲੀਰ ਮੈਨੂੰ ਚਾਹੋ ਫੜੇ ਇਹ ਇਸ਼ਕ ਤਕਸੀਰ ਰਾਣੀ।

ਤੇਰੇ ਇਸ਼ਕ ਨੇ ਤਖ਼ਤ ਥੀਂ ਵਖ਼ਤ ਪਾਇਆ, ਕੀਤਾ ਰੰਗ ਮਹੱਲਾਂ ਥੀਂ ਦੂਰ ਮੈਨੂੰ।
ਗਲ ਘੱਤ ਕਮੰਦ ਪ੍ਰੇਮ ਵਾਲਾ, ਆਂਦਾ ਬੰਨ੍ਹ ਕੇ ਵਿੱਚ ਹਜ਼ੂਰ ਮੈਨੂੰ।
ਹੁਣ ਸ਼ੈਹਰ ਤੁਹਾਡੇ ਦਾ ਮੰਗ ਖਾਣਾ, ਬਾਦਸ਼ਾਹੀ ਨਹੀਂ ਮਨਜ਼ੂਰ ਮੈਨੂੰ।
ਅਮਾਮ ਬਖ਼ਸ਼ ਹੁਣ ਪੈਰਾਂ ਦੀ ਖਾਕ ਤੇਰੀ, ਸੁਰਮਾਂ ਅਖੀਆਂ ਦਾ ਹੋਵੇ ਨੂਰ ਮੈਨੂੰ।

ਸ਼ਾਹ ਬਹਿਰਾਮ ਵਿੱਚੋਂ ਵੰਨਗੀ ਦੇਣ ਦੀ ਇਸ ਲਈ ਲੜ ਨਹੀਂ ਸਮਝੀ ਕਿ ਇਹ ਕਿੱਸਾ ਆਮ ਛਪਿਆ ਹੋਇਆ ਹੈ ਪਰ ਕੇਵਲ ਬਹਿਰ ਦਸਿਆ ਜਾਂਦਾ ਹੈ।

ਹੁਸਨ ਬਾਨੋ ਨੂੰ ਸੁਫ਼ਨੇ ਵਿੱਚ ਵੇਖਣਾ:-

ਸੁਪਨੇ ਦੇ ਵਿੱਚ ਹੁਸਨ ਬਾਨੋ ਨੇ, ਦਿਤੀ ਆਣ ਦਿਖਾਲੀ।
ਕਹਿੰਦੀ ਤੇਰੇ ਪਿਛੇ, ਸ਼ਾਹਾ, ਏਡ ਮੁਸੀਬਤ ਜਾਲੀ।
ਰੋ ਕੇ ਸੁਫ਼ਨੇ ਦੇ ਵਿੱਚ ਉਸ ਨੂੰ, ਆਣ ਸ਼ਕਾਇਤ ਕਰਦੀ।
ਮੈਂ ਬੇਦਰ ਦਾ ਰਾਤ ਦਿਨੇ ਹਾਂ, ਇਸ਼ਕ ਤੇਰੇ ਵਿੱਚ ਮਰਦੀ।

ਤੂੰ ਸੌਂਦਾ ਹੈਂ ਰੰਗ ਮਹੱਲੀਂ, ਕਰ ਕੇ ਨੀਂਦ ਪਿਆਰੀ।
ਮੈਂ ਵਿਚ ਬੰਦੀ ਖਾਨੇ ਬਧੀ ਵਾਹਵਾ ਤੇਰੀ ਯਾਰੀ।
ਤੂੰ ਫਿਰਦਾ ਹੈਂ ਬਾਗਾਂ ਅੰਦਰ, ਕਰਦਾ ਐਸ਼ ਬਹਾਰਾਂ।
ਮੈਂ ਵਿੱਚ ਬੰਦੀ ਖਾਨੇ ਅੜਿਆ, ਰੋ ਰੋ ਆਹੀਂ ਮਾਰਾਂ।

ਨੋਟ—ਏਸੇ ਪਸੀਆਂ ਵਾਲੇ ਵਿਚ ਲਾ: ਧਨੀਰਾਮ ਚਾਤ੍ਰਿਕ ਦਾ ਜਨਮ ਸੰ: ੧੯੦੬ ਈ: ਵਿਚ ਹੋਇਆ ਸੀ।

## ਸ਼ਾਹ ਮੁਹੰਮਦ

ਸਨ ੧੭੮੦,੮੨ ਵਿਚ ਆਪ ਵਡਾਲਾ ਵੀਰਮ ਤਹਿਸੀਲ ਅੰਮ੍ਰਿਤਸਰ ਵਿਚ ਪੈਦਾ ਹੋਏ।੧੮੬੨ ਈਸਵੀ ਦੇ ਲਗ ਪਗ ਕਾਲ ਵਸ ਹੋ ਕੇ ਏਥੇ ਹੀ ਦਫਨ ਹੋ ਗਏ। ਆਪ ਦਾ ਘਰਾਣਾ ਮੁਸਲਮਾਨ ਬਾਦਸ਼ਾਹਾਂ ਦੇ ਵੇਲੇ ਵਿਦਿਆਵਾਨ ਹੋਣ ਦੇ ਕਾਰਨ ਬਹੁਤ ਉਘਾ ਸੀ। ਆਪ ਦੇ ਬਜ਼ੁਰਗ ਕਾਜ਼ੀ ਤੇ ਕਾਰਦਾਰ ਸਨ। ਸਿਖਾਂ ਦੇ ਰਾਜ ਵਿਚ ਸੁਜਦ ਹਾਸ਼ਮ ਸ਼ਾਹ ਜਗਦਿਓ ਪਿੰਡ ਵਾਲੇ ਦਾ ਮਾਣ ਰਾਜ ਦਰਬਾਰ ਵਿਚ ਵਧ ਗਿਆ ਤੇ ਇਨ੍ਹਾਂ ਦੀ ਪੁਛ ਕੁਝ ਘਟ ਗਈ। ਹਾਸ਼ਮ ਸ਼ਾਹ ਜਗਦਿਓ ਪਿੰਡ ਵਾਲੋ ਭੀ

Digitized by Panjab Digital Library | www.panjabdigilib.org

ਕੁਰੈਸ਼ੀ ਸਨ ਤੇ ਸ਼ਾਹ ਮੁਹੰਮਦ ਭੀ ਕੁਰੈਸ਼ੀ ਸਨ। ਹਾਸ਼ਮ ਸ਼ਾਹ ਨੇ ਕਿੱਸਾ ਸੱਸੀ ਪੁੰਨੂੰ ਦੋਹੜਿਆਂ ਵਿਚ ਲਿਖਿਆ ਤੇ ਸ਼ਾਹ ਮੁਹੰਮਦ ਨੇ ਸੱਸੀ ਪੁੰਨੂੰ ਬੈਂਤਾਂ ਵਿਚ ਲਿਖਿਆ। ਹਾਸ਼ਮ ਸ਼ਾਹ ਨੇ ਦੋਹੜੇ ਲਿਖੇ। ਆਪ ਨੇ ਸਿਖਾਂ ਤੇ ਅੰਗ੍ਰੇਜ਼ਾਂ ਦੀ ਅਖੀਂ ਦੇਖੀ ਲੜਾਈ ਦਾ ਹਾਲ ਬੈਂਤਾਂ ਵਿਚ ਲਿਖਿਆ। ਜੋ ਬੈਂਤ ਸ਼ਾਹ ਮੁਹੰਮਦ ਦੇ ਸਿਰਲੇਖ ਹੇਠਾਂ ਲਖਾਂ ਦੀ ਤਾਦਾਦ ਵਿਚ ਛਪਿਆ ਤੇ ਪੰਜਾਬ ਦੀ ਗਲੀ ਗਲੀ ਤੇ ਘਰ ਘਰ ਵਿਚ ਬਹੁਤ ਸ਼ੌਕ ਨਾਲ ਪੜ੍ਹਿਆ ਗਿਆ।

ਸ: ਜੇ. ਐਸ. ਸੰਤ ਸਿੰਘ ਨੇ ਇਸ ਕਿੱਸੇ ਨੂੰ ਛਪਵਾਇਆ ਤੇ ਇਸ ਦੇ ਨਾਲ ਇਕ ਜਰਨਲਿਸਟ ਮਿਤਰ ਕੋਲੋਂ ਸ਼ਾਹ ਮੁਹੰਮਦ ਦੇ ਹਾਲ ਲਿਖਵਾ ਕੇ ਦਰਜ ਕੀਤੇ ਜੋ ਠੀਕ ਨਹੀਂ ਹਨ। ਉਹ ਲਿਖਦੇ ਹਨ ਕਿ ਸ਼ਾਹ ਮੁਹੰਮਦ ਵਟਾਲੇ ਦਾ ਸੀ ਤੇ ਉਸ ਨੇ ਮਹਾਰਾਜਾ ਸ਼ੇਰ ਸਿੰਘ ਦੇ ਬਣਾਏ ਹੋਏ ਮਕਾਨ ਭੂਲ ਭੁਲਈਆਂ ਵਟਾਲੇ ਵਿਚ ਬੈਠ ਕੇ ਇਕ ਮਹੀਨਾ ਦਸ ਦਿਨ ਵਿਚ ਸਿੱਖਾਂ ਤੇ ਅੰਗ੍ਰੇਜ਼ਾਂ ਦੀ ਲੜਾਈ ਦੀ ਵਾਰ ਬੈਂਤਾਂ ਵਿਚ ਲਿਖੀ। ਠੀਕ ਇਹ ਹੈ, ਕਿ ਸ਼ਾਹ ਮੁਹੰਮਦ ਵਟਾਲੇ ਦਾ ਸੀ ਤੇ ਵਟਾਲੇ ਵਿਚ ਉਨ੍ਹਾਂ ਦਾ ਆਉਣ ਜਾਣ ਜ਼ਰੂਰ ਸੀ। ਵਟਾਲੇ ਦੇ ਮੀਆਂ ਦੀਨ ਮੁਹੰਮਦ ਰਾਜਪੂਤ ਮਹਾਰਾਜਾ ਸ਼ੇਰ ਸਿੰਘ ਦੇ ਮੀਰ ਮੁਨਸੀ ਸਨ।

ਉਨ੍ਹਾਂ ਦੀ ਰਿਸ਼ਤੇਦਾਰੀ ਦੇ ਤਅੱਲਕ ਮੀਆਂ ਸੁਲਤਾਨ ਮਹਮੂਦ ਨਾਲ ਸਨ, ਜੋ ਕਰੋਵਾਲ ਤਹਿਸੀਲ ਤਰਨ ਤਾਰਨ ਦੇ ਵਸਨੀਕ ਤੇ ਮਹਾਰਾਜਾ ਸ਼ੇਰ ਸਿੰਘ ਦੇ ਤੋਪਚੀ ਸਨ, ਜਿਨ੍ਹਾਂ ਨੇ ਸਿਖਾਂ ਵਲੋਂ ਹੋ ਕੇ ਅੰਗ੍ਰੇਜ਼ਾਂ ਨੂੰ ਹੈਰਾਨ ਕਰ ਦਿਤਾ ਸੀ। ਸ਼ਾਹ ਮੁਹੰਮਦ ਨੇ ਆਪਣੇ ਬੈਂਤਾਂ ਵਿਚ ਮੀਆਂ ਸੁਲਤਾਨ ਮਹਿਮੂਦ ਦਾ ਜ਼ਿਕਰ ਕੀਤਾ ਹੈ। ਸ਼ਾਹ ਮੁਹੰਮਦ ਦੇ ਦੋ ਬੇਟੇ ਸਨ। ਇਕ ਮੁਹੰਮਦ ਬਖਸ਼ ਤੇ ਦੂਸਰਾ ਹਾਸ਼ਮ ਸ਼ਾਹ। ਇਹ ਹਾਸ਼ਮ ਵੀ ਕਵੀ ਹੋਏ ਹਨ। ਇਹਨਾਂ ਨੇ ਆਪਣਾ ਨਾਮ 'ਮੁਖ਼ਲਿਸ' ਰਖ ਲਿਆ ਸੀ।

ਸ਼ਾਹ ਮੁਹੰਮਦ ਦੀ ਸੱਸੀ ਪੁੰਨੂ ਵਿਚੋਂ ਵੰਨਗੀ:-

ਅਲਫ ਉਠ ਦੇਖੀਂ ਮਾਏ ਮੇਰੀਏ ਨੀ, ਇਹ ਬਲੋਚ ਨਾਹੀਂ ਕੋਈ ਚੋਰ ਮਾਏ।
ਮੇਰੇ ਨੇਹੁੰ ਦੀ ਸਾਰ ਨਾ ਜਾਣੀਓ ਨੇ, ਪੁੰਨੂੰ ਬੰਨ੍ਹ ਖੜਿਆ ਨਾਲ ਜ਼ੋਰ ਮਾਏ।
ਵਾਹਦ ਜਾਨ ਸੱਸੀ ਇਕੋ ਲੁਟ ਲਿਤੀ, ਹੋਰ ਵਸਦਾ ਸ਼ਹਿਰ ਭੰਭੋਰ ਮਾਏ।
ਸ਼ਾਹ ਮੁਹੰਮਦਾ ਪਈ ਪੁਕਾਰਨੀ ਹਾਂ, ਪੁੰਨੂੰ ਬਾਝ ਨਾ ਆਸਰਾ ਹੋਰ ਮਾਏ।

ਖ਼ੇ ਖ਼ੁਦੀ ਗੁਮਾਨ ਨ ਰਿਹਾ ਕਾਈ, ਮੈਂ ਤਾਂ ਡੁਬੀ ਵਿਚ ਇਸ਼ਕ ਦੀ ਲਹਿਰ ਮਾਏ।
ਮੇਰੀ ਪ੍ਰੀਤ ਚਕੋਰ ਪਤੰਗ ਵਾਲੀ, ਸਹਾਂ ਆਪਣੇ ਸਿਰ ਤੇ ਕਹਿਰ ਮਾਏ।
ਚਸ਼ਮਾਂ ਆਬੇ ਹਿਆਤ ਦਾ ਹੋਤ ਪੁਨੂੰ, ਹੋਰ ਸਭ ਜਹਾਨ ਹੈ ਜ਼ਹਿਰ ਮਾਏ।
ਸ਼ਾਹ ਮੁਹੰਮਦਾ ਰਬ ਜੀ ਮੇਹਰ ਕਰਸੀ, ਚੱਲ ਦੇਖਸਾਂ ਪੁਨੂੰ ਦਾ ਸ਼ਹਿਰ ਮਾਏ।

ਬੈਂਤ ਸ਼ਾਹ ਮੁਹੰਮਦ ਵਿਚੋਂ:-

ਸ਼ੇਰ ਸਿੰਘ ਨੇ ਰਾਜੇ ਦਾ ਖਤ ਪੜ੍ਹ ਕੇ, ਫ਼ੌਜਾਂ ਤੁਰਤ ਲਾਹੌਰ ਨੂੰ ਘੱਲੀਆਂ ਨੇ।
ਘੋੜੇ ਹਿਣਕਦੇ ਤੇ ਮਾਰੂ ਵੱਜਦੇ ਨੇ, ਧੂੜਾਂ ਉਡ ਕੇ ਘਟਾਂ ਹੋ ਚੱਲੀਆਂ ਨੇ।
ਆਵੇ ਬੁਧੂ ਦੇ ਪਾਸ ਨੇ ਲਾਏ ਡੇਰੇ, ਫ਼ੌਜਾਂ ਲੱਥੀਆਂ ਆਣ ਅਕੱਲੀਆਂ ਨੇ।
ਸ਼ਾਹ ਮੁਹੰਮਦਾ ਆਣ ਜਾਂ ਤੁਰਤ ਪਹੁੰਚੇ ਗਲਾਂ ਵਿਚ ਲਾਹੌਰ ਦੇ ਚੱਲੀਆਂ ਨੇ।

Digitized by Panjab Digital Library | www.panjabdigilib.org

ਹੋਰ:-

ਇਹ ਜਗ ਸਰਾਏ ਮੁਸਾਫਰਾਂ ਦੀ, ਏਥੇ ਜ਼ੋਰ ਵਾਲੇ ਕਈ ਆ ਗਏ।
ਸ਼ਦਾਦ ਨਮਰੂਦ ਫਿਰਔਨ ਜੈਸੇ, ਦਾਅਵੇ ਬੰਨ੍ਹ ਖੁਦਾ ਕਹਾ ਗਏ।
ਅਕਬਰ ਸ਼ਾਹ ਜੈਸੇ ਵਿਚ ਦਿੱਲੀ ਦੇ ਜੀ,ਫੇਰੀ ਵਾਂਗ ਵਣਜਾਰਿਆਂ ਪਾ ਗਏ।
ਸ਼ਾਹ ਮੁਹੰਮਦਾ ਰਹੇਗਾ ਰੱਬ ਸੱਚਾ, ਵਾਜੇ ਕੂੜ ਦੇ ਕਈ ਵਜਾ ਗਏ।

# ਹਾਸ਼ਮ ਸ਼ਾਹ 'ਮੁਖਲਸ'

ਆਪ ਪੰਜਾਬ ਦੇ ਮਸ਼ਹੂਰ ਕਵੀ ਸ਼ਾਹ ਮੁਹੰਮਦ ਦੇ ਸਪੁਤਰ ਤੇ ਕੌਮ ਦੇ ਕੁਰੈਸ਼ੀ ਸਨ। ੧੮੩੦ ਈਸਵੀ ਦੇ ਲਗ ਪਗ ਵਡਾਲਾ ਵੀਰਮ ਤਹਿਸੀਲ ਅੰਮ੍ਰਿਤਸਰ ਵਿਚ ਆਪ ਦਾ ਜਨਮ ਹੋਇਆ ਤੇ ੧੮੯੫ ਈਸਵੀ ਦੇ ਲਗ ਪਗ ਕੂਚ ਕਰ ਗਏ।

ਆਪ ਭੀ ਆਪਣੇ ਪਿਤਾ ਵਾਂਗ ਕਵੀ ਸਨ ਤੇ ਸ਼ੇਅਰ ਲਿਖਿਆ ਕਰਦੇ ਸਨ ਚੰਗੇ ਹਕੀਮ ਸਨ, ਲੋਕੀਂ ਦੂਰੋਂ ਦੂਰੋਂ ਦਵਾ ਦਰਮਲ ਕਰਾਉਣ ਲਈ ਆਉਂਦੇ ਹੁੰਦੇ ਸਨ। ਆਪ ਦੇ ਸ਼ਾਗਿਰਦ ਅਬਦੁਲ ਕਰੀਮ 'ਸਾਦਕ' ਵਡਾਲੇ ਦੇ ਸੁਨਿਆਰੇ ਨੇ ਆਪ ਦਾ ਲਿਖਿਆ ਹੋਇਆ ਕਿੱਸਾ ਸੱਸੀ ਪੁੰਨੂੰ ਅਜ ਤੋਂ ੨੭ ਵਰ੍ਹੇ ਪਹਿਲੋਂ ਛਪਵਾਇਆ। ਜਿਸ ਵਿਚੋਂ ਵੰਨਗੀ ਹੇਠਾਂ ਦੇਂਦੇ ਹਾਂ ਕਲਾਮ ਸੱਸੀ ਦੀ ਮਾਂ ਦਾ:-

ਰੇ ਰਬ ਦਾ ਵਾਸਤਾ ਮੰਨ ਮੇਰਾ, 'ਥਲੀਂ' ਜਾਹ ਨਾ ਜਾਨ ਗਵਾ ਕੁੜੀਏ।
ਮਾਂ ਬਾਪ ਦੇ ਹੁਕਮ ਨੂੰ ਰੱਦ ਕਰਨਾ, ਕਿਸੇ ਮਜ਼੍ਹਬ ਵਿਚ ਨਹੀਂ ਰਵਾ ਕੁੜੀਏ।
ਉਚੀ ਕੂਕ ਨਾ ਬਹੁਤ ਸੁਣਾ ਲੋਕਾਂ, ਰਖ ਆਪਣੀ ਪ੍ਰੀਤ ਛਪਾ ਕੁੜੀਏ।
ਮੁਖਲਸ ਬਣਨ ਸ਼ਰੀਕ ਤੇ ਦੇਣ ਤਾਅਨੇ,ਯਾਰੀ ਨਾਲ ਹੋਤਾਂ ਦੇ ਨਾ ਲਾ ਕੁੜੀਏ।

ਜਵਾਬ ਸੱਸੀ:-

ਜ਼ੇ ਜ਼ੋਰ ਕਰੇਂ ਸਗੋਂ ਸ਼ੋਰ ਪਾਵੇਂ, ਵਿਚ ਸ਼ਹਿਰ ਭੰਬੋਰ ਨਾ ਕਦੀ ਰਹਿਸਾਂ।
ਨਹੀਂ ਅੱਗ ਜੁਦਾਈ ਦੀ ਟਿਕਣ ਦੇਂਦੀ,ਬਾਝੋਂ ਯਾਰ ਕਿਸਨੂੰ ਦਿਲ ਦਾ ਭੇਤ ਕਹਿਸਾਂ।
ਖੱਟੀ ਉਮਰ ਦੀ ਰਾਤ ਵਿਚ ਲੈ ਗਿਆ ਸਾਰੀ ਉਮਰ ਦੇ ਦੁਖੜੇ ਕਿਵੇਂ ਸਹਿਸਾਂ।
ਮੁਖਲਸ ਜਾ ਮਿਲਸਾਂ ਪੁੰਨੂੰ ਯਾਰ ਤਾਈਂ, ਲੈ ਕੇ ਰਬ ਦਾ ਨਾਮ ਹੁਣ ਕੇਚ ਵਹਿਸਾਂ।

Digitized by Panjab Digital Library | www.panjabdigilib.org

# ਮੌਲਵੀ ਨੂਰ ਮੁਹੰਮਦ

ਪਿਤਾ ਦਾ ਨਾਂ ਚੌਧਰੀ ਝੰਡਾ, ਕੌਮ ਜੋਇਆ ਰਾਜਪੂਤ ਸਾਕਨ ਰਾਨੀਆਂ।

ਆਪ ਦਾ ਜਨਮ ਬੇਕੜ ਤਸੀਲ ਸਰਸਾ ਜ਼ਿਲਾ ਹਿਸਾਰ ਵਿੱਚ ਹੋਇਆ। ਆਪ ਦੇ ਪਿਤਾ ਡਾਕੇ ਅਤੇ ਚੋਰੀ ਕਰਕੇ ਰੋਟੀ ਕਮਾਂਦੇ ਰਹੇ। ਆਪ ਅਠ ਨੌਂ ਸਾਲ ਦੇ ਸਨ ਕਿ ਪਿਤਾ ਨੂੰ ਛਡ ਕੇ ਮਸੀਤ ਵਿੱਚ ਚਲੇ ਗਏ ਅਤੇ ਕੁਰਾਨ ਸ਼ਰੀਫ਼ ਕੰਠ ਕਰ ਲਿਆ। ਇਸ ਪਿਛੋਂ ਵਿਦਿਆ ਪ੍ਰਾਪਤੀ ਲਈ ਬਰੇਲੀ ਅਤੇ ਦਿਲੀ ਆਦ ਥਾਵਾਂ ਤੇ ਤਸ਼ਰੀਫ਼ ਲੈ ਗਏ ਅਤੇ ਵਾਪਸ ਆ ਕੇ ਬੇਕੜ ਵਿਚ ਹੀ ਰਿਹਾਇਸ਼ ਅਖਤਿਆਰ ਕਰ ਲਈ। ਏਥੇ ਹੀ ਆਪ ਦੀ ਸ਼ਾਦੀ ਹੋ ਗਈ। ਆਪ ਨੂੰ ਲੋਕਾਂ ਵਿਚ ਗਿਆਨ ਉਪਦੇਸ਼ ਦਾ ਪਰਚਾਰ ਕਰਨ ਲਈ ਬੜਾ ਖ਼ਿਆਲ ਰਹਿੰਦਾ। ਏਸੇ ਸਮੇਂ ਹੀ ਆਪ ਨੇ ਸ਼ਾਇਰੀ ਦਾ ਅਰੰਭ ਕੀਤਾ ਅਤੇ ਪੰਜਾਬੀ ਕਵਿਤਾ ਵਿਚ ਉਪਦੇਸ਼ ਭਰੀਆਂ ਪੁਸਤਕਾਂ ਲਿਖੀਆਂ,ਜਿਨ੍ਹਾਂ ਵਿੱਚੋਂ ਸ਼ਾਹਬਾਜ਼ ਸ਼ਰੀਅਤ ੪੨੫ ਸਫ਼ੇ, ਆਬੇ ਹਯਾਤ ਚਰਾਗ ਸ਼ਰੀਅਤ; ਖੁਰਸ਼ੀਦ ਸ਼ਰੀਅਤ, ਮਨਾਦ ਸ਼ਰੀਅਤ, ਖੁਤਬਾਤ ਮਲੀਦ ਆਦਿ ਛਪੀਆਂ ਹੋਈਆਂ ਅਤੇ ਲਗ ਪਗ ਬਾਰਾਂ ਪੁਸਤਕਾਂ ਅਣ-ਛਪੀਆਂ ਹਨ।

ਪੁਸਤਕ ਸ਼ਹਬਾਜ਼ ਸ਼ਰੀਅਤ ਜਿਸ ਵਿੱਚ ਇਸਲਾਮੀ ਨਿਯਮ ਅਤੇ ਮਸਲੇ ਦਰਜ ਹਨ,ਆਪ ਨੇ ੧੯੩੫ ਈ: ਵਿੱਚ ਪੂਰੀ ਕੀਤੀ। ਇਸ ਪੁਸਤਕ ਵਿਚ ਲਗ ਪਗ ਸਵਾ ਸਤ ਹਜ਼ਾਰ ਸ਼ੇਅਰ ਹਨ। ਇਹ ਪੁਸਤਕ ਆਪ ਨੇ ਮੌਲਵੀ ਗੁਲਾਮ ਰਸੂਲ ਫਤੇ ਅਬਾਦੀ ਜ਼ਿਲਾ ਹਿਸਾਰ ਦੀ ਪੁਸਤਕ ਰੰਗੀਲੀ ਬੁਲਬੁਲ ਦੇ ਉਤਰ ਵਿੱਚ ਲਿਖੀ ਅਤੇ ਉਨ੍ਹਾਂ ਦੇ ਖਿਆਲਾਂ ਨੂੰ ਰੱਦਿਆ ਹੈ। ਆਪ ਦਾ ਮਜ਼੍ਹਬ ਦੇਵ ਬੰਦੀ ਹਨਫੀ ਸੀ।

ਆਪ ਮਸੀਤ ਵਿੱਚ ਸਾਰਾ ਸਾਰਾ ਦਿਨ ਵਾਹਜ਼ ਕਰਦੇ ਅਤੇ ਹਰ ਰੋਜ਼ ਕੀੜਿਆਂ ਦੀਆਂ ਖੁਡਾਂ ਉਤੇ ਸ਼ਕਰ ਪਾਇਆ ਕਰਦੇ ਸਨ। ਜੇ ਕਿਸੇ ਨੂੰ ਸ਼ਰਹ ਤੋਂ ਉਲਟ ਕੰਮ ਕਰਦੇ ਵੇਖਦੇ ਤਾਂ ਆਪਣੇ ਜਜ਼ਬੇ ਵਿਚ ਆ ਕੇ ਨਾਰਾਜ਼ ਹੋ ਜਾਂਦੇ ਅਤੇ ਮਨ੍ਹਾਂ ਕਰਦੇ।

ਕਹਿੰਦੇ ਹਨ ਇਕ ਵਾਰੀ ਨਵਾਬ ਸਾਹਿਬ ਨਾਲ ਆਪ ਦੀ ਮੁਲਾਕਾਤ ਹੋਈ। ਨਵਾਬ ਸਾਹਿਬ ਦੇ ਕੰਨਾਂ ਤਕ ਆਪ ਦੀ ਸਚਾਈ ਅਤੇ ਆਜ਼ਾਦ ਪਸੰਦੀ ਦੀ ਸ਼ੁਹਰਤ ਹੋ ਚੁਕੀ ਸੀ। ਉਨ੍ਹਾਂ ਪੁਛਿਆ ਕਿ ਆਪ ਮੁਸਲਮਾਨਾਂ ਨੂੰ ਕਾਫਰ ਕਿਉਂ ਆਖਦੇ ਹੋ? ਆਪ ਨੇ ਉਤਰ ਦਿਤਾ ਜੋ ਮੁਸਲਮਾਨ ਹੋ ਕੇ ਸ਼ਰੀਅਤ ਇਸਲਾਮੀਆਂ ਦੀ ਹਦ ਨੂੰ ਤੋੜਦੇ ਹਨ ਉਹ ਕਾਫਰ ਹੀ ਤਾਂ ਹਨ। ਨਵਾਬ ਸਾਹਿਬ ਨੇ ਪੁਛਿਆ ਉਹ ਕੌਣ ਹਨ? ਮੌਲਵੀ ਸਾਹਿਬ ਨੇ ਉਤਰ ਦਿਤਾ ਜਿਵੇਂ ਆਪ। ਨਵਾਬ ਸਾਹਿਬ ਦਾ ਚੇਹਰਾ ਲਾਲ ਹੋ ਗਿਆ, ਗੁਸੇ ਨੂੰ ਥੰਮ ਕੇ ਬੋਲੇ ਕਿਵੇਂ? ਆਪ ਨੇ ਉਤਰ ਦਿਤਾ ਕਿ ਇਸਲਾਮ ਇਕ ਸਮੇਂ ਵਿਚ ਚਾਰ ਵਹੁਟੀਆਂ ਤੋਂ ਜ਼ਿਆਦਾ ਦੀ ਆਗਿਆ ਨਹੀਂ ਦੇਂਦਾ ਅਤੇ ਆਪ ਨੇ ਲਗ ਪਗ ੧੦ ਰਖੀਆਂ ਹੋਈਆਂ ਹਨ, ਹਾਲਾਂਕਿ ਆਪ ਇਕ ਵਡੀ ਰਿਆਸਤ ਦੇ ਮਾਲਕ ਹੋ। ਨਵਾਬ ਸਾਹਿਬ ਨੇ ਆਪਣੇ ਦਰਬਾਰੀ ਉਲਮਾ ਕੋਲੋਂ ਪੁਛਿਆ ਕਿ ਕੀ ਮੌਲਵੀ ਸਾਹਿਬ ਠੀਕ ਕਹਿੰਦੇ ਹਨ? ਸਭ ਨੇ ਆਖਿਆ ਮਸਲਾ ਤਾਂ ਏਸੇ ਤਰ੍ਹਾਂ ਹੈ। ਤਾਂ ਨਵਾਬ ਸਾਹਿਬ ਨੇ

Digitized by Panjab Digital Library | www.panjabdigilib.org

ਆਖਿਆ, ਫੇਰ ਤੁਸਾਂ ਮੈਨੂੰ ਕਿਉਂ ਨਾ ਦਸਿਆ ? ਉਨ੍ਹਾਂ ਉਤਰ ਦਿੱਤਾ ਅਸੀਂ ਆਪ ਦੇ ਡਰ ਕਾਰਨ ਚੁਪ ਰਹੇ ਸਾਂ। ਕਹਿੰਦੇ ਹਨ ਕਿ ਮੌਲਵੀ ਸਾਹਿਬ ਦੀ ਇਸ ਸਾਫ ਗੋਈ ਦਾ ਇਹ ਅਸਰ ਹੋਇਆ ਕਿ ਨਵਾਬ ਸਾਹਿਬ ਨੇ ਚਾਰ ਵਹੁਟੀਆਂ ਰਖ ਕੇ ਬਾਕੀਆਂ ਨੂੰ ਗੁਜ਼ਾਰਾ ਦੇ ਕੇ ਵਿਦਾ ਕਰ ਦਿਤਾ। ਆਪ ਵਿਦਵਾਨ ਹੋਣ ਦੇ ਨਾਲ ਹੀ ਆਮਲ ਵੀ ਸਨ।

ਆਪ ਬਾਬਤ ਰਵਾਇਤ ਹੈ ਕਿ ਆਪ ਉਡਿਆ ਕਰਦੇ ਸਨ। ਏਥੋਂ ਤਕ ਕਿ ਮੀਲ ਦੋ ਦੋ ਮੀਲ ਉਡਦੇ ਹੀ ਜਾਂਦੇ। ਇਕ ਸ਼ਾਗਿਰਦ ਨਾਲ ਆਪ ਨੂੰ ਬੇਹਦ ਪ੍ਰੇਮ ਸੀ। ਜਦ ਉਹ ਵਾਪਸ ਜਾਂਦਾ ਤਾਂ ਅਪ ਡੇਢ ਦੋ ਮੀਲ ਤਕ ਨਾਲ ਜਾਂਦੇ ਪਰ ਪਿਛਾਂ ਪਰਤਦੀ ਵਾਰੀ ਉਸ ਨੂੰ ਪਿਛਾਂ ਦੇਖਣ ਤੋਂ ਮਨ੍ਹਾਂ ਕਰ ਜਾਂਦੇ। ਸ਼ਾਗਿਰਦ ਨੂੰ ਇਸ ਨਿਤ ਦੀ ਮੁਮਾਣਤ ਤੋਂ ਸ਼ਕ ਜਿਹਾ ਹੋਇਆ। ਇਕ ਦਿਨ ਆਪ ਜਦ ਰੋਜ਼ ਵਾਂਗੂ ਵਾਪਸ ਪਰਤੇ ਤਾਂ ਥੋੜੀ ਦੇਰ ਪਿਛੋਂ ਸ਼ਾਗਿਰਦ ਨੇ ਮੁੜ ਕੇ ਵੇਖਿਆ ਤਾਂ ਉਸ ਦੀ ਹੈਰਾਨੀ ਦੀ ਹਦ ਨਾ ਰਹੀ ਜਦ ਉਸ ਨੇ ਵੇਖਿਆ ਕਿ ਮੌਲਵੀ ਸਾਹਿਬ ਉਡਦੇ ਜਾ ਰਹੇ ਹਨ। ਉਹ ਇਸ ਰਾਜ਼ ਨੂੰ ਲੁਕਾ ਨ ਸਕਿਆ ਅਤੇ ਇਸ ਗਲ ਦਾ ਜ਼ਿਕਰ ਆਪਣੇ ਮਿਤ੍ਰਾਂ ਅਗੇ ਕਰ ਦਿਤਾ। ਹੌਲੀ ੨ ਇਹ ਗਲ ਨਿਕਲ ਗਈ। ਇਸ ਪਿਛੋਂ ਆਪ ਉਸ ਨੂੰ ਘਰੋਂ ਹੀ ਵਿਦਾ ਕਰ ਦੇਂਦੇ। ਕਈ ਹੋਰ ਲੋਕਾਂ ਨੇ ਭੀ ਆਪ ਨੂੰ ਉਡਦਿਆਂ ਹੋਇਆਂ ਵੇਖਿਆ।

ਮੌਲਵੀ ਸਾਹਿਬ ਬੇਹਦ ਭਰੋਸੇ ਵਾਲੇ ਸਨ। ਇਕ ਵਾਰੀ ਦੀ ਗਲ ਹੈ ਆਪ ਸਫ਼ਰ ਵਿੱਚ ਤਸ਼ਰੀਫ਼ ਲੈ ਗਏ। ਜਦ ਵਾਪਸ ਆਏ ਤਾਂ ਆਪ ਦੀ ਵਹੁਟੀ ਨੇ ਸ਼ਿਕਾਇਤ ਕੀਤੀ ਕਿ ਤੁਸੀਂ ਚੰਗੇ ਗਏ, ਜਾਂਦੇ ਹੋਏ ਸਾਡੇ ਵਾਸਤੇ ਖਾਣ ਪੀਣ ਦਾ ਪਰਬੰਧ ਵੀ ਨਾ ਕਰ ਗਏ। ਜੇ ਘਰ ਵਿੱਚ ਮੱਝ ਵੀ ਨਾ ਹੁੰਦੀ ਤਾਂ ਅਸੀਂ ਭੁਖੇ ਹੀ ਮਰ ਜਾਂਦੇ। ਇਹ ਸੁਣ ਕੇ ਮੌਲਵੀ ਸਹਿਬ ਗੁੱਸੇ ਵਿਚ ਆ ਗਏ ਅਤੇ ਮਝ ਨੂੰ ਮਾਰ ਦਿਤਾ। ਨਾਲ ਹੀ ਆਖਿਆ ਕਿ ਤੁਸਾਂ ਰਿਜ਼ਕ ਦਾਤਾ ਰਬ ਦਾ ਭਰੋਸਾ ਛਡ ਕੇ ਮੱਝ ਨੂੰ ਹੀ ਰਿਜ਼ਕ ਦਾਤਾ ਸਮਝ ਲਿਆ ਹੈ। ਇਸ ਪਿਛੋਂ ਆਪ ਜਦ ਕਦੀ ਸਫ਼ਰ ਤਸ਼ਰੀਫ ਲੈ ਗਏ ਤਾਂ ਵਾਪਸੀ ਉਤੇ ਆਪ ਦੀ ਵਹੁਟੀ ਨੇ ਕਦੀ ਭੀ ਸ਼ਿਕਾਇਤ ਆਦਿ ਨ ਕੀਤੀ।

ਲਗ ਪਗ ੧੮੬੨ ਈ: ਵਿੱਚ ਜਦ ਕਿ ਆਪ ਦੀ ਉਮਰ ੮੦ ਸਾਲ ਦੀ ਸੀ, ਆਪ ਲੌਢੇ ਵੇਲੇ ਦੀ ਨਮਾਜ਼ ਪੜ੍ਹ ਕੇ ਆਏ ਅਤੇ ਆਪ ਦੀ ਰੂਹ ਇਸ ਸਰੀਰ ਨੂੰ ਛਡ ਗਈ।

ਮੌਲਵੀ ਸਾਹਿਬ ਆਪਣੀ ਯਾਦਗਾਰ ਚਾਰ ਲੜਕੇ ਅਤੇ ਚਾਰ ਲੜਕੀਆਂ ਛੱਡ ਗਏ

ਵੇਖੋ ਵਨਗੀ:—ਸ਼ਾਹਬਾਜ਼ ਸ਼ਰੀਅਤ ਵਿੱਚ ਪ੍ਰਾਥਨਾ ਨੂੰ ਇਉਂ ਅਰੰਭ ਕਰਦੇ ਹਨ—

ਤੂੰ ਰਖਵਾਲਾ ਫ਼ਜ਼ਲੋਂ ਉਸ ਦਾ, ਜੋ ਸਿਰ ਸਫ਼ਰ ਬੁਲਾਵੇਂ।
ਕੁਝ ਥੋੜਾ ਪਲੇ ਰਾਹ ਅਵਲੇ, ਲੁਤਫੋਂ ਪਾਰ ਲੰਘਾਏਂ।

ਬੇ ਪਰਵਾਹ ਤੂੰ ਐਬ ਲੁਕਾਵੀਂ, ਤੈਨੂੰ ਕੁਲ ਭਲਿਆਈਆਂ।
ਤੂੰ ਏਸ ਨਮਾਣੇ ਤੇ ਕਰ ਰਹਿਮਤ, ਅਰਸ਼ ਤਖ਼ਤ ਦਿਆ ਸਾਂਈਆਂ।

ਬਖ਼ਸ਼ ਗੁਨਾਹ ਅਸਾਡੇ ਰੱਬਾ, ਦੇਹ ਨਜਾਤ ਅਜ਼ਾਬੋਂ।
ਦੇਹ ਬਹਿਸ਼ਤ ਫ਼ਰਾਖ਼ੀ ਨਿਆਮਤ, ਬਾਹਿਰ ਹਦ ਹਿਸਾਬੋਂ।

Digitized by Panjab Digital Library | www.panjabdigilib.org

# ਹਜ਼ਰਤ ਮੌਲਾਨਾ ਹਾਫ਼ਜ਼ ਮੁਹੰਮਦ ਬਾਰਕ-ਅੱਲਾ

ਪਿਤਾ ਦਾ ਨਾਂ ਹਾਫ਼ਜ਼ ਅਹਿਮਦ । ਆਪ ਲਖੋ ਕੇ ਜ਼ਿਲ ਫ਼ੀਰੋਜ਼ ਪੁਰ ਦੇ ਵਸਨੀਕ ਸਨ । ਆਪ ਦਾ ਜਨਮ ੧੨੦੨ ਹਿ: ਮੁ: ੧੭੮੮ ਈ: ਵਿੱਚ ਹੋਇਆ। ਆਪ ਇਕ ਦਰਵੇਸ਼ ਸਿਫ਼ਤ ਨੇਕ ਅਤੇ ਪਾਰਸਾ ਬਜ਼ੁਰਗ ਸਨ । ਆਪ ਦਾ ਰੁਜ਼ਗਾਰ ਵਾਹੀ ਖੇਤੀ ਸੀ । ਇਸ ਤੋਂ ਛੁਟ ਵੇਹਲਾ ਵਕਤ ਆਪ ਵਿਦਿਆ ਦੇਣ ਅਤੇ ਇਸਲਾਮੀ ਹਕਾਇਤਾਂ ਜਾਂ ਵਾਹਜ਼ ਆਦਿ ਵਿੱਚ ਬਤੀਤ ਕਰਦੇ ਸਨ ।

ਫਾਰਸੀ ਅਤੇ ਅਰਬੀ ਦੀ ਵਿਦਿਆ ਆਪ ਨੇ ਆਪਣੇ ਪਿਤਾ ਪਾਸੋਂ ਪ੍ਰਾਪਤ ਕੀਤੀ ਅਤੇ ਨੇਕੀ, ਸਲੂਕ ਤੇ ਪ੍ਰਹੇਜ਼ਗਾਰੀ ਦੀ ਦੌਲਤ ਆਪ ਨੇ ਹਜ਼ਰਤ ਗੁਲਾਮ ਅਲੀ ਸ਼ਾਹ ਦੇਹਲਵੀ ਪਸੋਂ ਹਾਸਲ ਕੀਤੀ ।

ਮੌਲਾਨਾ ਸਾਹਿਬ ਦੀ ਸਚਾਈ, ਸ਼ਰੀਅਤ ਪਸੰਦੀ, ਪ੍ਰਹੇਜ਼ਗਾਰੀ ਅਤੇ ਨੇਕੋ ਕਾਰੀ ਬਹੁਤ ਉਘੀ ਸੀ । ਆਪ ਸਚੀ ਗਲ ਕਹਿਣ ਤੋਂ ਕਦੀ ਝਕਦੇ ਨਹੀਂ ਸਨ ਅਤੇ ਨਾ ਹੀ ਵਡੀਆਂ ੨ ਤਾਕਤਾਂ ਦਾ ਭੈ ਖਾਂਦੇ ਸਨ ।

ਇਕ ਵਾਰੀ ਦੀ ਗੱਲ ਹੈ ਕਿ ਨਵਾਬ ਜਮਾਲ ਦੀਨ ਖਾਂ ਦੀ ਜਾਗੀਰ ਵਿੱਚ ਆਪ ਦਾ ਘਰ ਸੀ, ਆਪ ਦੀ ਮੁਲਕਾਤ ਲਈ ਆਏ । ਆਪ ਬਹੁਤ ਕਰ ਕੇ ਮਸੀਤ ਵਿੱਚ ਹੀ ਰਿਹਾ ਕਰਦੇ ਸਨ । ਇਸ ਲਈ ਉਹ ਨੌਕਰਾਂ ਸਣੇ ਆਪ ਨੂੰ ਮਸਜਿਦ ਵਿੱਚ ਮਿਲਣ ਲਈ ਗਏ । ਨਵਾਬ ਸਹਿਬ ਦੀਆਂ ਬੇਦਰਦੀ ਦੀਆਂ ਕਹਾਣੀਆਂ ਬੇਸ਼ੁਮਾਰ ਸਨ । ਆਪ ਕਿਸੇ ਹੰਕਾਰੀ ਪੁਰਖ ਨੂੰ ਮਿਲਣਾ ਯੋਗ ਨਹੀਂ ਸਮਝਦੇ ਸਨ ਅਤੇ ਨਾ ਹੀ ਉਸ ਦਾ ਆਦਰ ਕਰਨਾ ਠੀਕ ਸਮਝਦੇ ਸਨ, ਸਗੋਂ ਉਸ ਦਾ ਆਦਰ ਕਰਨਾ ਗੁਨਾਹ ਸਮਝਦੇ ਸਨ । ਇਸ ਲਈ ਆਪ ਆਦਰ ਕਰਨ ਲਈ ਨਾ ਉਠੇ ।

ਬੁਢਾਪੇ ਦੀ ਹਾਲਤ ਸੀ ਅਤੇ ਵੀਣੀ ਕਮਜ਼ੋਰ ਹੋ ਚੁਕੀ ਸੀ, ਆਪ ਮਸੀਤ ਵਿੱਚ ਲੇਟੇ ਹੋਏ ਸਨ । ਨਵਾਬ ਆਇਆ ਪਰ ਆਪ ਨੇ ਲੇਟੇ ਹੋਏ ਹੀ ਉਸ ਨਾਲ ਹਥ ਮਿਲਾ ਲਿਆ । ਹਥ ਮਿਲਾਣ ਸਮੇਂ ਨਵਾਬ ਦਾ ਸੋਨੇ ਦਾ ਕੰਗਣ ਆਪ ਦੇ ਹਥ ਨੂੰ ਲਗਾ । ਆਪ ਨੇ ਪੁਛਿਆ ਇਹ ਕੀ ਹੈ ? ਨੌਕਰ ਨੇ ਉਤਰ ਦਿਤਾ ਕਿ ਇਹ ਨਵਾਬ ਸਾਹਿਬ ਦੇ ਸੋਨੇ ਦੇ ਕੰਗਣ ਹਨ । ਆਪ ਨੇ ਹਥ ਪਿਛਾਂ ਖਿੱਚ ਲਿਆ ਅਤੇ ਨਵਾਬ ਸਹਿਬ ਨੂੰ ਫਰਮਾਇਆ "ਗਰੀਬਾਂ ਉਤੇ ਜ਼ੁਲਮ ਕਰਨ ਤੋਂ ਬਾਜ਼ ਨਹੀਂ ਰਹਿ ਸਕਦੇ, ਦਰਵੇਸ਼ਾਂ ਨੂੰ ਸਿਤਾਣ ਦੇ ਆਦੀ ਹੋ, ਘਟ ਤੋਂ ਘਟ ਰਬ ਦਾ ਡਰ ਤਾਂ ਦਿਲ ਵਿੱਚ ਰਖ ਲਿਆ ਕਰੋ ਅਤੇ ਇਨ੍ਹਾਂ ਜ਼ੁਲਮੀ ਆਦਤਾਂ ਤੋਂ ਪ੍ਰਹੇਜ਼ ਕਰੋ" ਇਹ ਸੁਣ ਕੇ ਨਵਾਬ ਸਾਹਿਬ ਬੜੇ ਖਿਝੇ ਅਤੇ ਹੁਕਮ ਦਿਤਾ ਕਿ ਫੌਰਨ ਰਿਆਸਤ ਦੀ ਹਦੋਂ ਨਿਕਲ ਜਾਓ । ਆਪ ਬਾਲ ਬਚੇ ਸਣੇ ਅਸਬਾਬ ਆਦਿ ਬੰਨ੍ਹ ਕੇ ਹੱਜ ਕਰਨ ਲਈ ਤੁਰ ਪਏ । ਜਦ ਬਹਾਵਲ ਪੁਰ ਅਪੜੇ ਤਾਂ ਨਵਾਬ ਬਹਾਵਲ ਪੁਰ ਨੂੰ ਆਪ ਦੇ ਆਉਣ ਦਾ ਪਤਾ ਲਗਾ । ਉਸ ਨੇ ਆਪ ਦੀ ਬੜੀ ਆਉ ਭਗਤ ਕੀਤੀ ਅਤੇ ਆਪਣੇ ਪਾਸ ਬੁਲਾ ਕੇ ਬੇਨਤੀ ਕੀਤੀ ਕਿ ਦਰਯਾ ਵਿੱਚ ਕਾਂਗ ਹੈ, ਇਸ ਲਈ ਆਪ ਦਰਯਾ ਦੇ ਸਕੂਨ ਤਕ ਏਥੇ ਹੀ ਠਹਿਰੋ ।

ਏਥੇ ਰਹਿੰਦਿਆਂ ਅਜੇ ਬਹੁਤ ਚਿਰ ਨਹੀਂ ਹੋਇਆ ਸੀ, ਕਿ ਨਵਾਬ ਜਮਾਲ

Digitized by Panjab Digital Library | www.panjabdigilib.org

ਦੀਨ ਦੀ ਬਸਤੀ ਵਿਚ ਦਰਿਆ ਸਤਲੁਜ ਦਾ ਇਕ ਜ਼ਬਰਦਸਤ ਹੜ ਆਇਆ, ਜਿਸ ਕਰਕੇ ਨਵਾਬ ਦੇ ਸ਼ਾਹੀ ਮਹੱਲ, ਬਾਗ, ਕਿਲੇ ਆਦਿ ਦਾ ਬਹੁਤ ਹਿੱਸਾ ਤਬਾਹ ਹੋ ਗਿਆ ਅਤੇ ਕਾਫ਼ੀ ਤੋਂ ਜ਼ਿਆਦਾ ਨੁਕਸਾਨ ਹੋਇਆ। ਨਵਾਬ ਆਪਣੀ ਇਸ ਗ਼ਲਤੀ ਉਤੇ ਬੜਾ ਪਛਤਾਇਆ ਅਤੇ ਇਹ ਮਹਸੂਸ ਕਰਦੇ ਹੋਏ ਕਿ ਸਾਰੀ ਤਬਾਹੀ ਰਬ ਦੇ ਉਸ ਪਿਆਰੇ ਨੂੰ ਦੁਖ ਦੇਣ ਕਾਰਨ ਹੋਈ ਹੈ, ਫੌਰਨ ਆਪਣੇ ਮਾਮੇ ਅਤੇ ਹੋਰ ਬਜ਼ੁਰਗਾਂ ਨੂੰ ਨਵਾਬ ਬਹਾਵਲਪੁਰ ਦੀ ਸੇਵਾ ਵਿੱਚ ਘਲਿਆ। ਨਾਲ ਹੀ ਬੇਨਤੀ ਕਰ ਘੱਲੀ ਕਿ ਉਹ ਜਿਸ ਤਰ੍ਹਾਂ ਹੋ ਸਕੇ ਹਾਫ਼ਜ਼ ਸਾਹਿਬ ਤੋਂ ਖਿਮਾਂ ਲੈ ਦੇਣ ਅਤੇ ਵਾਪਸੀ ਦੀ ਬੇਨਤੀ ਕਰਨ। ਨਵਾਬ ਸਾਹਿਬ ਦੀ ਦਰਖਾਸਤ ਅਤੇ ਸਫ਼ਾਰਸ਼ ਉਤੇ ਆਪ ਨੇ ਹਜ ਦਾ ਖਿਆਲ ਛਡ ਦਿਤਾ ਅਤੇ ਵਾਪਸ ਲਖੋ ਕੇ ਤਸ਼ਰੀਫ਼ ਲੈ ਆਏ। ਬੁਡਾਪੇ ਅਤੇ ਸਫ਼ਰ ਨੇ ਆਪ ਨੂੰ ਬਹੁਤਾ ਕਮਜ਼ੋਰ ਕਰ ਦਿਤਾ ਸੀ। ਇਸ ਲਈ ਆਪ ਵਾਪਸ ਆ ਕੇ ਬੀਮਾਰ ਹੋ ਗਏ ਅਤੇ ਬੇਹੋਸ਼ੀ ਵਿਚ ਹੀ ਆਪ ਨੇ ਆਪਣੇ ਸਪੁਤ੍ਰਾਂ ਹਾਫ਼ਜ਼ ਮੁਹੰਮਦ ਸਾਹਿਬ ਅਤੇ ਮੁਹੰਮਦ ਸਾਲਹ ਸਾਹਿਬ ਨੂੰ ਹੁਕਮ ਦਿਤਾ ਕਿ ਉਠੋ ਅਤੇ ਮੈਨੂੰ ਕਾਬੇ ਦੀਆਂ ਪ੍ਰਕ੍ਰਮਾਂ ਕਰਾਓ। ਆਪ ਦੇ ਸਪੁਤ੍ਰਾਂ ਨੇ ਆਪ ਨੂੰ ਮੰਜੀ ਗਿਰਦੇ ਤਵਾਫ਼ ਕਰਾਇਆ। ਇਸ ਪਿਛੋਂ ਆਪ ਨੇ ਦੋ ੨੬
ਰਕਤ ਨਮਾਜ ਮਕਾਮ ਇਬਰਾਹੀਮ ਵਾਲੇ ਪੜ੍ਹੀ ਅਤੇ ਆਪ ਦੀ ਰੂਹ ੧੨੬੭ ਹਿ: ਵਿਚ ਸਰੀਰ ਨੂੰ ਛਡ ਗਈ। ਆਪ ਦਾ ਮਜ਼ਾਰ ਲਖੋ ਕੇ ਦੇ ਬਿਲਕੁਲ ਲਾਗੇ ਹੈ।

ਆਪ ਇੰਤਕਾਲ ਦੇ ਪੰਜ ਵਰ੍ਹੇ ਮਗਰੋਂ ਆਪਣੇ ਸਪੁਤ੍ਰ ਹਾਫ਼ਜ਼ ਮੁਹੰਮਦ ਦੇ ਸੁਪਨੇ ਵਿਚ ਆਏ ਤੇ ਉਨ੍ਹਾਂ ਨੂੰ ਕਿਹਾ ਕਿ ਮੇਰੀ ਕਬਰ ਵਿਚ ਗੰਦਾ ਪਾਣੀ ਆਉਂਦਾ ਹੈ, ਮੇਰੇ ਕਪੜੇ ਖਰਾਬ ਹੁੰਦੇ ਹਨ, ਇਸ ਲਈ ਇਸ ਦਾ ਕੋਈ ਬੰਦੋਬਸਤ ਕਰੋ। ਹਾਫਜ਼ ਸਾਹਿਬ ਨੇ ਇਸ ਗਲ ਨੂੰ ਗੌਲ ਛਡਿਆ। ਅਗਲੀ ਰਾਤ ਫੇਰ ਸੁਪਨੇ ਵਿਚ ਝਿੜਕ ਕੇ ਬੋਲੇ ਕਿ ਸਭ ਕੁਝ ਪੜ੍ਹ ਕੇ ਤੂੰ ਮੇਰੀ ਗਲ਼ ਦੀ ਪਰਵਾਹ ਨਹੀਂ ਕੀਤੀ। ਹਾਫਜ਼ ਸਾਹਿਬ ਖਬਰਦਾਰ ਹੋ ਕੇ ਕਬਰ ਤੇ ਗਏ ਤਾਂ ਸਚ ਮੁਚ ਇਕ ਚੂਹੇ ਦੀ ਖੁਡ ਰਸਤੇ ਕਬਰ ਵਿਚ ਪਾਣੀ ਜਮਾਂ ਹੋ ਗਿਆ ਸੀ। ਕਬਰ ਖੁਲ੍ਹਵਾ ਕੇ ਲਾਸ਼ ਨੂੰ ਬਾਹਰ ਕਢਿਆ ਤਾਂ ਵਾਲ ਤੇ ਨਹੁੰ ਵਧੇ ਹੋਏ ਸਨ ਤੇ ਸਰੀਰ ਉਸੇ ਤਰ੍ਹਾਂ ਦਾ ਨਰੋਆ ਸੀ। ਉਸ ਵੇਲੇ ਹਜਾਮਤ ਆਦਿ ਕਰਵਾਕੇ ਨੁਹਾਇਆ ਗਿਆ ਤੇ ਨਵਾਂ ਕਫਨ ਪਾ ਕੇ ਸੈਂਕੜੇ ਆਦਮੀਆਂ ਨੇ ਜਨਾਜ਼ਾ ਪੜ੍ਹਿਆ ਤੇ ਆਪ ਨੂੰ ਇਕ ਉਚੀ ਥਾਂ ਤੇ ਨਵੀਂ ਕਬਰ ਵਿਚ ਦਫਨਾਇਆ ਗਿਆ।

ਹਾਫਜ਼ ਸਾਹਿਬ ਦੀ ਲਿਖੀ ਹੋਈ ਪੁਸਤਕ ਅਨਾਵਾਅ ਬਾਰਕ ਅਲਾ ਮੁਸਲਮਾਨਾਂ ਵਿੱਚ ਹਰ ਦਿਲ ਅਜ਼ੀਜ਼ ਅਤੇ ਮਕਬੂਲ ਹੈ।

"ਦਰ ਬਿਆਨ" ਦਾਵਾ ਦੇ ਸਿਰ ਲੇਖ ਹੇਠਾਂ ਲਿਖਦੇ ਹਨ:–

ਦਾਵਾ ਕਰੇ ਜੋ ਦੂਜੇ ਉਤੇ, ਮੁਦਈ ਉਹ ਸਦੀਵੇ।
ਜਿਸ ਦੇ ਉਤੇ ਦਾਵਾ ਕੀਤਸ ਮੁਦਾਅਲੇ ਗਨੀਵੇ।
ਦਾਵਾ ਥੀਏ ਦਰੁਸਤ ਜੋ ਸ਼ੈ ਦਾ, ਜਿਨਸ ਤੇ ਕਦਰ ਬਤਾਵੇ।
ਜੇ ਉਹ ਚੀਜ਼ ਮੁਅਯਨ ਹੋਵੇ, ਹਾਜਰ ਕੀਤੀ ਜਾਵੇ,।
ਮੁਦਈ ਉਸ ਵਲ ਕਰਨ ਇਸ਼ਾਰਾ ਸ਼ਾਹਦ ਵਕਤ ਗਵਾਹੀ।
ਥੀ ਮੁਦਾ ਲੈ ਇਸ਼ਾਰਾ ਕਰਸੀ, ਕਰੇ ਜਾਂ ਕਸਨ ਅਲਾਹੀ।
ਤੇ ਜੇਕਰ ਹਾਜ਼ਰ ਨਾ ਕਰ ਸਕਨ, ਕੀਮਤ ਜਿਕਰ ਕਜੀਵੇ।
ਜੇ ਜਮੀਨ ਹਵੇਲੀ ਦਾਵਾ. ਕੀਤਾ ਹਦ ਹਦੂਦ ਗਨੀਵੇ।

Digitized by Panjab Digital Library | www.panjabdigilib.org

# ਅਗਰਾ ਦਾਸ

ਉਪਨਾਮ ਅਗਰਾ। ਵਸਨੀਕ ਲਾਹੌਰ। ਆਪ ਪੰਜਾਬੀ ਦੇ ਚੰਗੇ ਕਵੀ ਸਨ। ਕਿਤੇ ਕਿਤੇ ਆਪ ਦੀ ਕਵਿਤਾ ਵਿੱਚ ਹਿੰਦੀ ਦੀ ਝਲਕ ਵੀ ਪੈਂਦੀ ਹੈ। ਸੰਮਤ ੧੮੪੭ ਬਿ: ਵਿੱਚ ਲਾਹੌਰ ਬੈਠ ਕੇ ਆਪ ਨੇ ਹਕੀਕਤ ਰਾਇ ਧਰਮੀ (ਜੋ ੧੭੯੧ ਬਿ: ਸਿਆਲਕੋਟ ਵਿੱਚ ਹੋਏ) ਦੀ ਵਾਰ ਲਿਖੀ। ਪ੍ਰਮਾਤਮਾਂ ਦੀ ਉਸਤਤੀ ਕਰਨ ਮਗਰੋਂ ਵਾਰ ਇਉਂ ਅਰੰਭ ਕਰਦੇ ਹਨ:–

ਸੰਮਤ ਸਤਾਰਾਂ ਸੈ ਇਕਾਨਵੇਂ ਸਾਹਿਬ ਇਹ ਵਰਤਾਈ।
ਤੇ ਸੰਮਤ ਅਠਾਰਾਂ ਸੈ ਸੰਤਾਲੀ, ਅਗਰੇ ਵਾਰ ਬਣਾਈ।
ਧਰਮੀ ਵਾਸੀ.........ਸਿਆਲ ਕੋਟ ਵਿੱਚ ਆਇਆ।
ਹਕੀਕਤ ਰਾਏ ਦੀ ਸੁਣੋ ਵਾਰਤਾ, ਜਿਸ ਇਹ ਧਰਮ ਰਖਾਇਆ।
ਥਿਤ ਦੁਆਦਸੀ ਕਾਤਕ ਮਾਸੇ, ਅੰਮ੍ਰਿਤ ਵੇਲਾ ਛਾਇਆ।
ਕਿਸਨ ਪਖ ਤੇ ਰਾਤ ਅੰਨ੍ਹੇਰੀ ਮਾਤਾ ਕਉਰਾਂ ਜਾਇਆ।
ਅਗਰਾ ਬਾਗ ਮਲ ਘਰ ਜਨਮ ਲਿਆ, ਪਰ ਸਿਆਲ ਕੋਟ ਵਿਚ ਆਇਆ।

ਜਬ ਗਰਭ ਜੂਨ ਥੀਂ ਆਇਆ, ਬਾਹਿਰ ਮਾਤਾ ਭਈ ਖੁਸ਼ਹਾਲੀ।
ਉਹ ਵੇਖੇ ਸੂਰਤ ਧਰਮੀ ਦੀ, ਮਸਤਕ ਪਰਸੇ ਲਾਲੀ।
ਭਲਾ ਮਹੂਰਤ ਡਿਠੋ ਨੇ, ਲੜਕੇ ਨੂੰ ਮਾਈਂ ਪਾਇਆ।
ਨਾਈ ਵਟਣਾ ਆਪ ਲਿਆਇਆ, ਅੰਗ ਦੂਲੇ ਦੇ ਲਾਇਆ।
ਢੋਲਕੀਆਂ ਸ਼ਰਨਾਈਂ ਵਜਣ, ਮੋਰਛਰਾਂ ਰੰਗ ਲਾਇਆ।
ਅਗਰਾ ਦੰਬਕ ਛੈਣੇ ਵਜਨ, ਲਗਾ, ਨਾਰੀ ਮੰਗਲ ਗਾਇਆ।

ਚੜ੍ਹੀ ਕੜਾਹੀ ਭਾਜੀ ਦੀ, ਮਠੀਆਂ ਤੁਰਤ ਕਢਾਈ।
ਸ਼ਹਿਰ ਦੇ ਅੰਦਰ ਵੰਡਨ ਨਾਰੀ, ਘਰ ਘਰ ਮਿਲੇ ਵਧਾਈ।
ਘੜਾ ਘੜੋਲੀ ਭਰਨੇ ਚਲੀਆਂ, ਨਾਰੀ ਮੰਗਲ ਗਾਇਆ।
ਸਾਲੂ ਦਾ ਚੰਦੋਆ ਤਾਣਿਆਂ, ਉਪਰ ਕੀਤੇ ਸਾਇਆ।
ਭਲਾ ਮਹੂਰਤ ਡਿਠੋ ਨੇ, ਚੌਹ ਖਾਰੇ ਚਾ ਬਹਾਇਆ।
ਦਹੀਂ ਤੇਲ ਫੁਲੇਲ ਮੰਗਾਇਆ, ਸਿਰ ਦੂਲੇ ਦੇ ਪਾਇਆ।
ਚੌਕ ਪੂਰ ਕੇ ਖਾਰੇ ਅੱਤੇ ਲਏ ਹਕੀਕਤ ਫੇਰੇ।
ਦੋ ਤਰਫ਼ੋਂ ਪੰਡਤ ਵਿਆਹ ਜੁ ਪੜ੍ਹਦੇ, ਬਾਲਕ ਵਡ ਵਡੇਰੇ।

ਹਕੀਕਤ ਦੇ ਮਾਤਾ ਨਾਲ ਉਤਰ ਪ੍ਰਸ਼ਨ:–

ਮਾਤਾ ਕਉਰਾਂ ਢਾਹ ਜੋ ਮਾਰੀ, ਕਿਉਂ ਭੇੜੀ ਮੈਂ ਜਾਇਆ।
ਦਸ ਮਾਹ ਕੁਖ ਅੰਦਰ ਰਖਿਆ, ਤਾਂ ਧਰਮੀ ਬਾਹਰ ਆਇਆ।

Digitized by Panjab Digital Library | www.panjabdigilib.org

ਦਸਤਾਂ ਨਾਲ ਪਲੇਟੇ ਸੁਟੇ, ਥਣੀਂ ਸੀ ਦੁਧ ਪਿਲਾਇਆ।
ਵੇ ਲੋਕੋ ਪਾਲ ਪੋਸ ਕੇ ਵੱਡਾ ਕੀਤਾ, ਹੁਣ ਜਮ ਪਕੜ ਚਲਾਇਆ।

ਹਕੀਕਤ ਕਹਿੰਦਾ ਮਾਤਾ ਨੂੰ, ਤੂੰ ਨਾ ਕਰ ਏਡ ਵਖੋਇਆ।
ਤੂੰ ਕੌਣ ਕਮੀਨੀ ਪਾਲਣ ਵਾਲੀ, ਸਾਹਿਬ ਆਪ ਪਲੋਇਆ।
ਇਸ ਦੁਨੀਆਂ ਤੋਂ ਸਭ ਚਲ ਜਾਣਾ, ਰਹਿਣ ਕਿਸੇ ਨਾ ਹੋਇਆ।
ਮਾਤਾ ਜਿੰਨ੍ਹੀਂ ਥਣੀਂ ਤੂੰ ਦੁਧ ਪਿਲਾਇਆ ਕਢ ਵਿਖਾ ਇਕ ਚੋਇਆ।

ਅਗਰਾ ਜੀ ਭਾਵੇਂ ਸ੍ਰੀ ਰਾਮ ਚੰਦ੍ਰ ਜੀ ਦੇ ਸੇਵਕ ਸਨ ਪੰਰ ਸਿਖੀ ਘੱਰ ਦੇ ਭੀ ਸ਼ਰਧਾਲੂ ਸਨ। ਗੁਰੂ ਨਾਨਕ ਦੇਵ ਜੀ ਨਾਲ ਆਪ ਨੂੰ ਬਹੁਤ ਪ੍ਰੇਮ ਸੀ।

ਆਪ ਦੀ ਇਹ ਵਾਰ ਪੰਜਾਬੀ ਕਵਿਤਾ ਦੀ ਸੋਹਣੀ ਵਨਗੀ ਹੈ। ਵਾਰ ਨੂੰ ਇਉਂ ਸਮਾਪਤ ਕਰਦੇ ਹਨ। ਵੇਖੋ:—ਦੋਹਿਰਾ:—

ਅਤ ਉਤਮ ਅਸਥਾਨ ਹੈ, ਗੁਰ ਸਿੱਖਨ ਕੀ ਠੌਰ।
ਚਾਰ ਕੂੰਟ ਪ੍ਰਗਟ ਭਇਓ ਗੁਰ ਕਾ ਸਿਖ ਲਾਹੌਰ।

# ਮੌਲਵੀ ਲੁਤਫ ਅਲੀ ਬਹਾਵਲ ਪੁਰੀ

ਆਪ ਮੁਲਤਾਨ ਦੇ ਜੰਮ ਪਰ ਬਹਾਵਲ ਪੁਰ ਦੇ ਵਸਨੀਕ ਸਨ। ਆਪ ਮੌਲਵੀ ਅਬਦੁਲ ਹਕੀਮ ਬਹਾਵਲ ਪੁਰੀ ਦੇ ਸਾਥੀ ਅਤੇ ਅਲੀ ਹੈਦਰ ਮੁਲਤਾਨੀ ਪਾਸੋਂ ਫੈਜ਼ ਯਾਫ਼ਤਾ ਸਨ।

ਮੌਲਵੀ ਅਬਦੁਲ ਹਕੀਮ ਅਤੇ ਆਪ ਦੋਵੇਂ ਮੌਲਵੀ ਨੂਰ ਮੁਹੰਮਦ ਸਾਹਿਬ ਦੇ ਚੇਲੇ ਸਨ। ਲਿਖਦੇ ਹਨ:—

ਰਹਿਣ ਸਦਾ ਮੁਲਤਾਨ ਅੰਦਰ ਪੁਰ ਨੂਰ ਮੁਹੰਮਦ ਦੀਵੇ

ਮੌਲਵੀ ਅਬਦੁਲ ਹਕੀਮ ਫਰਮਾਂਦੇ ਹਨ:—

ਅਜਬ ਨੂਰੇ ਮੁਹੰਮਦ ਪੀਰ ਮੇਰਾ,
ਜਿਸ ਦੇ ਇਸ਼ਕ ਦਿਲ ਕੀਤਾ ਹੈ ਡੇਰਾ।

ਆਪ ਦੀ ਇਕ ਪੁਸਤਕ ਸੈਫ਼ੁਲ ਨਾਮਾ ੧੨੦੯ ਹਿ: ਦੀ ਛਪੀ ਹੋਈ ਹੈ, ਵਿਚ ਫਰਮਾਂਦੇ ਹਨ:—

ਰੋਜ਼ ਖਮੀਸ ਖਤਮ ਥੀਆ, ਦਫਤਰ ਸੰਨ ਤਾਰੀਖ ਲਖੀਵੇ।
ਬਾਰਵੀਂ ਸਖ਼ਤ ਸਦੀ ਤੋਂ ਜੋ, ਹਿਕ ਪੰਜਕ ਚਾਰ ਘਨੀਵੇ।
ਮਾਂਹ ਮੁਬਾਰਕ ਰੱਜਬ ਦੇ, ਸੈਂਤੀਵੀਂ ਗਿਰਾ ਘਣੀਵੇ।
ਥੀਆ ਫੈਸਲ ਉਹ ਸੈਫ਼ੁਲ ਨਾਮਾ, ਯਾਰੋ ਖੋਲ ਲਖੀਵੇ।

ਨਵਾਬ ਬਹਾਵਲ ਖਾਂ ਵਾਲੀਏ ਬਹਾਵਲ ਪੁਰ ਦੀ ਉਪਮਾ ਕਰਦੇ ਹੋਏ ਲਿਖਦੇ ਹਨ:—

Digitized by Panjab Digital Library | www.panjabdigilib.org

ਖਾਵਰ ਖਾਂ ਬਹਾਵਲ ਖਾਂ ਸਰਦੂਲ ਬਹੂੰ ਜੱਗ ਜੀਵੇ
ਚੀਨ ਪਾਰਸ ਦੇ ਪਾਸ ਲਗੀਂ ਨਾਲਾਇਕ ਲਾਇਕ ਥੀਵੇ
ਆਪਣੇ ਦੇਸ ਬਹਾਵਲ ਪੁਰ ਦਾ ਭੀ ਇਹ ਇਸਮ ਮਨੀਵੇ
ਸ਼ਾਲਾ ਰਹੇ ਆਬਾਦ ਸਦਾ ਹਥ ਹਰ ਦਮ ਸ਼ਾਦ ਰਹੀਵੇ
ਲੁਤਫ਼ ਅਲੀ ਪੈਗੰਬਰ ਤੇ ਹੁਣ ਪਾਕ ਦਰੂਦ ਪੜ੍ਹੀਵੇ

ਮਾਲੂਮ ਹੁੰਦਾ ਹੈ ਕਿ ਅਬਦੁਲ ਹਕੀਮ ਤੇ ਲੁਤਫ਼ ਅਲੀ ਦੋਹਾਂ ਨੇ ਇਕ ੨ ਕਿੱਸਾ ਚੁਣਿਆ ਭਾਵ ਉਸ ਨੇ ਯੂਸਫ਼ ਜ਼ੁਲੈਖਾਂ ਦਾ ਵਾਕਿਆ ਲਿਖਿਆ ਜੋ ਪੰਜਾਬੀ ਵਿੱਚ ਪਹਿਲੀ ਸ਼ੈ ਸੀ। ਇਸ ਤੋਂ ਪਹਿਲਾਂ ਦਾ ਪੰਜਾਬੀ ਕਵਿਤਾ ਵਿੱਚ ਸੈਫ਼ ਮਲੂਕ ਮੌਜੂਦ ਨਹੀਂ ਹੈ ਪਰ ਹੈਰਾਨੀ ਦੀ ਗੱਲ ਇਹ ਹੈ ਕਿ ਦੋਹਾਂ ਨੇ ਆਪਣੀਆਂ ਪੁਸਤਕਾਂ ਵਿਚ ਇਕ ਦੂਜੇ ਦਾ ਜ਼ਿਕਰ ਨਹੀਂ ਕੀਤਾ। ਲੁਤਫ਼ ਅਲੀ ਦੀ ਬੋਲੀ ਵਿਚ ਮੁਲਤਾਨੀ ਪਦ ਬਹੁਤੇ ਹਨ। ਫਾਰਸੀ ਪਦ ਵੀ ਅਕਸਰ ਮੌਜੂਦ ਹਨ ਫੇਰ ਵੀ ਸਮੇਂ ਅਨੁਸਾਰ ਬੋਲੀ ਚੰਗੀ ਹੈ। ਵੇਖੋ ਵਨਗੀ:—

ਜਾਨੀ ਬਾਜਾ ਜਮੀਅਤ ਔਖੀ ਜਿਉਂ ਬੇਕੂੜ ਦਿਲਾਸਾ।
ਪਾਸਾ ਮਾਰ ਪਰੀ ਦਾ ਦੇਵੇ, ਪਾਸ ਨ ਫਟਕਣ ਪਾਸਾ।
ਰੱਤੀ ਰੱਤ ਨ ਰਹੀਅਸ ਜਾਮਾਂ, ਮਾਸ ਨ ਤਨ ਤੇ ਮਾਸਾ।
ਜ਼ੱਰੀ ਤੇ ਜ਼ਰਬਫ਼ਤ ਨ ਭਾਵਸ, ਅਤਲਸ ਮਖ਼ਮਲ ਖਾਸਾ।
ਵਿਸਰੀ ਮਿਸਰੀ ਮਿਸਰੀ ਕੌਂ, ਜਾਂ ਚਖਸਨ ਪਿਰਮ ਪਤਾਸਾ।
ਲੁਤਫ ਅਲੀ ਸ਼ਾਹ ਕਾਨ ਪਰੀ ਦੀ, ਰਹੀ ਹਮੇਸ਼ ਪਿਆਸਾ।

## ਮੀਆਂ ਕਰੀਮ ਬਖ਼ਸ਼

ਸਾਕਨ ਲਾਹੌਰ। ਆਪ ਪੰਜਾਬੀ ਦੇ ਉਘੇ ਕਵੀ ਸਨ। ਆਪ ਹਕੀਮ ਆਗ਼ਾ ਅਲੀ ਖਾਂ, ਹਕੀਮ ਗਾਮੂ ਖਾਂ ਅਤੇ ਮੀਆਂ ਇਲਾਹੀ ਬਖ਼ਸ਼ ਰਫ਼ੀਕ ਵਰਗੇ ਮਮਤਾਜ਼ ਕਵੀਆਂ ਦੇ ਉਸਤਾਦ ਸਨ। ਬੁਝਾਰਤਾਂ ਵਿੱਚ ਆਪ ਨੂੰ ਖਾਸ ਸ਼ੁਹਰਤ ਹਾਸਲ ਸੀ ਅਤੇ ਆਪ ਬਹੁਤ ਕਰਕੇ ਅੰਮ੍ਰਿਤਸਰ ਆਉਂਦੇ ਜਾਂਦੇ ਰਹਿੰਦੇ ਸਨ। ਉਸ ਸਮੇਂ ਅੰਮ੍ਰਿਤਸਰ ਵਿੱਚ ਭਾ: ਦਿਆਲ ਸਿੰਘ ਗੁਲਾਬ ਦਾਸੀ ਉਘੇ ਕਵੀ ਸਨ ਅਤੇ ਦੂਜੇ ਕਵੀਆਂ ਵਾਂਗ ਉਨ੍ਹਾਂ ਨਾਲ ਭੀ ਆਪ ਦੇ ਪ੍ਰਸ਼ਨ ਉਤਰ ਬਹੁਤ ਹੁੰਦੇ ਰਹਿੰਦੇ ਸਨ ਜੋ ਬਹੁਤ ਦਿਲਚਸਪ ਹੁੰਦੇ ਸਨ। ਤਰੀਕਾ ਇਹ ਸੀ ਕਿ ਇਕ ਸ਼ਾਇਰ ਮੁਸ਼ਾਇਰੇ ਵਿਚ ਇਕ ਸਵਾਲ ਕਰਦਾ ਤੇ ਦੂਜਾ ਟਾਕਰੇ ਵਿਚ ਉਸ ਦਾ ਉਤਰ ਫੌਰਨ ਦੇ ਦੇਂਦਾ. ਜਿਸ ਦਾ ਭਾਵ ਉਤਰ ਛੇਤੀ ਦੇਣ ਅਤੇ ਹਾਜ਼ਰ ਜਵਾਬੀ ਦਾ ਹੁੰਦਾ। ਇਕ ਵਾਰੀ ਭਾ: ਦਿਆਲ ਸਿੰਘ ਨੇ ਇਉਂ ਸਵਾਲ ਕੀਤਾ:—

ਅਲਫ਼ ਆ, ਮੀਤਾ ਨਿਤ ਫੁਲ ਲਗੇ, ਉਪਰ ਭੌਰਾ ਜੁਗ ੨ ਜੀ ਮੀਆਂ।
ਇਕ ਜੰਗਲੇ ਵਿੱਚ ਮੈਂ ਚੀਜ਼ ਡਿਠੀ, ਆਪ ਇਕ ਤੇ ਹਥ ਨੇ ਵੀਹ ਮੀਆਂ।
ਉਹਦੀ ਸ਼ਾਖਾਂ ਦਾ ਕੁਝ ਸ਼ੁਮਾਰ ਨਾਹੀਂ, ਉਹਦੇ ਪੈਰ ਹੈਸਨ ਤ੍ਰੀਹ ਮੀਆਂ।
ਦਿਆਲ ਸਿੰਘ ਕਹਿੰਦਾ ਫੇਰ ਬੈਂਤ ਬੋਲੀਂ, ਪਹਿਲੇ ਏਸ ਨੂੰ ਕਰ ਸਹੀ ਮੀਆਂ।

Digitized by Panjab Digital Library | www.panjabdigilib.org

ਮੀਆਂ ਕਰੀਮ ਬਖ਼ਸ਼ ਨੇ ਇਸ ਦਾ ਉੱਤਰ ਫੌਰਨ ਦਿਤਾ:-

ਅਲਫ਼ ਅੱਲਾ ਤੇ ਨਬੀ ਦੀ ਸ਼ਾਨ ਅੰਦਰ, ਭੇਜਿਆ ਇਕ ਕੁਰਆਨ ਸਹੀ ਮੀਆਂ।
ਛੇ ਕਲਮੇਂ ਤੇ ਪੰਜ ਨਮਾਜ਼ਾਂ ਆਈਆਂ, ਹਰ ਸਾਲ ਪਿਛੋਂ ਰੋਜ਼ੇ ਤ੍ਰੀਹ ਮੀਆਂ।
ਹਰ ਹਰ ਰੋਜ਼ੇ ਦੇ ਵਿੱਚ ਫ਼ਰਮਾਨ ਆਇਆ, ਨਿਤ ਪੜ੍ਹੋ ਤਰਾਵੀਆਂ ਵੀਹ ਮੀਆਂ।
ਕਰੀਮ ਬਖਸ਼ ਨੇ ਤੈਨੂੰ ਜਵਾਬ ਦਿਤਾ, ਹੋਰ ਖੋਲ੍ਹ ਕੇ ਤੇ ਦਸਾਂ ਕੀ ਮੀਆਂ।

ਆਪ ਮੁਢ ਵਿਚ ਬਹੁਤ ਸਮਾਂ ਲਕੜਹਾਰੇ ਦੀ ਸ਼ਕਲ ਵਿਚ ਰੋਟੀ ਕਮਾਂਦੇ ਰਹੇ। ਜਦ ਬੁਢੇ ਹੋ ਗਏ ਤਾਂ ਨਜ਼ਰ ਬਿਲਕੁਲ ਕਮਜ਼ੋਰ ਹੋ ਗਈ ਤਾਂ ਗਵਰਨਰ ਪੰਜਾਬ ਦੇ ਦਫਤਰ ਵਿਚ ਪਖਾ ਕੁੱਲੀ ਦੀ ਨੌਕਰੀ ਕਰ ਲਈ। ਆਪ ਲਾਹੌਰ ਦੇ ਉਘੇ ਤਿੰਨ ਅਖਾੜਿਆਂ ਦੇ ਉਸਤਾਦ ਸਨ। ਆਪ ਲਗ ਪਗ ੭੦ ਸਾਲ ਦੀ ਉਮਰ ਭੋਗ ਕੇ ੧੯੭੦ ਈ: ਦੇ ਲਾਗੇ ਫੌਤ ਹੋ ਗਏ।

ਆਪ ਦੇ ਫੁਟਕਲ ਬੈਂਤਾਂ ਦਾ ਨਮੂਨਾ-

ਖਾਧਾ ਗ਼ਮ ਯਾਕੂਬ ਫ਼ਰਾਕ ਅੰਦਰ, ਭਰੀਆਂ ਗਈਆਂ ਕਲੇਜੇ ਨੂੰ ਰੁਗੀਆਂ ਨੀ।
ਉਹਦੇ ਰੋਂਦੇ ਦੇ ਨੈਣ ਸੁਫੈਦ ਹੋ ਗਏ, ਯੂਸਫ ਜਾ ਪਾਈਆਂ ਕਿਥੇ ਬੁਗੀਆਂ ਨੀ।
ਹੋਈ ਮਾਫ ਤਕਸੀਰ ਨਿਹਾਲ ਹੋਏ, ਨਰਦਾਂ ਲਾਲ ਪਾਸੇ ਦੀਆਂ ਪੁਗੀਆਂ ਨੀ।
ਪਏ ਉਨ੍ਹਾਂ ਨੂੰ ਤੌਕ ਕਰੀਮ ਬਖਸ਼ਾ, ਹੋਈਆਂ ਬੇ ਫ਼ਰਮਾਨ ਜੋ ਘੁਗੀਆਂ ਨੀ।

ਗੁਰੂ ਧਾਰ ਕੇ ਮੁੰਦਰਾਂ ਪਾ ਆਇਆ, ਜਾਮਾਂ ਨਾਲ ਗੇਰੀ ਲਿਆ ਰੰਗ ਜੋਗੀ।
ਲਗਨ ਯਾਰ ਦੀ ਬਇਖਤਿਆਰ ਕੀਤਾ, ਮਲੀ ਖਾਕ ਤੇ ਹੋਇਆ ਮਲੰਗ ਜੋਗੀ।
ਪੰਜ ਪੀਰ ਮਿਲੇ ਮੇਹਰਬਾਨ ਹੋਏ, ਹੀਰ ਆਖਦਾ ਏ ਮੇਰੀ ਮੰਗ ਜੋਗੀ।
ਧੂਆਂ ਖੇੜਿਆਂ ਦੇ ਵਿਚ ਪਾ ਬੈਠਾ, ਸਹਿਤੀ ਨਾਲ ਮਚਾਂਵਦਾ ਜੰਗ ਜੋਗੀ।
ਬਣ ਕੇ ਰਾਂਝਿਓਂ ਜੋਗੀ ਕਰੀਮ ਬਖ਼ਸ਼ਾ, ਹੀਰ ਕਰ ਲਈ ਊ ਆਪਣੇ ਸੰਗ ਜੋਗੀ।

ਨਾਹੀਂ ਨਾਲ ਨਤੌਲਿਆਂ ਗੱਲ ਕੋਈ, ਨੇਕ ਬੰਦਿਆਂ ਦਾ ਸੁਖਨ ਡੋਲਿਆ ਨਹੀਂ।
ਅਲਫ਼ ਕਾਇਦੇ ਦਾ ਕਦੀ ਡੋਲਿਆ ਨਹੀਂ, ਸਾਕੀ ਇਹ ਮਤਲਬ ਖੋਲ੍ਹਿਆ ਨਹੀਂ।
ਬਧਾ ਕੌਲ ਦਾ ਜ਼ਿਮੀਂ ਅਸਮਾਨ ਖਲਾ, ਸਚ ਆਖਿਆ ਝੂਠ ਤੇ ਬੋਲਿਆ ਨਹੀਂ।
ਓਨ੍ਹਾਂ ਨਾਲ ਕੀ ਸਾਨੂੰ ਕਰੀਮ ਬਖਸ਼ਾ, ਜਿਨ੍ਹਾਂ ਵਰਕ ਕੁਰਆਨ ਦਾ ਫੋਲਿਆ ਨਹੀਂ।

ਅਲਫ਼ ਓਸ ਦੀ ਧੌਣ ਕਬੂਤਰ ਸੂਰਤ ਵਾਂਗ ਪਰੀ ਦੇ-ਛੋਵਰ ਜ਼ਰੀ ਦੇ।
ਵਾਹ ਉਸਤਾਦ ਘੜੀ ਕਿਸ ਪੁਤਲੀ ਸ਼ਾਬਸ਼ ਕਾਰੀਗਰੀ ਦੇ-ਫਿਕਰ ਕਰੀ ਦੇ।
ਠੋਡੀ ਸੇਬ ਵਲਾਇਤੀ ਉਸ ਦੀ ਖੁਰਮੇਂ ਵਾਂਗ ਗਰੀ ਦੇ-ਘੁਟ ਭਰੀ ਦੇ।
ਕਰੀਮ ਬਖਸ਼ ਤੁਲਸੀ ਦੇ ਪਿਛੇ ਆਸ਼ਕ ਪਏ ਮਰੀ ਦੇ-ਮੁਫਤ ਬਰੀ ਦੇ।

## ਮੌਲਵੀ ਨੂਰ ਮੁਹੰਮਦ

ਆਪ ਦੁਬੁਰਜੀ ਤਹਿਸੀਲ ਕਸੂਰ ਜ਼ਿਲਾ ਲਾਹੌਰ ਦੇ ਵਸਨੀਕ ਸਨ ਤੇ ਸਯਦ ਵਾਰਸ ਸ਼ਾਹ ਦੇ ਸਮਕਾਲੀ ਸਨ। ਆਪ ਆਪਣੇ ਸਮੇਂ ਦੇ ਬੜੇ ਆਲਮ ਬਜ਼ੁਰਗ ਸਨ। ਆਪ ਦਾ ਕੰਮ ਵਿਦਿਆ ਪੜ੍ਹਾਉਣਾ ਸੀ। ੧੨੧੫ ਹਿ: ਵਿਚ ਆਪ ਨੇ ਕਿੱਸਾ ਚੰਦਰ

Digitized by Panjab Digital Library | www.panjabdigilib.org

ਬਦਨ ਮਿਆਰ ਲਿਖਿਆ, ਜੋ ਛਪ ਚੁਕਾ ਹੈ। ਵੇਖੋ ਵਨਗੀ: -

ਕਿੱਸੇ ਦੇ ਅੰਤ ਵਿਚ ਇਉਂ ਲਿਖਦੇ ਹਨ:-

ਮੁਸ਼ਕਲ ਸ਼ਿਅਰ ਕਮਾਵਣਾ, ਜਾਨਣ ਆਮ ਆਸਾਨ
ਪੀਵਣ ਖੂਨ ਸਰੀਰ ਦਾ, ਸ਼ਾਇਰ ਸੁਘੜ ਸੁਜਾਨ।
ਦਿਲ ਦਰਯਾ ਸਮੁੰਦ੍ਰੋਂ ਡੂੰਘਾ, ਲਹਿਰ ਤੁਫ਼ਾਨ।
ਤੇ ਮੋਤੀ ਸੁਖਨ ਬੇ ਕੀਮਤੇ, ਵਿੱਚ ਸਮੰਦ ਖਾਣ।
ਸ਼ਾਇਰ ਗੋਤੇ ਮਾਰਦੇ, ਨਾਲ ਪਾਣੀ ਦੇ ਜਾਣ।
ਤੇ ਮੋਤੀ ਕੱਢ ਲਿਆਂਵਦੇ, ਰੰਗਾ ਰੰਗ ਪਛਾਣ।
ਅੰਨ੍ਹੇ ਅਗੇ ਰੋਵਣਾ ਅਖੀਆਂ ਦਾ ਜ਼ਿਆਨ।
ਤੇ ਡੋਰੇ ਪੇਸ਼ ਹਕਾਇਤਾਂ, ਸਿਰ ਦਰਦੀ ਨੁਕਸਾਨ।
ਨੂਰ ਮੁਹੰਮਦ ਆਖ ਤੂੰ, ਕਲਮਾਂ ਦਿਲੋਂ ਬਜਾਨ।

# ਬੇਹਬਲ

ਆਪ ਲਾਹੌਰ ਦੇ ਇਲਾਕੇ ਦੇ ਰਹਿਣ ਵਾਲੇ ਜਾਪਦੇ ਹਨ। ਆਪ ਪੀਰ ਫ਼ਤਹ ਅੱਲਾ ਚਿਸ਼ਤੀ ਦੇ ਮੁਰੀਦ ਸਨ, ਜਿਹੜੇ ਬਾਵਾ ਫਰੀਦ ਗੰਜ ਸ਼ਕਰ ਦੇ ਸਿਲਸਲੇ ਵਿਚੋਂ ਸਨ।

ਆਪ ਦਾ ਲਿਖਿਆ ਕਿੱਸਾ ਹੀਰ ਰਾਂਝਾ ਤੇ ਸੱਸੀ ਪੁੰਨੂੰ ਛਪੇ ਹੋਏ ਮਿਲਦੇ ਹਨ। ਸੱਸੀ ਪੁਨੂੰ ੧੧੯੨ ਹਿਜਰੀ ਦਾ ਲਿਖਿਆ ਹੋਇਆ ਹੈ। ਇਸ ਦੇ ੫੫੦ ਬੈਂਤ ਹਨ।

ਬੋਲੀ ਸਾਦਾ ਤੇ ਸਾਫ਼ ਹੈ। ਇਉਂ ਜਾਪਦਾ ਹੈ ਕਿ ਆਪ ਨੇ ਇਹ ਕਿੱਸਾ ਹਾਫ਼ਜ਼ ਬਰਖੁਰਦਾਰ ਦੇ ਕਿੱਸਾ ਸੱਸੀ ਪੁਨੂੰ ਨੂੰ ਵੇਖ ਕੇ ਲਿਖਿਆ। ਕਿੱਸੇ ਨੂੰ ਅਰੰਭ ਇਸ ਤਰ੍ਹਾਂ ਕਰਦੇ ਹਨ:-

ਇਕ ਅਜਾਇਬ ਬਾਦਸ਼ਾਹ ਆਹਾ ਆਦਮ ਜਾਮ। ਖਲਕਤ ਤਾਬੇ ਓਸ ਦੀ ਕਰਦੀ ਬਹੁਤ ਸਲਾਮ।
ਵਾਲੀ ਸ਼ਹਿਰ ਭੰਬੋਰ ਦਾ ਆਹਾ ਸ਼ੇਰ ਜਵਾਨ। ਸਾਨੀ ਆਦਮ ਜਾਮ ਦਾ ਨਾਹੀ ਸੁਲਤਾਨ।
ਹੁੰਦੀ ਨਾ ਸੀ ਓਸ ਘਰ ਹੁਕਮ ਰੱਬੀ ਔਲਾਦ। ਕਰੇ ਹਮੇਸ਼ਾ ਬੇਨਤੀ ਰੱਬ ਅਗੇ ਫਰਿਆਦ।
ਬਾਝ ਔਲਾਦ ਜਹਾਨ ਤੇ ਨਾਉਂ ਨਾ ਲੈਂਦਾ ਕੋ। ਹੋਵੇ ਨਾ ਕੀਤਾ ਕਿਸੇ ਦਾ ਅੱਲਾ ਕਰੇ ਸੋ ਹੋ।
ਦਿਨ ਆਹਾ ਕੋਈ ਚੰਦਰਾ ਸਾਅਤ ਸਖ਼ਤ ਬੁਰੀ। ਜੰਮੀ ਆਦਮ ਜਾਮ ਘਰ ਸੱਸੀ, ਮਿਸਲ ਪਰੀ।

ਹੀਰ ਬਹੇਬਲ ਵਿਚੋਂ:-

ਸਵਾਦ-ਸਫਾਈ ਦਿਲ ਦੀ ਬਾਝੋਂ ਨਾਹੀਂ ਕੁਰਬ ਹਜ਼ੂਰੀ ਤੇ ਮਨਜ਼ੂਰੀ।
ਬੇਸਬਰਾਂ ਨੂੰ ਹਾਸਲ ਹੀਰੇ ਨਾਹੀਂ ਅਜਰ ਜ਼ਰੂਰੀ ਰੁਤਬਾ ਨੂਰੀ।
ਅੱਵਲ ਆਖਰ ਜ਼ਾਹਰ ਬਾਤਨ ਹੀਰੇ ਪਵੇ ਨ ਪੂਰੀ ਬਾਝ ਸਬੂਰੀ।
ਕਰੀਂ ਮਤਾਬਤ ਹੀਰੇ ਬੇਹਬਲ ਨਾ ਕਰ ਬੇ ਸ਼ਊਰੀ ਤੇ ਮਗਰੂਰੀ।
ਨੂਨ-ਨਜ਼ਰ ਕਰ ਵੇਖੀਂ ਮੇਰੇ ਰਾਂਝਾ ਵਿਚ ਸਿਆਲਾਂ ਸ਼ਾਹ ਜਮਾਲਾਂ।
ਮਾਰੀ ਆਂ ਦਰਦ ਫਰਾਕ ਤੁਸਾਡੇ ਫਿਰਨੀਆਂ ਖੁਲਿਆਂ ਵਾਲਾਂ ਮੰਦਿਆਂ ਹਾਲਾਂ।
ਇੰਨਾਂ ਵਾਅਦੁਲਾਹ ਹੈਕੁਨ ਕੌਲ ਤੁਸਾਡੇ ਪਾਲਾਂ ਜੰਗਲ ਭਾਲਾਂ।
ਮਾਂ ਪਿਓ ਹੀਰ ਵਿਸਾਰੇ ਬੇਹਬਲ ਵਾਂਗੂ ਖਾਬ ਖਿਆਲਾਂ ਪਈ ਆਂ ਜੰਜਾਲਾਂ।

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

B-3834

Digitized by Panjab Digital Library | www.panjabdigilib.org

Digitized by Panjab Digital Library | www.panjabdigilib.org